Blue Diamond
BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237

ad space available

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
Landmark Realty
Powered by eXp REALTY
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com
Raj S.Shergill
Associate Broker



Twenty-Second Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 23, Issue 09, February 26, 2022 — 20451 N. Plum Grove Rd., Palatine, IL 60074 — Ph:847-359-0746, Fax:847-705-9388


# ਹੁਣ ਨਵੇਂ ਗੱਠਜੋੜਾਂ ਲਈ ਜੋੜ-ਤੋੜ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਦਾ ਅਮਲ ਸੁੱਖੀਂ-ਸਾਂਦੀਂ ਸਿਰੇ ਚੜ੍ਹ ਗਿਆ ਅਤੇ ਹੁਣ 117 ਸੀਟਾਂ ਲਈ ਮੈਦਾਨ ਵਿਚ ਨਿੱਤਰੇ 1304 ਉਮੀਦਵਾਰਾਂ ਦੀ ਹੋਣੀ ਬਾਰੇ 10 ਮਾਰਚ ਤੱਕ ਉਡੀਕ ਕਰਨੀ ਪਵੇਗੀ। ਹਮੇਸ਼ਾ ਵਾਂਗ ਚੋਣ ਮੈਦਾਨ ਵਿਚ ਨਿੱਤਰੀਆਂ ਸਾਰੀਆਂ ਹੀ ਧਿਰਾਂ ਜਿੱਤ ਦੇ ਦਾਅਵੇ ਕਰ ਰਹੀਆਂ ਹਨ ਪਰ ਪੰਜਾਬ ਚੋਣਾਂ ਤੋਂ ਪਹਿਲਾਂ ਬਣੇ ਮਾਹੌਲ ਅਤੇ ਮੁਕਾਬਲਤਨ ਘੱਟ ਮਤਦਾਨ ਦੇ ਅੰਕੜਿਆਂ ਨੇ ਸਿਆਸੀ ਧਿਰਾਂ ਨੂੰ ਫਿਕਰਾਂ 'ਚ ਪਾ ਦਿੱਤਾ ਹੈ।

ਚੋਣ ਕਮਿਸ਼ਨ ਦੇ ਅੰਕੜੇ ਦੱਸਦੇ ਹਨ ਕਿ ਸੂਬੇ ਵਿਚ ਲੰਘੀਆਂ ਤਿੰਨ ਵਿਧਾਨ ਸਭਾ ਚੋਣਾਂ ਮੁਕਾਬਲੇ ਇਸ ਵਾਰ ਲੋਕਾਂ ਨੇ ਆਪਣੀ ਜਮਹੂਰੀ ਹੱਕ ਦੀ ਵਰਤੋਂ ਕਰਨ ਵਿਚ ਝਿਜਕ ਮਹਿਸੂਸ ਕੀਤੀ। ਸੂਬੇ ਵਿਚ ਇਸ ਵਾਰ 72 ਫੀਸਦੀ ਲੋਕਾਂ ਨੇ ਆਪਣੇ ਜਮਹੂਰੀ ਹੱਕ ਦੀ ਵਰਤੋਂ ਕੀਤੀ ਹੈ। ਵੋਟਾਂ ਦਾ ਅਮਲ ਮੁਕੰਮਲ ਹੋਣ ਤੋਂ ਬਾਅਦ ਸਿਆਸੀ ਪਾਰਟੀਆਂ ਤੇ ਚੋਣ ਵਿਸ਼ਲੇਸ਼ਕਾਂ ਨੂੰ ਵੀ ਜਿੱਤ-ਹਾਰ ਦਾ ਅੰਦਾਜ਼ਾ ਲਾਉਣਾ ਔਖਾ ਹੋ ਗਿਆ ਹੈ। ਚੋਣ ਵਿਸ਼ਲੇਸ਼ਕਾਂ ਇਸ ਵਾਰ ਸੂਬੇ ਵਿਚ ਕਿਸੇ ਧਿਰ ਨੂੰ ਬਹੁਮਤ ਦੀ ਥਾਂ ਰਲ-ਮਿਲ ਕੇ ਸਰਕਾਰ ਬਣਨ ਬਾਰੇ ਕਿਆਸ ਲਗਾ ਰਹੇ ਹਨ। ਸਿਆਸੀ ਧਿਰਾਂ ਵੀ ਇਸੇ ਫਾਰਮੂਲੇ ਉਤੇ ਜੋੜ-ਤੋੜ ਲਈ ਜੁਟੀਆਂ ਜਾਪ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲਾ ਗੱਠਜੋੜ ਸਰਕਾਰ ਦੇ ਗਠਨ ਲਈ ਜੋੜ-ਤੋੜ ਬਾਰੇ ਸੋਚਣ ਲੱਗ ਪਏ ਹਨ।

ਉਧਰ ਸੰਯੁਕਤ ਸਮਾਜ ਮੋਰਚਾ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਲੋਕ ਇਨਸਾਫ ਪਾਰਟੀ ਸਮੇਤ ਆਜ਼ਾਦ ਉਮੀਦਵਾਰਾਂ ਵੱਲੋਂ ਵੀ ਇਨ੍ਹਾਂ ਚੋਣਾਂ ਦੌਰਾਨ ਨਿਭਾਈ ਗਈ ਭੂਮਿਕਾ 'ਤੇ ਤਸੱਲੀ ਪ੍ਰਗਟਾਈ ਜਾ ਰਹੀ ਹੈ। 'ਆਪ' ਅਤੇ



ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਤਾਂ ਸੇਵਾਮੁਕਤ ਅਤੇ ਮੌਜੂਦਾ ਅਫਸਰਾਂ ਨਾਲ ਮੀਟਿੰਗਾਂ ਵੀ ਆਰੰਭ ਦਿੱਤੀਆਂ ਹਨ ਜਦੋਂ ਕਿ ਕਾਂਗਰਸ ਵੀ ਸੱਤਾ 'ਤੇ ਕਾਬਜ਼ ਰਹਿਣ ਦੇ ਸੁਪਨੇ ਦੇਖ ਰਹੀ ਹੈ।

ਪੰਜਾਬ ਵਿਚ ਤਾਜ਼ਾ ਮਾਹੌਲ ਦਾ ਮੁੱਖ ਕਾਰਨ ਕਿਸਾਨ ਅੰਦੋਲਨ ਤੇ ਇਸ ਕਾਰਨ ਰਵਾਇਤੀ ਧਿਰਾਂ (ਕਾਂਗਰਸ, ਅਕਾਲੀ ਦਲ) ਖਿਲਾਫ ਬਣੇ ਬੇਭਰੋਸਗੀ ਵਾਲੇ ਮਾਹੌਲ ਨੂੰ ਮੰਨਿਆ ਜਾ ਰਿਹਾ ਹੈ। ਸੱਤਾਧਾਰੀ ਕਾਂਗਰਸ ਨੂੰ ਵਾਅਦਾਖਿਲਾਫੀ ਤੇ ਆਪਸੀ ਫੁੱਟ ਕਾਰਨ ਸਭ ਤੋਂ ਵੱਧ ਰਗੜਾ ਲੱਗਣ ਦਾ ਖਦਸ਼ਾ ਹੈ। ਅਕਾਲੀ ਦਲ ਜਿਥੇ 7 ਸਾਲ ਪਹਿਲਾਂ ਆਪਣੇ ਖਿਲਾਫ ਬਣੇ ਮਾਹੌਲ ਨੂੰ ਬਦਲਣ ਵਿਚ ਨਾਕਾਮ ਰਿਹਾ ਹੈ, ਉਥੇ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਵਿਚ ਉਸ ਦੀ ਭੂਮਿਕਾ ਬਾਰੇ ਸਵਾਲ ਲਗਾਤਾਰ ਉਠਦੇ ਰਹੇ ਹਨ।

ਮੌਜੂਦਾ ਸਿਆਸੀ ਮਾਹੌਲ ਇਸ਼ਾਰਾ ਕਰ ਰਿਹਾ ਹੈ ਕਿ ਇਸ ਸਮੇਂ ਭਾਜਪਾ ਸਣੇ ਰਵਾਇਤੀ ਧਿਰਾਂ ਦਾ ਮਕਸਦ ਕਿਸੇ ਵੀ ਹੱਦ ਤੱਕ ਜਾ ਕੇ ਸਰਕਾਰ ਬਣਾਉਣ ਦਾ ਹੈ। ਇਹੀ ਕਾਰਨ ਹੈ ਕਿ ਅਕਾਲੀ ਦਲ-ਭਾਜਪਾ ਦੇ ਮੁੜ ਗੱਠਜੋੜ ਦੀਆਂ ਖਬਰਾਂ ਆਉਣ ਲੱਗੀਆਂ ਹਨ। ਦੋਵੇਂ ਧਿਰਾਂ ਦੇ ਆਗੂ ਲੋੜ ਪੈਣ ਉਤੇ ਮੁੜ ਸਿਆਸੀ ਸਾਂਝ ਦੀ ਖੁੱਲ੍ਹ ਦੇ ਹਾਮੀ ਭਰਨ ਲੱਗੇ ਹਨ। ਚੋਣਾਂ ਵਾਲੇ ਦਿਨ ਹੀ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵੱਲੋਂ ਭਾਜਪਾ ਨਾਲ ਮੁੜ ਸਾਂਝ ਦਾ ਇਸ਼ਾਰਾ ਕਰਨ ਪਿੱਛੋਂ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਸਰਕਾਰ ਬਣਾਉਣ ਲਈ ਕਿਸੇ ਵੀ ਹੱਦ ਤੱਕ ਜਾਣ ਦਾ ਸੰਕੇਤ ਦੇ ਗਏ।

ਅਸਲ ਵਿਚ, ਚੋਣਾਂ ਤੋਂ ਪਹਿਲਾਂ ਵੱਡੀ ਗਿਣਤੀ ਸਿੱਖ ਆਗੂਆਂ ਨੂੰ ਆਪਣੇ ਹੱਕ ਵਿਚ ਕਰਨ, ਡੇਰਿਆਂ ਤੋਂ ਮਿਲੇ ਭਰੋਸੇ ਪਿੱਛੋਂ ਭਾਜਪਾ ਵੀ ਆਪਣੇ ਆਪ ਨੂੰ ਚੋਣ ਮੈਦਾਨ ਵਿਚ ਮੁੱਖ ਧਿਰ ਵਜੋਂ ਪੇਸ਼ ਕਰਨ ਲੱਗੀ ਹੈ। ਚੋਣਾਂ ਤੋਂ ਪਹਿਲਾਂ ਦੇਸ਼ ਭਗਤੀ ਤੇ ਰਾਸ਼ਟਰੀ ਸੁਰੱਖਿਆ ਦੇ ਪਾਏ ਰੌਲੇ ਤੋਂ ਭਗਵਾ ਧਿਰ ਨੂੰ ਸੂਬੇ ਦਾ ਹਿੰਦੂ ਵੋਟ ਇਕ ਪਾਸੇ ਭੁਗਤਣ ਦੀ ਉਮੀਦ ਹੈ। ਡੇਰਾ ਸਿਰਸਾ ਵੱਲੋਂ ਚੋਣਾਂ ਤੋਂ ਇਕ ਦਿਨ ਪਹਿਲਾਂ ਕੀਤਾ ਇਸ਼ਾਰਾ ਵੀ ਭਗਵਾ ਧਿਰ ਨੂੰ ਹੌਸਲਾ ਦੇ ਰਿਹਾ ਹੈ। ਇਹੀ ਕਾਰਨ ਹੈ ਕਿ ਚੋਣ ਨਤੀਜਿਆਂ ਤੋਂ ਪਹਿਲਾਂ ਭਗਵਾ ਧਿਰ ਕਾਂਗਰਸ ਨੂੰ ਛੱਡ ਅਕਾਲੀ ਸਣੇ ਕਿਸੇ ਵੀ ਧਿਰ ਨਾਲ ਜੁੜ ਕੇ ਸਰਕਾਰ ਬਣਾਉਣ ਦੀਆਂ ਗੱਲਾਂ ਕਰਨ ਲੱਗੀ ਹੈ।

ਅਸਲ ਵਿਚ ਚੋਣਾਂ ਦੌਰਾਨ ਸੱਤਾਧਾਰੀ ਕਾਂਗਰਸ, ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ-ਬਸਪਾ ਗੱਠਜੋੜ, ਭਾਜਪਾ ਦੀ ਅਗਵਾਈ ਵਾਲੇ ਪੰਜਾਬ ਲੋਕ ਕਾਂਗਰਸ ਤੇ ਅਕਾਲੀ ਦਲ (ਸੰਯੁਕਤ) ਦਾ ਗੱਠਜੋੜ ਅਤੇ ਕਿਸਾਨ ਅੰਦੋਲਨ ਲੜ ਕੇ ਆਈ ਇਕ ਧਿਰ ਦੇ ਬਣਾਏ ਸੰਯੁਕਤ ਸਮਾਜ ਮੋਰਚੇ ਦਰਮਿਆਨ ਪੰਜ ਕੋਨੇ ਮੁਕਾਬਲੇ ਦੀ ਚਰਚਾ ਰਹੀ ਹੈ। ਇਸ ਤੋਂ ਇਲਾਵਾ ਪਿਛਲੇ ਦਿਨੀਂ ਸਿਮਰਨਜੀਤ ਸਿੰਘ ਮਾਨ ਨੂੰ ਅਮਰਗੜ੍ਹ ਵਿਧਾਨ ਸਭਾ ਹਲਕੇ ਤੋਂ ਮਿਲਣ ਵਾਲੇ ਸਮਰਥਨ ਤੇ ਅਦਾਕਾਰ ਤੇ ਕਾਰਕੁਨ ਦੀਪ ਸਿੱਧੂ ਦੀ ਮੌਤ ਨਾਲ ਮਾਨ ਦਲ ਦੇ ਉਮੀਦਵਾਰਾਂ ਨੂੰ ਮਿਲੀ ਹਮਦਰਦੀ ਨੂੰ ਅਚਾਨਕ ਉਭਰੇ ਪੱਖ ਵਜੋਂ ਦੇਖਿਆ ਜਾ ਰਿਹਾ ਹੈ।

ਡੇਰਾ ਸਿਰਸਾ ਦੇ ਪੈਰੋਕਾਰਾਂ ਦੀਆਂ ਵੋਟਾਂ ਤੇ ਸਿਮਰਜੀਤ ਸਿੰਘ ਬੈਂਸ ਦੀ ਅਗਵਾਈ ਵਾਲੀ ਲੋਕ ਇਨਸਾਫ ਪਾਰਟੀ ਦਾ ਵੀ ਕਈ ਸੀਟਾਂ ਉਤੇ ਜਿੱਤ ਅਤੇ ਹਾਰ ਦੇ ਰੂਪ ਵਿਚ ਅਸਰ ਪੈਣ ਦੇ ਆਸਾਰ ਹਨ। ਵੋਟਾਂ ਤੋਂ ਬਾਅਦ ਵੀ ਵੱਖ-ਵੱਖ ਪਾਰਟੀਆਂ ਨੇ ਆਪੋ-ਆਪਣੀ ਜਿੱਤ ਦਾ ਦਾਅਵਾ ਕੀਤਾ ਹੈ। ਮਤਦਾਨ ਦੀ ਫੀਸਦ ਘੱਟ ਹੋਣ ਦੇ ਵੱਖ-ਵੱਖ ਅਨੁਮਾਨ ਹਨ। ਸੱਤਾਧਾਰੀ ਧਿਰ ਦਲੀਲ ਦੇ ਰਹੀ ਹੈ ਕਿ ਜੇ ਲੋਕ ਵੱਡੀ ਪੱਧਰ ਉਤੇ ਬਦਲ ਦੇ ਪੱਖ ਵਿਚ ਹੁੰਦੇ ਤਾਂ ਮਤਦਾਨ ਹੋਰ ਜ਼ਿਆਦਾ ਹੋਣਾ ਸੀ। ਦੂਸਰੀਆਂ ਧਿਰਾਂ ਇਤਿਹਾਸਕ ਹਵਾਲੇ ਦੇ ਕੇ ਅਜਿਹੀ ਕਿਸੇ ਵੀ ਦਲੀਲ ਨੂੰ ਰੱਦ ਕਰ ਰਹੀਆਂ ਹਨ। ਇਹ ਚੋਣ ਪਿਛਲੀਆਂ ਚੋਣਾਂ ਦੇ ਮੁਕਾਬਲੇ ਗੈਰ-ਸਿਆਸੀ ਮੁੱਦਿਆਂ ਦੇ ਦੁਆਲੇ

(ਬਾਕੀ ਸਫਾ 6 'ਤੇ)

## ਡੇਰਾ ਮੁਖੀ ਨੂੰ ਜ਼ੈੱਡ ਪਲੱਸ ਸੁਰੱਖਿਆ 'ਤੇ ਸਵਾਲ



**ਚੰਡੀਗੜ੍ਹ:** ਹਰਿਆਣਾ ਦੀ ਭਾਜਪਾ ਸਰਕਾਰ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਅਤੇ ਹੱਤਿਆ ਦੇ ਦੋ ਵੱਖ-ਵੱਖ ਮਾਮਲਿਆਂ ਵਿਚ ਦੋਸ਼ੀ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਉਤੇ ਮਿਹਰਬਾਨ ਹੈ। ਚੋਣ ਮਾਹੌਲ ਵਿਚ ਫਰਲੋ ਦੇਣ ਪਿੱਛੋਂ ਡੇਰਾ ਮੁਖੀ ਨੂੰ ਜ਼ੈੱਡ ਪਲੱਸ ਸੁਰੱਖਿਆ ਵੀ ਦੇ ਦਿੱਤੀ ਗਈ ਹੈ। ਉਸ ਨੂੰ ਤਿੰਨ ਹਫਤਿਆਂ ਦੀ ਛੁੱਟੀ ਮਿਲੀ ਸੀ ਤੇ ਉਹ 7 ਫਰਵਰੀ ਨੂੰ ਸੁਨਾਰੀਅਨ ਜੇਲ੍ਹ ਤੋਂ ਬਾਹਰ ਆਇਆ ਸੀ। ਉਸ ਦੀ ਫਰਲੋ ਦੀ ਮਨਜ਼ੂਰੀ ਦੇ ਨਾਲ-ਨਾਲ ਹਰਿਆਣਾ ਸਰਕਾਰ ਨੇ ਉਸ ਦੀ ਜ਼ੈੱਡ ਪਲੱਸ ਸੁਰੱਖਿਆ ਨੂੰ ਵੀ ਮਨਜ਼ੂਰੀ ਦਿੱਤੀ ਸੀ ਪਰ ਇਸ ਦਾ ਖੁਲਾਸਾ ਹੁਣ ਹੋਇਆ ਹੈ। ਇਸ ਪਿੱਛੇ ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਰਾਮ ਰਹੀਮ ਨੂੰ ਖਾਲਿਸਤਾਨ ਦੇ ਸਮਰਥਕਾਂ ਤੋਂ ਖ਼ਤਰਾ ਹੈ। ਦਰਅਸਲ, ਡੇਰਾ ਮੁਖੀ ਦੀ ਫਰਲੋ ਨੂੰ ਚੁਣੌਤੀ ਦਿੰਦੀ ਪਟੀਸ਼ਨ ਹਾਈਕੋਰਟ 'ਚ ਦਾਇਰ ਕੀਤੀ ਗਈ ਸੀ। ਹਾਈਕੋਰਟ ਵੱਲੋਂ ਫਰਲੋ ਦੇ ਇਸ ਮਾਮਲੇ ਦੀ ਤੁਰੰਤ ਸੁਣਾਈ ਦੀ ਬੇਨਤੀ ਉਤੇ ਇਸ ਮਾਮਲੇ ਦੀ ਤਿੰਨ ਦਿਨਾਂ ਵਿਚ ਰਿਪੋਰਟ ਮੰਗੀ ਸੀ। ਸੁਣਵਾਈ ਦੌਰਾਨ ਹਾਈਕੋਰਟ 'ਚ ਪੇਸ਼ ਕੀਤੇ ਦਸਤਾਵੇਜ਼ਾਂ ਤੋਂ ਖੁਲਾਸਾ ਹੋਇਆ ਕਿ ਡੇਰਾ ਮੁਖੀ ਨੂੰ ਜ਼ੈੱਡ ਪਲੱਸ ਸੁਰੱਖਿਆ ਦੇ ਕੇ ਜੇਲ੍ਹ ਤੋਂ ਬਾਹਰ ਲਿਆਂਦਾ ਗਿਆ ਸੀ।


India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

BIG BAZAAR
Grocery, Sweets & Catering
5425 E. Thompson Rd.
Indianapolis IN 46237
Buffet
Mon to Sat. 11am to 3pm
Sunday 2pm to 7pm
*Fresh Vegetables Every Thursday
*Book your catering now.
Ask for, Baljinder S. Ben
Ph: 317-640-2400
Like our Facebook page:
BigBazaarIndianGrocery

ੴ Now Open 7 Days a Week
Regal Jewels
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਗੁਰਦੁਆਰਾ ਪੈਲਾਟਾਈਨ ਵਿਖੇ ਦੀਪ ਸਿੱਧੂ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ

**ਸ਼ਿਕਾਗੋ:** ਗੁਰਦੁਆਰਾ ਪੈਲਾਟਾਈਨ ਵਿੱਖੇ ਸ਼ੰਘਰਸ਼ੀ ਯੋਧੇ ਦੀਪ ਸਿੱਧੂ ਦੀ ਯਾਦ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਸ਼ਿਕਾਗੋ ਯੂਨਿਟ, ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਾਂਝੇ ਤੌਰ 'ਤੇ 18 ਮਾਰਚ ਨੂੰ ਅਰੰਭ ਸ਼੍ਰੀ ਅਖੰਡਪਾਠ ਦੇ ਭੋਗ ਐਤਵਾਰ 20 ਫਰਵਰੀ ਨੂੰ ਪਾਏ ਗਏ। ਉਪਰੰਤ ਕੀਰਤਨ, ਕਥਾ ਅਤੇ ਵੱਖ ਵੱਖ ਬੁਲਾਰਿਆਂ ਨੇ ਦੀਪ ਸਿੱਧੂ ਨੂੰ ਸ਼ਰਧਾਂਜਲੀ ਭੇਟ ਕੀਤੀ। ਗੁਰਦੁਆਰਾ ਸਾਹਿਬ ਦੀ ਧਾਰਮਿਕ ਸਕੱਤਰ ਬੀਬੀ ਜਸਵੀਰ ਕੌਰ ਨੇ ਸੰਗਤਾਂ ਨੂੰ ਸ਼ਰਧਾਂਜਲੀ ਸਮਾਗਮ ਤੋਂ ਜਾਣੂ ਕਰਵਾਇਆ। ਦੀਪ ਸਿੱਧੂ (ਜੋ 15 ਫਰਵਰੀ ਨੂੰ ਹਾਦਸੇ ਦਾ ਸ਼ਿਕਾਰ ਹੋ ਗਏ ਸਨ) ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ, ਅਤੇ ਬੁਲਾਰਿਆਂ ਦੀ ਸੰਗਤਾਂ ਨਾਲ ਸਾਂਝ ਪੁਆਈ।

ਸਭ ਤੋਂ ਪਹਿਲਾਂ ਸਾਬਕਾ ਧਾਰਮਿਕ ਸਕੱਤਰ ਸ. ਹਰਜੀਤ ਸਿੰਘ ਗਿੱਲ ਨੇ ਦੀਪ ਸਿੱਧੂ ਦੇ ਪਿਛੋਕੜ, ਜਨਮ, ਪਿੰਡ ਤੇ ਪਰਿਵਾਰ ਬਾਰੇ ਸੂਖਮ ਜਾਣਕਾਰੀ ਸਾਂਝੀ ਕੀਤੀ ਅਤੇ ਦੀਪ ਵਲੋਂ ਕਿਸਾਨੀ ਮੋਰਚੇ ਵਿੱਚ ਨਿਭਾਈਆਂ ਸੇਵਾਵਾਂ ਬਾਰੇ ਵੀ ਦੱਸਿਆ। ਉਨਾਂ ਦੱਸਿਆ ਕਿ ਮੈਂ ਦੀਪ ਸਿੱਧੂ ਦੇ ਸਸਕਾਰ ਮੌਕੇ ਅੱਸੀ ਹਜਾਰ ਤੋਂ ਵੀ ਵੱਧ ਦਾ ਇਕੱਠ ਸੀ। ਹਰ ਅੱਖ ਰੋ ਰਹੀ ਸੀ। ਬਹੁਤ ਹੀ ਸੋਗਮਈ ਪਲ ਸਨ। ਸ. ਗੁਰਮੁੱਖ ਸਿੰਘ ਭੁੱਲਰ ਨੇ ਦੀਪ ਸਿੱਧੂ ਦੀ ਪੜ੍ਹਾਈ, ਉਸਦੇ ਫਿਲਮੀ ਕੈਰੀਅਰ ਅਤੇ ਦਿਓਲ ਪਰਿਵਾਰ ਨਾਲ ਨੇੜਤਾ ਬਾਰੇ ਵਿਚਾਰ ਸਾਂਝੇ ਕੀਤੇ। ਉਨਾਂ ਦੱਸਿਆ ਕਿ ਦੀਪ ਸਿੱਧੂ ਨੇ ਇੰਗਲੈਂਡ ਤੋਂ ਲਾਅ ਡਿਗਰੀ ਕੀਤੀ ਤੇ ਫਿਰ ਵਾਪਸ ਬੰਬਈ ਆ ਗਏ ਜਿਥੇ ਉਨ੍ਹਾਂ ਕਈ ਵੱਡੀਆਂ ਫਿਲਮੀ ਹਸਤੀਆਂ ਨਾਲ ਕੰਮ ਕੀਤਾ ਅਤੇ ਆਪ ਵੀ ਫਿਲਮਾਂ ਕੀਤੀਆਂ। ਉਨ੍ਹਾਂ ਦੀ ਪਹਿਲੀ ਫਿਲਮ 'ਰਮਤਾ ਯੋਗੀ' ਸੀ। ਉਸ ਤੋਂ ਬਾਅਦ ਬਹੁਤ ਹੀ ਚਰਚਿੱਤ 'ਜੋਰਾ ਦਸ ਨੰਬਰੀ' ਆਈ, ਜਿਸ ਨਾਲ ਉਨ੍ਹਾਂ ਦੀ ਪਹਿਚਾਣ ਬਣੀ। ਸ. ਭੁੱਲਰ ਨੇ ਦੀਪ ਸਿੱਧੂ ਨਾਲ ਫੋਨ 'ਤੇ ਹੋਈ ਗੱਲ-ਬਾਤ ਬਾਰੇ ਵੀ ਦੱਸਿਆ।

ਦੀਪ ਸਿੱਧੂ ਦੇ ਬਚਪਨ ਦੇ ਦੋਸਤ ਹਰਮੀਤ ਸਿੰਘ ਸੈਣੀ ਨੇ ਵੀਡੀਓ ਕਾਨਫਰੰਸ ਰਾਹੀਂ ਆਪਣੇ ਵਿਚਾਰਾਂ ਦੀ ਸਾਂਝ ਪਾਈ। ਉਨਾਂ ਦੱਸਿਆ ਕਿ ਜਦ ਅਸੀਂ ਲੁਧਿਆਣੇ ਪੜ੍ਹਦੇ ਸੀ। ਉਸ ਸਮੇਂ ਦੀਪ 14/15 ਸਾਲ ਦਾ ਸੀ। ਸਾਡੇ ਨਾਲ ਬਾਸਕਟਬਾਲ ਖੇਡਦਾ ਸੀ। ਅਸੀਂ ਉਸ ਦਾ ਨਾਂ ਪ੍ਰਛਾਵਾਂ ਰੱਖਿਆ ਹੁੰਦਾ, ਕਿਉਕਿ ਉਹ ਹਰ ਸਮੇਂ ਸਾਡੇ 'ਤੇ ਚੜ੍ਹਿਆ ਰਹਿੰਦਾ ਸੀ ਤੇ ਸਾਥੋਂ ਬਾਲ ਖੋਹ ਲੈਂਦਾ ਸੀ। ਇਹ ਛੋਟਾ ਹੁੰਦਾ ਹੀ ਸਿਆਣੀਆਂ ਗੱਲਾਂ ਕਰਦਾ ਤੇ ਇਤਿਹਾਸ ਪ੍ਰਤੀ ਵੀ ਚੇਤੰਨ ਸੀ। ਉਨਾਂ ਦੱਸਿਆ ਕਿ 2001 ਦੇ ਕਰੀਬ ਮੈਂ ਅਮਰੀਕਾ ਆ ਗਿਆ ਤੇ ਫਿਰ ਸਾਡਾ ਮਿਲਾਪ ਨਹੀਂ ਹੋ ਸਕਿਆ, ਪਰ ਇਕ ਵਾਰ ਉਸਦੀ ਫਿਲਮ ਦੇਖਦਿਆਂ ਲੱਗਾ ਕਿ ਮੈਂ ਇਸ ਨੂੰ ਜਾਣਦਾ ਹਾਂ ਪਰ ਯਾਦ ਨਹੀਂ ਸੀ ਆ ਰਿਹਾ। ਜਦੋਂ ਯਾਦ ਆਇਆ ਤੇ ਨੰਬਰ ਲੱਭ ਕੇ ਦੀਪ ਨਾਲ ਗੱਲ ਕੀਤੀ ਤਾਂ ਸਭ ਯਾਦਾਂ ਵਾਪਸ ਆ ਗਈਆਂ। ਸ. ਸੈਣੀ ਨੇ ਦੱਸਿਆ, ਫੋਨ 'ਤੇ ਬਹੁਤ ਗੰਭੀਰ ਗੱਲਾਂ-ਬਾਤਾਂ ਵਿਚ ਪੰਜਾਬ ਤੇ ਨੌਜਵਾਨੀ ਲਈ ਕੁਝ ਕਰਨ ਲਈ ਪ੍ਰੇਰਦਾ ਹੁੰਦਾ ਸੀ। ਸਿੱਖ ਯੂਥ ਆਫ ਸ਼ਿਕਾਗੋ ਵਲੋਂ ਗੁਰਿੰਦਰ ਕੌਰ ਕਲੇਰ ਨੇ ਦੀਪ ਸਿੱਧੂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਦੀਪ ਵੀਰੇ ਦੀ ਮੌਤ ਐਕਸੀਡਿੰਟ ਨਾਲ ਨਹੀਂ, ਸਗੋਂ ਨਾਟਕੀ ਢੰਗ ਨਾਲ ਉਸਦਾ ਕਤਲ ਕੀਤਾ ਗਿਆ ਹੈ। ਕਿਉਂਕਿ ਦੀਪ ਸਿੱਧੂ ਤੇ ਉਨ੍ਹਾਂ ਦੇ ਸਾਥੀਆਂ ਵਲੋਂ 26 ਜਨਵਰੀ ਨੂੰ ਲਾਲ ਕਿਲੇ ਉਪਰ ਨਿਸ਼ਾਨ ਸਾਹਿਬ ਝੁਲਾਉਣ ਤੋਂ ਬਾਅਦ ਉਹ ਭਾਰਤੀ ਏਜੰਸੀਆਂ ਅਤੇ ਸਰਕਾਰ ਦੀਆਂ ਨਜ਼ਰਾਂ ਵਿੱਚ ਰੜਕਣ ਲੱਗ ਪਿਆ ਸੀ। ਕੁਝ ਆਪਣਿਆਂ ਨੇ ਵੀ ਕੋਈ ਕਸਰ ਨਹੀਂ ਛੱਡੀ, ਵੱਖ ਵੱਖ ਨਾਂਵਾਂ ਨਾਲ ਉਸ ਨੂੰ ਭੰਡਿਆ ਗਿਆ ਤੇ ਫਿਰ ਉਸ ਨੂੰ ਕੁਝ ਸਮੇਂ ਲਈ ਜੇਲ੍ਹ ਵੀ ਜਾਣਾ ਪਿਆ। ਜੇਲ੍ਹ ਤੋਂ ਬਾਹਰ ਆ ਕੇ ਉਹ ਪੰਥਕ ਲੀਡਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੂੰ ਮਿਲਿਆ। ਦੋਵੇਂ ਮਿਲ ਕੇ ਪੰਥ ਦੀ ਵਿਗੜੀ ਨੂੰ ਸੰਵਾਰਨ ਲਈ ਇਕੱਠੇ ਕਦਮ ਪੁੱਟਣ ਲੱਗੇ।



ਸਮਾਗਮ ਨੂੰ ਸੰਬੋਧਨ ਕਰਦੇ ਹੋਏ ਪਤਵੰਤੇ। -ਫੋਟੋਆਂ ਤੇ ਵੇਰਵਾ ਮੱਖਣ ਕਲੇਰ





ਵੋਟਾਂ ਦੇ ਐਲਾਨ ਤੋਂ ਬਾਅਦ ਦੀਪ ਸਿੱਧੂ ਨੇ ਆਪਣੇ ਸਾਥੀਆਂ ਨਾਲ ਸ. ਸਿਮਰਨਜੀਤ ਸਿੰਘ ਮਾਨ ਦੀ ਮਦਦ ਵਿੱਚ ਰੈਲੀਆਂ ਸ਼ੁਰੂ ਕਰ ਦਿੱਤੀਆਂ ਤੇ ਪ੍ਰਭਾਵਸ਼ਾਲੀ ਤਕਰੀਰਾਂ ਰਾਹੀਂ ਨੌਜਵਾਨੀ ਵਿੱਚ ਨਵੀਂ ਰੂਹ ਭਰ ਦਿੱਤੀ, ਜਿਸ ਨਾਲ ਸ. ਸਿਮਰਨਜੀਤ ਸਿੰਘ ਮਾਨ ਨੂੰ ਬਹੁਤ ਬਲ ਮਿਲਿਆ। ਦੀਪ ਦੇ ਹਰ ਇਕ ਬੋਲ ਨੂੰ ਨੌਜਵਾਨੀ ਰੱਬੀ ਫੁਰਮਾਨ ਸਮਝਣ ਲੱਗੀ। ਦੀਪ ਵੀਰੇ ਦਾ ਸੁਪਨਾ ਸੀ ਕਿ ਸ. ਮਾਨ ਨੂੰ ਵੋਟਾਂ 'ਚ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਣਾ। ਗੁਰਿੰਦਰ ਕੌਰ ਨੇ ਸੰਗਤ ਤੋਂ ਦੀਪ ਦੇ ਸੁਪਨੇ ਦੇ ਪੰਜ ਨਾਅਰੇ 'ਖਾਲਿਸਤਾਨ ਜਿੰਦਾਬਾਦ' ਦੇ ਲਵਾਏ। ਸਿੱਖ ਯੂਥ ਵਲੋਂ ਦੀਪ ਦੀ ਸਪੀਚਾਂ ਵਾਲੀ ਦਸ ਕੁ ਮਿੰਟ ਦੀ ਇਕ ਡਾਕੂਮੈਂਟਰੀ ਵੀ ਸੰਗਤ ਨੂੰ ਦਿਖਾਈ ਗਈ।

ਸ. ਹਰਵੀਰ ਸਿੰਘ ਵਿਰਕ ਨੇ ਦੀਪ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਜਿਹੜੇ ਦੀਪ ਸਿੱਧੂ ਨੂੰ ਗਦਾਰੀ ਦੇ ਸਰਟੀਫਿਕੇਟ ਵੰਡਦੇ ਸਨ, ਉਹ ਖੁਦ ਆਰ ਐਸ ਐਸ ਤੇ ਭਾਜਪਾ ਦੀ ਝੋਲੀ ਵਿੱਚ ਪੈ ਚੁੱਕੇ ਹਨ। ਦੀਪ ਸਿੱਧੂ ਆਪਣੇ 'ਤੇ ਲੱਗੇ ਝੂਠੇ ਇਲਜਾਮਾਂ ਪ੍ਰਤੀ ਸਫਾਈਆਂ ਦਿੰਦਾ-ਦਿੰਦਾ ਇਸ ਦੁਨੀਆਂ ਤੋਂ ਤੁਰ ਗਿਆ ਹੈ, ਪਰ ਅਸੀਂ ਦੀਪ ਦੀ ਸੋਚ ਨੂੰ ਮਰਨ ਨਹੀਂ ਦਿਆਂਗੇ। ਸ. ਵਿਰਕ ਨੇ ਸਿੱਖਾਂ ਲਈ ਵੱਖਰੇ ਰਾਜ ਦੀ ਗੱਲ ਵੀ ਕੀਤੀ। ਸਿੱਖ ਯੂਥ ਆਫ ਸ਼ਿਕਾਗੋ ਵਲੋਂ ਦੀਪ ਦੀ ਯਾਦ ਵਿੱਚ ਹੱਥਾਂ ਵਿੱਚ ਮੋਮਬੱਤੀਆਂ ਫੜ ਕੇ ਅਰਦਾਸ ਕੀਤੀ ਗਈ ਤੇ ਬੱਚਿਆਂ ਵਲੋਂ ਸ਼ਬਦ ਗਾਇਨ ਕੀਤੇ ਗਏ। ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ. ਅਮਰਦੇਵ ਸਿੰਘ ਬਦੇਸ਼ਾ ਨੇ ਵੀ ਆਪਣੇ ਵੀਚਾਰ ਸਾਂਝੇ ਕੀਤੇ ਤੇ ਸੰਗਤਾਂ ਅਤੇ ਬੁਲਾਰਿਆਂ ਦਾ ਧੰਨਵਾਦ ਕੀਤਾ।

## ਦੀਪ ਸਿੱਧੂ ਤੇ ਸ਼ਹੀਦ ਕਿਸਾਨਾਂ ਨੂੰ ਸ਼ਰਧਾਂਜਲੀ

**ਸਿਨਸਿਨੈਟੀ (ਓਹਾਇਓ):** ਕਿਸਾਨ ਅੰਦੋਲਨ ਫਤਹਿ ਹੋਣ ਦੇ ਸ਼ੁਕਰਾਨੇ ਅਤੇ ਸ਼ਹੀਦ ਕਿਸਾਨਾਂ ਦੀ ਯਾਦ ਵਿਚ ਗੁਰਦੁਆਰਾ ਗੁਰੂ ਨਾਨਕ ਸੁਸਾਇਟੀ ਆਫ ਗਰੇਟਰ ਸਿਨਸਿਨੈਟੀ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ। ਇਨ੍ਹਾਂ ਵਿਸ਼ੇਸ਼ ਸਮਾਗਮਾਂ ਵਿਚ ਸਿਨਸਿਨੈਟੀ ਤੋਂ ਇਲਾਵਾ ਡੇਟਨ, ਕੈਨਟੱਕੀ ਤੇ ਇੰਡੀਆਨਾ ਤੋਂ ਵੀ ਵੱਡੀ ਗਿਣਤੀ ਸੰਗਤਾਂ ਸ਼ਾਮਲ ਹੋਈਆਂ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥੇ ਭਾਈ ਅਮਰੀਕ ਸਿੰਘ, ਭਾਈ ਨਿਰਮਲ ਸਿੰਘ ਨੇ ਸ਼ਬਦ ਕੀਰਤਨ ਕੀਤਾ। ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਹੋਏ, ਸ਼ਹੀਦ ਹੋਏ ਕਿਸਾਨਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ।



ਕਿਸਾਨ ਅੰਦੋਲਨ ਦੀ ਸ਼ੁਰੂਆਤ ਤੋਂ ਹੀ ਗੁਰਦੁਆਰਾ ਸਾਹਿਬ ਵਿਖੇ ਇਸ ਦੀ ਸਫਲਤਾ ਲਈ, ਅੰਦੋਲਨ ਫਤਹਿ ਹੋਣ ਤਕ ਅਰਦਾਸ ਹੁੰਦੀ ਰਹੀ। ਹੁਣ ਕਿਸਾਨ ਮੋਰਚੇ ਦੀ ਸਫਲਤਾ ਮਗਰੋਂ ਸ਼ੁਕਰਾਨੇ ਵਜੋਂ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਦੌਰਾਨ ਬੀਤੇ ਦਿਨੀਂ ਸੜਕ ਹਾਦਸੇ ਵਿਚ ਮਾਰੇ ਗਏ ਕਿਸਾਨ ਅੰਦੋਲਨ ਦੇ ਨੌਜਵਾਨ ਆਗੂ ਅਤੇ ਅਦਾਕਾਰ ਦੀਪ ਸਿੱਧੂ (ਸੰਦੀਪ ਸਿੰਘ ਸਿੱਧੂ) ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਸਿਨਸਿਨੈਟੀ ਦੀ ਸਮੂਹ ਸੰਗਤ ਨੇ ਦੀਪ ਸਿੱਧੂ ਦੀ ਯਾਦ ਵਿਚ ਮੋਮਬੱਤੀ ਮਾਰਚ ਕੱਢ ਕੇ ਸ਼ਰਧਾਂਜਲੀ ਭੇਟ ਕੀਤੀ। ਸੰਗਤ ਨੇ ਵਿਚਾਰ ਸਾਂਝੇ ਕੀਤ ਕਿ ਦੀਪ ਸਿੱਧੂ ਕਿਸਾਨ ਅੰਦੋਲਨ ਦੀ ਮਜ਼ਬੂਤ ਆਵਾਜ਼ ਸੀ, ਜੋ ਮਨੁੱਖੀ ਅਧਿਕਾਰਾਂ, ਪੰਜਾਬ ਅਤੇ ਇਸ ਦੇ ਲੋਕਾਂ ਲਈ ਵਧੇਰੇ ਖੁਦਮੁਖਤਿਆਰੀ ਅਤੇ ਭਾਰਤ ਦੇ ਨਾਗਰਿਕਾਂ ਵਿਰੁੱਧ ਕੀਤੇ ਗਏ ਕਿਸੇ ਵੀ ਅਪਰਾਧ ਲਈ ਨਿਆਂ ਦੀ ਵਕਾਲਤ ਕਰਦਾ ਸੀ। ਉਸ ਦੇ ਜਾਣ ਦਾ ਸਭਨਾਂ ਨੂੰ ਦੁੱਖ ਹੈ। ਉਸ ਦੀ ਆਤਮਿਕ ਸ਼ਾਂਤੀ ਲਈ ਗੁਰਦੁਆਰਾ ਸਾਹਿਬ ਵਿਖੇ ਸਹਿਜ ਪਾਠ ਵੀ ਅਰੰਭ ਕੀਤੇ ਗਏ, ਜਿਨ੍ਹਾਂ ਦਾ ਭੋਗ 26 ਫ਼ਰਵਰੀ ਨੂੰ ਪਵੇਗਾ। ਇਸ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਡਾ. ਸੁਰਿੰਦਰ ਸਿੰਘ ਵਡਿਆਲ ਦਾ ਦੇਹਾਂਤ

**ਸ਼ਿਕਾਗੋ:** ਡਾ. ਸੁਰਿੰਦਰ ਸਿੰਘ ਵਡਿਆਲ ਦਾ ਲੰਘੀ 19 ਫਰਵਰੀ ਨੂੰ ਦੇਹਾਂਤ ਹੋ ਗਿਆ। ਉਹ 79 ਸਾਲਾਂ ਦੇ ਸਨ ਅਤੇ ਬੈਰਿੰਗਟਨ ਵਿਚ ਰਹਿੰਦੇ ਸਨ। ਉਨ੍ਹਾਂ ਦਾ ਜਨਮ 17 ਨਵੰਬਰ, 1942 ਨੂੰ ਪੰਜਾਬ ਵਿਚ ਡਾ. ਧੰਨਾ ਸਿੰਘ ਵਡਿਆਲ ਅਤੇ ਸ੍ਰੀਮਤੀ ਗੁਰਚਰਨ ਕੌਰ ਵਡਿਆਲ ਦੇ ਘਰ ਹੋਇਆ ਸੀ।



ਉਨ੍ਹਾਂ ਪੰਜਾਬ ਸਕੂਲ ਆਫ ਵੈਟਰਨਰੀ ਮੈਡੀਸਨ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਸਕੂਲ ਆਫ ਪੋਸਟ ਗ੍ਰੈਜੂਏਟ ਸਟੱਡੀਜ਼ ਤੋਂ ਐਮ.ਐਸ. ਦੀ ਡਿਗਰੀ ਹਾਸਲ ਕੀਤੀ। ਡਾਕਟਰ ਵਡਿਆਲ 1973 ਵਿਚ ਅਮਰੀਕਾ ਆਏ ਅਤੇ ਬਰੁਕਲਿਨ ਕਾਲਜ ਆਫ ਫਾਰਮੇਸੀ ਵਿਚ ਫਿਜ਼ੀਓਲੋਜੀ ਇੰਸਟ੍ਰੱਕਟਰ ਵਜੋਂ ਆਪਣਾ ਕੈਰੀਅਰ ਸ਼ੁਰੂ ਕੀਤਾ। 1974 ਵਿਚ ਉਹ ਜੌਹਨਸ ਹੌਪਕਿੰਸ ਯੂਨੀਵਰਸਿਟੀ ਸਕੂਲ ਆਫ ਮੈਡੀਸਨ ਵਿਚ ਖੋਜ ਸਹਾਇਕ ਵਜੋਂ ਨਿਯੁਕਤ ਹੋਏ। 1975 ਵਿਚ ਉਨ੍ਹਾਂ ਲੌਂਗ ਆਈਲੈਂਡ 'ਤੇ ਵੈਟਰਨਰੀ ਦਵਾਈ ਦਾ ਅਭਿਆਸ ਕਰਨਾ ਸ਼ੁਰੂ ਕੀਤਾ ਅਤੇ 1982 ਐਨੀਮਲ ਹਸਪਤਾਲ ਖਰੀਦਿਆ। ਉਹ 2018 ਵਿਚ ਸੇਵਾਮੁਕਤ ਹੋਏ।

ਉਹ ਆਪਣੇ ਪਿੱਛੇ ਪਤਨੀ ਜਤਿੰਦਰ ਕੌਰ ਵਡਿਆਲ ਤੋਂ ਇਲਾਵਾ ਪੁੱਤਰ-ਡਾ. ਸ਼ੁਭਰਾਜਨ ਸਿੰਘ ਵਡਿਆਲ, ਨੂੰਹ ਡਾ. ਕ੍ਰਿਸਟਲ ਵਡਿਆਲ, ਪੋਤੀਆਂ ਜੈਸਮੀਨ, ਮੀਆ ਤੇ ਸੋਨੀਆ, ਧੀ ਕੋਮਲ ਕੌਰ, ਜਵਾਈ ਡਾ. ਗੌਰਾਂਗ ਗੁਜਰਾਤੀ, ਦੋਹਤੇ ਅਰੁਣ ਅਤੇ ਜੇਲੀਨ, ਭੈਣ-ਭਰਾ ਦਵਿੰਦਰ, ਸਰਨਜੀਤ ਅਤੇ ਬਲਜੀਤ ਛਡ ਗਏ ਹਨ।

ਡਾ. ਸੁਰਿੰਦਰ ਸਿੰਘ ਵਡਿਆਲ ਦਾ ਸਸਕਾਰ ਸ਼ਨਿਚਰਵਾਰ 26 ਫਰਵਰੀ ਨੂੰ ਸਵੇਰੇ 9 ਤੋਂ 11:30 ਵਜੇ ਦੌਰਾਨ ਡੇਵਨਪੋਰਟ ਫੈਮਿਲੀ ਫਿਊਨਰਲ ਹੋਮ (9*41 South Old Rand Road Lake Zurich* , ***IL*** 60047) ਵਿਖੇ ਹੋਵੇਗਾ।

ਅੰਤਿਮ ਅਰਦਾਸ ਉਸੇ ਦਿਨ 26 ਫਰਵਰੀ ਨੂੰ ਦੁਪਹਿਰ 12 ਵਜੇ ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ, ਪੈਲਾਟਾਈਨ ਵਿਖੇ ਹੋਵੇਗੀ। ਸਾਰਾ ਪ੍ਰੋਗਰਾਮ ਲਾਈਵ ਜ਼ੂਮ ਲਿੰਕ ਰਾਹੀਂ ਦੇਖਿਆ ਜਾ ਸਕੇਗਾ। ਫਰਿਵਾਰ ਅਨੁਸਾਰ ਨਿਸ਼ਚਿਤ ਮਿਤੀ 'ਤੇ ਨਿਊ ਯਾਰਕ ਵਿਚ ਵੀ ਯਾਦਗਾਰੀ ਸਮਾਗਮ ਕੀਤਾ ਜਾਵੇਗਾ।

## ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸੁਖਮਿੰਦਰ ਸਿੰਘ ਹੰਸਰਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਨਿਊਯਾਰਕ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਕੈਨੇਡਾ ਈਸਟ) ਦੇ ਪ੍ਰਧਾਨ ਸ. ਸੁਖਮਿੰਦਰ ਸਿੰਘ ਹੰਸਰਾ, ਜੋ ਕਿ ਕੁਝ ਸਮੇਂ ਤੋਂ ਬਿਮਾਰ ਸਨ, ਵਾਹਿਗੁਰੂ ਵਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਨੂੰ ਭੋਗਦੇ ਹੋਏ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਹਨ। ਸ. ਹੰਸਰਾ ਦੇ ਤੁਰ ਜਾਣ ਨਾਲ ਜਿੱਥੇ ਉਨ੍ਹਾਂ ਦੇ ਪਰਿਵਾਰ ਤੇ ਬੱਚਿਆਂ ਨੂੰ ਡੂੰਘਾ ਸਦਮਾ ਪੁਜਿਆ, ਉਥੇ ਹੀ ਮੀਡੀਆ ਦੀ ਦੁਨੀਆ ਤੇ ਪੰਥਕ ਸਫਾਂ ਨੂੰ ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਸ. ਹੰਸਰਾ ਨੇ ਜਿੱਥੇ ਕੌਮੀ ਪੱਧਰ 'ਤੇ ਮੀਡੀਆ ਵਿਚ ਨਾਮਣਾ ਖੱਟਿਆ, ਪੰਥਕ ਸੇਵਾਵਾਂ ਵੀ ਕੌਮੀ ਪੱਧਰ 'ਤੇ ਬੜੀ ਸ਼ਿੱਦਤ ਨਾਲ ਨਿਭਾਈਆਂ। ਉਨ੍ਹਾਂ ਨੇ ਟੋਰਾਂਟੋ, ਕੈਨੇਡਾ ਤੋਂ ਪੰਜਾਬੀ ਅਖਬਾਰ ਤੇ ਪੰਜਾਬੀ ਰੇਡੀਓ ਅਤੇ ਟੀਵੀ ਚੈਨਲ ਵੀ ਚਲਾਇਆ। ਮੀਡੀਆ ਰਾਹੀਂ ਉਹ ਕੌਮ ਦੀ ਆਵਾਜ਼ ਬਣ ਕੇ ਉੱਭਰੇ ਤੇ ਉਨ੍ਹਾਂ ਕੌਮੀ ਹੱਕਾਂ ਲਈ ਹਮੇਸ਼ਾਂ ਮੂਹਰੇ ਹੋ ਕੇ ਲੜਾਈ ਲੜੀ। ਉਹ ਬਹੁਤ ਵਧੀਆ ਬੁਲਾਰੇ ਸਨ ਤੇ ਆਪਣੀ ਗੱਲ ਬਹੁਤ ਪ੍ਰਭਾਵਸ਼ਾਲੀ ਤਰੀਕੇ ਨਾਲ ਰੱਖਦੇ ਸਨ। ਕੌਮੀ ਹਿੱਤਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਕਈ ਵਾਰ ਕੈਨੇਡਾ ਦੇ ਪ੍ਰਧਾਨ ਮੰਤਰੀ ਮਿਸਟਰ ਟਰੂਡੋ ਨੂੰ ਖ਼ਤ ਵੀ ਲਿਖੇ, ਜਿਨ੍ਹਾਂ ਵਿਚ ਉਹ ਸਿੱਖ ਕੌਮ 'ਤੇ ਅੰਦਰੋਂ ਤੇ ਬਾਹਰੋਂ ਹੋ ਰਹੇ ਹਮਲਿਆਂ ਤੋਂ ਪ੍ਰਧਾਨ ਮੰਤਰੀ ਨੂੰ ਜਾਣੂ ਕਰਵਾਉਂਦੇ ਰਹਿੰਦੇ ਸਨ। ਭਾਵੇਂ ਉਹ ਬਿਮਾਰੀ ਤੋਂ ਪੀੜਤ ਸਨ ਪਰ ਫਿਰ ਵੀ ਉਨ੍ਹਾਂ ਪੰਥਕ ਜਜ਼ਬੇ ਨੂੰ ਕਦੇ ਢਿੱਲਾ ਨਹੀਂ ਪੈਣ ਦਿੱਤਾ। ਜਦ ਵੀ ਉਨ੍ਹਾਂ ਨਾਲ ਗੱਲਬਾਤ ਸਾਂਝੀ ਹੋਣੀ ਤਾਂ ਹਮੇਸ਼ਾ ਚੜ੍ਹਦੀ ਕਲਾ ਵਿਚ ਜਵਾਬ ਮਿਲਦਾ ਸੀ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਜਥੇਬੰਦੀ ਵਲੋਂ ਸ. ਬੂਟਾ ਸਿੰਘ ਖੜੌਦ, ਸੁਰਜੀਤ ਸਿੰਘ ਕੁਲਾਰ, ਜੀਤ ਸਿੰਘ ਆਲੋਅਰਖ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਤਰਸੇਮ ਸਿੰਘ ਕੈਲੇਫੋਰਨੀਆ, ਪਵਨ ਸਿੰਘ ਵਰਜੀਨੀਆ, ਜੋਗਾ ਸਿੰਘ ਨਿਊਜਰਸੀ ਤੇ ਬਲਜਿੰਦਰ ਸਿੰਘ ਮੋਰਜੰਡ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਹੈ ਕਿ ਉਹ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਤੇ ਸ. ਹੰਸਰਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।



# ਪੰਜਾਬੀ ਅਕਾਦਮੀ ਦਿੱਲੀ ਵਲੋਂ ਮਾਤ ਭਾਸ਼ਾ ਦਿਵਸ ਮੌਕੇ ਅੰਤਰ-ਰਾਸ਼ਟਰੀ ਕਵੀ ਦਰਬਾਰ

**ਦਿੱਲੀ:** ਦਿੱਲੀ ਸਰਕਾਰ ਦੀ ਪੰਜਾਬੀ ਅਕਾਦਮੀ ਨੇ ਕੌਮਾਂਤਰੀ ਮਾਤ-ਭਾਸ਼ਾ ਦਿਵਸ ਮੌਕੇ ਇਕ ਅੰਤਰ-ਰਾਸ਼ਟਰੀ ਪੰਜਾਬੀ ਕਵੀ ਦਰਬਾਰ ਦਾ ਪ੍ਰਬੰਧ ਕੀਤਾ ਜਿਸ ਵਿਚ ਛੇ ਦੇਸ਼ਾਂ ਦੇ ਕਵੀਆਂ ਨੇ ਹਿੱਸਾ ਲਿਆ। ਕਵੀ ਦਰਬਾਰ ਦੀ ਪ੍ਰਧਾਨਗੀ ਕਰਦਿਆਂ ਅਕਾਦਮੀ ਦੇ ਉਪ-ਪ੍ਰਧਾਨ ਹਰਸ਼ਰਨ ਸਿੰਘ ਬੱਲੀ ਨੇ ਸਾਰੇ ਜਗਤ ਨੂੰ ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਵਸ ਦੀ ਵਧਾਈ ਦਿੰਦਿਆਂ ਦਿੱਲੀ ਸਰਕਾਰ ਅਤੇ ਵਿਸ਼ੇਸ਼ ਕਰਕੇ ਪੰਜਾਬੀ ਅਕਾਦਮੀ ਵਲੋਂ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਅਸੀਂ ਦਿੱਲੀ ਦੇ ਪਰਿਵਾਰਾਂ ਵਿਚ ਪੰਜਾਬੀ ਭਾਸ਼ਾ ਪ੍ਰਤੀ ਉਤਸਾਹ ਪੈਦਾ ਕਰਨ ਲਈ "ਮੈਂ ਪੰਜਾਬੀ-ਮੇਰੇ ਘਰ ਪੰਜਾਬੀ" ਨਾਮ ਦੀ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਰਾਹੀਂ ਲੋਕਾਂ ਨੂੰ ਪੰਜਾਬੀ ਬੋਲਣ ਲਈ ਉਤਸਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਦੀ ਸਰਕਾਰ ਮਾਤ ਭਾਸ਼ਾਵਾਂ ਦੇ ਪ੍ਰਸਾਰ ਲਈ ਵਚਨਬਧ ਹੈ ਅਤੇ ਇਸ ਨੇ ਦਿੱਲੀ ਵਿਚ ਬੋਲੀਆਂ ਜਾ ਰਹੀਆਂ ਬਹੁਤੀਆਂ ਭਾਸ਼ਾਵਾਂ ਦੀ ਉਨਤੀ ਲਈ ਭਾਸ਼ਾ ਅਕਾਦਮੀਆਂ ਦੀ ਸਥਾਪਨਾ ਕੀਤੀ ਹੈ। ਮਹਿਮਾਨਾਂ ਦਾ ਸਵਾਗਤ ਕਰਦਿਆਂ ਅਕਾਦਮੀ ਦੀ ਗਵਰਨਿੰਗ ਕੌਂਸਿਲ ਦੇ ਮੈਂਬਰ ਅਤੇ ਸਾਬਕਾ ਸਕੱਤਰ ਪ੍ਰੋ. ਰਵੇਲ ਸਿੰਘ ਨੇ ਕੌਮਾਂਤਰੀ ਮਾਤ-ਭਾਸ਼ਾ ਦਿਵਸ ਦੀ ਮਹਤੱਤਾ 'ਤੇ ਚਾਨਣਾ ਪਾਇਆ ਅਤੇ 1952 ਵਿਚ ਢਾਕੇ ਵਿਖੇ ਸ਼ਹੀਦ ਹੋਏ ਪੰਜ ਵਿਦਿਆਰਥੀਆਂ ਦੀ ਕੁਰਬਾਨੀ ਨੂੰ ਯਾਦ ਕੀਤਾ, ਜਿਨ੍ਹਾਂ ਸਦਕਾ ਦੁਨੀਆਂ ਭਰ ਵਿਚ ਇਹ ਕੌਮਾਂਤਰੀ ਦਿਹਾੜਾ ਮਨਾਇਆ ਜਾਂਦਾ ਹੈ।

**ਡਾ. ਸਤੀਸ਼ ਕੁਮਾਰ ਵਰਮਾ ਨੇ ਕਵੀ ਦਰਬਾਰ ਦਾ ਸੰਚਾਲਨ ਕੀਤਾ, ਜਿਸ ਵਿਚ ਕੈਨੇਡਾ ਤੋਂ ਪਰਮਜੀਤ ਦਿਓਲ, ਰਾਜਵੰਤ ਰਾਜ਼ ਅਤੇ ਬਲਵੀਰ ਕੌਰ ਢਿਲੋਂ, ਇੰਗਲੈਂਡ ਤੋਂ ਦਲਵੀਰ ਕੌਰ ਵੂਲਵਰਹੈਂਪਟਨ, ਰਾਜਿੰਦਰਜੀਤ ਅਤੇ ਬਲਵਿੰਦਰ ਸਿੰਘ ਚਾਹਲ, ਇਟਲੀ ਤੋਂ ਦਲਜਿੰਦਰ ਸਿੰਘ ਰਹਿਲ, ਜਰਮਨੀ ਤੋਂ ਪਵਨ ਪਰਵਾਸੀ ਅਤੇ ਬੈਲਜੀਅਮ ਤੋਂ ਜੀਤ ਸੁਰਜੀਤ ਨੇ ਨੇ ਆਪੋ-ਆਪਣੀਆਂ ਰਚਨਾਵਾਂ ਵਿਚ ਮਾਤਰ ਭੂਮੀ ਪੰਜਾਬ ਦੀ ਧਰਤੀ ਅਤੇ ਮਾਂ ਬੋਲੀ ਪੰਜਾਬੀ ਨੂੰ ਯਾਦ ਕਰਦਿਆਂ ਇਸ ਪ੍ਰਤੀ ਹੇਰਵੇ ਦਾ ਪ੍ਰਗਟਾਵਾ ਕੀਤਾ।**

**ਅੰਤ ਵਿਚ ਅਕਾਦਮੀ ਦੇ ਕਾਰਜਕਾਰੀ ਸਕੱਤਰ ਰਾਜਿੰਦਰ ਕੁਮਾਰ ਨੇ ਆਏ ਮਹਿਮਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਇਸ ਆਨ ਲਾਈਨ ਪ੍ਰੋਗਰਾਮ ਵਿਚ ਅਕਾਦਮੀ ਦੇ ਮੈਂਬਰ ਤੇਜਿੰਦਰਪਾਲ ਸਿੰਘ, ਨਿਧੀ ਸ਼ਰਮਾਂ, ਹਨੀ ਚੱਢਾ, ਕੰਚਨ ਭੂਪਲ ਅਤੇ ਮਨਜੀਤ ਕੌਰ ਸਮੇਤ ਵੱਡੀ ਗਿਣਤੀ ਵਿਚ ਸਰੋਤੇ ਸ਼ਾਮਿਲ ਹੋਏ।**

## ਫਰਜ਼ੀ ਮੁਕਾਬਲਾ: ਤਤਕਾਲੀ ਐਸ.ਪੀ. ਸਣੇ 18 ਖਿਲਾਫ ਕੇਸ

**ਸ਼ਾਹਜਹਾਂਪੁਰ:** ਸਥਾਨਕ ਅਦਾਲਤ ਨੇ 2004 ਦੇ ਇਕ ਕਥਿਤ ਫਰਜ਼ੀ ਮੁਕਾਬਲੇ ਦੇ ਮਾਮਲੇ ਵਿਚ ਤਤਕਾਲੀ ਐਸ.ਪੀ. ਸਣੇ 18 ਪੁਲਿਸ ਵਾਲਿਆਂ ਖਿਲਾਫ ਕੇਸ ਦਰਜ ਕਰਨ ਦੀ ਹਦਾਇਤ ਕੀਤੀ ਹੈ। 18 ਸਾਲ ਪਹਿਲਾਂ ਹੋਏ ਇਸ ਮੁਕਾਬਲੇ ਵਿਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਸੀ।

ਐਸ.ਪੀ. ਐੱਸ ਆਨੰਦ ਨੇ ਕਿਹਾ ਕਿ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਜਲਾਲਾਬਾਦ ਵਿਚ 18 ਪੁਲਿਸ ਮੁਲਾਜ਼ਮਾਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ ਅਤੇ ਅਪਰਾਧ ਸ਼ਾਖਾ ਮਾਮਲੇ ਦੀ ਜਾਂਚ ਕਰੇਗੀ। ਪੀੜਤ ਧਿਰ ਦੇ ਵਕੀਲ ਐਜਾਜ ਹਸਨ ਖਾਨ ਨੇ ਦੱਸਿਆ ਕਿ 3 ਅਕਤੂਬਰ 2004 ਨੂੰ ਜਲਾਲਾਬਾਦ ਪੁਲਿਸ ਥਾਣੇ ਅਧੀਨ ਆਉਂਦੇ ਪਿੰਡ ਚਾਚੂਪੁਰ ਦੇ ਦੋ ਵਸਨੀਕ ਪ੍ਰਹਿਲਾਦ ਅਤੇ ਧਨਪਾਲ ਇਕ ਡਕੈਤੀ ਦੇ ਮਾਮਲੇ ਵਿਚ ਸ਼ਮੂਲੀਅਤ ਦੇ ਸ਼ੱਕ ਹੇਠ ਪੁਲਿਸ ਵੱਲੋਂ ਫੜੇ ਗਏ ਸਨ। ਉਨ੍ਹਾਂ ਕਿਹਾ ਕਿ ਪੁਲਿਸ ਨੇ ਉਨ੍ਹਾਂ ਦੋਹਾਂ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਪ੍ਰਹਿਲਾਦ ਦੇ ਭਰਾ ਰਾਮ ਕਿਰਤੀ ਨੇ ਵੱਖ-ਵੱਖ ਕਮਿਸ਼ਨਾਂ ਅਤੇ ਅਧਿਕਾਰੀਆਂ ਅੱਗੇ ਦਰਖਾਸਤ ਕੀਤੀ ਪਰ ਜਦੋਂ ਕਿਤੇ ਕੋਈ ਸੁਣਵਾਈ ਨਾ ਹੋਈ ਤਾਂ 24 ਨਵੰਬਰ, 2012 ਨੂੰ ਉਸ ਨੇ ਅਦਾਲਤ ਵਿਚ ਪਹੁੰਚ ਕਰਦਿਆਂ ਪੁਲਿਸ ਮੁਲਾਜ਼ਮਾਂ ਖਿਲਾਫ ਕੇਸ ਦਰਜ ਕਰਨ ਦੀ ਅਪੀਲ ਕੀਤੀ। ਹਾਲਾਂਕਿ, ਚੀਫ ਜੁਡੀਸ਼ਲ ਮੈਜਿਸਟਰੇਟ ਨੇ ਦਰਖਾਸਤ ਇਹ ਕਹਿੰਦੇ ਹੋਏ ਰੱਦ ਕਰ ਦਿੱਤੀ ਸੀ ਕਿ ਘਟਨਾ ਨੂੰ ਕਾਫੀ ਸਮਾਂ ਬੀਤ ਚੁੱਕਾ ਹੈ। ਮ੍ਰਿਤਕ ਦੇ ਭਰਾ ਵੱਲੋਂ ਜਿਲ੍ਹਾ ਜੱਜ ਸੌਰਭ ਦਿਵੇਦੀ ਦੀ ਅਦਾਲਤ ਵਿਚ ਇਕ ਨਜ਼ਰਸਾਨੀ ਪਟੀਸ਼ਨ ਦਾਖਲ ਕੀਤੀ ਗਈ ਅਤੇ ਇਸ ਸਬੰਧੀ ਦਲੀਲਾਂ ਪੇਸ਼ ਕੀਤੀਆਂ ਗਈਆਂ। ਉਪਰੰਤ ਜਿਲ੍ਹਾ ਮੈਜਿਸਟਰੇਟ ਅਮਿਤ ਘੋਸ਼ ਨੇ ਇਸ ਸਾਰੇ ਮਾਮਲੇ ਦੀ ਜਾਂਚ ਵਧੀਕ ਜ਼ਿਲ੍ਹਾ ਮੈਜਿਸਟਰੇਟ ਕੋਲੋਂ ਕਰਵਾਈ ਸੀ ਅਤੇ ਸਾਰਾ ਮਾਮਲਾ ਸ਼ੱਕੀ ਪਾਇਆ ਗਿਆ ਸੀ। ਉਸ ਤੋਂ ਬਾਅਦ ਦਲੀਲਾਂ ਨੂੰ ਮਨਜ਼ੂਰ ਕਰਦਿਆਂ ਚੀਫ ਜੁਡੀਸ਼ਲ ਮੈਜਿਸਟਰੇਟ ਆਭਾ ਪਾਲ ਦੀ ਅਦਾਲਤ ਵਿਚ ਨਜ਼ਰਸਾਨੀ ਪਟੀਸ਼ਨ 'ਤੇ ਸੁਣਵਾਈ ਹੋਈ ਸੀ। ਖਾਨ ਨੇ ਕਿਹਾ ਕਿ ਸੀ.ਜੇ.ਐਮ. ਨੇ ਇਸ ਮਾਮਲੇ ਵਿਚ 18 ਪੁਲਿਸ ਵਾਲਿਆਂ ਖਿਲਾਫ ਆਈ.ਪੀ.ਸੀ. ਦੀ ਧਾਰਾ 302/34 ਅਧੀਨ ਕੇਸ ਦਰਜ ਕਰਨ ਦਾ ਹੁਕਮ ਦਿੱਤਾ।

## ਸਵ. ਗੁਰਬਖਸ਼ ਸਿੰਘ ਧਾਲੀਵਾਲ ਦੀ ਪਤਨੀ ਦਾ ਦੇਹਾਂਤ

**ਫਰਿਜਨੋ (ਕੈਲੀਫੋਰਨੀਆ):** ਇੰਡੋ ਅਮੈਰਕਿਨ ਹੈਰੀਟੇਜ਼ ਫੋਰਮ ਫਰਿਜਨੋ ਦੇ ਪਹਿਲੇ ਪ੍ਰਧਾਨ ਅਤੇ ਹਲਕਾ ਨਿਹਾਲ ਸਿੰਘ ਵਾਲਾ ਦੇ ਸਾਬਕਾ ਐਮ ਐਲ ਏ (1962-67) ਸਵ. ਗੁਰਬਖਸ਼ ਸਿੰਘ ਧਾਲੀਵਾਲ ਦੀ ਧਰਮ ਪਤਨੀ ਸਰਦਾਰਨੀ ਬਸੰਤ ਕੌਰ (96) ਲੰਘੇ ਸੋਮਵਾਰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਉਹ ਪਿਛਲੇ ਲੰਮੇ ਸਮੇਂ ਤੋਂ ਆਪਣੇ ਪੁੱਤਰਾਂ-ਨਵਦੀਪ ਸਿੰਘ ਅਤੇ ਬਲਦੇਵ ਸਿੰਘ ਧਾਲੀਵਾਲ ਕੋਲ ਫਰਿਜਨੋ ਵਿਖੇ ਰਹਿ ਰਹੇ ਸਨ। ਉਨ੍ਹਾਂ ਦਾ ਪਿਛਲਾ ਪਿੰਡ ਧੂੜਕੋਟ ਰਣਸੀਂਹ, ਤਹਿਸੀਲ ਨਿਹਾਲ ਸਿੰਘ ਵਾਲਾ, ਜਿਲ੍ਹਾ ਮੋਗਾ ਵਿੱਚ ਪੈਂਦਾ ਹੈ। ਉਨ੍ਹਾਂ ਦਾ ਫਿਊਨਰਲ 26 ਫ਼ਰਵਰੀ ਦਿਨ ਸਨਿਚਰਵਾਰ ਨੂੰ ਦੁਪਹਿਰ 2 ਤੋਂ 4 ਦਰਮਿਆਨ ਸ਼ਾਂਤ ਭਵਨ ਫਿਊਨਰਲ ਹੋਮ ਫਾਊਲਰ ਵਿਖੇ ਹੋਵੇਗਾ। ਉਪਰੰਤ ਭੋਗ ਗੁਰਦਵਾਰਾ ਸਿੰਘ ਸਭਾ ਫਰਿਜ਼ਨੋ (4827 N[ Parkway Dirve Fresno CA 93722 Fresno) ਵਿਖੇ ਪਵੇਗਾ। ਦੁਖ ਸਾਂਝਾ ਕਰਨ ਲਈ ਨਵਦੀਪ ਸਿੰਘ ਧਾਲੀਵਾਲ ਨਾਲ (559) 287-0822), ਬਲਦੇਵ ਸਿੰਘ ਧਾਲੀਵਾਲ ਨਾਲ (559) 240-3868 ਜਾਂ ਉਨ੍ਹਾਂ ਦੀ ਪੋਤਰੀ ਸ਼ਰਨ ਧਾਲੀਵਾਲ ਨਾਲ (559)-974-8383 'ਤੇ ਸੰਪਰਕ ਕਰ ਸਕਦੇ ਹੋ। ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਵੀ ਧਾਲੀਵਾਲ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੈ।




## ਬਜ਼ੁਰਗ ਲਈ ਲਿਵ-ਇਨ ਸਹਾਇਕ ਦੀ ਲੋੜ ਹੈ

**ਯੰਗਸਟਾਊਨ, ਓਹਾਇਓ,(ਯੂਐੱਸਏ) ਵਿਚ ਪਰਕਿੰਸਨ'ਸ ਦੀ ਬਿਮਾਰੀ ਨਾਲ ਪੀੜਤ ਪੰਜਾਬੀ ਬਜ਼ੁਰਗ ਦੀ ਰੋਜ਼ਾਨਾ ਦੀਆਂ ਗਤੀਵਿਧੀਆਂ ਵਿਚ ਸਹਾਇਤਾ ਕਰਨ ਲਈ ਦਿਆਲੂ ਤੇ ਹਮਦਰਦ ਲਿਵ-ਇਨ ਸਹਾਇਕ ਦੀ ਲੋੜ ਹੈ, ਜੋ ਰੋਜ਼ਾਨਾ ਥੈਰੇਪੀ ਅਭਿਆਸ (ਬੋਲਣ, ਸਰੀਰਕ, ਕਿੱਤਾਮੁਖੀ ਥੈਰੇਪੀ) ਕਰਵਾ ਸਕਦਾ/ਸਕਦੀ ਹੋਵੇ, ਸੁਰੱਖਿਆ ਦਾ ਧਿਆਨ ਰੱਖੇ ਅਤੇ ਨਹਾਉਣ, ਡਰੈਸਿੰਗ ਅਤੇ ਦਵਾਈਆਂ ਵਿਚ ਮਦਦ ਕਰ ਸਕੇ।**

**ਟੈਕਸ ਤੋਂ ਪਹਿਲਾਂ ਦੀ ਤਨਖਾਹ $1000/ਹਫ਼ਤਾ,**
**ਕਮਰਾ/ਖਾਣਾ ਮੁਹੱਈਆ ਕਰਵਾਇਆ ਜਾਵੇਗਾ**
**ਕੋਵਿਡ ਟੀਕਾਕਰਨ ਲਾਜ਼ਮੀ**
**ਚਾਹਵਾਨ ਸੰਪਰਕ ਜਾਂ ਮੈਸੇਜ ਕਰਨ: 330-366-6095**

## Compassionate and Kind Live-in Helper Required

Compassionate and kind live-in helper needed for elderly Punjabi retiree in Youngstown, Ohio, (USA) who has Parkinson's Disease and requires assistance with daily activities. Primary responsibilities include guiding daily therapy exercises (speech, physical, occupational therapy), ensuring safety, and help with bathing, dressing, and medications

**Pre-tax salary $1000/week, room/meals provided.**
Must be COVID vaccinated.
Call or Text at: 330-366-6095 if interested.


# Matrimonials

## ਲੜਕੇ ਦੀ ਲੋੜ ਹੈ

ਜੱਟ ਸਿੱਖ 42 ਸਾਲਾ 5'4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ 45 ਸਾਲ ਤੋਂ ਵੱਧ ਉਮਰ ਦੇ, ਬਿਨਾਂ ਬੱਚੇ ਵਾਲੇ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ 540-479-0603 'ਤੇ ਸੰਪਰਕ ਕਰ ਸਕਦੇ ਹਨ। 6-9

---

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

---

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

---

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

---

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

## ਲੜਕੀ ਦੀ ਲੋੜ ਹੈ

Jatt Sikh family Looking for a jatt sikh, well settled match for their U.S born and raised jatt sikh 30, 6'3" son. Degree in criminal justice. Job in transportation. Send picture and biodata at 630-550-0299 or Email at: Dilbaghothi51@gmail.com 8-11

---

33 ਸਾਲਾ ਜੱਟ ਸਿੱਖ ਆਪਣਾ ਬਿਜ਼ਨਸ ਕਰਦੇ, USA citizen 6'1" ਲੜਕੇ ਲਈ ਯੂ.ਐਸ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਘੱਟੋ-ਘੱਟ 5'6", ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਨੇ ਬੈਚਲਰ ਡਿਗਰੀ ਕੀਤੀ ਹੋਈ ਹੈ। ਚਾਹਵਾਨ 317-767-1636 ਜਾਂ Email at: singh2026@hotmail.com 'ਤੇ ਸੰਪਰਕ ਕਰ ਸਕਦੇ ਹਨ। 6-10

---

Jatt Sikh Sangha family looking for suitable match for their American citizen son, 28, 6'-2", Masters in Computer Science. Vegetarian preferred. Please Contact us at 636- 577-5615 or Email at: vijaypalsangha@gmail.com.

---

31 ਸਾਲਾ ਜੱਟ ਸਿੱਖ, 6" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ -ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ 779-861-3770 ਜਾਂ b.singh815.bs@gmial.com'ਤੇ ਸੰਪਰਕ ਕਰ ਸਕਦੇ ਹਨ। feb-apr

---

Suitable match for Tonk-Kshatriya turbanator, trimmed Beard sikh boy 29, 5'10". Qualification B Tech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759 jan-mar

---

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

---

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com. Dec-Mar

---

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).


*To Advertise with Punjab Times Call: 847-359-0746*
*Fax:847-705-9388, e-mail: punjabtimes1@gmail.com*
*Visit us on the web:www.punjabtimesusa.com*

# ਮੋਦੀ ਨੇ ਸਿੱਖਾਂ ਦੀਆਂ ਸਿਫਤਾਂ ਦੇ ਪੁਲ ਬੰਨ੍ਹੇ, ਸਿੱਖ ਵਫਦ ਨੂੰ ਹੱਥੀਂ ਖਾਣਾ ਪਰੋਸਿਆ

**ਨਵੀਂ ਦਿੱਲੀ:** ਪੰਜਾਬ ਅਸੈਂਬਲੀ ਦੀਆਂ ਚੋਣਾਂ ਤੋਂ ਦੋ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਥੇ ਆਪਣੀ ਸਰਕਾਰੀ ਰਿਹਾਇਸ਼ ‘ਤੇ 31 ਮੈਂਬਰੀ ਸਿੱਖ ਵਫਦ ਨਾਲ ਮੁਲਾਕਾਤ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਦੀ ਅਗਵਾਈ ਹੇਠਲੇ ਵਫਦ ਨੇ ਵਿਸ਼ਵ ਭਰ ਵਿਚ ਸਿੱਖ ਭਾਈਚਾਰੇ ਲਈ ਕੀਤੇ ਗਏ ਕੰਮਾਂ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਸਿੱਖ ਵਫਦ ਦੇ ਆਗੂਆਂ ਨੂੰ ਆਪਣੇ ਹੱਥੀਂ ਖਾਣਾ ਪਰੋਸਿਆ।



ਸ੍ਰੀ ਮੋਦੀ ਨੇ ਉੱਘੀਆਂ ਸਿੱਖ ਹਸਤੀਆਂ ਦੇ ਵਫਦ ਨੂੰ ਜੀ ਆਇਆਂ ਕਹਿੰਦਿਆਂ ਕਿਹਾ ਕਿ ਉਹ ਸਿੱਖ ਕੌਮ ਦਾ ਬਹੁਤ ਸਨਮਾਨ ਕਰਦੇ ਹਨ। ਕਰੋਨਾ ਮਹਾਮਾਰੀ ਦੌਰਾਨ ਸਿੱਖ ਕੌਮ ਵੱਲੋਂ ਮਾਨਵਤਾ ਪ੍ਰਤੀ ਕੀਤੀ ਅਦੁੱਤੀ ਸੇਵਾ ਬੇਮਿਸਾਲ ਹੈ। ਉਨ੍ਹਾਂ ਕਿਹਾ, ‘‘ਮੈਂ ਖੁਦ ਨੂੰ ਭਾਗਾਂ ਵਾਲਾ ਸਮਝਦਾ ਹਾਂ ਕਿ ਸਤਿਕਾਰਯੋਗ ਸਿੱਖ ਗੁਰੂਆਂ ਨੇ ਮੈਨੂੰ ਸੇਵਾ ਕਰਨ ਦਾ ਮਾਣ ਬਖਸ਼ਿਆ ਹੈ ਤੇ ਉਨ੍ਹਾਂ ਵੱਲੋਂ ਦਿੱਤੀਆਂ ਅਸੀਸਾਂ ਮੈਨੂੰ ਸਮਾਜ ਲਈ ਕੰਮ ਕਰਨ ਦੇ ਸਮਰੱਥ ਬਣਾਉਂਦੀਆਂ ਹਨ।’’ ਪ੍ਰਧਾਨ ਮੰਤਰੀ ਨੇ ਕਿਹਾ ਉਹ ਜਿੱਥੇ ਵੀ ਜਾਂਦੇ ਹਨ, ਉਥੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਦਾ ਕੋਈ ਮੌਕਾ ਨਹੀਂ ਛੱਡਦੇ। ਉਨ੍ਹਾਂ ਵਫਦ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਮੰਗਾਂ ’ਤੇ ਜਲਦ ਵਿਚਾਰ ਕਰਕੇ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਸਿੱਖ ਭਾਈਚਾਰੇ ਲਈ ਹੋਰ ਕੰਮ ਕਰਨ ਲਈ ਤਿਆਰ ਹੈ।

ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਉੱਘੀਆਂ ਸਿੱਖ ਹਸਤੀਆਂ ਦਾ ਵਫਦ ਸਿੱਖ ਭਾਈਚਾਰੇ ਲਈ ਕੀਤੀਆਂ ਪਹਿਲਕਦਮੀਆਂ ਦਾ ਧੰਨਵਾਦ ਕਰਨ ਲਈ ਪ੍ਰਧਾਨ ਮੰਤਰੀ ਨੂੰ ਮਿਲੇ ਹਨ। ਉਨ੍ਹਾਂ ਕਿਹਾ ਕਿ ਸਿੱਖ ਵਫਦ ਨੇ ਸ੍ਰੀ ਮੋਦੀ ਕੋਲ ਕੁਝ ਮੁੱਦੇ ਰੱਖੇ ਹਨ ਤੇ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਹੱਲ ਕਰਨ ਦਾ ਵਾਅਦਾ ਕੀਤਾ ਹੈ। ਮਨਜਿੰਦਰ ਸਿਰਸਾ ਨੇ ‘ਵੀਰ ਬਾਲ ਦਿਵਸ’ ਨੂੰ ਰਾਸ਼ਟਰੀ ਪਲ ਐਲਾਨਣ ਲਈ ਮੋਦੀ ਦਾ ਧੰਨਵਾਦ ਕੀਤਾ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਦਿੱਲੀ ਵਿਚ ਕੇਂਦਰੀ ਫੰਡ ਪ੍ਰਾਪਤ ਸਿੱਖ ਘੱਟ ਗਿਣਤੀ ਯੂਨੀਵਰਸਿਟੀ ਦੀ ਸਥਾਪਨਾ, ਗੁਰਦੁਆਰਾ ਬਾਲਾ ਸਾਹਿਬ, ਨਵੀਂ ਦਿੱਲੀ ਵਿਚ ਮੈਡੀਕਲ ਕਮ ਨਰਸਿੰਗ ਕਾਲਜ ਦੀ ਸਥਾਪਨਾ, ਬਾਬਾ ਬੰਦਾ ਸਿੰਘ ਮੈਮੋਰੀਅਲ, ਦਿੱਲੀ ਵਿਚ ਵੰਡ ਯਾਦਗਾਰ ਤੇ ਚਾਰ ਸਾਹਿਬਜ਼ਾਦਿਆਂ ਦੇ ਇਤਿਹਾਸ ਨੂੰ ਐੱਨ.ਸੀ.ਈ.ਆਰ.ਟੀ. ਸਿਲੇਬਸ ਵਿਚ ਸ਼ਾਮਲ ਕਰਨ ਦੀ ਪ੍ਰਵਾਨਗੀ ਦੇਣ ਦੀ ਵੀ ਅਪੀਲ ਕੀਤੀ।

ਸਿੱਖ ਵਿਦਵਾਨ ਤਰਲੋਚਨ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਮੁਖ਼ਾਤਬ ਹੁੰਦਿਆਂ ਮੰਗ ਕੀਤੀ ਕਿ ‘84 ਦੇ ਸਿੱਖ ਦੰਗਿਆਂ ਵਿਚ ਮਾਰੇ ਗਏ ਬੇਕਸੂਰ ਸਿੱਖਾਂ ਦੀ ਯਾਦ ਵਿਚ ਸ਼ਰਧਾਂਜਲੀ ਵਜੋਂ ਸੰਸਦ ਵਿਚ ਦੋ ਮਿੰਟ ਦਾ ਮੌਨ ਰੱਖਿਆ ਜਾਵੇ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਸਿੱਖ ਕੌਮ ਦੀ ਭਲਾਈ ਲਈ ਕੀਤੇ ਕਾਰਜਾਂ ਲਈ ਮੋਦੀ ਸਰਕਾਰ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ‘84 ਸਿੱਖ ਦੰਗਿਆਂ ਨਾਲ ਜੁੜੇ ਕੇਸ ਵਿਚ ਸੱਜਣ ਕੁਮਾਰ ਜੇਲ੍ਹ ਵਿਚ ਹੈ, ਜਦੋਂਕਿ ਹੁਣ ਕਾਂਗਰਸੀ ਆਗੂਆਂ ਕਮਲਨਾਥ ਤੇ ਜਗਦੀਸ਼ ਟਾਈਟਲਰ ਦੀ ਵਾਰੀ ਹੈ। ਪ੍ਰਧਾਨ ਮੰਤਰੀ ਨੂੰ ਮਿਲਣ ਵਾਲੇ ਸਿੱਖ ਵਫਦ ਵਿੱਚ ਪਦਮਸ੍ਰੀ ਬਲਬੀਰ ਸਿੰਘ ਸੀਚੇਵਾਲ, ਐਸ.ਪੀ. ਸਿੰਘ ਓਬਰਾਏ, ਪ੍ਰਧਾਨ ਸਰਬੱਤ ਦਾ ਭਲਾ ਟਰੱਸਟ, ਸੰਤ ਬਾਬਾ ਅਵਤਾਰ ਸਿੰਘ ਧੂਰਕੋਟ ਮੁਹਾਲੀ ਚੰਡੀਗੜ੍ਹ ਵਾਲੇ, ਸੰਤ ਬਾਬਾ ਪ੍ਰੀਤਮ ਸਿੰਘ ਰਾਜਪੁਰਾ ਪੰਜਾਬ ਵਾਲੇ, ਸੰਤ ਬਾਬਾ ਮੇਜਰ ਸਿੰਘ ਅੰਮ੍ਰਿਤਸਰ, ਜਥੇਦਾਰ ਬਾਬਾ ਸਾਹਿਬ ਸਿੰਘ ਕਾਰ ਸੇਵਾ ਆਨੰਦਪੁਰ ਸਾਹਿਬ, ਸੁਰਿੰਦਰ ਸਿੰਘ, (ਨਾਮਧਾਰੀ), ਬਾਬਾ ਜੱਸਾ ਸਿੰਘ, ਸ਼੍ਰੋਮਣੀ ਅਕਾਲੀ ਬੁੱਢਾ ਦਲ ਪੰਜਵਾ ਤਖ਼ਤ, ਡਾ. ਹਰਭਜਨ ਸਿੰਘ ਦਮਦਮੀ ਟਕਸਾਲ ਮਹਿਤਾ ਚੌਕ, ਸੰਤ ਬਾਬਾ ਰੇਸ਼ਮ ਸਿੰਘ, ਗੁਰਦੁਆਰਾ ਨਾਨਕ ਨਿਰੰਕਾਰ ਚੱਕਪਾਖੀ, ਸੰਤ ਬਾਬਾ ਸੁੰਦਰ ਸਿੰਘ, ਸੇਵਾ ਪੰਥੀ ਟਿੱਕਾ, ਭਾਈ ਰਾਮ ਕਿਸ਼ਨ ਪਟਿਆਲਾ, ਬਾਬਾ ਮੇਜਰ ਸਿੰਘ, ਦਸਮੇਸ਼ ਤਰਨਾ ਦਲ, ਬਲਦੇਵ ਸਿੰਘ, ਪ੍ਰਧਾਨ, ਕਸ਼ਮੀਰ ਗੁਰਦੁਆਰਾ ਕਮੇਟੀ, ਸ੍ਰੀਨਗਰ, ਬਾਬਾ ਬੇਅੰਤ ਸਿੰਘ, ਗੁਰਦੁਆਰਾ ਲੰਗਰ ਦਮਦਮਾ ਸਾਹਿਬ, ਰੁਦਰ ਪ੍ਰਯਾਗ,.ਆਰ.ਐਸ. ਆਹੂਜਾ, ਪ੍ਰਧਾਨ, ਸਿੱਖ ਫੋਰਮ, ਨਵੀਂ ਦਿੱਲੀ, ਇੰਦਰਜੀਤ ਸਿੰਘ ਜਨਰਲ ਸਕੱਤਰ ਤਖ਼ਤ ਸ੍ਰੀ ਪਟਨਾ ਸਾਹਿਬ, ਪ੍ਰਭਲੀਨ ਸਿੰਘ ਪ੍ਰਧਾਨ ਯੂਥ ਪ੍ਰਗਤੀਸ਼ੀਲ ਮੰਚ ਪਟਿਆਲਾ, ਅਮਰਜੀਤ ਸਿੰਘ ਮੀਤ ਪ੍ਰਧਾਨ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ, ਸੰਤ ਬਾਬਾ ਸੁਖਦੇਵ ਸਿੰਘ ਨਿਰਮਲ ਡੇਰਾ ਬੇਰ ਕਲਾਂ ਲੁਧਿਆਣਾ, ਮਨਜੀਤ ਸਿੰਘ ਭਾਟੀਆ ਆਦਿ ਹਾਜ਼ਰ ਸਨ।

# ਮਨਮੋਹਨ ਸਿੰਘ ਵੱਲੋਂ ਮੋਦੀ ਦੀਆਂ ਨੀਤੀਆਂ ਉਤੇ ਤਿੱਖੇ ਸਵਾਲ

**ਚੰਡੀਗੜ੍ਹ:** ਸਾਬਕਾ ਪ੍ਰਧਾਨ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਡਾ. ਮਨਮੋਹਨ ਸਿੰਘ ਨੇ ਭਾਜਪਾ ਸਰਕਾਰ ਉਤੇ ਤਿੱਖਾ ਹਮਲਾ ਕੀਤਾ ਹੈ। ਉਨ੍ਹਾਂ ਆਖਿਆ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਪਿਛਲੇ ਸੱਤ ਸਾਲਾਂ ਤੋਂ ਕੇਂਦਰ ਦੀ ਸੱਤਾ ‘ਤੇ ਕਾਬਜ਼ ਹੈ, ਪਰ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਲਈ ਅਜੇ ਵੀ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਸਿਰ ਦੋਸ਼ ਮੜ੍ਹੇ ਜਾ ਰਹੇ ਹਨ।



ਉਨ੍ਹਾਂ ਕਿਹਾ ਕਿ ਇਤਿਹਾਸ ਸਿਰ ਠੀਕਰਾ ਭੰਨਣ ਨਾਲ ਕਿਸੇ ਦੇ ਪਾਪ ਘੱਟ ਨਹੀਂ ਹੁੰਦੇ। ਪਿਛਲੇ ਮਹੀਨੇ ਪੰਜਾਬ ਫੇਰੀ ਦੌਰਾਨ ਪ੍ਰਧਾਨ ਮੰਤਰੀ ਦੀ ਸੁਰੱਖਿਆ ‘ਚ ਹੋਈ ਕਥਿਤ ਚੂਕ ਦੇ ਹਵਾਲੇ ਨਾਲ ਸਿੰਘ ਨੇ ਕਿਹਾ, ’’ਕੁਝ ਦਿਨ ਪਹਿਲਾਂ ਪ੍ਰਧਾਨ ਮੰਤਰੀ ਦੀ ਸੁਰੱਖਿਆ ਦੇ ਨਾਂ ‘ਤੇ (ਪੰਜਾਬ ਦੇ) ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਸੂਬੇ ਦੇ ਲੋਕਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਕਿਸਾਨ ਅੰਦੋਲਨ, ਵਿਦੇਸ਼ ਨੀਤੀ, ਮਹਿੰਗਾਈ ਤੇ ਬੇਰੁਜ਼ਗਾਰੀ ਸਣੇ ਹੋਰ ਮੁੱਦਿਆਂ ‘ਤੇ ਕੇਂਦਰ ਸਰਕਾਰ ਨੂੰ ਘੇਰਦਿਆਂ ਮਨਮੋਹਨ ਸਿੰਘ ਨੇ ਕਿਹਾ ਕਿ ਭਾਜਪਾ ਦਾ ਰਾਸ਼ਟਰਵਾਦ ‘ਫਰਜ਼ੀ‘ ਤੇ ਬਰਤਾਨਵੀ ਸ਼ਾਸਕਾਂ ਦੀ ‘ਫੁੱਟ ਪਾਓ ਤੇ ਰਾਜ ਕਰੋ‘ ਦੀ ਨੀਤੀ ‘ਤੇ ਆਧਾਰਿਤ ਹੈ। ਕਾਂਗਰਸ ਪਾਰਟੀ ਵੱਲੋਂ ਚੰਡੀਗੜ੍ਹ ਵਿਚ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਪੰਜਾਬੀ ‘ਚ ਦਿੱਤਾ ਵੀਡੀਓ ਸੁਨੇਹਾ ਚਲਾਇਆ ਗਿਆ, ਜਿਸ ਵਿਚ ਉਨ੍ਹਾਂ ਉਪਰੋਕਤ ਗੱਲਾਂ ਕਹੀਆਂ। ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਦੌਰਾਨ ਵੀ ਪੰਜਾਬ ਤੇ ਪੰਜਾਬੀਅਤ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ।‘‘ ਉਨ੍ਹਾਂ ਕਿਹਾ ਕਿ ਕੁੱਲ ਆਲਮ ਪੰਜਾਬੀਆਂ ਦੀ ਬਹਾਦਰੀ, ਦੇਸ਼ ਭਗਤੀ ਤੇ ਬਲਿਦਾਨ ਨੂੰ ਸਲਾਮ ਕਰਦਾ ਹੈ, ਪਰ ਐਨ.ਡੀ.ਏ. ਸਰਕਾਰ ਇਨ੍ਹਾਂ ਵਿਚੋਂ ਕਿਸੇ ਦੀ ਗੱਲ ਨਹੀਂ ਕਰਦੀ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਕਾਂਗਰਸ ਨੂੰ ਵੋਟ ਪਾਉਣ ਕਿਉਂਕਿ ਪੰਜਾਬ ਦਾ ਵਿਕਾਸ, ਇਸ ਦੀ ਖੇਤੀ ਤੇ ਬੇਰੁਜ਼ਗਾਰੀ ਜਿਹੇ ਮੁੱਦਿਆਂ ਨੂੰ ਕਾਂਗਰਸ ਹੀ ਮੁਖ਼ਾਤਬ ਹੋ ਸਕਦੀ ਹੈ।‘

# ਮੋਦੀ ਦਾ ਧੰਨਵਾਦ ਕਰ ਪਹੁੰਚਿਆ ਅਫਗਾਨ ਸਿੱਖਾਂ ਅਤੇ ਹਿੰਦੂਆਂ ਦਾ ਵਫਦ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਫਗਾਨਿਸਤਾਨ ਤੋਂ ਆਏ ਸਿੱਖਾਂ ਅਤੇ ਹਿੰਦੂਆਂ ਦੇ ਵਫਦ ਨਾਲ ਇਥੇ ਆਪਣੀ ਰਿਹਾਇਸ਼ ‘ਤੇ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਦਾ ਸਨਮਾਨ ਕਰਦਿਆਂ ਉਨ੍ਹਾਂ ਅਫਗਾਨਿਸਤਾਨ ਤੋਂ ਸਿੱਖਾਂ ਤੇ ਹਿੰਦੂਆਂ ਨੂੰ ਸੁਰੱਖਿਅਤ ਕੱਢ ਕੇ ਭਾਰਤ ਲਿਆਉਣ ਲਈ ਮੋਦੀ ਦਾ ਧੰਨਵਾਦ ਕੀਤਾ। ਇਸ ਮੌਕੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਅਤੇ ਕੇਂਦਰੀ ਰਾਜ ਮੰਤਰੀ ਮੀਨਾਕਸ਼ੀ ਲੇਖੀ ਵੀ ਹਾਜਰ ਸਨ। ਇਕ ਦਿਨ ਪਹਿਲਾਂ ਸ੍ਰੀ ਮੋਦੀ ਨੇ ਦੇਸ਼ ਦੀਆਂ ਅਹਿਮ ਸਿੱਖ ਸ਼ਖ਼ਸੀਅਤਾਂ ਨਾਲ ਮੁਲਾਕਾਤ ਕੀਤੀ ਸੀ।



ਪ੍ਰਧਾਨ ਮੰਤਰੀ ਨੇ ਵਫਦ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਮਹਿਮਾਨ ਨਹੀਂ ਸਗੋਂ ਆਪਣੇ ਘਰਾਂ ਵਿਚ ਹਨ। ‘ਭਾਰਤ ਤੁਹਾਡਾ ਆਪਣਾ ਘਰ ਹੈ।’ ਉਨ੍ਹਾਂ ਅਫਗਾਨਿਸਤਾਨ ਵਿਚ ਭਾਰਤੀ ਮੂਲ ਦੇ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਅਤੇ ਸੁਰੱਖਿਅਤ ਭਾਰਤ ਵਾਪਸੀ ਲਈ ਸਰਕਾਰ ਵੱਲੋਂ ਦਿੱਤੀ ਗਈ ਸਹਾਇਤਾ ਬਾਰੇ ਵੀ ਚਰਚਾ ਕੀਤੀ। ਇਸ ਸੰਦਰਭ ’ਚ ਉਨ੍ਹਾਂ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਦੀ ਮਹੱਤਤਾ ਅਤੇ ਉਸ ਦੇ ਲਾਭਾਂ ਬਾਰੇ ਵੀ ਗੱਲ ਕੀਤੀ। ਪ੍ਰਧਾਨ ਮੰਤਰੀ ਨੇ ਭਵਿੱਖ ਵਿਚ ਵੀ ਹਿੰਦੂਆਂ ਅਤੇ ਸਿੱਖਾਂ ਨੂੰ ਲਗਾਤਾਰ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਸ੍ਰੀ ਮੋਦੀ ਨੇ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੀ ਪਰੰਪਰਾ ਦੀ ਮਹੱਤਤਾ ਬਾਰੇ ਵੀ ਗੱਲ ਕੀਤੀ। ਜ਼ਿਕਰਯੋਗ ਹੈ ਕਿ ਅਫਗਾਨਿਸਤਾਨ ਤੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਾਪਸ ਲਿਆਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਉਨ੍ਹਾਂ ਅਫਗਾਨਿਸਤਾਨ ਦੇ ਨਾਗਰਿਕਾਂ ਤੋਂ ਪਿਛਲੇ ਕੁਝ ਸਾਲਾਂ ਦੌਰਾਨ ਮਿਲੇ ਅਥਾਹ ਪਿਆਰ ਬਾਰੇ ਵੀ ਚਰਚਾ ਕੀਤੀ ਅਤੇ ਕਾਬੁਲ ਦੀ ਆਪਣੀ ਫੇਰੀ ਨੂੰ ਯਾਦ ਕੀਤਾ। ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਭਾਈਚਾਰੇ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਭਾਰਤ ਤੋਂ ਸਹਾਇਤਾ ਭੇਜਣ ਵਾਸਤੇ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਸਹਾਇਤਾ ਉਸ ਸਮੇਂ ਕੀਤੀ ਗਈ ਜਦੋਂ ਕੋਈ ਵੀ ਉਨ੍ਹਾਂ ਨਾਲ ਨਹੀਂ ਖੜ੍ਹਾ ਸੀ। ਵਫਦ ਦੇ ਹੋਰ ਮੈਂਬਰਾਂ ਨੇ ਵੀ ਸੰਕਟ ਦੀ ਘੜੀ ਵਿਚ ਪ੍ਰਧਾਨ ਮੰਤਰੀ ਦਾ ਸਾਥ ਦੇਣ ਲਈ ਧੰਨਵਾਦ ਕੀਤਾ।

# ਕੇਂਦਰ ਦੇ ਸਹਿਯੋਗ ਬਿਨਾਂ ਸੂਬੇ ਤਰੱਕੀ ਨਹੀਂ ਕਰ ਸਕਦੇ: ਕੈਪਟਨ

**ਮਾਲੇਰਕੋਟਲਾ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਭਾਜਪਾ, ਪੰਜਾਬ ਲੋਕ ਕਾਂਗਰਸ ਤੇ ਅਕਾਲੀ ਦਲ (ਸੰਯੁਕਤ) ਦੀ ਗੱਠਜੋੜ ਸਰਕਾਰ ਬਣਨਾ ਤੈਅ ਹੈ। ਇਹ ਸਰਕਾਰ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਸੂਬੇ ਦੀ ਕਾਇਆ ਕਲਪ ਕਰੇਗੀ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਸਹਿਯੋਗ ਬਗ਼ੈਰ ਸੂਬੇ ਤਰੱਕੀ ਨਹੀਂ ਕਰ ਸਕਦੇ। ਕੈਪਟਨ ਨੇ ਕਿਹਾ ਕਿ ਪੰਜਾਬ ਦੀ ਗੱਠਜੋੜ ਸਰਕਾਰ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਸੂਬੇ ਨੂੰ ਆਰਥਿਕ ਤੌਰ ‘ਤੇ ਮਜ਼ਬੂਤ ਕਰਕੇ ਰੁਜ਼ਗਾਰ ਦੇ ਮੌਕੇ ਪੈਦਾ ਕਰੇਗੀ। ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਲਈ ਵਿਦੇਸ਼ ਨਹੀਂ ਜਾਣਾ ਪਵੇਗਾ ਸਗੋਂ ਵਿਦੇਸ਼ ਗਏ ਨੌਜਵਾਨ ਪੰਜਾਬ ਨੂੰ ਪਰਤਣਗੇ। ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਹੁੰਦੇ ਹੋਏ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੌਮੀ ਸੁਰੱਖਿਆ ਅਤੇ ਪੰਜਾਬ ਦੀ ਤਰੱਕੀ ਦੇ ਮਾਮਲੇ ਵਿਚ ਮਿਲਦੇ ਰਹੇ ਹਨ। ਉਨ੍ਹਾਂ ਨੂੰ ਮੋਦੀ ਸਰਕਾਰ ਵੱਲੋਂ ਪੂਰਾ ਸਹਿਯੋਗ ਮਿਲਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਚਰਨਜੀਤ ਸਿੰਘ ਚੰਨੀ ਤੇ ਭਗਵੰਤ ਮਾਨ ਸੂਬੇ ਦੀ ਜ਼ਿੰਮੇਵਾਰੀ ਸੰਭਾਲਣ ਦੇ ਸਮਰੱਥ ਨਹੀਂ।

## ਕੈਪਟਨ ਦੀ ਸਿਆਸੀ ਪਾਰੀ ਖਤਮ: ਭਗਵੰਤ ਮਾਨ

**ਪਟਿਆਲਾ:** ‘ਆਪ’ ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਵਿਚੋਂ ਸਿਆਸੀ ਪਾਰੀ ਸਮਾਪਤ ਹੋ ਚੁੱਕੀ ਹੈ। ਸਾਢੇ ਚਾਰ ਸਾਲ ਲੋਕ ਮੁੱਦਿਆਂ ਨੂੰ ਵਿਸਾਰ ਕੇ ਬੈਠੇ ਰਹੇ ਅਮਰਿੰਦਰ ਸਿੰਘ ਤੇ ਕਾਂਗਰਸ ਨੂੰ ਲੋਕ ਹੁਣ ਮੂੰਹ ਨਹੀਂ ਲਾਉਣਗੇ।

# ਕਰਤਾਰਪੁਰ ਲਾਂਘੇ ਨੇ 74 ਸਾਲਾਂ ਤੋਂ ਵਿਛੜੇ ਪਰਿਵਾਰਾਂ ਦਾ ਮੇਲ ਕਰਵਾਇਆ

**ਨਵੀਂ ਦਿੱਲੀ:** ਕਰਤਾਰਪੁਰ ਲਾਂਘਾ ਖੁੱਲ੍ਹਣ ਦੀ ਬਦੌਲਤ 1947 ਦੀ ਭਾਰਤ-ਪਾਕਿ ਵੰਡ ਦੌਰਾਨ ਵਿੱਛੜੇ ਇਕ ਪਰਿਵਾਰ ਦੀਆਂ ਦੋ ਪੀੜ੍ਹੀਆਂ ਦਾ ਮਿਲਾਪ ਸੰਭਵ ਹੋਇਆ ਹੈ। ਅਖਬਾਰ ‘ਡਾਅਨ’ ਦੀ ਰਿਪੋਰਟ ਮੁਤਾਬਕ ਜਦੋਂ ਪਰਿਵਾਰ ਦੇ ਜੀਅ ਕਰਤਾਰਪੁਰ ਸਾਹਿਬ ਸਥਿਤ ਗੁਰਦੁਆਰੇ ਵਿਚ ਮਿਲੇ ਤਾਂ ਇਹ ਬੇਹੱਦ ਭਾਵੁਕ ਪਲ ਸਨ।



ਇਨ੍ਹਾਂ ਪਰਿਵਾਰਾਂ ਨੂੰ ਪੰਜਾਬੀ ਨਿਊਜ਼ ਚੈਨਲ ਜਰੀਏ ਇਕ ਦੂਜੇ ਬਾਰੇ ਪਤਾ ਲੱਗਾ ਸੀ। ਰਿਪੋਰਟ ਮੁਤਾਬਕ ਸ਼ਾਹਿਦ ਰਫੀਕ ਮਿੱਠੂ, ਜੋ ਕਿ ਜਿਲ੍ਹਾ ਨਨਕਾਣਾ ਦੇ ਮਨਾਨਾਵਾਲਾ ਦਾ ਵਸਨੀਕ ਹੈ, ਆਪਣੇ ਪਰਿਵਾਰ ਦੇ 40 ਜੀਆਂ ਨਾਲ ਕਰਤਾਰਪੁਰ ਸਾਹਿਬ ਪੁੱਜਾ ਸੀ। ਉਧਰ, ਅੰਮ੍ਰਿਤਸਰ ਜਿਲ੍ਹੇ ਦੀ ਅਜਨਾਲਾ ਤਹਿਸੀਲ ਦੇ ਪਿੰਡ ਸ਼ਾਹਪੁਰ ਡੋਗਰਾਂ ਵਿਚ ਰਹਿੰਦਾ ਸੋਨੂ ਮਿੱਠੂ ਪਰਿਵਾਰ ਦੇ ਅੱਠ ਜੀਆਂ ਨਾਲ ਕਰਤਾਰਪੁਰ ਪੁੱਜਾ। ਦੋਵਾਂ ਪਰਿਵਾਰਾਂ ਦੇ ਮੈਂਬਰ ਇਕ ਦੂਜੇ ਦੇ ਗਲ ਲੱਗ ਕੇ ਖੂਬ ਰੋਏ।

ਸ਼ਾਹਿਦ ਰਫੀਕ ਮਿੱਠੂ ਨੇ ਕਿਹਾ ਕਿ ਉਨ੍ਹਾਂ ਦਾ ਬਜ਼ੁਰਗ ਇਕਬਾਲ ਮਸੀਹ 1947 ਦੀ ਵੰਡ ਦੌਰਾਨ ਪਰਿਵਾਰ ਸਮੇਤ ਪਾਕਿਸਤਾਨ ਪਰਵਾਸ ਕਰ ਗਿਆ ਸੀ ਜਦੋਂਕਿ ਉਸ ਦਾ ਛੋਟਾ ਭਰਾ ਇਨਾਇਤ ਵੰਡ ਦੌਰਾਨ ਪਏ ਰੌਲੇ-ਗੌਲੇ ਕਰਕੇ ਪੰਜਾਬ ਵਿਚ ਹੀ ਰਹਿ ਗਿਆ। ਸ਼ਾਹਿਦ ਮਿੱਠੂ ਨੇ ਕਿਹਾ, ‘‘ਸਾਲ ਕੁ ਪਹਿਲਾਂ ਪੰਜਾਬੀ ਨਿਊਜ਼ ਚੈਨਲ ’ਤੇ ਪ੍ਰਸਾਰਿਤ ਮੇਰੀ ਇੰਟਰਵਿਊ ਦੌਰਾਨ ਮੈਂ ਦੇਸ਼ ਵੰਡ ਦੌਰਾਨ ਆਪਣੇ ਬਜ਼ੁਰਗਾਂ ਦੇ ਇਕ ਦੂਜੇ ਤੋਂ ਵਿਛੜਨ ਦੀ ਗੱਲ ਸਾਂਝੀ ਕੀਤੀ ਸੀ। ਇਸ ਇੰਟਰਵਿਊ ਨੂੰ ਪੰਜਾਬ ਬੈਠੇ ਸਾਡੇ ਰਿਸ਼ਤੇਦਾਰਾਂ ਨੇ ਵੇਖ ਕੇ ਜਦੋਂ ਸੰਪਰਕ ਕੀਤਾ ਤਾਂ ਅਸੀਂ ਕਰਤਾਰਪੁਰ ਸਾਹਿਬ ਵਿਖੇ ਮਿਲਣ ਦੀ ਯੋਜਨਾ ਬਣਾਈ।’’ ਸ਼ਾਹਿਦ ਮਿੱਠੂ ਨੇ ਅਫਸੋਸ ਜ਼ਾਹਿਰ ਕਰਦਿਆਂ ਕਿਹਾ ਕਿ ਪਰਿਵਾਰ ਦੇ ਦੋਵੇਂ ਬਜ਼ੁਰਗ ਇਕਬਾਲ ਤੇ ਇਨਾਇਤ ਅੱਲ੍ਹਾ ਨੂੰ ਪਿਆਰੇ ਹੋ ਚੁੱਕੇ ਹਨ। ਉਧਰ, ਸੋਨੂ ਮਿੱਠੂ ਨੇ ਕਿਹਾ ਕਿ ਉਹ ਸ਼ਾਹਿਦ ਰਫੀਕ ਮਿੱਠੂ ਤੇ 35 ਹੋਰਨਾਂ ਰਿਸ਼ਤੇਦਾਰਾਂ ਨੂੰ ਮਿਲ ਕੇ ਬਹੁਤ ਖੁਸ਼ ਹੈ।

ਦੋਵਾਂ ਪਰਿਵਾਰਾਂ ਨੇ ਇਸ ਮਿਲਣੀ ਦੌਰਾਨ ਜਿੱਥੇ ਦਿਲ ਦੀਆਂ ਗੱਲਾਂ ਕੀਤੀਆਂ, ਉਥੇ ਆਪਣੇ ਮਰਹੂਮ ਬਜ਼ੁਰਗਾਂ ਦੀਆਂ ਕਹਾਣੀਆਂ ਤੇ ਹੋਰ ਯਾਦਾਂ ਨੂੰ ਵੀ ਸਾਂਝਾ ਕੀਤਾ। ਕਰਤਾਰਪੁਰ ਸਾਹਿਬ ਪ੍ਰਸ਼ਾਸਨ ਨੇ ਇਸ ਮੌਕੇ ਦੋਵਾਂ ਪਰਿਵਾਰਾਂ ਦਾ ਮੂੰਹ ਵੀ ਮਿੱਠਾ ਕਰਵਾਇਆ। ਮਗਰੋਂ ਦੋਵਾਂ ਪਰਿਵਾਰਾਂ ਨੇ ਬਾਬਾ ਗੁਰੂ ਨਾਨਕ ਲੰਗਰ ਹਾਲ ਵਿਚ ਲੰਗਰ ਵੀ ਛਕਿਆ ਤੇ ਉਹ ਖਰੀਦਦਾਰੀ ਲਈ ਸਥਾਨਕ ਮਾਰਕੀਟ ਵੀ ਗਏ।

# ਪੰਜਾਬ ਵਿਚ ਅਮਨ-ਅਮਾਨ ਨਾਲ ਸਿਰੇ ਚੜ੍ਹਿਆ ਚੋਣ ਅਮਲ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀਆਂ 117 ਸੀਟਾਂ ਲਈ ਵੋਟਿੰਗ ਦਾ ਅਮਲ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਅਮਨ-ਅਮਾਨ ਨਾਲ ਸਿਰੇ ਚੜ੍ਹ ਗਿਆ। ਹਾਲਾਂਕਿ ਇਕਾ-ਦੁੱਕਾ ਥਾਵਾਂ 'ਤੇ ਹਿੰਸਕ ਘਟਨਾਵਾਂ ਤੇ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ 'ਚ ਨੁਕਸ ਪੈਣ ਦੀਆਂ ਵੀ ਰਿਪੋਰਟਾਂ ਹਨ।

ਚੋਣ ਕਮਿਸ਼ਨ ਵੱਲੋਂ 70 ਫੀਸਦ ਤੋਂ ਵੱਧ ਵੋਟਾਂ ਪੈਣ ਦਾ ਦਾਅਵਾ ਕੀਤਾ ਗਿਆ ਹੈ। ਪੰਜ ਸਾਲ ਪਹਿਲਾਂ 77.40 ਫੀਸਦੀ ਵੋਟਰਾਂ ਨੇ ਜਮਹੂਰੀ ਹੱਕ ਦੀ ਵਰਤੋਂ ਕੀਤੀ ਸੀ। ਸਵੇਰੇ ਅੱਠ ਵਜੇ ਸ਼ੁਰੂ ਹੋਇਆ ਵੋਟਾਂ ਪੈਣ ਦਾ ਅਮਲ ਸ਼ਾਮ 6 ਵਜੇ ਖਤਮ ਹੋਇਆ। ਸੂਬੇ ਦੇ ਦਿਹਾਤੀ ਖੇਤਰਾਂ ਦੇ ਵੋਟਰਾਂ ਨੇ ਪੁਰਾਣੀ ਰਵਾਇਤ ਕਾਇਮ ਰਖਦਿਆਂ ਖੁੱਲ੍ਹ ਕੇ ਵੋਟਾਂ ਪਾਈਆਂ ਜਦੋਂ ਕਿ ਸ਼ਹਿਰੀ ਖੇਤਰਾਂ ਵਿਚ ਵੋਟਾਂ ਦੇ ਭੁਗਤਾਨ ਦਾ ਅਮਲ ਪਿੰਡਾਂ ਦੇ ਮੁਕਾਬਲੇ ਘੱਟ ਰਿਹਾ। ਵੋਟਾਂ ਦੌਰਾਨ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਾਅ ਲਈ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਦੀਆਂ ਕੁੱਲ 700 ਕੰਪਨੀਆਂ ਤੋਂ ਇਲਾਵਾ ਸੂਬਾਈ ਪੁਲੀਸ ਦਾ ਅਮਲਾ ਵੀ ਤਾਇਨਾਤ ਰਿਹਾ।

117 ਅਸੈਂਬਲੀ ਸੀਟਾਂ ਲਈ ਕੁੱਲ 1304 ਉਮੀਦਵਾਰ ਚੋਣ ਮੈਦਾਨ ਵਿਚ ਸਨ, ਜਿਨ੍ਹਾਂ ਵਿਚ 93 ਔਰਤਾਂ ਤੇ 2 ਟਰਾਂਸਜੈਂਡਰ ਹਨ। ਵੋਟਾਂ ਮਗਰੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਆਪ ਦੇ ਮੁੱਖ ਮੰਤਰੀ ਚਿਹਰੇ ਭਗਵੰਤ ਮਾਨ, ਸਾਬਕਾ ਮੁੱਖ ਮੰਤਰੀਆਂ ਪ੍ਰਕਾਸ਼ ਸਿੰਘ ਬਾਦਲ, ਅਮਰਿੰਦਰ ਸਿੰਘ ਤੇ ਰਾਜਿੰਦਰ ਕੌਰ ਭੱਠਲ, ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ, ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਸਿਮਰਨਜੀਤ ਸਿੰਘ ਮਾਨ ਆਦਿ ਦੇ ਸਿਆਸੀ ਭਵਿੱਖ ਦਾ ਫੈਸਲਾ ਈ.ਵੀ.ਐਮਜ਼. 'ਚ ਬੰਦ ਹੋ ਗਿਆ। ਚੋਣ ਨਤੀਜਿਆਂ ਦਾ ਐਲਾਨ 10 ਮਾਰਚ ਨੂੰ ਹੋਰਨਾਂ ਚਾਰ ਰਾਜਾਂ ਨਾਲ ਹੋਵੇਗਾ।

ਚਰਚਿਤ ਹਲਕਿਆਂ ਵਿਚ ਪਟਿਆਲਾ (ਸ਼ਹਿਰੀ) 59.5 ਫੀਸਦ, ਗਿੱਦੜਬਾਹਾ 77.8, ਧੂਰੀ 68 ਫੀਸਦ, ਚਮਕੌਰ ਸਾਹਿਬ 68 ਫੀਸਦ ਤੇ ਭਦੌੜ 71.3 ਫੀਸਦ, ਲੰਬੀ 72.4 ਫੀਸਦ, ਜਲਾਲਾਬਾਦ 71.5, ਅੰਮ੍ਰਿਤਸਰ ਪੂਰਬੀ 53 ਫੀਸਦ ਤੇ ਅਮਰਗੜ੍ਹ 'ਚ 72.88 ਫੀਸਦ ਵੋਟਾਂ ਪਈਆਂ ਹਨ। ਅਮਰਗੜ੍ਹ ਤੋਂ ਸ਼੍ਰੋਮਣੀ ਅਕਾਲੀ ਦਲ ਮਾਨ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਚੋਣ ਮੈਦਾਨ ਵਿਚ ਹਨ। ਇਸ ਦੌਰਾਨ ਅੰਮ੍ਰਿਤਸਰ ਦੇ ਇਕ ਚੋਣ ਬੂਥ ਦੀ ਫੇਰੀ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਸ਼੍ਰੋਮਣੀ ਅਕਾਲੀ



ਦਲ ਦੇ ਬਿਕਰਮ ਸਿੰਘ ਮਜੀਠੀਆ ਕੁਝ ਸਕਿੰਟਾਂ ਲਈ ਇਕ ਦੂਜੇ ਦੇ ਮੱਥੇ ਲੱਗੇ। ਦੋਵਾਂ ਨੇ ਇਕ ਦੂਜੇ ਨਾਲ ਦੁਆ ਸਲਾਮ ਕੀਤੀ ਤੇ ਅੱਗੇ ਵਧ ਗਏ। ਦੋਵੇਂ ਆਗੂ ਅੰਮ੍ਰਿਤਸਰ (ਪੂਰਬੀ) ਹਲਕੇ ਤੋਂ ਇਕ ਦੂਜੇ ਖਿਲਾਫ ਖੜ੍ਹੇ ਹਨ। ਮਜੀਠੀਆ ਐਤਕੀਂ ਆਪਣਾ ਮਜੀਠਾ ਹਲਕਾ ਛੱਡ ਕੇ ਸਿੱਧੂ ਖਿਲਾਫ ਮੈਦਾਨ ਵਿਚ ਨਿੱਤਰੇ ਹਨ। ਮਜੀਠਾ ਤੋਂ ਉਨ੍ਹਾਂ ਦੀ ਪਤਨੀ ਗਨੀਵ ਮਜੀਠੀਆ ਉਮੀਦਵਾਰ ਹੈ।

ਚੋਣ ਕਮਿਸ਼ਨ ਨੇ ਬੌਲੀਵੁੱਡ ਅਦਾਕਾਰ ਤੇ ਸਮਾਜ ਸੇਵੀ ਸੋਨੂ ਸੂਦ ਨੂੰ ਮੋਗਾ ਦੇ ਪੋਲਿੰਗ ਬੂਥਾਂ 'ਤੇ ਜਾਣ ਤੋਂ ਡੱਕਿਆ। ਅਦਾਕਾਰ ਦੀ ਭੈਣ ਮਾਲਵਿਕਾ ਸੂਦ ਸੱਚਰ ਇਥੋਂ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਰਹੀ ਹੈ। ਸੋਨੂ ਸੂਦ ਖਿਲਾਫ ਵੋਟਰਾਂ ਨੂੰ ਅਸਰਅੰਦਾਜ਼ ਕੀਤੇ ਜਾਣ ਸਬੰਧੀ ਸ਼ਿਕਾਇਤ ਮਿਲੀ ਸੀ। ਮੋਗਾ ਪੁਲਿਸ ਨੇ ਅਦਾਕਾਰ ਦੇ ਵਾਹਨ ਨੂੰ ਕਬਜ਼ੇ ਵਿਚ ਲੈ ਲਿਆ। ਸੂਦ ਨੇ ਹਾਲਾਂਕਿ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਸੀ।

ਵੋਟਾਂ ਪੈਣ ਦਾ ਅਮਲ ਸ਼ੁਰੂ ਹੋਣ ਸਮੇਂ ਵੋਟਾਂ ਦੇ ਭੁਗਤਾਨ ਦਾ ਕੰਮ ਮੱਠਾ ਰਿਹਾ ਪਰ ਦੁਪਹਿਰ ਤੱਕ ਪੋਲਿੰਗ ਬੂਥਾਂ 'ਤੇ ਵੋਟਰਾਂ ਦੀਆਂ ਕਤਾਰਾਂ ਲੱਗਣੀਆਂ ਸ਼ੁਰੂ ਹੋ ਗਈਆਂ। ਸੂਬੇ ਦੇ ਪ੍ਰਮੁੱਖ ਸਿਆਸੀ ਆਗੂਆਂ ਨੇ ਆਪਣੀ ਜੱਦੀ ਰਿਹਾਇਸ਼ ਦੇ ਨਜ਼ਦੀਕ ਪੈਂਦੇ ਪੋਲਿੰਗ ਸਟੇਸ਼ਨਾਂ 'ਤੇ ਆਪਣੀ ਵੋਟ ਦਾ ਭੁਗਤਾਨ ਕੀਤਾ। ਲੰਬੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ (94), ਜੋ ਐਤਕੀਂ ਚੋਣ ਮੈਦਾਨ ਵਿਚ ਸਭ ਤੋਂ ਬਜ਼ੁਰਗ ਉਮੀਦਵਾਰ ਹਨ, ਨੇ ਆਪਣੇ ਪੁੱਤਰ ਅਤੇ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਨੂੰਹ ਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਪੋਤਰੀ ਨਾਲ ਵੋਟ ਪਾਈ। ਸੁਖਬੀਰ ਬਾਦਲ ਖੁਦ ਗੱਡੀ ਚਲਾ ਕੇ ਪਰਿਵਾਰ ਨੂੰ ਪੋਲਿੰਗ ਬੂਥ ਤੱਕ ਲੈ ਕੇ ਆਏ। ਪੰਜ ਵਾਰ ਸੂਬੇ ਦੇ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੇ ਵੋਟ ਪਾਉਣ ਮਗਰੋਂ ਕਿਹਾ, ''ਮੈਨੂੰ ਖੁਸ਼ੀ ਹੈ ਕਿ ਸਾਡੀ ਜਮਹੂਰੀਅਤ ਬਹੁਤ ਮਜ਼ਬੂਤ ਹੈ। ਮੈਂ ਆਪਣੇ ਆਖਰੀ ਸਾਹਾਂ ਤੱਕ ਲੋਕਾਂ ਦੀ ਸੇਵਾ ਕਰਦਾ ਰਹਾਂਗਾ।'' ਉਧਰ, ਹਰਸਿਮਰਤ ਕੌਰ ਨੇ ਕਿਹਾ ਕਿ ਅਕਾਲੀ ਦਲ ਹੰਢੀ ਵਰਤੀ ਖੇਤਰੀ ਪਾਰਟੀ ਹੈ, ਜੋ ਲੋਕਾਂ ਦੀਆਂ ਇੱਛਾਵਾਂ ਨੂੰ ਸਮਝਦੀ ਹੈ।

ਗਿੱਦੜਬਾਹਾ ਤੋਂ ਕਾਂਗਰਸੀ ਉਮੀਦਵਾਰ ਅਮਰਿੰਦਰ ਰਾਜਾ ਵੜਿੰਗ ਨੇ ਮੁਕਤਸਰ ਸਾਹਿਬ ਵਿਚਲੇ ਆਪਣੇ ਜੱਦੀ ਪਿੰਡ ਵਿਚ ਵੋਟ ਪਾਈ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਚਿਹਰੇ ਤੇ ਧੂਰੀ ਤੋਂ ਉਮੀਦਵਾਰ ਭਗਵੰਤ ਸਿੰਘ ਮਾਨ ਨੇ ਮੁਹਾਲੀ ਦੇ 3ਬੀ2 ਵਿਚਲੇ ਚੋਣ ਬੂਥ 'ਤੇ ਵੋਟ ਪਾਈ। ਵੋਟ ਪਾਉਣ ਵਾਲੇ ਹੋਰਨਾਂ ਸਿਆਸੀ ਦਿੱਗਜਾਂ ਵਿਚ ਪਰਗਟ ਸਿੰਘ, ਵਿਜੈ ਇੰਦਰ ਸਿੰਗਲਾ, ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਤੇ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਸ਼ਾਮਲ ਹਨ। ਇਸ ਦੌਰਾਨ 'ਆਪ' ਆਗੂ ਰਾਘਵ ਚੱਢਾ ਨੇ ਉਪਰੋਥੱਲੀ ਟਵੀਟ ਕਰਕੇ ਗੁਰੂਹਰਸਹਾਏ ਦੇ ਪੋਲਿੰਗ ਬੂਥ 'ਤੇ ਇਕ ਸਰਪੰਚ ਵੱਲੋਂ ਵੋਟਰਾਂ ਨੂੰ ਕਥਿਤ ਅਸਰਅੰਦਾਜ਼ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਸਨੌਰ, ਅਟਾਰੀ ਤੇ ਮਜੀਠਾ ਵਿਚ ਕੁਝ ਈ.ਵੀ.ਐਮਜ਼. ਖਰਾਬ ਹੋਣ ਦਾ ਦਾਅਵਾ ਵੀ ਕੀਤਾ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ ਪਿੱਤਰੀ ਹਲਕੇ ਚਮਕੌਰ ਸਾਹਿਬ ਵਿਚਲੇ ਧਾਰਮਿਕ ਅਸਥਾਨਾਂ 'ਤੇ ਮੱਥਾ ਟੇਕਿਆ। ਚੰਨੀ ਨੇ ਦਾਅਵਾ ਕੀਤਾ ਕਿ ਕਾਂਗਰਸ ਚੋਣਾਂ ਵਿਚ ਦੋ-ਤਿਹਾਈ ਬਹੁਮਤ ਨਾਲ ਜਿੱਤੇਗੀ। ਚੰਨੀ ਐਤਕੀਂ ਚਮਕੌਰ ਸਾਹਿਬ ਤੋਂ ਇਲਾਵਾ ਭਦੌੜ ਹਲਕੇ ਤੋਂ ਵੀ ਚੋਣ ਮੈਦਾਨ ਵਿਚ ਹਨ।

ਸਾਬਕਾ ਮੁੱਖ ਮੰਤਰੀ ਤੇ ਪਟਿਆਲਾ (ਸ਼ਹਿਰੀ) ਤੋਂ ਭਾਜਪਾ ਤੇ ਗੱਠਜੋੜ ਪਾਰਟੀਆਂ ਦੇ ਉਮੀਦਵਾਰ ਅਮਰਿੰਦਰ ਸਿੰਘ ਨੇ ਕਿਹਾ ਕਿ ਇਨ੍ਹਾਂ ਚੋਣਾਂ ਵਿਚ ਕਿੰਨੀ ਵੀ ਵੱਡੀ ਚੁਣੌਤੀ ਦਰਪੇਸ਼ ਹੋਵੇ, ਉਹ ਹਰ ਹਾਲ ਜਿੱਤਣਗੇ। ਅਮਰਿੰਦਰ ਦੀ ਪਤਨੀ ਤੇ ਲੋਕ ਸਭਾ ਮੈਂਬਰ ਪਰਨੀਤ ਕੌਰ ਨੇ ਕਿਹਾ ਕਿ ਉਨ੍ਹਾਂ ਹਮੇਸ਼ਾਂ ਕੈਪਟਨ ਸਾਹਿਬ (ਅਮਰਿੰਦਰ) ਦੀ ਹਮਾਇਤ ਕੀਤੀ ਹੈ ਤੇ ਇਹੀ ਉਨ੍ਹਾਂ ਦਾ ਪਰਿਵਾਰ ਹੈ ਤੇ ਪਰਿਵਾਰ ਸਭ ਤੋਂ ਉਪਰ ਹੈ। ਵੋਟਿੰਗ ਦੌਰਾਨ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ 'ਚ ਕਾਫੀ ਉਤਸ਼ਾਹ ਨਜ਼ਰ ਆਇਆ। ਇਨ੍ਹਾਂ ਵੋਟਰਾਂ ਦਾ ਸਰਟੀਫਿਕੇਟਾਂ ਨਾਲ ਸਨਮਾਨ ਕੀਤਾ ਗਿਆ। ਪੰਜਾਬ ਅਸੈਂਬਲੀ ਦੀਆਂ 117 ਸੀਟਾਂ ਲਈ ਐਤਕੀਂ 2,14,99,804 ਯੋਗ ਵੋਟਰ ਸਨ, ਤੇ ਇਨ੍ਹਾਂ ਵਿਚ 1,02,00,996 ਮਹਿਲਾ ਵੋਟਰ ਸਨ। ਚੋਣ ਕਮਿਸ਼ਨ ਨੇ ਪੋਲਿੰਗ ਲਈ 24,740 ਪੋਲਿੰਗ ਸਟੇਸ਼ਨਾਂ ਦਾ ਵਿਵਸਥਾ ਕੀਤੀ ਸੀ ਤੇ ਇਨ੍ਹਾਂ ਵਿਚੋਂ 2013 ਦੀ ਨਾਜ਼ੁਕ ਤੇ 2952 ਦੀ ਅਤਿ-ਨਾਜ਼ੁਕ ਵਜੋਂ ਸ਼ਨਾਖਤ ਕੀਤੀ ਗਈ ਸੀ। ਪੰਜਾਬ ਵਿਚ ਐਤਕੀਂ ਕਾਂਗਰਸ, ਆਪ, ਸ਼੍ਰੋਮਣੀ ਅਕਾਲੀ ਦਲ-ਬਸਪਾ, ਭਾਜਪਾ-ਪੰਜਾਬ ਲੋਕ ਕਾਂਗਰਸ-ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਤੇ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਸਿਆਸੀ ਫਰੰਟ ਸੰਯੁਕਤ ਸਮਾਜ ਮੋਰਚਾ ਵਿਚਾਲੇ ਬਹੁਕੋਣੀ ਮੁਕਾਬਲਾ ਸੀ।

## ਵੋਟ ਫੀਸਦ 'ਚ ਮਾਨਸਾ ਜ਼ਿਲ੍ਹਾ ਮੋਹਰੀ

**ਮਾਨਸਾ:** ਮਾਨਸਾ ਜ਼ਿਲ੍ਹੇ ਵਿਚ ਸਭ ਤੋਂ ਵੱਧ 77.21 ਫੀਸਦ ਵੋਟਿੰਗ ਹੋਈ ਜਦੋਂਕਿ 72.84 ਫੀਸਦ ਨਾਲ ਮਾਲੇਰਕੋਟਲਾ ਦੂਜੀ ਥਾਂ 'ਤੇ ਰਿਹਾ। ਫਾਜ਼ਿਲਕਾ ਵਿਚ 73.59 ਫੀਸਦ, ਸੰਗਰੂਰ 73.82, ਮੁਕਤਸਰ ਵਿਚ 75.94 ਤੇ ਅੰਮ੍ਰਿਤਸਰ ਵਿਚ 61.95 ਪੋਲਿੰਗ ਰਿਕਾਰਡ ਕੀਤੀ ਗਈ। ਤਰਨਤਾਰਨ ਵਿਚ ਸਭ ਤੋਂ ਘੱਟ 60.47 ਫੀਸਦ ਵੋਟਾਂ ਪਈਆਂ। ਅਸੈਂਬਲੀ ਹਲਕਿਆਂ ਦੀ ਗੱਲ ਕਰੀਏ ਗਿੱਦੜਬਾਹਾ 77.80 ਫੀਸਦ ਪੋਲਿੰਗ ਨਾਲ ਅੱਵਲ ਨੰਬਰ ਤੇ ਅੰਮ੍ਰਿਤਸਰ (ਦੱਖਣੀ) 48.06 ਫੀਸਦ ਪੋਲਿੰਗ ਨਾਲ ਹੇਠਲੇ ਸਥਾਨ 'ਤੇ ਰਿਹਾ। ਖਿੱਤੇ ਬਾਰੇ ਗੱਲ ਕਰੀਏ ਤਾਂ ਮਾਲਵਾ ਖੇਤਰ, ਜਿਥੇ ਕੁੱਲ 69 ਅਸੈਂਬਲੀ ਹਲਕੇ ਪੈਂਦੇ ਹਨ, ਵਿਚ 65 ਫੀਸਦ ਪੋਲਿੰਗ ਦਰਜ ਕੀਤੀ ਗਈ। ਮਾਝਾ ਖੇਤਰ 'ਚੋਂ ਗੁਰਦਾਸਪੁਰ 'ਚ 69.25 ਫੀਸਦ, ਪਠਾਨਕੋਟ 67.72, ਤਰਨ ਤਾਰਨ 60.47 ਤੇ ਅੰਮ੍ਰਿਤਸਰ ਵਿਚ 61.95 ਫੀਸਦ ਵੋਟਾਂ ਪਈਆਂ। ਦੋਆਬੇ ਵਿਚ ਸ਼ਹੀਦ ਭਗਤ ਸਿੰਘ ਨਗਰ ਵਿਚ 70.74 ਫੀਸਦ, ਹੁਸ਼ਿਆਰਪੁਰ 64.79, ਜਲੰਧਰ 64.29 ਤੇ ਕਪੂਰਥਲਾ 67.87 ਫੀਸਦ ਪੋਲਿੰਗ ਹੋਈ।

## ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਦੇ ਵੋਟਰਾਂ ਨੇ ਵਿਖਾਇਆ ਜੋਸ਼

**ਚੰਡੀਗੜ੍ਹ:** ਪੰਜਾਬ ਵਿਚ ਪਿਛਲੇ ਦੋ ਦਹਾਕਿਆਂ ਦੌਰਾਨ ਵੋਟਾਂ ਦੇ ਭੁਗਤਾਨ ਦਾ ਅਮਲ ਦੇਖਿਆ ਜਾਵੇ ਤਾਂ ਐਤਕੀਂ ਵੋਟਰਾਂ ਦਾ ਰੁਝਾਨ ਪਿਛਲੀਆਂ ਤਿੰਨ ਚੋਣਾਂ ਦੇ ਮੁਕਾਬਲੇ ਮੱਠਾ ਰਿਹਾ। ਚੋਣ ਕਮਿਸ਼ਨ ਵੱਲੋਂ ਮਿਲੀ ਜਾਣਕਾਰੀ ਮੁਤਾਬਕ 2002 ਵਿਚ 65 ਫੀਸਦੀ, 2007 'ਚ 75.49, 2012 'ਚ 78.30 ਅਤੇ 2017 ਵਿਚ 77.40 ਫੀਸਦੀ ਵੋਟਾਂ ਪਈਆਂ ਸਨ। ਨਿਰੋਲ ਸ਼ਹਿਰੀ ਖੇਤਰਾਂ ਦੇ ਵਿਧਾਨ ਸਭਾ ਹਲਕਿਆਂ ਵਿਚ ਤਾਂ ਐਤਕੀਂ ਵੋਟ ਪ੍ਰਤੀਸ਼ਤ 60 ਫੀਸਦੀ ਦੇ ਨੇੜੇ ਤੇੜੇ ਰਹੀ ਜਦੋਂ ਕਿ ਦਿਹਾਤੀ ਖੇਤਰ ਵਿਚ ਕਈ ਥਾਈਂ 80 ਫੀਸਦੀ ਦੇ ਨੇੜੇ ਢੁੱਕ ਗਈ। ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਦੇ ਵੋਟਰ ਵੋਟ ਪਾਉਣ ਲਈ ਵਧੇਰੇ ਉਤਸ਼ਾਹ 'ਚ ਨਜ਼ਰ ਆਏ।

## ਅਦਾਕਾਰ ਸੋਨੂ ਸੂਦ ਖਿਲਾਫ ਮੋਗਾ 'ਚ ਕੇਸ ਦਰਜ

**ਮੋਗਾ:** ਪੁਲਿਸ ਨੇ ਚੋਣ ਕਮਿਸ਼ਨ ਦੀ ਹਦਾਇਤ 'ਤੇ ਅਦਾਕਾਰ ਤੇ ਸਮਾਜ ਸੇਵੀ ਸੋਨੂ ਸੂਦ ਖਿਲਾਫ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਲਈ ਆਈ.ਪੀ.ਸੀ. ਦੀ ਧਾਰਾ 188 ਤਹਿਤ ਕੇਸ ਦਰਜ ਕੀਤਾ ਹੈ। ਐਫ.ਆਈ.ਆਰ. ਵਿਚ ਸੋਨੂ ਉਤੇ ਆਪਣੀ ਭੈਣ ਮਾਲਵਿਕਾ ਸੂਦ, ਜੋ ਕਾਂਗਰਸ ਦੀ ਟਿਕਟ 'ਤੇ ਮੋਗਾ ਤੋਂ ਚੋਣ ਲੜ ਰਹੇ ਹਨ, ਲਈ ਵੋਟਰਾਂ ਨੂੰ ਅਸਰਅੰਦਾਜ਼ ਕਰਨ ਦਾ ਦੋਸ਼ ਲੱਗਾ ਹੈ। ਪੁਲਿਸ ਨੇ ਦਾਅਵਾ ਕੀਤਾ ਹੈ ਕਿ ਸੋਨੂ ਮੋਗਾ ਅਸੈਂਬਲੀ ਹਲਕੇ ਦਾ ਵੋਟਰ ਨਹੀਂ ਹੈ, ਲਿਹਾਜ਼ਾ ਉਸ ਨੂੰ ਕਿਸੇ ਵੀ ਸਿਆਸੀ ਪਾਰਟੀ ਜਾਂ ਉਮੀਦਵਾਰ ਲਈ ਪ੍ਰਚਾਰ ਕਰਨ ਜਾਂ ਵੋਟਰਾਂ ਨੂੰ ਅਸਰਅੰਦਾਜ਼ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਉਧਰ, ਅਦਾਕਾਰ ਨੇ ਕਿਹਾ ਕਿ ਉਸ ਨੂੰ ਸੂਬੇ ਤੋਂ ਬਾਹਰਲਾ ਦੱਸਣਾ ਸਰਾਸਰ ਗਲਤ ਹੈ ਕਿਉਂਕਿ ਉਨ੍ਹਾਂ ਦਾ ਜਨਮ ਤੇ ਪਰਵਰਿਸ਼ ਮੋਗਾ ਵਿਚ ਹੀ ਹੋਈ ਹੈ।

## ਪੰਜਾਬ ਦੇ ਭਲੇ ਲਈ ਕੇਂਦਰ ਨਾਲ ਸਾਂਝ ਜ਼ਰੂਰੀ: ਕੈਪਟਨ

**ਪਟਿਆਲਾ:** ਇਥੋਂ ਦੇ ਸਰਕਾਰੀ ਕਾਲਜ ਲੜਕੀਆਂ ਵਿਚ ਬਣੇ ਬੂਥ 'ਚ ਪਤਨੀ ਸੰਸਦ ਮੈਂਬਰ ਪਰਨੀਤ ਕੌਰ ਅਤੇ ਧੀ ਜੈਇੰਦਰ ਕੌਰ ਨਾਲ ਵੋਟ ਪਾਉਣ ਪੁੱਜੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਕਿ ਭਾਜਪਾ, ਪੰਜਾਬ ਲੋਕ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵੱਡੀ ਜਿੱਤ ਹਾਸਲ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਬਿਹਤਰੀ ਲਈ ਕੇਂਦਰੀ ਹਕੂਮਤ ਭਾਜਪਾ ਨਾਲ ਚੋਣ ਗੱਠਜੋੜ ਕਰਨਾ ਜ਼ਰੂਰੀ ਸੀ। ਕੇਂਦਰ ਸਰਕਾਰ ਕੋਲ ਪਹੁੰਚ ਕਰ ਕੇ ਉਹ ਅਗਲੇ ਦਿਨਾਂ ਵਿਚ ਪੰਜਾਬ, ਪੰਜਾਬੀਅਤ ਸਮੇਤ ਪੰਥਕ ਮਸਲਿਆਂ ਦੇ ਹੱਲ ਲਈ ਯਤਨ ਜੁਟਾਉਣਗੇ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਵਿਰੋਧੀ ਧਿਰਾਂ ਭਾਵੇਂ ਜੋ ਮਰਜ਼ੀ ਕਹੀ ਜਾਣ ਪਰ ਹਕੀਕਤ ਇਹ ਹੈ ਕਿ ਕਾਂਗਰਸ ਅਤੇ 'ਆਪ' ਸਮੇਤ ਅਕਾਲੀ ਦਲ ਨੂੰ ਲੋਕ ਮੂੰਹ ਨਹੀਂ ਲਾ ਰਹੇ, ਜਦਕਿ ਭਾਜਪਾ ਵੱਲੋਂ ਪੰਜਾਬ ਨਾਲ ਸਬੰਧਤ ਅਨੇਕਾਂ ਹੀ ਮਸਲਿਆਂ ਦਾ ਹੱਲ ਕਰਨ ਕਾਰਨ ਲੋਕ ਅੱਜ ਭਾਜਪਾ ਨੂੰ ਚਾਹੁਣ ਲੱਗੇ ਹਨ, ਇਹੀ ਕਾਰਨ ਹੈ ਕਿ ਅੱਜ ਅਨੇਕਾਂ ਹੀ ਸਿੱਖ ਚਿਹਰੇ ਭਾਜਪਾ ਵਿਚ ਜਾ ਰਹੇ ਹਨ।

## ਲੋਕਾਂ ਨੇ ਤਬਦੀਲੀ ਖਾਤਰ ਵੋਟਾਂ ਪਾਈਆਂ: ਰਾਜੇਵਾਲ

**ਸਮਰਾਲਾ:** ਇਥੋਂ ਚੋਣ ਲੜ ਰਹੇ ਸੰਯੁਕਤ ਸਮਾਜ ਮੋਰਚਾ ਦੇ ਪ੍ਰਧਾਨ ਤੇ ਮੁੱਖ ਮੰਤਰੀ ਚਿਹਰੇ ਬਲਬੀਰ ਸਿੰਘ ਰਾਜੇਵਾਲ ਨੇ ਸਮਰਾਲਾ ਦੇ ਪੋਲਿੰਗ ਬੂਥ 'ਤੇ ਵੋਟ ਪਾਈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਬਦਲਾਅ ਲਈ ਵੋਟ ਪਾ ਰਹੇ ਹਨ ਤੇ ਸੂਬੇ ਦੀ ਲੁੱਟ-ਖਸੁੱਟ ਕਰਨ ਵਾਲੀਆਂ ਰਵਾਇਤੀ ਪਾਰਟੀਆਂ ਦਾ ਪੂਰਨ ਸਫਾਇਆ ਹੋਵੇਗਾ। ਉਨ੍ਹਾਂ ਵੱਡੀ ਜਿੱਤ ਮਿਲਣ ਦਾ ਦਾਅਵਾ ਕਰਦਿਆਂ ਸੂਬੇ ਵਿਚ ਅਗਲੀ ਸਰਕਾਰ ਸੰਯੁਕਤ ਸਮਾਜ ਮੋਰਚੇ ਦੇ ਸਥਾਪਤ ਹੋਣ ਦੀ ਉਮੀਦ ਵੀ ਪ੍ਰਗਟਾਈ।

## ਦੋ ਧੜ ਅਤੇ ਇਕ ਸਰੀਰ ਵਾਲੇ ਸੋਹਣੇ ਮੋਹਣੇ ਨੇ ਵੀ ਪਾਈ ਵੋਟ



**ਜੰਡਿਆਲਾ ਗੁਰੂ:** 'ਦੋ ਧੜ ਤੇ ਇਕ ਸਰੀਰ' ਦੀ ਵੱਖਰੀ ਪਛਾਣ ਵਾਲੇ ਸੋਹਨ ਸਿੰਘ ਤੇ ਮੋਹਨ ਸਿੰਘ, ਜਿਨ੍ਹਾਂ ਨੂੰ ਪਿਆਰ ਨਾਲ ਸੋਹਣਾ-ਮੋਹਣਾ ਵੀ ਕਿਹਾ ਜਾਂਦਾ ਹੈ, ਨੇ ਇਥੇ ਮਾਨਾਂਵਾਲਾ ਕਲਾਂ ਦੇ ਚੋਣ ਬੂਥ 'ਤੇ ਜਾ ਕੇ ਪਹਿਲੀ ਵਾਰ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ।

ਮਾਨਾਂਵਾਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਵਿਚਲਾ ਇਹ ਚੋਣ ਬੂਥ ਅਸੈਂਬਲੀ ਹਲਕਾ ਅਟਾਰੀ ਅਧੀਨ ਆਉਂਦਾ ਹੈ। ਸੋਹਣਾ-ਮੋਹਣਾ ਨੂੰ ਪਿੰਗਲਵਾੜਾ ਕੰਪਲੈਕਸ ਤੋਂ ਪੋਲਿੰਗ ਬੂਥ ਤੱਕ ਵਿਸ਼ੇਸ਼ ਗੱਡੀ ਰਾਹੀਂ ਲਿਆਂਦਾ ਗਿਆ। ਇਸ ਪੂਰੇ ਅਮਲ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਸੋਹਣਾ-ਮੋਹਣਾ ਨੇ ਇਕ ਦੂਸਰੇ ਕੋਲੋਂ ਓਹਲਾ ਰੱਖ ਕੇ ਵੋਟ ਪਾਈ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਐੱਸ.ਕਰੁਣਾ ਰਾਜੂ ਨੇ ਹਾਲ ਹੀ ਵਿਚ ਸੋਹਣਾ ਤੇ ਮੋਹਣਾ ਨੂੰ ਚੋਣ ਫੋਟੋ ਵਾਲੇ ਵੱਖੋ-ਵੱਖਰੇ ਸ਼ਨਾਖਤੀ ਕਾਰਡ ਦਿੱਤੇ ਸਨ। ਦੋਵੇਂ ਪਿਛਲੇ ਸਾਲ ਹੀ 18 ਸਾਲ ਦੇ ਹੋਏ ਹਨ। ਚੋਣ ਅਧਿਕਾਰੀਆਂ ਨੇ ਕਿਹਾ ਕਿ ਦੋ ਧੜ ਤੇ ਇਕ ਸਰੀਰ ਵਾਲੇ ਸੋਹਣਾ-ਮੋਹਣਾ ਨੂੰ ਦੋ ਅੱਡੋ-ਅੱਡਰੇ ਵੋਟਰ ਮੰਨਦਿਆਂ ਉਨ੍ਹਾਂ ਲਈ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ ਤਾਂ ਕਿ ਉਹ ਆਪਣੀ ਵੋਟ ਪਾਉਣ ਦੇ ਅਮਲ ਨੂੰ ਗੁਪਤ ਰੱਖ ਸਕਣ। ਉਨ੍ਹਾਂ ਕਿਹਾ ਕਿ ਸੋਹਣਾ-ਮੋਹਣਾ ਨੂੰ ਵੋਟ ਪਾਉਣ ਮੌਕੇ ਕਾਲੇ ਚਸ਼ਮੇ ਦਿੱਤੇ ਗਏ। ਸੋਹਣਾ ਤੇ ਮੋਹਣਾ ਮਾਨਾਂਵਾਲਾ ਸਥਿਤ ਪਿੰਗਲਵਾੜਾ ਵਿਚ ਰਹਿੰਦੇ ਹਨ। ਉਨ੍ਹਾਂ ਦਾ ਜਨਮ ਜੂਨ 2003 ਵਿਚ ਨਵੀਂ ਦਿੱਲੀ 'ਚ ਹੋਇਆ ਸੀ ਤੇ ਮਾਪੇ ਉਨ੍ਹਾਂ ਨੂੰ ਛੱਡ ਗਏ ਸਨ। ਮਗਰੋਂ ਅੰਮ੍ਰਿਤਸਰ ਸਥਿਤ ਪਿੰਗਲਵਾੜਾ ਨੇ ਉਨ੍ਹਾਂ ਨੂੰ ਅਪਣਾ ਲਿਆ।

## ਅਕਾਲੀ-ਬਸਪਾ ਗੱਠਜੋੜ ਪੂਰੀ ਬਹੁਮਤ ਨਾਲ ਸਰਕਾਰ ਬਣਾਏਗਾ: ਬਾਦਲ



**ਲੰਬੀ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵੱਡੀ ਉਮਰ ਦੇ ਉਮੀਦਵਾਰ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਿੰਡ ਬਾਦਲ ਦੇ ਚੋਣ ਬੂਥ ਨੰਬਰ 125 'ਤੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ। ਉਨ੍ਹਾਂ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ, ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਹਰਕੀਰਤ ਕੌਰ ਵੀ ਵੋਟ ਪਾਉਣ ਪੁੱਜੇ ਸਨ। ਇਸ ਤੋਂ ਪਹਿਲਾਂ ਇਸੇ ਬੂਥ 'ਤੇ ਬਠਿੰਡਾ ਤੋਂ ਚੋਣ ਲੜ ਰਹੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਵੀ ਵੋਟ ਪਾਈ।

ਪ੍ਰਕਾਸ਼ ਸਿੰਘ ਬਾਦਲ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਉਹ ਆਖਰੀ ਸਾਹ ਤੱਕ ਲੰਬੀ ਅਤੇ ਪੰਜਾਬ ਦੀ ਸੇਵਾ ਕਰਨਗੇ। ਉਨ੍ਹਾਂ ਦੁੱਖ ਜ਼ਾਹਰ ਕੀਤਾ ਕਿ ਇਸ ਵਾਰ ਚੋਣਾਂ ਵਿਚ ਦਲ-ਬਦਲੂਆਂ ਦਾ ਬੋਲਬਾਲਾ ਹੈ, ਜਦਕਿ ਪਹਿਲਾਂ ਅਜਿਹਾ ਨਹੀਂ ਹੁੰਦਾ ਸੀ।

## ਆਮ ਆਦਮੀ ਪਾਰਟੀ ਹੂੰਝਾਫੇਰ ਜਿੱਤ ਹਾਸਲ ਕਰੇਗੀ: ਭਗਵੰਤ ਮਾਨ

**ਮੁਹਾਲੀ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਮੰਤਰੀ ਉਮੀਦਵਾਰ ਭਗਵੰਤ ਮਾਨ ਨੇ ਮੁਹਾਲੀ ਦੇ ਫੇਜ਼-3ਬੀ। ਸਥਿਤ ਸਰਕਾਰੀ ਐਲੀਮੈਂਟਰੀ ਸਕੂਲ ਵਿਚ ਬਣੇ ਬੂਥ 'ਤੇ ਆਪਣੀ ਵੋਟ ਪਾਈ।

ਇਸ ਮੌਕੇ ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਚੋਣਾਂ ਵਿਚ ਆਮ ਆਦਮੀ ਪਾਰਟੀ ਹੂੰਝਾਫੇਰ ਜਿੱਤ ਹਾਸਲ ਕਰੇਗੀ ਅਤੇ ਪੰਜਾਬ ਵਿਚ ਅਗਲੀ ਸਰਕਾਰ 'ਆਪ' ਦੀ ਬਣੇਗੀ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਸੂਬੇ ਦੇ ਵਿਕਾਸ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਨੇ ਆਪਣੀ ਮਾਤਾ ਕੋਲੋਂ ਆਸ਼ੀਰਵਾਦ ਲਿਆ ਅਤੇ ਭਰੋਸਾ ਦਿੱਤਾ ਕਿ ਉਹ ਦੇਸ਼ ਦੇ ਸ਼ਹੀਦਾਂ ਤੇ ਸੂਰਬੀਰਾਂ ਤੇ ਯੋਧਿਆਂ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਪੂਰੀ ਇਮਾਨਦਾਰੀ ਨਾਲ ਕੰਮ ਕਰਨਗੇ। ਇਸ ਤੋਂ ਇਲਾਵਾ ਹੁਕਮਰਾਨਾਂ ਦੀਆਂ ਵਧੀਕੀਆਂ ਦਾ ਉਨ੍ਹਾਂ ਕੋਲੋਂ ਹਿਸਾਬ ਲਿਆ ਜਾਵੇਗਾ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਿਸਾਨਾਂ 'ਤੇ ਮੁੜ ਹੱਲਾ ਬੋਲੇਗਾ ਕੇਂਦਰ: ਜਾਖੜ



**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਚੋਣਾਂ ਲਈ ਵੋਟਾਂ ਪੈਣ ਦਾ ਕੰਮ ਮੁਕੰਮਲ ਹੋਣ ਮਗਰੋਂ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਦੀ ਕਿਸਾਨੀ 'ਤੇ ਮੁੜ ਹੱਲਾ ਬੋਲ ਸਕਦੀ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਕੇਂਦਰ ਸਰਕਾਰ ਵਾਪਸ ਲਏ ਤਿੰਨ ਖੇਤੀ ਕਾਨੂੰਨਾਂ ਨੂੰ ਮੂਲ ਰੂਪ ਵਿਚ ਵਾਪਸ ਨਾ ਵੀ ਲੈ ਕੇ ਆਵੇ ਪਰ ਕੇਂਦਰ ਨਵੇਂ ਰੰਗ-ਰੂਪ ਵਾਲੇ ਕਿਸਾਨ ਵਿਰੋਧੀ ਕਾਨੂੰਨ ਲੈ ਕੇ ਆ ਸਕਦੀ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੰਜਾਬ ਚੋਣਾਂ ਦੇ ਨਤੀਜੇ ਆਉਣ ਮਗਰੋਂ ਕਿਸਾਨੀ 'ਤੇ ਵੱਡਾ ਹੱਲਾ ਬੋਲਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸੁਨੀਲ ਜਾਖੜ ਨੇ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਪੰਜਾਬ ਚੋਣਾਂ ਵਿਚ ਬਿਨਾਂ ਤਿਆਰੀ ਤੋਂ ਹੀ ਸੰਯੁਕਤ ਸਮਾਜ ਮੋਰਚਾ ਚੋਣਾਂ ਵਿਚ ਉੱਤਰਿਆ ਅਤੇ ਏਕੇ ਦੇ ਮੰਤਰ ਨੂੰ ਲਾਂਭੇ ਰੱਖ ਕੇ ਇਨ੍ਹਾਂ ਕਿਸਾਨ ਧਿਰਾਂ ਨੇ ਚੋਣਾਂ ਲੜੀਆਂ ਹਨ ਜਿਸ ਦੇ ਦੂਰਗਾਮੀ ਨਤੀਜੇ ਸਾਡੇ ਸਾਹਮਣੇ ਆਉਣਗੇ।

ਉਨ੍ਹਾਂ ਕਿਹਾ ਕਿ ਜਿਉਂ ਹੀ ਕੇਂਦਰ ਸਰਕਾਰ ਚੋਣ ਨਤੀਜਿਆਂ ਵਿਚ ਸੰਯੁਕਤ ਸਮਾਜ ਮੋਰਚੇ ਦੀ ਕਾਰਗੁਜ਼ਾਰੀ ਦੇਖੇਗੀ ਤਾਂ ਭਾਜਪਾਈ ਇਸ ਕਾਰਗੁਜ਼ਾਰੀ ਦੇ ਆਧਾਰ 'ਤੇ ਸਿੱਧੇ ਤੌਰ 'ਤੇ ਦਿੱਲੀ ਵਿਚ ਚੱਲੇ ਕਿਸਾਨ ਘੋਲ ਨੂੰ ਫਿੱਕਾ ਕਰਨ ਦੀ ਕੋਸ਼ਿਸ਼ ਕਰਨਗੇ। ਜਾਖੜ ਨੇ ਕਿਹਾ ਕਿ ਚੋਣਾਂ ਵਿਚ ਉੱਤਰੀਆਂ ਕਿਸਾਨ ਧਿਰਾਂ ਨੂੰ ਚੋਣਾਂ ਲੜਨ ਤੋਂ ਪਹਿਲਾਂ ਸਾਰੀਆਂ ਧਿਰਾਂ ਦੇ ਸਹਿਯੋਗ ਅਤੇ ਏਕੇ ਨਾਲ ਚੋਣ ਮੈਦਾਨ ਵਿਚ ਉੱਤਰਨਾ ਚਾਹੀਦਾ ਸੀ ਪਰ ਇਨ੍ਹਾਂ ਕਿਸਾਨ ਧਿਰਾਂ ਨੇ ਕਾਹਲੀ ਵਿਚ ਕਦਮ ਚੁੱਕਿਆ ਜਿਸ ਦੇ ਨਤੀਜੇ ਸਾਹਮਣੇ ਆ ਜਾਣਗੇ।

## ਮਾਂ ਬੋਲੀ ਦਿਹਾੜੇ ਦੀਆਂ ਮੁਬਾਰਕਾਂ

21 ਫਰਵਰੀ ਨੂੰ ਮਨਾਏ ਜਾਂਦੇ ਮਾਂ ਬੋਲੀ ਦਿਹਾੜੇ ਦੀਆਂ ਮੁਬਾਰਕਾਂ। 21 ਫਰਵਰੀ 1952 ਦੀ ਘਟਨਾ ਮਾਂ ਬੋਲੀ ਨਾਲ ਇਸ਼ਕ ਦਾ ਇਤਿਹਾਸਕ ਦਸਤਾਵੇਜ਼ ਹੈ। ਜਦੋਂ ਢਾਕਾ ਯੂਨੀਵਰਸਿਟੀ, ਜਗਨਨਾਥ ਯੂਨੀਵਰਸਿਟੀ ਅਤੇ ਢਾਕਾ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਨੇ, ਜੋ ਉਨ੍ਹਾਂ ਸਮਿਆਂ 'ਚ ਪਾਕਿਸਤਾਨ 'ਚ 'ਉਰਦੂ' ਤੋਂ ਬਿਨਾ ਆਪਣੀ ਮਾਂ ਬੋਲੀ 'ਬੰਗਾਲੀ' ਲਈ ਮੁਜਾਹਰਾ ਕਰ ਰਹੇ ਸਨ, ਪੁਲਿਸ ਦੀਆਂ ਗੋਲੀਆਂ ਦੇ ਸ਼ਿਕਾਰ ਹੋ ਆਪਣੀ ਮਾਂ ਬੋਲੀ ਦੀ ਹੋਂਦ ਲਈ ਕੁਰਬਾਨੀਆਂ ਦੇ ਗਏ। ਯੂ.ਐਨ." ਨੇ ਬੰਗਾਲੀਆਂ ਦੀ ਮਾਂ ਬੋਲੀ ਨੂੰ ਲੈ ਕੇ ਕੀਤੀ ਕੁਰਬਾਨੀ ਦੀ ਇਸ ਤਾਰੀਖ਼ ਨੂੰ ਮਾਂ ਬੋਲੀ ਦਿਹਾੜੇ ਵਜੋਂ ਅਹਿਮੀਅਤ ਦਿੱਤੀ।

# ਸੱਤ ਸਰਹੱਦੀ ਪਿੰਡਾਂ ਵੱਲੋਂ ਵਿਧਾਨ ਸਭਾ ਚੋਣਾਂ ਦਾ ਬਾਈਕਾਟ

**ਪਠਾਨਕੋਟ:** ਭਾਰਤ-ਪਾਕਿਸਤਾਨ ਕੌਮਾਂਤਰੀ ਹੱਦ ਕੋਲ ਰਹਿੰਦੇ ਮਕੌੜਾ ਪੱਤਣ 'ਤੇ 3500 ਦੀ ਆਬਾਦੀ ਵਾਲੇ 7 ਪਿੰਡਾਂ ਦੇ ਲੋਕਾਂ ਦੀ ਪੱਕੇ ਪੁਲ ਦੀ ਮੰਗ ਪੂਰੀ ਨਾ ਹੋਣ 'ਤੇ ਉਨ੍ਹਾਂ ਵਿਧਾਨ ਸਭਾ ਚੋਣਾਂ ਦਾ ਬਾਈਕਾਟ ਕਰ ਦਿੱਤਾ। ਇਹ ਪਿੰਡ ਭੋਆ ਵਿਧਾਨ ਸਭਾ ਹਲਕੇ ਅੰਦਰ ਪੈਂਦੇ ਹਨ, ਜਿਨ੍ਹਾਂ ਵਿਚ ਲਸਿਆਣ, ਕਜਲੇ, ਚੇਬੇ, ਭਰਿਆਲ, ਮਮੀਆਂਚੱਕ, ਕੁੱਕੜ ਤੇ ਤੂਰ ਸ਼ਾਮਲ ਹਨ। ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੇ ਆਪਣਾ ਦੁੱਖ ਸਾਂਝਾ ਕਰਦਿਆਂ ਦੱਸਿਆ ਕਿ ਪਾਕਿਸਤਾਨ ਵੱਲੋਂ ਉਝ ਦਰਿਆ ਤੇ ਭਾਰਤ ਵੱਲੋਂ ਰਾਵੀ ਦਰਿਆ ਮਕੌੜਾ ਪੱਤਣ 'ਤੇ ਮਿਲਦੇ ਹਨ। ਇਥੇ ਇਕ ਪਲਟੂਨ ਪੁਲ ਬਣਿਆ ਹੋਇਆ ਹੈ, ਜੋ ਬਰਸਾਤਾਂ ਦੇ ਮੌਸਮ ਵਿਚ ਜੁਲਾਈ ਤੋਂ ਅਕਤੂਬਰ ਤੱਕ 4 ਮਹੀਨੇ ਲਈ ਚੁੱਕ ਦਿੱਤਾ ਜਾਂਦਾ ਹੈ। ਪੁਲ ਚੁੱਕਣ ਕਾਰਨ ਇਨ੍ਹਾਂ ਸਾਰੇ ਪਿੰਡਾਂ ਦਾ ਸੰਪਰਕ ਜ਼ਿਲ੍ਹਾ ਪਠਾਨਕੋਟ ਤੇ ਜਿਲ੍ਹਾ ਗੁਰਦਾਸਪੁਰ ਨਾਲ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ। ਅਜਿਹੀ ਸਥਿਤੀ ਵਿਚ ਸਿਰਫ ਕਿਸ਼ਤੀ ਹੀ ਇਨ੍ਹਾਂ ਲਈ ਲਾਂਘੇ ਦਾ ਇਕਮਾਤਰ ਸਹਾਰਾ ਹੁੰਦੀ ਹੈ, ਜੋ ਸਿਰਫ ਦਿਨ ਵੇਲੇ ਹੀ ਵਰਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਿਆਸੀ ਆਗੂ ਸਿਰਫ ਚੋਣਾਂ ਵੇਲੇ ਆਉਂਦੇ ਹਨ ਤੇ ਪੱਕਾ ਪੁਲ ਬਣਾਉਣ ਦਾ ਲਾਰਾ ਲਾ ਕੇ ਵੋਟਾਂ ਲਿਜਾਂਦੇ ਹਨ। ਇਸ ਲਈ ਇਨ੍ਹਾਂ ਸਿਆਸੀ ਲਾਰਿਆਂ ਤੋਂ ਤੰਗ ਆ ਕੇ ਇਸ ਵਾਰ ਉਨ੍ਹਾਂ ਸਰਬਸੰਮਤੀ ਨਾਲ ਵੋਟਾਂ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ।

ਉਨ੍ਹਾਂ ਕਿਹਾ ਕਿ ਭਾਜਪਾ ਦੇ ਕੌਮੀ ਕਾਰਜਕਾਰਨੀ ਮੈਂਬਰ ਸਵਰਨ ਸਲਾਰੀਆ ਨੇ 23 ਜਨਵਰੀ 2019 ਨੂੰ ਐਲਾਨ ਕੀਤਾ ਸੀ ਕਿ ਉਨ੍ਹਾਂ ਇਥੇ ਪੱਤਨ 'ਤੇ 100 ਕਰੋੜ ਰੁਪਏ ਦੀ ਲਾਗਤ ਵਾਲੇ ਪੁਲ ਦੀ ਮਨਜ਼ੂਰੀ ਕੇਂਦਰ ਸਰਕਾਰ ਤੋਂ ਦਿਵਾ ਦਿੱਤੀ ਹੈ, ਪਰ ਦੋ ਸਾਲ ਬੀਤਣ ਮਗਰੋਂ ਵੀ ਹਾਲੇ ਤੱਕ ਇਸ ਥਾਂ ਇਕ ਇਟ ਤੱਕ ਨਹੀਂ ਲੱਗੀ।

## ਹੁਣ ਨਵੇਂ ਗੱਠਜੋੜਾਂ ਲਈ ਜੋੜ-ਤੋੜ

*(ਸਫਾ ਇਕ ਦੀ ਬਾਕੀ)*

ਲੜੀ ਗਈ। 2017 ਦੀਆਂ ਚੋਣਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਨਸ਼ੇ, ਕਿਸਾਨੀ ਕਰਜ਼ਾ ਅਤੇ ਰੁਜ਼ਗਾਰ ਵੱਡੇ ਮੁੱਦਿਆਂ ਵਜੋਂ ਸਾਹਮਣੇ ਆਏ ਸਨ। ਇਸ ਵਾਰ ਕਿਸੇ ਮੁੱਦੇ ਉਤੇ ਗੱਲ ਕਰਨ ਦੀ ਥਾਂ ਸਿਆਸੀ ਧਿਰਾਂ ਨੇ ਮੁਫਤਖੋਰੀ ਦੇ ਐਲਾਨਾਂ ਦੀ ਝੜੀ ਲਾਈ ਰੱਖੀ। ਕਾਂਗਰਸ ਆਪਣੀਆਂ ਚੋਣ ਰੈਲੀਆਂ ਵਿਚ ਤਾਂ ਵੱਡੀਆਂ ਫੜ੍ਹਾਂ ਮਾਰਦੀ ਰਹੀ ਪਰ ਆਪਣੇ ਸੰਖੇਪ ਜਿਹੇ ਚੋਣ ਮਨੋਰਥ ਪੱਤਰ ਦਾ ਐਲਾਨ ਚੋਣਾਂ ਤੋਂ ਇਕ ਦਿਨ ਪਹਿਲਾਂ ਹੀ ਕੀਤਾ। ਅਕਾਲੀ ਦਲ ਤੇ ਆਮ ਆਦਮੀ ਪਾਰਟੀ ਇਕ ਦੂਜੇ ਤੋਂ ਵਧ ਚੜ੍ਹ ਕੇ ਮੁਫਤਖੋਰੀ ਦੇ ਐਲਾਨ ਕਰਦੇ ਰਹੇ। ਭਾਜਪਾ ਤੇ ਇਸ ਦੇ ਜੋਟੀਦਾਰ ਰਾਸ਼ਟਰਵਾਦ ਤੇ ਸੂਬੇ ਨੂੰ ਸਰਹੱਦੀ ਖਤਰੇ ਦਾ ਰੌਲਾ ਪਾਉਂਦੇ ਨਜ਼ਰ ਆਏ। ਮੁੱਦਿਆਂ ਦੀ ਥਾਂ ਆਪਣੇ ਵੱਖੋ-ਵੱਖਰੇ ਰੌਲੇ ਰੱਪੇ ਪਿੱਛੋਂ ਸਿਆਸੀ ਧਿਰਾਂ ਵੀ ਇਹ ਅੰਦਾਜ਼ਾ ਲਾਉਣ ਤੋਂ ਅਸਮਰੱਥ ਹਨ ਕਿ ਕਿਸ ਦਾ ਫਾਰਮੂਲਾ ਫਿੱਟ ਬੈਠੇਗਾ।

## ਇਮਰਾਨ ਖਾਨ ਵੱਲੋਂ ਨਰਿੰਦਰ ਮੋਦੀ ਨੂੰ ਟੀ.ਵੀ. 'ਤੇ ਬਹਿਸ ਦਾ ਸੱਦਾ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਹੈ ਕਿ ਉਹ ਆਪਣੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਨਾਲ ਦੋਹਾਂ ਗੁਆਂਢੀਆਂ ਵਿਚਾਲੇ ਮਤਭੇਦਾਂ ਨੂੰ ਸੁਲਝਾਉਣ ਲਈ ਟੈਲੀਵਿਜ਼ਨ 'ਤੇ ਬਹਿਸ ਕਰਨਾ ਚਾਹੁੰਦੇ ਹਨ। ਪਰਮਾਣੂ-ਸ਼ਕਤੀਸ਼ਾਲੀ ਵਿਰੋਧੀਆਂ ਨੇ 75 ਸਾਲ ਪਹਿਲਾਂ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਤਣਾਅ ਬਰਕਰਾਰ ਹੈ। ਦੋਵੇਂ ਮੁਲਕ ਤਿੰਨ ਜੰਗਾਂ ਵੀ ਲੜ ਚੁੱਕੇ ਹਨ। ਇਮਰਾਨ ਖਾਨ ਨੇ ਰਸ਼ੀਆ ਟੂਡੇ ਨੂੰ ਇੰਟਰਵਿਊ ਵਿਚ ਕਿਹਾ, 'ਮੈਂ ਨਰਿੰਦਰ ਮੋਦੀ ਨਾਲ ਟੀਵੀ ਉਤੇ ਬਹਿਸ ਕਰਨਾ ਪਸੰਦ ਕਰਾਂਗਾ। ਜੇ ਬਹਿਸ ਰਾਹੀਂ ਮਤਭੇਦਾਂ ਨੂੰ ਹੱਲ ਕੀਤਾ ਜਾ ਸਕਦਾ ਹੈ ਤਾਂ ਇਹ ਉਪ ਮਹਾਦੀਪ ਦੇ ਅਰਬਾਂ ਲੋਕਾਂ ਲਈ ਫਾਇਦੇਮੰਦ ਹੋਵੇਗਾ।

# ਚੋਣਾਂ ਪਿੱਛੋਂ ਅਕਾਲੀ ਦਲ ਨੇ ਬਾਗੀਆਂ ਦੀ ਛਾਂਟੀ ਲਈ ਛੇੜੀ ਮੁਹਿੰਮ

**ਮੋਗਾ:** ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਉਮੀਦਵਾਰਾਂ ਦਾ ਖੁੱਲ੍ਹੇਆਮ ਤੇ ਅੰਦਰੂਨੀ ਵਿਰੋਧ ਕਰਨ ਵਾਲੇ ਆਗੂਆਂ ਨੂੰ ਪਾਰਟੀ 'ਚੋਂ ਬਾਹਰ ਦਾ ਰਸਤਾ ਦਿਖਾਉਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ।

ਇਥੋਂ ਸਾਬਕਾ ਵਿਧਾਇਕ ਜੋਗਿੰਦਰ ਪਾਲ ਜੈਨ ਅਤੇ ਉਸ ਦੇ ਪੁੱਤਰ ਸਾਬਕਾ ਮੇਅਰ ਅਕਸ਼ਿਤ ਜੈਨ, ਸਾਬਕਾ ਜਿਲ੍ਹਾ ਯੂਥ ਪ੍ਰਧਾਨ ਜਗਦੀਪ ਸਿੰਘ ਗਟਰਾ, ਸਾਬਕਾ ਯੂਥ ਉੱਪ ਪ੍ਰਧਾਨ ਪਰਗਟ ਸਿੰਘ ਕੋਰੇਵਾਲਾ ਅਤੇ ਸਾਬਕਾ ਕੌਂਸਲਰ ਵੀਰਭਾਨ ਦਾਨਵ ਤੇ ਹੋਰਾਂ ਨੂੰ ਪਾਰਟੀ 'ਚੋਂ ਬਾਹਰ ਕਰ ਦਿੱਤਾ ਹੈ।

ਮੋਗਾ ਹਲਕੇ ਤੋਂ ਪਾਰਟੀ ਉਮੀਦਵਾਰ ਬਰਜਿੰਦਰ ਸਿੰਘ ਮੱਖਣ ਬਰਾੜ ਦੇ ਨਿਵਾਸ ਉਤੇ ਪਾਰਟੀ ਦੇ ਜਿਲ੍ਹਾ ਪ੍ਰਧਾਨ ਤੇ ਹਲਕਾ ਬਾਘਾਪੁਰਾਣਾ ਤੋਂ ਪਾਰਟੀ ਉਮੀਦਵਾਰ ਤੀਰਥ ਸਿੰਘ ਮਾਹਲਾ ਤੇ ਸ਼ਹਿਰੀ ਪ੍ਰਧਾਨ ਪ੍ਰੇਮ ਚੰਦ ਚੱਕੀਵਾਲਾ ਨੇ ਸਾਬਕਾ ਵਿਧਾਇਕ ਜੋਗਿੰਦਰ ਪਾਲ ਜੈਨ ਅਤੇ ਉਸ ਦੇ ਪੁੱਤਰ ਸਾਬਕਾ ਮੇਅਰ ਅਕਸ਼ਿਤ ਜੈਨ ਤੇ ਹੋਰਾਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਪਾਰਟੀ 'ਚੋਂ ਕੱਢਣ ਦਾ ਐਲਾਨ ਕੀਤਾ।

## ਆਸਟਰੇਲੀਆ ਨੇ ਭਾਰਤੀ ਯਾਤਰੀਆਂ ਲਈ ਦਰ ਖੋਲ੍ਹੇ

**ਮੁੰਬਈ:** ਆਸਟਰੇਲੀਆ ਨੇ ਪੂਰੀ ਤਰ੍ਹਾਂ ਟੀਕਾਕਰਨ ਵਾਲੇ ਭਾਰਤੀ ਯਾਤਰੀਆਂ ਦੀਆਂ ਸਾਰੀਆਂ ਸ਼੍ਰੇਣੀਆਂ ਲਈ ਇਕਾਂਤਵਾਸ ਮੁਕਤ ਯਾਤਰਾ ਲਈ ਆਪਣੀਆਂ ਸਰਹੱਦਾਂ ਖੋਲ੍ਹ ਦਿੱਤੀਆਂ ਹਨ। ਟੂਰਿਜ਼ਮ ਆਸਟਰੇਲੀਆ ਨੇ ਇਕ ਬਿਆਨ ਵਿਚ ਕਿਹਾ ਕਿ ਆਸਟਰੇਲੀਆ ਭਾਰਤ ਤੋਂ ਆਉਣ ਵਾਲੇ ਯਾਤਰੀਆਂ ਦਾ ਸਵਾਗਤ ਕਰਨ ਲਈ ਤਿਆਰ ਹੈ।

## ਰੂਸੀ ਫੌਜ ਪੂਰਬੀ ਯੂਕਰੇਨ ਦੇ ਦੋ ਸੂਬਿਆਂ 'ਚ ਦਾਖਲ

**ਮਾਸਕੋ:** ਰੂਸੀ ਫੌਜ ਪੂਰਬੀ ਯੂਕਰੇਨ ਦੇ ਦੋ ਸੂਬਿਆਂ ਲੁਹਾਂਸਕ ਤੇ ਡੋਨੇਸਟਕ ਵਿਚ ਦਾਖਲ ਹੋ ਗਈ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਦੋਵਾਂ ਸੂਬਿਆਂ ਨੂੰ ਵੱਖਰੇ ਦੇਸ਼ ਵਜੋਂ ਮਾਨਤਾ ਦੇ ਦਿੱਤੀ ਸੀ। ਇਸ ਤੋਂ ਬਾਅਦ ਰੂਸੀ ਫੌਜੀਆਂ ਦੇ ਟੈਂਕਾਂ ਨੇ ਇਨ੍ਹਾਂ ਖੇਤਰਾਂ ਵੱਲ ਚਾਲੇ ਪਾ ਦਿੱਤੇ। ਪੂਤਿਨ ਨੇ ਕਿਹਾ ਕਿ ਲੁਹਾਂਸਕ ਤੇ ਡੋਨੇਸਟਕ ਤੇ ਵਿਦਰੋਹੀਆਂ ਦੇ ਕਬਜ਼ੇ ਵਾਲੇ ਇਲਾਕਿਆਂ ਵਿਚ ਸ਼ਾਂਤੀ ਬਹਾਲੀ ਲਈ ਅਜਿਹਾ ਕਰਨਾ ਜਰੂਰੀ ਸੀ।

## ਕੌਮਾਂਤਰੀ ਉਡਾਣਾਂ 15 ਮਾਰਚ ਤੋਂ ਮੁੜ ਸ਼ੁਰੂ ਹੋਣ ਦੀ ਸੰਭਾਵਨਾ

ਨਵੀਂ ਦਿੱਲੀ: ਦੇਸ਼ ਤੋਂ ਨਿਯਮਤ ਕੌਮਾਂਤਰੀ ਉਡਾਣਾਂ 15 ਮਾਰਚ ਤੋਂ ਮੁੜ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਹ ਜਾਣਕਾਰੀ ਸਰਕਾਰ ਦੇ ਅਧਿਕਾਰੀਆਂ ਨੇ ਦਿੱਤੀ। ਉਨ੍ਹਾਂ ਕਿਹਾ ਕਿ ਉਡਾਣਾਂ ਭਾਵੇਂ ਖੋਲ੍ਹ ਦਿੱਤੀਆਂ ਜਾਣਗੀਆਂ ਪਰ ਭਾਰਤੀ ਹਵਾਈ ਅੱਡਿਆਂ 'ਤੇ ਕਰੋਨਾ ਸਾਵਧਾਨੀਆਂ ਦਾ ਪਾਲਣ ਯਕੀਨੀ ਬਣਾਇਆ ਜਾਵੇਗਾ। ਕਰੋਨਾ ਦੇ ਲਗਾਤਾਰ ਘੱਟ ਰਹੇ ਕੇਸਾਂ ਕਾਰਨ ਇਹ ਫੈਸਲਾ ਕੀਤਾ ਗਿਆ ਹੈ ਪਰ ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ ਵੱਲੋਂ ਹਾਲੇ ਤੱਕ ਕੋਈ ਅਧਿਕਾਰਤ ਐਲਾਨ ਨਹੀਂ ਕੀਤਾ ਗਿਆ।

# ਲਾਲੂ ਯਾਦਵ ਨੂੰ ਪੰਜ ਸਾਲ ਦੀ ਸਜ਼ਾ

**ਰਾਂਚੀ:** ਚਾਰਾ ਘੁਟਾਲਾ ਤਹਿਤ ਡੋਰੰਡਾ ਖਜ਼ਾਨੇ 'ਚ ਹੋਏ 139.35 ਕਰੋੜ ਦੇ ਘਪਲੇ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੰਦੇ ਹੋਏ ਸੀ.ਬੀ.ਆਈ. ਦੀ ਇਕ ਵਿਸ਼ੇਸ਼ ਅਦਾਲਤ ਨੇ ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਨੂੰ ਪੰਜ ਸਾਲ ਕੈਦ ਅਤੇ 60 ਲੱਖ ਰੁਪਏ ਜਰਮਾਨੇ ਦੀ ਸਜ਼ਾ ਸੁਣਾਈ ਹੈ।

ਅਦਾਲਤ ਨੇ ਇਹ ਸਜ਼ਾ ਵਰਚੁਅਲ ਸੁਣਵਾਈ ਦੌਰਾਨ ਸੁਣਾਈ। ਭਾਜਪਾ ਨੇ ਅਦਾਲਤ ਦੇ ਫੈਸਲੇ ਦੀ ਸ਼ਲਾਘਾ ਕੀਤੀ ਹੈ। ਸੀ.ਬੀ.ਆਈ. ਦੇ ਵਕੀਲ ਬੀ.ਐਮ.ਪੀ. ਸਿੰਘ ਨੇ ਦੱਸਿਆ, "ਲਾਲੂ ਪ੍ਰਸਾਦ ਨੂੰ ਪੰਜ ਸਾਲ ਕੈਦ ਅਤੇ 60 ਲੱਖ ਰੁਪਏ ਜਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਸਾਬਕਾ ਮੁੱਖ ਮੰਤਰੀ ਤੋਂ ਇਲਾਵਾ ਅਦਾਲਤ ਵੱਲੋਂ ਪੰਜ ਦੋਸ਼ੀਆਂ ਨੂੰ ਪੰਜ-ਪੰਜ ਸਾਲ ਕੈਦ, 32 ਦੋਸ਼ੀਆਂ ਨੂੰ ਚਾਰ-ਚਾਰ ਸਾਲ ਦੀ ਕੈਦ ਅਤੇ ਤਿੰਨ ਦੋਸ਼ੀਆਂ ਨੂੰ ਤਿੰਨ-ਤਿੰਨ ਸਾਲ ਦੀ ਕੈਦ ਦੀ ਸਜਾ ਸੁਣਾਈ ਗਈ ਹੈ।" ਦੋਸ਼ੀਆਂ ਨੂੰ ਇਕ ਲੱਖ ਰੁਪਏ ਤੋਂ ਲੈ ਕੇ 2 ਕਰੋੜ ਰੁਪਏ ਤੱਕ ਜੁਰਮਾਨਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਭ ਤੋਂ ਵੱਧ 2 ਕਰੋੜ ਰੁਪਏ ਜੁਰਮਾਨਾ ਸਲਪਾਇਰ ਤ੍ਰਿਪੁਰਾਰੀ ਮੋਹਨ ਪ੍ਰਸਾਦ ਨੂੰ ਕੀਤਾ ਗਿਆ ਹੈ। 15 ਫਰਵਰੀ ਨੂੰ ਬਹੁ-ਕਰੋੜੀ ਚਾਰਾ ਘੁਟਾਲੇ ਨਾਲ ਸਬੰਧਤ ਡੋਰੰਡਾ ਖਜਾਨੇ ਵਿਚ 139.35 ਕਰੋੜ ਰੁਪਏ ਦੇ ਹੋਏ ਘਪਲੇ ਸਬੰਧੀ ਕੇਸ 'ਚ ਦੋਸ਼ੀ ਕਰਾਰ ਦਿੱਤੇ ਜਾਣ ਮਗਰੋਂ ਬਿਹਾਰ ਦੇ ਸਾਬਕਾ ਮੁੱਖ ਮੰਤਰੀ 73 ਸਾਲਾ ਲਾਲੂ ਪ੍ਰਸਾਦ ਯਾਦਵ ਦੀ ਸਿਹਤ ਖਰਾਬ ਹੋਣ ਕਾਰਨ ਉਨ੍ਹਾਂ ਨੂੰ ਬਿਰਸਾ ਮੁੰਡਾ ਕੇਂਦਰੀ ਜੇਲ੍ਹ ਤੋਂ ਰਾਂਚੀ ਸਥਿਤ ਸਰਕਾਰੀ ਰਾਜਿੰਦਰਾ ਸਿਹਤ ਵਿਗਿਆਨ ਸੰਸਥਾ ਤਬਦੀਲ ਕੀਤਾ ਗਿਆ ਸੀ।

## ਭਾਰਤ ਨੇ ਕਣਕ ਦੀ ਪਹਿਲੀ ਖੇਪ ਅਫਗਾਨਿਸਤਾਨ ਭੇਜੀ

**ਅਟਾਰੀ:** ਭਾਰਤ ਵੱਲੋਂ ਸੰਗਠਿਤ ਚੈੱਕ ਪੋਸਟ ਅਟਾਰੀ ਤੋਂ ਅਟਾਰੀ-ਵਾਹਗਾ ਸਰਹੱਦ ਰਸਤੇ ਅਫਗਾਨਿਸਤਾਨ ਨੂੰ ਮਨੁੱਖੀ ਸਹਾਇਤਾ ਵਜੋਂ 5 ਹਜ਼ਾਰ ਮੀਟਰਿਕ ਟਨ ਕਣਕ ਦੀ ਪਹਿਲੀ ਖੇਪ ਭੇਜੀ ਗਈ ਜਿਸ ਨੂੰ ਵਿਦੇਸ਼ ਸਕੱਤਰ ਹਰਸ਼ਵਰਧਨ ਸਿੰਗਲਾ ਨੇ ਅਟਾਰੀ ਸਰਹੱਦ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |


ੴ ਸਤਿਗੁਰ ਪ੍ਰਸਾਦਿ ॥ ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ
ਪੈਲਾਟਾਇਨ ਗੁਰਦਵਾਰਾ Palatine Gurdwara
ਕਾਰ ਸੇਵਾ Karseva
ੴ
ਸ੍ਰੀ ਗੁਰੂ ਤੇਗ ਬਹਾਦਰ ਜੀ
1621-2021 400ਵਾਂ ਪ੍ਰਕਾਸ਼ ਪੁਰਬ
KARSEVA
Karseva Presentation
ਐਤਵਾਰ, ਮਾਰਚ 6, ਸਵੇਰੇ 11 ਵਜੇ, Sunday, March 6th 11:00 am
SIKH RELIGIOUS SOCIETY 1280 Winnetka St. Palatine IL 60067, (847) 358 1117
Email: contactus@srschicago.org | Web: srschicago.org
ਪਰਿਵਾਰ ਸਮੇਤ ਪਹੁੰਚ ਕੇ ਆਪਣਾ ਯੋਗਦਾਨ ਪਾਓ।
Please join with your family and friends.

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਕੌਮਾਂਤਰੀ ਮਾਤ-ਭਾਸ਼ਾ ਦਿਵਸ ਨੂੰ ਸਮਰਪਿਤ ਜ਼ੂਮ-ਸਮਾਗਮ

**ਬਰੈਂਪਟਨ, (ਬਿਊਰੋ):** ਲੰਘੇ ਐਤਵਾਰ 20 ਫ਼ਰਵਰੀ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਨੂੰ ਸਮੱਰਪਿਤ ਜ਼ੂਮ-ਸਮਾਗ਼ਮ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਤੋਂ ਇਲਾਵਾ ਅਮਰੀਕਾ, ਇੰਗਲੈਂਡ, ਭਾਰਤ ਅਤੇ ਪਾਕਿਸਤਾਨ ਤੋਂ ਵਿਦਵਾਨਾਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ। ਬਰੈਂਪਟਨ ਦੀਆਂ ਸਾਹਿਤ ਸਭਾਵਾਂ ਤੇ ਜੱਥੇਬੰਦੀਆਂ ਨੇ ਵੀ ਇਸ ਸਮਾਗ਼ਮ ਵਿਚ ਸ਼ਾਮਲ ਹੋ ਕੇ ਪੰਜਾਬੀ ਮਾਂ-ਬੋਲੀ ਦੇ ਮੌਜੂਦਾ ਹਾਲਾਤ ਅਤੇ ਇਸ ਦੀ ਬੇਹਤਰੀ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਵਿਚਾਰ ਸਾਂਝੇ ਕੀਤੇ।

ਪ੍ਰੋਗਰਾਮ ਦੇ ਆਰੰਭ ਵਿਚ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੇ ਸਮਾਗ਼ਮ ਵਿਚ ਸ਼ਾਮਲ ਹੋਏ ਮਹਿਮਾਨਾਂ, ਵਿਦਵਾਨਾਂ ਅਤੇ ਮੈਂਬਰਾਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਨੇ ਪ੍ਰੋਗਰਾਮ ਦੀ ਰੂਪ-ਰੇਖਾ ਬਾਰੇ ਸੰਖੇਪ ਵਿਚ ਦੱਸਿਆ। ਉਪਰੰਤ, ਸਮਾਗ਼ਮ ਦੇ ਸੰਚਾਲਕ ਤਲਵਿੰਦਰ ਮੰਡ ਨੇ ਮੁੱਖ-ਬੁਲਾਰੇ ਪ੍ਰੋ. ਰਾਮ ਸਿੰਘ ਨੂੰ ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਵਸ ਬਾਰੇ ਆਪਣੇ ਵਿਚਾਰ ਪੇਸ਼ ਕਰਨ ਦੀ ਬੇਨਤੀ ਕੀਤੀ। ਪ੍ਰੋ. ਰਾਮ ਸਿੰਘ ਨੇ ਚਿੰਤਾ ਜ਼ਾਹਰ ਕੀਤੀ ਕਿ ਰਾਜਨੀਤੀ ਹਮੇਸ਼ਾ ਲੋਕਾਂ ਨੂੰ ਆਪਣੀ ਮਾਂ-ਬੋਲੀ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦੀ ਹੈ, ਕਿਉਂਕਿ ਨਾਬਰੀ ਦੀ ਸੋਚ ਮਾਂ-ਬੋਲੀ ਵਿਚ ਹੀ ਅੱਗੇ ਵੱਧਦੀ ਹੈ। ਉਨ੍ਹਾਂ ਦੱਸਿਆ ਕਿ 1947 ਵਿਚ ਆਜ਼ਾਦੀ ਮਿਲਣ ਤੋਂ ਬਾਅਦ ਭਾਰਤ ਵਿਚ ਹਿੰਦੀ ਨੂੰ ਕੌਮੀ-ਭਾਸ਼ਾ ਅਤੇ ਅੰਗਰੇਜ਼ੀ ਨੂੰ ਸੰਪਰਕ ਭਾਸ਼ਾ ਐਲਾਨਿਆ ਗਿਆ। ਪੰਜਾਬ ਵਿਚ ਪੰਜਾਬੀ ਨੂੰ ਸਰਕਾਰੀ ਤੌਰ 'ਤੇ ਦਫ਼ਤਰੀ ਭਾਸ਼ਾ ਤਤਕਾਲੀ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਵੱਲੋਂ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਸਕੂਲੀ ਪੱਧਰ ਤੱਕ ਵਿੱਦਿਆ ਮਾਤ-ਭਾਸ਼ਾ ਵਿਚ ਹੀ ਦੇਣੀ ਚਾਹੀਦੀ ਹੈ ਅਤੇ ਇਸ ਦੇ ਲਈ ਪਾਠ-ਪੁਸਤਕਾਂ ਮਾਤ-ਭਾਸ਼ਾ ਵਿਚ ਹੋਣੀਆਂ ਚਾਹੀਦੀਆਂ ਹਨ।

'ਪੰਜਾਬੀ ਵਿਚਾਰ ਮੰਚ ਲਾਹੌਰ' ਦੇ ਅਹਿਮਦ ਰਜ਼ਾ ਨੇ 'ਬੋਲੀ ਦੀਆਂ ਲੋੜਾਂ ਤੇ ਥੋੜਾਂ' ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿ 1947 ਦੀ ਭਾਰਤ-ਪਾਕਿਸਤਾਨ ਵੰਡ ਨਾਲ ਪੰਜਾਬੀ ਬੋਲੀ ਨੂੰ ਵੱਡਾ ਧੱਕਾ ਲੱਗਾ। ਪੱਛਮੀ ਪਾਕਿਸਤਾਨ ਦੇ ਹੋਰ ਸਾਰੇ ਸੂਬਿਆਂ ਵਾਂਗ ਪੰਜਾਬ ਵਿਚ ਵੀ ਉਰਦੂ ਸੂਬੇ ਦੀ ਭਾਸ਼ਾ ਬਣਾ ਦਿੱਤੀ ਗਈ ਅਤੇ ਪੰਜਾਬੀ ਨੂੰ ਪਿੱਛੇ ਧੱਕ ਦਿੱਤਾ ਗਿਆ, ਜਿਸ ਨੂੰ ਲੋੜੀਂਦਾ ਦਰਜਾ ਦਿਵਾਉਣ ਲਈ ਪੰਜਾਬੀ ਲਗਾਤਾਰ ਜੱਦੋ-ਜਹਿਦ ਕਰ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਸੂਬੇ ਦੇ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਏਸੇ ਤਰ੍ਹਾਂ ਲਾਹੌਰ ਤੋਂ ਦੂਸਰੇ ਵਿਦਵਾਨ ਰਜ਼ਾ ਸ਼ਾਹ ਦਾ ਕਹਿਣਾ ਸੀ ਕਿ ਪਾਕਿਸਤਾਨ ਵਿਚ ਪੰਜਾਬੀ ਨੂੰ ਜਾਂਗਲੀਆਂ ਦੀ ਭਾਸ਼ਾ ਅਤੇ ਉਰਦੂ ਨੂੰ ਅਦਬੀ ਤੇ ਤਹਿਜ਼ੀਬ-ਯਾਫ਼ਤਾ ਬੋਲੀ ਸਮਝਿਆ ਜਾਂਦਾ ਹੈ। ਪੰਜਾਬੀ ਬੋਲੀ ਨੂੰ ਉੱਚਾ ਚੁੱਕਣ ਲਈ ਉੱਥੇ ਪੰਜਾਬੀਆਂ ਵੱਲੋਂ ਸਮੇਂ-ਸਮੇਂ ਮੁਜ਼ਾਹਰਿਆਂ ਰਾਹੀਂ ਆਵਾਜ਼ ਬੁਲੰਦ ਕੀਤੀ ਜਾਂਦੀ ਹੈ। ਇੰਗਲੈਂਡ ਤੋਂ ਦਲਬੀਰ ਕੌਰ ਨੇ ਪੰਜਾਬੀ ਪੁਸਤਕਾਂ ਦੇ ਪੱਧਰ ਦੀ ਗੱਲ ਕਰਦਿਆਂ ਕਿਹਾ ਕਿ ਇਨ੍ਹਾਂ ਵਿਚ ਸ਼ਬਦ-ਜੋੜਾਂ ਦੀ ਸਮਾਨਤਾ ਨਹੀਂ ਹੈ ਅਤੇ ਚੰਗੇ ਸਾਹਿਤ ਦੇ ਨਾਲ਼ ਨਾਲ਼ ਕੱਚਾ-ਪਿੱਲਾ ਸਾਹਿਤ ਵੀ ਵੱਡੀ ਮਾਤਰਾ ਵਿਚ ਛਾਪਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੌ-ਡੇਢ ਸੌ ਸਾਲ ਪਹਿਲਾਂ ਕੈਨੇਡਾ ਦੇ ਰੈਜ਼ੀਡੈਂਸ਼ਲ ਸਕੂਲਾਂ ਵਿਚ ਪੁਰਾਣੇ ਕੈਨੇਡਾ-ਵਾਸੀਆਂ ਦੇ ਬੱਚਿਆਂ ਨੂੰ ਉਨ੍ਹਾਂ ਦੀ ਮਾਤ-ਭਾਸ਼ਾ ਤੇ ਸੱਭਿਆਚਾਰ ਤੋਂ ਦੂਰ ਰੱਖਿਆ ਗਿਆ ਅਤੇ ਪੰਜਾਬ ਵਿਚ ਵੀ ਹੁਣ ਏਸੇ ਤਰ੍ਹਾਂ ਪ੍ਰਾਈਵੇਟ ਸਕੂਲਾਂ ਵਿਚ ਬੱਚਿਆਂ ਨੂੰ ਅੰਗਰੇਜ਼ੀ ਅਤੇ ਹਿੰਦੀ ਨਾਲ ਜੋੜ ਕੇ ਪੰਜਾਬੀ ਮਾਂ-ਬੋਲੀ ਤੋਂ ਦੂਰ ਕੀਤਾ ਜਾ ਰਿਹਾ ਹੈ। ਪਿਆਰਾ ਸਿੰਘ ਕੁੱਦੋਵਾਲ ਦਾ ਕਹਿਣਾ ਸੀ ਕਿ ਮਾਤ-ਭਾਸ਼ਾ ਸਿੱਖਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਸਾਡਾ ਤਾਂ ਗੁਰੂ ਹੀ 'ਸ਼ਬਦ-ਗੁਰੂ' ਹੈ ਅਤੇ ਇਸ ਨੂੰ ਪੰਜਾਬੀ ਪੜ੍ਹ ਕੇ ਹੀ ਸਮਝਿਆ ਜਾ ਸਕਦਾ ਹੈ। ਨਾਹਰ ਔਜਲਾ ਨੇ ਕਿਹਾ ਕਿ ਪੰਜਾਬ ਵਿੱਚੋਂ ਬੱਚੇ ਧੜਾ-ਧੜ ਵਿਦੇਸ਼ਾਂ ਵਿਚ ਜਾ ਰਹੇ ਹਨ। ਬੱਚੇ ਪੰਜਾਬੀ ਮਾਂ-ਬੋਲੀ ਤੇ ਸੱਭਿਆਚਾਰ ਤੋਂ ਦੂਰ ਹੁੰਦੇ ਜਾ ਰਹੇ ਹਨ ਅਤੇ ਇਸ ਵਰਤਾਰੇ ਨੂੰ ਠੱਲ੍ਹ ਪਾਉਣ ਦੀ ਲੋੜ ਹੈ। ਕਵਿੱਤਰੀ ਸੁਰਜੀਤ ਕੌਰ ਨੇ ਕਿਹਾ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਨਾਲ ਮਤਰੇਈ-ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ ਅਤੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਬੋਲਣ 'ਤੇ ਬੱਚਿਆਂ ਨੂੰ ਜੁਰਮਾਨਾ ਕੀਤਾ ਜਾਂਦਾ ਹੈ। ਏਸੇ ਤਰ੍ਹਾਂ ਡਾ. ਕੁਲਜੀਤ ਸਿੰਘ ਜੰਜੂਆ, ਭਾਰਤ ਤੋਂ ਮਨਵਿੰਦਰ ਸੋਨੀਆ ਤੇ ਰਵਿੰਦਰ ਕੌਰ ਭਾਟੀਆ, ਪਾਕਿਸਤਾਨ ਤੋਂ ਸਈਦਾ ਬਖ਼ਤਾਵਰ ਸ਼ਾਹ ਤੇ ਕਈ ਹੋਰਨਾਂ ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਬੁਲਾਰਿਆਂ ਵੱਲੋਂ ਉਠਾਏ ਗਏ ਸੁਆਲਾਂ ਦੇ ਜੁਆਬ ਪ੍ਰੋ. ਰਾਮ ਸਿੰਘ ਨੇ ਤਸੱਲੀ-ਪੂਰਵਕ ਦਿੱਤੇ।




ਫੋਟੋਆਂ ਅਤੇ ਵੇਰਵਾ ਸੁਖਦੇਵ ਸਿੰਘ ਝੰਡ

> **"ਰਾਜਨੀਤੀ ਲੋਕਾਂ ਨੂੰ ਮਾਂ-ਬੋਲੀ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦੀ ਹੈ, ਕਿਉਂਕਿ ਨਾਬਰੀ ਦੀ ਸੋਚ ਮਾਂ-ਬੋਲੀ ਵਿਚ ਹੀ ਅੱਗੇ ਵਧਦੀ ਹੈ" -ਪ੍ਰੋ. ਰਾਮ ਸਿੰਘ**

'ਪੰਜਾਬੀ ਦੁਨੀਆਂ ਟੀ.ਵੀ.' ਦੇ ਸੀ.ਈ.ਓ. ਹਰਜੀਤ ਸਿੰਘ ਗਿੱਲ ਨੇ ਆਫ਼ੀਸ਼ੀਅਲ ਲੈਂਗੂਏਜ ਅਤੇ ਕਮਿਊਨੀਕੇਸ਼ਨ ਲੈਂਗੂਏਜ ਸਬੰਧੀ ਨੁਕਤਾ ਉਠਾਉਂਦਿਆਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਹਿੰਦੀ ਨੂੰ ਕੌਮੀ-ਭਾਸ਼ਾ ਨਹੀ, ਸਗੋਂ ਸੰਪਰਕ ਭਾਸ਼ਾ ਹੀ ਬਣਾਇਆ ਗਿਆ ਸੀ। ਬਰੈਂਪਟਨ ਦੀ 'ਜਗਤ ਪੰਜਾਬੀ ਸਭਾ' ਦੇ ਨੁਮਾਇੰਦੇ ਅਜਾਇਬ ਸਿੰਘ ਚੱਠਾ ਨੇ ਵਿਦਵਾਨਾਂ ਨੂੰ ਪੁਸਤਕਾਂ ਵਿਚ ਆਸਾਨ ਸ਼ਬਦਾਂ ਦੀ ਵਰਤੋਂ ਕਰਨ ਲਈ ਕਿਹਾ ਜੋ ਆਮ ਪੱਧਰ ਦੇ ਵਿਅੱਕਤੀਆਂ ਦੀ ਸਮਝ ਵਿਚ ਆ ਜਾਣ।

ਬਰੈਂਪਟਨ ਦੀ ਸਾਹਿਤ ਸਭਾ 'ਕਲਮਾਂ ਦਾ ਕਾਫ਼ਲਾ' ਦੇ ਸੰਚਾਲਕ ਕੁਲਵਿੰਦਰ ਖਹਿਰਾ ਨੇ ਕਿਹਾ ਕਿ ਰਾਜਨੀਤੀ ਦੀ ਆਪਣੀ ਭਾਸ਼ਾ ਹੈ ਅਤੇ ਭਾਸ਼ਾ ਦੀ ਰਾਜਨੀਤੀ ਇਸ ਤੋਂ ਬਿਲਕੁਲ ਵੱਖਰੀ ਹੈ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਨਿੱਤਾ-ਪ੍ਰਤੀ ਦੀਆਂ ਲੋੜਾਂ ਲਈ ਪੰਜਾਬੀਆਂ ਨੂੰ ਮਾਤ-ਭਾਸ਼ਾ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ।

ਪੰਜਾਬੀ ਬੋਲੀ ਸਬੰਧੀ ਵਿਚਾਰ-ਚਰਚਾ ਕਾਫ਼ੀ ਲੰਮੀ ਹੋਣ ਕਾਰਨ ਕਵੀ-ਦਰਬਾਰ ਨੂੰ ਬੇਸ਼ਕ ਸਮਾਂ ਘੱਟ ਮਿਲਿਆ ਪਰ ਇਸ ਸੀਮਿਤ ਸਮੇਂ ਵਿਚ ਗਾਇਕ ਇਕਬਾਲ ਬਰਾੜ, ਪਾਕਿਸਤਾਨ ਤੋਂ ਨਜਮਾ ਮਹਿਮੂਦ ਨਜਮਾ, ਕੈਲਗਰੀ ਤੋਂ ਗੁਰਦੀਸ਼ ਗਰੇਵਾਲ, ਯੂ.ਕੇ. ਤੋਂ ਦਲਵੀਰ ਕੌਰ, ਭਾਰਤ ਤੇ ਕੈਨੇਡਾ ਤੋਂ ਮੰਤਾਨਾ ਮੈਨਨ, ਮਨਜੀਤ ਸੇਖੋਂ, ਹਰਜੀਤ ਭੰਬਰਾ, ਰਵਿੰਦਰ ਕੌਰ ਭਾਟੀਆ, ਕੁਲਜੀਤ ਜੰਜੂਆ, ਕੁਲਜੀਤ ਮਾਨ, ਰਮਿੰਦਰ ਵਾਲੀਆ, ਸੁਰਜੀਤ ਕੌਰ ਅਤੇ ਪਰਮਜੀਤ ਗਿੱਲ ਨੇ ਆਪਣੇ ਗੀਤਾਂ ਤੇ ਕਵਿਤਾਵਾਂ ਨਾਲ ਖ਼ੂਬ ਰੰਗ ਬੰਨ੍ਹਿਆਂ। ਸਮੇਂ ਦੀ ਘਾਟ ਕਾਰਨ ਕਈ ਮੈਂਬਰ ਆਪਣੀਆਂ ਰਚਨਾਵਾਂ ਸਾਂਝੀਆਂ ਨਾ ਕਰ ਸਕੇ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇਂ ਸਮੂਹ ਬੁਲਾਰਿਆਂ ਅਤੇ ਮਹਿਮਾਨਾਂ ਦਾ ਬੜੇ ਭਾਵਪੂਰਤ ਸ਼ਬਦਾਂ ਵਿਚ ਧੰਨਵਾਦ ਕਰਦਿਆਂ ਕਿਹਾ ਕਿ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਪੰਜਾਬੀ ਬੋਲੀ ਨੂੰ ਸਮੱਰਪਿਤ ਇਸ ਤਰ੍ਹਾਂ ਦੇ ਸਮਾਗ਼ਮ ਅਕਸਰ ਉਲੀਕਦੀ ਰਹਿੰਦੀ ਹੈ ਅਤੇ ਭਵਿੱਖ ਵਿਚ ਵੀ ਅਜਿਹੇ ਸਾਰਥਕ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ। ਸਮਾਗ਼ਮ ਨੂੰ ਤਲਵਿੰਦਰ ਮੰਡ ਅਤੇ ਪਰਮਜੀਤ ਢਿੱਲੋਂ ਵੱਲੋਂ ਵਧੀਆ ਤਰਤੀਬ ਦਿੱਤੀ ਗਈ ਅਤੇ ਇਸ ਦੇ ਤਕਨੀਕੀ ਪੱਖ ਨੂੰ ਡਾ. ਜਗਮੋਹਨ ਸੰਘਾ ਵੱਲੋਂ ਬਾਖ਼ੂਬੀ ਨਿਭਾਇਆ ਗਿਆ।

## ਇੰਗਲੈਂਡ ਵਿਚ ਕਰੋਨਾ ਹੁਣ ਆਮ ਵਾਇਰਸ

**ਲੰਡਨ:** ਇੰਗਲੈਂਡ ਸਰਕਾਰ ਨੇ ਐਲਾਨ ਕੀਤਾ ਹੈ ਕਿ ਜਿਹੜੇ ਵਿਅਕਤੀ ਕੋਵਿਡ-19 ਤੋਂ ਪੀੜਤ ਹਨ, ਉਨ੍ਹਾਂ ਨੂੰ ਅਗਲੇ ਹਫਤੇ ਤੋਂ ਕਾਨੂੰਨੀ ਤੌਰ 'ਤੇ ਇੰਗਲੈਂਡ 'ਚ ਇਕਾਂਤਵਾਸ 'ਚ ਰਹਿਣ ਦੀ ਲੋੜ ਨਹੀਂ ਹੋਵੇਗੀ। ਬ੍ਰਿਟੇਨ ਨੇ ਕੋਵਿਡ ਨਾਲ ਜਿਊਣ ਦੀ ਯੋਜਨਾ ਤਹਿਤ ਇਹ ਐਲਾਨ ਕੀਤਾ ਹੈ। ਹੁਣ ਕਰੋਨਾ ਨੂੰ ਆਮ ਵਾਇਰਸ ਵਾਂਗ ਹੀ ਮੰਨਿਆ ਜਾਵੇਗਾ। ਇਸ ਗੱਲ ਦੀ ਵੀ ਸੰਭਾਵਨਾ ਹੈ ਕਿ ਕਰੋਨਾ ਦੀ ਜਾਂਚ ਵੀ ਘੱਟ ਕੀਤੀ ਜਾਵੇਗੀ।

ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਕਿਹਾ ਕਿ ਕਰੋਨਾ ਨੂੰ ਫੈਲਣ ਤੋਂ ਰੋਕਣ ਲਈ ਲਾਈਆਂ ਗਈਆਂ ਸਾਰੀਆਂ ਕਾਨੂੰਨੀ ਪਾਬੰਦੀਆਂ ਖਤਮ ਕੀਤੇ ਜਾਣ ਨਾਲ ਬ੍ਰਿਟੇਨ 'ਚ ਲੋਕ 'ਆਜ਼ਾਦੀ 'ਤੇ ਪਾਬੰਦੀ ਲਾਏ ਬਿਨਾਂ ਆਪਣੀ ਰੱਖਿਆ ਕਰ ਸਕਣਗੇ।' ਉਂਜ ਸਰਕਾਰ ਦੇ ਕੁਝ ਵਿਗਿਆਨੀ ਸਲਾਹਕਾਰਾਂ ਨੇ ਕਿਹਾ ਹੈ ਕਿ ਇਹ ਜੋਖਮ ਭਰਿਆ ਕਦਮ ਹੈ ਜਿਸ ਕਾਰਨ ਲਾਗ ਤੇਜੀ ਨਾਲ ਫੈਲ ਸਕਦੀ ਹੈ ਅਤੇ ਭਵਿੱਖ 'ਚ ਆਉਣ ਵਾਲੇ ਵਾਇਰਸ ਦੇ ਹੋਰ ਸਰੂਪਾਂ ਖਿਲਾਫ ਮੁਲਕ ਦੀ ਸੁਰੱਖਿਆ ਪ੍ਰਣਾਲੀ ਕਮਜ਼ੋਰ ਪੈ ਸਕਦੀ ਹੈ। ਜੌਹਨਸਨ ਦੀ ਅਗਵਾਈ ਹੇਠਲੀ ਕੰਜਰਵੇਟਿਵ ਪਾਰਟੀ ਦੀ ਸਰਕਾਰ ਨੇ ਜਨਵਰੀ 'ਚ ਜ਼ਿਆਦਾਤਰ ਪਾਬੰਦੀਆਂ ਹਟਾ ਲਈਆਂ ਸਨ। ਸਕਾਟਲੈਂਡ, ਵੇਲਜ ਅਤੇ ਨੌਰਦਰਨ ਆਇਰਲੈਂਡ 'ਚ ਵੀ ਪਾਬੰਦੀਆਂ 'ਚ ਢਿੱਲ ਦਿੰਦਿਆਂ ਜ਼ਿਆਦਾਤਰ ਹਾਲਾਤ ਆਮ ਵਰਗੇ ਹੋ ਗਏ ਹਨ। ਇੰਗਲੈਂਡ ਦੇ ਹਸਪਤਾਲਾਂ ਨੂੰ ਛੱਡ ਕੇ ਹੋਰ ਥਾਵਾਂ 'ਤੇ ਮਾਸਕ ਲਾਜ਼ਮੀ ਦੀ ਸ਼ਰਤ ਪਹਿਲਾਂ ਹੀ ਖਤਮ ਕੀਤੀ ਜਾ ਚੁੱਕੀ ਹੈ।


ਖੁੱਲ੍ਹ ਗਿਆ ਹੈ! ਖੁੱਲ੍ਹ ਗਿਆ ਹੈ!! ਖੁੱਲ੍ਹ ਗਿਆ ਹੈ!!!



Rosie Sandhu, MSN, NP-C
Co-Founder & Owner
Website: harmonyprimarycare.com

ਤੁਹਾਡੀ ਸਿਹਤ ਤੇ ਸੁੰਦਰਤਾ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇੱਥੇ ਉਪਲੱਬਧ ਹਨ

SERVICES:

ਪ੍ਰਾਇਮਰੀ ਕੇਅਰ /ਸਾਲਾਨਾ ਮੈਡੀਕਲ ਚੈਕਅੱਪ
ਡੀ.ਓ.ਟੀ.
ਪਰੀ ਇੰਪਲਾਈਮੈਂਟ ਫਿਜ਼ੀਕਲ
ਹਾਈ ਸਕੂਲ ਸਪੋਰਟ ਫਿਜ਼ੀਕਲ
ਮੈਡੀਕਲ ਸਪਾ ਸੇਵਾਵਾਂ

BOTOX
Dermal filler
Micro-Needling
Kybella
Lip Blushing
Immune Boost Injections




640 Patrick place, Suite B, Brownsburg, IN 46112
Contact: (317)456-0411

Derma Plane
Skin Medica Chemical Peels
PRP Micro Needling
B12 Injections
Vitamin D Injections
Lipi-Mino Injections



Kamna Agarwal, OTC & Certified Yoga Instructor
Co-Founder & Owner

We also offer a variety of Yoga classes including Bikram Style Yoga.

Serving Indian American community in Hendricks County and all surrounding counties in Indiana. Our aim is to bring a unique concept of primary care, aesthetics, yoga, and wellness under one roof.

We will soon be launching laser treatments, acupuncture, and Ayurvedic supplements!

Hours: Open Tuesday-Friday 8 am to 4pm
Saturday 11:30 am to 3:30 pm

# ਯੂਕਰੇਨ ’ਤੇ ਰੂਸ ਦੇ ਹਮਲੇ ਦਾ ਖਦਸ਼ਾ ਵਧਿਆ

**ਕੀਵ:** ਯੂਕਰੇਨੀ ਫੌਜੀਆਂ ਅਤੇ ਰੂਸੀ ਹਮਾਇਤ ਪ੍ਰਾਪਤ ਵੱਖਵਾਦੀਆਂ ਵਿਚਕਾਰ ਸੰਪਰਕ ਰੇਖਾ ‘ਤੇ ਸੈਂਕੜੇ ਗੋਲੇ ਫਟਣ ਅਤੇ ਹਜ਼ਾਰਾਂ ਲੋਕਾਂ ਨੂੰ ਪੂਰਬੀ ਯੂਕਰੇਨ ‘ਚੋਂ ਕੱਢੇ ਜਾਣ ਨਾਲ ਇਸ ਗੱਲ ਦਾ ਖਦਸ਼ਾ ਹੋਰ ਵਧ ਗਿਆ ਹੈ ਕਿ ਰੂਸ ਵੱਲੋਂ ਛੇਤੀ ਹੀ ਹਮਲਾ ਕੀਤਾ ਜਾ ਸਕਦਾ ਹੈ।

ਪੱਛਮੀ ਮੁਲਕਾਂ ਨੇ ਚਿਤਾਵਨੀ ਦਿੱਤੀ ਕਿ ਰੂਸ ਗੁਆਂਢੀ ਮੁਲਕ ਯੂਕਰੇਨ ‘ਤੇ ਹਮਲਾ ਕਰਨ ਦੀ ਤਿਆਰੀ ‘ਚ ਹੈ ਜਿਸ ਨੂੰ ਤਿੰਨ ਪਾਸਿਆਂ ਤੋਂ ਡੇਢ ਲੱਖ ਦੇ ਕਰੀਬ ਰੂਸੀ ਫੌਜ ਨੇ ਘੇਰਿਆ ਹੋਇਆ ਹੈ। ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜੇਲੈਂਸਕੀ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਕਿਹਾ ਹੈ ਕਿ ਉਹ ਮੀਟਿੰਗ ਲਈ ਕੋਈ ਥਾਂ ਚੁਣ ਲੈਣ ਤਾਂ ਜੋ ਸੰਕਟ ਨੂੰ ਟਾਲਿਆ ਜਾ ਸਕੇ।

ਜੇਲੈਂਸਕੀ ਨੇ ਮਿਊਨਿਖ ਸੁਰੱਖਿਆ ਕਾਨਫਰੰਸ ‘ਚ ਕਿਹਾ, ’ਯੂਕਰੇਨ ਸ਼ਾਂਤਮਈ ਸਮਝੌਤੇ ਲਈ ਕੂਟਨੀਤੀ ਦਾ ਰਾਹ ਅਪਣਾਉਣ ਦੀਆਂ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੇਗਾ।’ ਯੂਕਰੇਨ ਵੱਲੋਂ ਦਿੱਤੀ ਗਈ ਪੇਸ਼ਕਸ਼ ਦਾ ਕ੍ਰੈਮਲਿਨ ਤੋਂ ਕੋਈ ਫੌਰੀ ਜਵਾਬ ਨਹੀਂ ਮਿਲਿਆ ਹੈ। ਪੂਰਬੀ ਯੂਕਰੇਨ ‘ਚ ਵੱਖਵਾਦੀ ਆਗੂਆਂ ਵੱਲੋਂ ਫੌਜ ਇਕੱਠੀ ਕਰਨ ਅਤੇ ਨਾਗਰਿਕਾਂ ਨੂੰ ਰੂਸ ਭੇਜੇ ਜਾਣ ਦੀਆਂ ਖਬਰਾਂ ਮਗਰੋਂ ਜੇਲੈਂਸਕੀ ਨੇ ਪੂਤਿਨ ਨਾਲ ਗੱਲਬਾਤ ਦਾ ਸੱਦਾ ਦਿੱਤਾ ਹੈ।

# ਵੈਨਕੂਵਰ ਵਿਚਾਰ ਮੰਚ ਨੇ ਮਨਾਇਆ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ

**ਸਰੀ:** ਵੈਨਕੂਵਰ ਵਿਚਾਰ ਮੰਚ ਵਲੋਂ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ ਗਿਆ। ਇਸ ਮੌਕੇ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਮਾਤ ਭਾਸ਼ਾ ਦਿਵਸ ਦੀ ਮਹੱਤਤਾ ਅਤੇ ਇਸ ਦੇ ਪਿਛੋਕੜ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਤ ਭਾਸ਼ਾ ਦਿਵਸ ਦਾ ਮੁੱਢ 21 ਫਰਵਰੀ, 1952 ਨੂੰ ਉਸ ਸਮੇਂ ਬੱਝਿਆ ਸੀ ਜਦੋਂ ਢਾਕਾ ਵਿਖੇ ਬੰਗਲਾ ਭਾਸ਼ਾ ਦੇ ਲੋਕ ਆਪਣੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦੇਣ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਸਨ ਅਤੇ ਪੁਲੀਸ ਵਲੋਂ ਉਨ੍ਹਾਂ ਉਪਰ ਫਾਇਰਿੰਗ ਕੀਤੀ ਗਈ, ਜਿਸ ਨਾਲ ਕਈ ਲੋਕ ਮਾਰੇ ਗਏ ਸਨ। ਇਸ ਤੋਂ ਬਾਅਦ 1998 ਵਿਚ ਵੈਨਕੂਵਰ ਦੇ ਵਸਨੀਕ ਇਕ ਬੰਗਾਲੀ ਵਿਅਕਤੀ ਨੇ ਯੂਨੈਸਕੋ ਨੂੰ ਇਸ ਸਬੰਧੀ ਪੱਤਰ ਲਿਖ ਕੇ ਮੰਗ ਕੀਤੀ ਕਿ ਮਾਤ ਭਾਸ਼ਾ ਨੂੰ ਪੂਰੀ ਦੁਨੀਆ ਵਿਚ ਮਨਾਇਆ ਜਾਣਾ ਚਾਹੀਦਾ ਹੈ। ਯੂਨੈਸਕੋ ਨੇ ਇਸ ਉਪਰ ਕਾਰਵਾਈ ਕਰਦਿਆਂ 1999 ਵਿਚ ਅੰਤਰ ਰਾਸ਼ਟਰੀ ਮਾਤ ਭਾਸ਼ਾ ਦਿਵਸ ਨੂੰ ਮਾਨਤਾ ਦਿੱਤੀ ਅਤੇ ਯੂਨੈਸਕੋ ਨੇ 2000 ਤੋਂ ਹਰ ਸਾਲ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਉਣਾ ਸ਼ੁਰੂ ਕਰ ਦਿੱਤਾ ਤੇ 2008 ਵਿਚ ਇਸ ਨੂੰ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਕਰਾਰ ਦਿੱਤਾ।

ਪ੍ਰਸਿੱਧ ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਅਸੀਂ ਬੰਗਾਲੀਆਂ ਵਾਂਗ ਪੰਜਾਬੀ ਭਾਸ਼ਾ ਲਈ ਓਨਾ ਕੰਮ ਨਹੀਂ ਕਰ ਸਕੇ, ਜਿਸ ਦੇ ਨਤੀਜੇ ਵਜੋਂ ਪੰਜਾਬੀ ਨੂੰ ਕਾਫੀ ਖੋਰਾ ਲੱਗਿਆ ਹੈ। ਬਹੁਤ ਸਾਰੀਆਂ ਤਾਕਤਾਂ ਵੀ ਪੰਜਾਬੀ ਨੂੰ ਖੋਰਾ ਲਾਉਣ ਲਈ ਜ਼ਿੰਮੇਵਾਰ ਹਨ। ਅਜੇ ਵੀ ਵੇਲਾ ਹੈ ਕਿ ਸਮੂਹ ਪੰਜਾਬੀ ਆਪਣੀ ਮਾਂ ਬੋਲੀ



ਦੀ ਮਹੱਤਤਾ ਸਮਝਣ ਅਤੇ ਇਕਮੁੱਠ ਹੋ ਕੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਆਪੋ-ਆਪਣੇ ਪੱਧਰ ‘ਤੇ ਕਾਰਜਸ਼ੀਲ ਹੋਣ।

ਜਰਨੈਲ ਸਿੰਘ ਚਿੱਤਰਕਾਰ ਨੇ ਕਿਹਾ ਕਿ ਪੰਜਾਬੀ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਇਆ ਜਾਣਾ ਚਾਹੀਦਾ ਹੈ ਅਤੇ ਸਾਇੰਸ ਤੇ ਤਕਨੀਕੀ ਵਿਦਿਆ ਦਾ ਮਾਧਿਅਮ ਵੀ ਪੰਜਾਬੀ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਡਾ ਦੁਖਾਂਤ ਹੈ ਕਿ ਅਸੀਂ ਅੰਗਰੇਜ਼ੀ ਦੀ ਰੱਟ ਲਾਈ ਹੋਈ ਹੈ। ਸਾਡੇ ਮਨਾਂ ਵਿਚ ਇਹ ਭਰਮ ਪੈਦਾ ਕਰ ਦਿੱਤਾ ਗਿਆ ਹੈ ਕਿ ਅੰਗਰੇਜ਼ੀ ਪੜ੍ਹ ਕੇ ਹੀ ਸਾਡੇ ਬੱਚੇ ਵੱਡੇ ਅਫ਼ਸਰ, ਡਾਕਟਰ, ਇੰਜਨੀਅਰ ਬਣ ਸਕਦੇ ਹਨ ਜਾਂ ਉੱਚ ਅਹੁਦੇ ਹਾਸਲ ਕਰ ਸਕਦੇ ਹਨ।

ਸ਼ਾਇਰ ਹਰਦਮ ਸਿੰਘ ਮਾਨ ਨੇ ਕਿਹਾ ਕਿ ਜਿਸ ਤਰ੍ਹਾਂ ਜਾਪਾਨ, ਜਰਮਨੀ ਜਾਂ ਹੋਰ ਕਈ ਦੇਸ਼ਾਂ ਨੇ ਕਰ ਦਿਖਾਇਆ ਹੈ ਕਿ ਅੰਗਰੇਜ਼ੀ ਤੋਂ ਬਿਨਾਂ ਵੀ ਹਰੇਕ ਖੇਤਰ ਵਿਚ ਤਰੱਕੀ ਕੀਤੀ ਜਾ ਸਕਦੀ ਹੈ ਤਾਂ ਪੰਜਾਬੀ ਅਜਿਹਾ ਕਿਉਂ ਨਹੀਂ ਕਰ ਸਕਦੇ? ਸਾਨੂੰ ਆਪਣੇ ਦਿਮਾਗ਼ ਵਿਚੋਂ ਅੰਗਰੇਜ਼ੀ ਦਾ ਜਾਲਾ ਸਾਫ ਕਰ ਦੇਣਾ ਚਾਹੀਦਾ ਹੈ।

ਅੰਗਰੇਜ਼ ਬਰਾੜ ਨੇ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਪੰਜਾਬੀ ਹੁਣ ਵਿਦੇਸ਼ਾਂ ਵਿਚ ਵੀ ਵਧ ਫੁੱਲ ਰਹੀ ਹੈ ਤੇ ਖਾਸ ਕਰਕੇ ਕੈਨੇਡਾ ਵਿਚ ਇਸ ਨੇ ਬਹੁਤ ਸਾਰੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਹਨ। ਇਸ ਮੌਕੇ ਮੰਚ ਵਲੋਂ ਪੰਜਾਬ ਦੇ ਕਿਸਾਨੀ ਸੰਘਰਸ਼ ਨਾਲ ਸਬੰਧਤ ਮੋਹਨ ਗਿੱਲ ਦੀ ਪੁਸਤਕ “ਇਕ ਹੋਰ ਮਹਾਂਭਾਰਤ” ਰਿਲੀਜ਼ ਕੀਤੀ ਗਈ।


Singh Tax & Accounting Services LLC.

Individual & Business Taxes, Accounting, Payroll & Financial Consulting Services.

Services: Individual & Small Businesses Tax Filing, Tax Planning, Set up of new Businesses, IRS Audit representation & Amended Tax Returns

ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ

ਪੰਜਾਬੀ ਤੋਂ ਅੰਗਰੇਜ਼ੀ ’ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

Ph: 248-982-2036



Mohan Singh
Master in Taxation.
IRS Enrolled agent,
Notary Public

Office Locations
Michigan:
36167 Ford Rd.Westland, MI 48185
Minnesota:
6043 Hudson Rd, Suite#399A
Woodbury, Minnesota 55125

Email : jhand_mohan@yahoo.com; www.SinghTaxServices.com



SUPER TRAVEL

847-676-9090, 773-465-5566

E-mail: supertravel2003@live.com

Lowest Fares With Excellent Service

United Airlines
British Airways



Etihad, Air India, KLM, Lufthansa, Delta, Qatar Airlines.

For Emergency Call anytime at 847-673-3825

EARLY BIRD SALE!!!!

Domestic fares available



SERVING WISCONSIN & ILLINOIS STATE

BUYING SELLING RENTING OR INVESTING

SELLING: Best Marketing Tools, Affordable Listing Commission

BUYING: Buy A Home Through Us & Get $1000-$10000 Closing Cost Credit (Some Condition Apply)

Also Get Free Home Inspection & Attorney Service



JESSE SINGH
Ph: 847-606-3664

E-Mail: J.SINGH@REMAX.COM,
WEBSITE: JSINGH.REMAX.COM
REMAX SHOWCASE, LONG GROVE, IL 60060

RE/MAX



Desi Bazar

Under new management.

916 E. Main Street #118, Greenwood, IN, 46143
Tel: 317-888-2040, Fax: 317-887-6116

Lakhvir S. Johal, Ph: 317-709-7800

Help Wanted in the Kitchen

We specialize in all kind of Indian Groceries and Sweets

• FRESH VEGETABLES EVERY THURSDAY
• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ



Sistar Mortgage

Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans

(734) 330-8859 Mobile
(586) 802-7385 Fax
Balbir.Grewal@SistarMortgage.com

Loans Available In Most States!

*Refinance up to 125% value of the house.

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

# ਵਾਅਦਾਖਿਲਾਫੀ ਬਣ ਸਕਦੀ ਹੈ ਕਾਂਗਰਸ ਦੇ ਰਾਹ ਵਿਚ ਰੋੜਾ

**ਚੰਡੀਗੜ੍ਹ:** ਪੰਜਾਬ ਵਿਚ ਵਿਧਾਨ ਸਭਾ ਚੋਣਾਂ ਦਾ ਅਮਲ ਸਿਰੇ ਚੜ੍ਹ ਗਿਆ ਹੈ। ਸਿਆਸੀ ਧਿਰਾਂ ਨੂੰ ਹੁਣ 10 ਮਾਰਚ ਦੀ ਉਡੀਕ ਹੈ, ਜਿਸ ਦਿਨ ਚੋਣ ਨਤੀਜੇ ਐਲਾਨੇ ਜਾਣਗੇ। ਸੱਤਾਧਾਰੀ ਕਾਂਗਰਸ ਲਈ ਇਹ ਦਿਨ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੋਵੇਗਾ। ਕਾਂਗਰਸ ਸਰਕਾਰ ਦੀ ਵਾਅਦਾਖਿਲਾਫੀ ਇਨ੍ਹਾਂ ਚੋਣਾਂ ਵਿਚ ਵੱਡਾ ਮੁੱਦਾ ਸੀ।

ਮਾਝੇ ਦੇ ਚਾਰ ਜ਼ਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ ਅਤੇ ਪਠਾਨਕੋਟ ਦੇ 25 ਵਿਧਾਨ ਸਭਾ ਹਲਕਿਆਂ ਵਿਚ ਸੱਤਾਧਾਰੀ ਕਾਂਗਰਸ ਦੇ ਉਮੀਦਵਾਰਾਂ ਲਈ ਆਪਣੀ ਸਥਿਤੀ ਬਰਕਰਾਰ ਰੱਖਣਾ ਵੱਡੀ ਚੁਣੌਤੀ ਹੈ। ਵਧੇਰੇ ਹਲਕਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਕਾਰਨ ਤਿਕੋਣੇ ਤੇ ਕਈ ਹਲਕਿਆਂ ਵਿਚ ਚਹੁੰਕੋਣੇ ਮੁਕਾਬਲੇ ਵਾਲੀ ਸਥਿਤੀ ਬਣੀ ਹੋਈ ਹੈ।

2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਮਾਝੇ ਦੇ 25 ਹਲਕਿਆਂ ਵਿੱਚੋਂ 22 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਸੀ। ਇਸ ਦੌਰਾਨ 2012 ਦੀ ਜੇਤੂ ਅਕਾਲੀ-ਭਾਜਪਾ ਗੱਠਜੋੜ ਨੂੰ ਸਿਰਫ ਤਿੰਨ ਹਲਕਿਆਂ ਵਿਚ ਹੀ ਜਿੱਤ ਪ੍ਰਾਪਤ ਹੋਈ ਸੀ ਅਤੇ ਆਮ ਆਦਮੀ ਪਾਰਟੀ ਮਾਝੇ ਵਿੱਚ ਖਾਤਾ ਵੀ ਨਹੀਂ ਖੋਲ੍ਹ ਸਕੀ ਸੀ।

ਕਾਂਗਰਸ ਦੀ ਇਹ ਵੱਡੀ ਜਿੱਤ ਵੱਡੇ ਵਾਅਦਿਆਂ ਨਾਲ ਪ੍ਰਾਪਤ ਹੋਈ ਸੀ, ਜਿਸ ਵਿਚ ਨਸ਼ਿਆਂ ਦਾ ਖਾਤਮਾ, ਬਰਗਾੜੀ ਬੇਅਦਬੀ ਕਾਂਡ ਵਿਚ ਮੁਲਜ਼ਮਾਂ ਖਿਲਾਫ ਕਾਰਵਾਈ, ਘਰ-ਘਰ ਨੌਕਰੀ ਅਤੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੇ ਵਾਅਦੇ ਸ਼ਾਮਲ ਸਨ ਪਰ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਲੋਕਾਂ ਨਾਲ ਕੀਤੇ ਇਹ ਵਾਅਦੇ ਪੂਰੇ ਨਾ ਕਰਨ, ਪਾਰਟੀ ਦੀ ਅੰਦਰੂਨੀ ਖਿਚੋਤਾਣ ਤੇ ਫੁੱਟ ਅਤੇ ਵਿਕਾਸ ਦੇ ਨਾਂ



'ਤੇ ਕੁਝ ਵੀ ਠੋਸ ਨਾ ਕਰਨ ਕਾਰਨ ਨੁਕਸਾਨ ਝੱਲਣਾ ਪੈ ਸਕਦਾ ਹੈ। ਇਸ ਵੇਲੇ ਮਾਝੇ ਦੇ ਚਾਰੋਂ ਜ਼ਿਲ੍ਹਿਆਂ ਵਿਚ ਕਾਂਗਰਸੀ ਉਮੀਦਵਾਰਾਂ ਲਈ ਆਪਣੀ ਸਥਿਤੀ ਨੂੰ ਬਰਕਰਾਰ ਰੱਖਣਾ ਵੱਡੀ ਚੁਣੌਤੀ ਬਣੀ ਹੋਈ ਹੈ। ਇਥੇ ਕਾਂਗਰਸ ਦੇ ਕਈ ਅਹਿਮ ਉਮੀਦਵਾਰਾਂ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ, ਜਿਨ੍ਹਾਂ ਵਿਚ ਅੰਮ੍ਰਿਤਸਰ ਪੂਰਬੀ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ਜੰਡਿਆਲਾ ਤੋਂ ਕਾਰਜਕਾਰੀ ਪ੍ਰਧਾਨ ਸੁਖਵਿੰਦਰ ਸਿੰਘ ਡੈਨੀ ਬੰਡਾਲਾ, ਅੰਮ੍ਰਿਤਸਰ ਕੇਂਦਰੀ ਤੋਂ ਉਪ ਮੁੱਖ ਮੰਤਰੀ ਓਪੀ ਸੋਨੀ, ਰਾਜਾਸਾਂਸੀ ਤੋਂ ਕੈਬਨਿਟ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ, ਅੰਮ੍ਰਿਤਸਰ ਪੱਛਮੀ ਤੋਂ ਕੈਬਨਿਟ ਮੰਤਰੀ ਰਾਜ ਕੁਮਾਰ ਵੇਰਕਾ, ਇਸੇ ਤਰ੍ਹਾਂ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਤੋਂ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਫਤਹਿਗੜ੍ਹ ਚੂੜੀਆਂ ਤੋਂ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਦੀਨਾਨਗਰ ਤੋਂ ਕਾਂਗਰਸ ਦੀ ਸੀਨੀਅਰ ਆਗੂ ਅਰੁਣਾ ਚੌਧਰੀ ਅਤੇ ਕਾਦੀਆਂ ਤੋਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਸ਼ਾਮਲ ਹਨ।

ਅੰਮ੍ਰਿਤਸਰ ਦਾ ਪੂਰਬੀ ਹਲਕਾ ਇਸ ਵੇਲੇ 'ਹੌਟ ਸੀਟ' ਬਣਿਆ ਹੋਇਆ ਹੈ, ਜਿਸ 'ਤੇ ਸਮੁੱਚੇ ਪੰਜਾਬ ਦੀ ਨਿਗ੍ਹਾ ਹੈ। ਇਥੋਂ ਕਾਂਗਰਸ ਦੇ ਨਵਜੋਤ ਸਿੰਘ ਸਿੱਧੂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਵਿਚਾਲੇ ਫਸਵਾਂ ਮੁਕਾਬਲਾ ਹੈ। ਦੋਵੇਂ ਹੀ ਸਿਆਸੀ ਆਗੂ ਹੁਣ ਤੱਕ ਲਗਾਤਾਰ ਚੋਣ ਜਿੱਤਦੇ ਰਹੇ ਹਨ ਪਰ ਇਸ ਵਾਰ ਦੋਵਾਂ ਵਿੱਚੋਂ ਕਿਸੇ ਇੱਕ ਦੀ ਹਾਰ ਤੈਅ ਹੈ। ਦੋਵਾਂ ਵੱਲੋਂ ਹੀ ਜਿੱਤ ਲਈ ਸਿਰ ਧੜ ਦੀ ਬਾਜੀ ਲਾਈ ਗਈ ਹੈ।

ਇਸੇ ਤਰ੍ਹਾਂ ਅੰਮ੍ਰਿਤਸਰ ਉੱਤਰੀ ਵਿਧਾਨ ਸਭਾ ਹਲਕਾ ਵੀ ਖਿੱਚ ਦਾ ਕੇਂਦਰ ਹੈ, ਜਿੱਥੋਂ ਬਰਗਾੜੀ ਬੇਅਦਬੀ ਕਾਂਡ ਦੀ ਜਾਂਚ ਦੌਰਾਨ ਨੌਕਰੀ ਤੋਂ ਅਸਤੀਫਾ ਦੇਣ ਵਾਲੇ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਚੋਣ ਲੜ ਰਹੇ ਹਨ। ਉਨ੍ਹਾਂ ਦੇ ਮੁਕਾਬਲੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਦੋ ਵਾਰ ਦੇ ਜੇਤੂ ਅਨਿਲ ਜੋਸ਼ੀ ਮੈਦਾਨ ਵਿਚ ਹਨ। ਇਥੇ ਕਾਂਗਰਸ ਦੇ ਮੌਜੂਦਾ ਵਿਧਾਇਕ ਸੁਨੀਲ ਦੱਤੀ ਅਤੇ ਭਾਜਪਾ ਦੇ ਸੁਖਮਿੰਦਰ ਸਿੰਘ ਪਿੰਟੂ ਮੈਦਾਨ ਵਿੱਚ ਹਨ। ਇਸ ਹਲਕੇ ਵਿਚ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਵੱਕਾਰ ਦਾਅ 'ਤੇ ਲੱਗਿਆ ਹੋਇਆ ਹੈ। ਇਸੇ ਤਰ੍ਹਾਂ ਬਾਕੀ ਹਲਕਿਆਂ ਵਿੱਚ ਵੀ ਫਸਵੇਂ ਮੁਕਾਬਲੇ ਹਨ। ਜ਼ਿਲ੍ਹੇ ਦੇ ਦਿਹਾਤੀ ਹਲਕਿਆਂ ਵਿਚ ਇਸ ਵਾਰ ਬਦਲਾਅ ਦੇ ਨਾਂ ਉਤੇ 'ਆਪ' ਦੀ ਵਧੇਰੇ ਚਰਚਾ ਹੈ। ਅਜਨਾਲਾ, ਰਾਜਾਸਾਂਸੀ, ਅਟਾਰੀ, ਬਾਬਾ ਬਕਾਲਾ, ਜੰਡਿਆਲਾ ਅਤੇ ਸ਼ਹਿਰ ਦੇ ਦੱਖਣੀ ਤੇ ਪੱਛਮੀ ਵਿਧਾਨ ਸਭਾ ਹਲਕੇ ਵਿੱਚ 'ਆਪ' ਉਮੀਦਵਾਰ ਸਖਤ ਟੱਕਰ ਦਿੰਦੇ ਦਿਖਾਈ ਦੇ ਰਹੇ ਹਨ। ਤਰਨ ਤਾਰਨ ਜ਼ਿਲ੍ਹੇ ਦੀਆਂ ਚਾਰ ਸੀਟਾਂ 'ਤੇ ਵੀ ਕਾਂਗਰਸ ਉਮੀਦਵਾਰਾਂ ਨੂੰ ਸਖਤ ਚੁਣੌਤੀ ਮਿਲ ਰਹੀ ਹੈ। ਇਥੇ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਵੱਲੋਂ ਸਖਤ ਮੁਕਾਬਲਾ ਦਿੱਤਾ ਗਿਆ ਹੈ। ਕਿਸਾਨ ਮੋਰਚੇ ਦਾ ਇਸ ਇਲਾਕੇ ਵਿਚ ਵੱਡਾ ਪ੍ਰਭਾਵ ਰਿਹਾ ਹੈ। ਕਿਸਾਨ ਮੋਰਚੇ ਵਿਚ ਸ਼ਾਮਲ ਕਈ ਧਿਰਾਂ ਵੱਲੋਂ ਬਦਲਾਅ ਦੇ ਨਾਂ 'ਤੇ ਵੋਟਾਂ ਰਵਾਇਤੀ ਪਾਰਟੀਆਂ ਤੋਂ ਹਟ ਕੇ ਪਾਈਆਂ ਜਾ ਸਕਦੀਆਂ ਹਨ। ਪੱਟੀ ਅਤੇ ਖੇਮਕਰਨ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ 'ਆਪ' ਕਾਂਗਰਸ ਨੂੰ ਸਖਤ ਟੱਕਰ ਦਿੰਦੀ ਦਿਖਾਈ ਦੇ ਰਹੀ ਹੈ। ਤਰਨ ਤਾਰਨ ਅਤੇ ਖਡੂਰ ਸਾਹਿਬ ਵਿਚ ਵੀ ਸਖਤ ਮੁਕਾਬਲਾ ਹੈ।

ਗੁਰਦਾਸਪੁਰ ਜ਼ਿਲ੍ਹੇ ਦੇ ਸੱਤ ਹਲਕਿਆਂ ਵਿਚ ਵੀ ਮੁਕਾਬਲੇ ਵਾਲੀ ਸਥਿਤੀ ਹੈ। ਇਥੇ ਦੀਨਾਨਗਰ ਹਲਕੇ ਵਿਚ ਕਾਂਗਰਸੀ ਉਮੀਦਵਾਰ ਬਿਹਤਰ ਸਥਿਤੀ ਵਿਚ ਦੱਸੇ ਜਾ ਰਹੇ ਹਨ, ਜਦੋਂ ਕਿ ਕਾਦੀਆਂ, ਬਟਾਲਾ, ਫਤਹਿਗੜ੍ਹ ਚੂੜੀਆਂ, ਹਰਗੋਬਿੰਦਪੁਰ ਤੇ ਡੇਰਾ ਬਾਬਾ ਨਾਨਕ ਵਿਚ ਹਾਕਮ ਧਿਰ ਦੇ ਉਮੀਦਵਾਰਾਂ ਦੀ ਚੁਣੌਤੀ ਵਾਲੀ ਸਥਿਤੀ ਹੈ। ਇਥੇ ਵੀ 'ਆਪ' ਅਤੇ ਸ਼੍ਰੋਮਣੀ ਅਕਾਲੀ ਦਲ ਹਾਕਮ ਧਿਰ ਨੂੰ ਸਖਤ ਟੱਕਰ ਦੇ ਰਿਹਾ ਹੈ। ਪਠਾਨਕੋਟ ਦੇ ਤਿੰਨ ਹਲਕਿਆਂ ਸੁਜਾਨਪੁਰ, ਭੋਆ ਅਤੇ ਪਠਾਨਕੋਟ ਵਿੱਚ ਵੀ ਕਾਂਗਰਸੀ ਉਮੀਦਵਾਰਾਂ ਲਈ ਸਖਤ ਟੱਕਰ ਵਾਲੀ ਸਥਿਤੀ ਹੈ। 2017 ਵਿਚ ਦੋ ਹਲਕਿਆਂ ਤੋਂ ਕਾਂਗਰਸ ਅਤੇ ਇਕ ਹਲਕੇ ਤੋਂ ਭਾਜਪਾ ਜੇਤੂ ਰਹੀ ਸੀ।

## ਅੰਮ੍ਰਿਤਸਰ ਪੂਰਬੀ ਬਣੀ ਪੰਜਾਬ ਦੀ ਵੱਕਾਰੀ ਸੀਟ

**ਅੰਮ੍ਰਿਤਸਰ:** ਵਿਧਾਨ ਸਭਾ ਹਲਕਾ (18) ਅੰਮ੍ਰਿਤਸਰ ਪੂਰਬੀ ਪੰਜਾਬ ਦੀ ਵੱਕਾਰੀ ਸੀਟ ਬਣ ਚੁੱਕੀ ਹੈ। ਇਥੋਂ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਮਾਝੇ ਦੇ ਜਰਨੈਲ ਵਜੋਂ ਜਾਣੇ ਜਾਂਦੇ ਬਿਕਰਮ ਸਿੰਘ ਮਜੀਠੀਆ ਦਰਮਿਆਨ ਜਬਰਦਸਤ ਟੱਕਰ ਸੀ। ਬਿਕਰਮ ਮਜੀਠੀਆ ਹਲਕਾ ਮਜੀਠਾ ਤੋਂ ਸ਼੍ਰੋਮਣੀ ਅਕਾਲੀ ਦੇ ਮੌਜੂਦਾ ਵਿਧਾਇਕ ਹਨ, ਜਦਕਿ ਨਵਜੋਤ ਸਿੰਘ ਸਿੱਧੂ ਹਲਕਾ ਅੰਮ੍ਰਿਤਸਰ ਪੂਰਬੀ ਤੋਂ ਕਾਂਗਰਸ ਦੇ ਵਿਧਾਇਕ ਹਨ ਤੇ ਸਥਾਨਕ ਸਰਕਾਰਾਂ ਮੰਤਰੀ ਵੀ ਰਹਿ ਚੁੱਕੇ ਹਨ। ਹੁਣ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਨਵਜੋਤ ਸਿੰਘ ਸਿੱਧੂ ਵੱਲੋਂ ਦਿੱਤੀ ਗਈ ਚੁਣੌਤੀ ਨੂੰ ਕਬੂਲਦਿਆਂ ਬਿਕਰਮ ਸਿੰਘ ਮਜੀਠੀਆ ਨੇ ਆਪਣਾ ਹਲਕਾ ਮਜੀਠਾ ਛੱਡ ਕੇ ਹਲਕਾ ਪੂਰਬੀ ਤੋਂ ਚੋਣ ਲੜਨ ਦਾ ਫੈਸਲਾ ਕੀਤਾ, ਜਦਕਿ ਮਜੀਠਾ ਦੀ ਸੀਟ ਤੋਂ ਹੁਣ ਉਨ੍ਹਾਂ ਦੀ ਪਤਨੀ ਗਨੀਵ ਕੌਰ ਚੋਣ ਮੈਦਾਨ ਵਿਚ ਹਨ। 2012 ਤੋਂ ਸਿੱਧੂ ਜੋੜਾ ਹਲਕਾ ਪੂਰਬੀ ਦੀ ਨੁਮਾਇੰਦਗੀ ਕਰ ਰਿਹਾ ਹੈ। ਕਾਂਗਰਸ ਲਈ ਇਹ ਸੀਟ ਸਾਂਭਣੀ ਵੱਡੀ ਚੁਣੌਤੀ ਹੈ।

# ਸਿੱਖ ਬਿਜ਼ਨਸਮੈਨ ਸੰਦੀਪ ਚਾਹਲ ਕੌਂਟਰਾ ਕੌਸਟਾ ਟਰਾਂਸਪੋਰਟੇਸ਼ਨ ਅਥਾਰਟੀ ਵਿਚ ਨਾਮਜ਼ਦ

**ਬਰੈਂਟਵੁੱਡ (ਕੈਲੀਫੋਰਨੀਆ):** ਕੈਲੀਫੋਰਨੀਆ ਦੇ ਉੱਘੇ ਸਿੱਖ ਕਾਰੋਬਾਰੀ ਸੰਦੀਪ ਸਿੰਘ ਚਾਹਲ ਨੂੰ 8 ਫਰਵਰੀ, 2026 ਤਕ ਚਾਰ ਸਾਲ ਦੇ ਕਾਰਜਕਾਲ ਲਈ ਕੌਂਟਰਾ ਕੌਸਟਾ ਟਰਾਂਸਪੋਰਟੇਸ਼ਨ ਅਥਾਰਟੀ (ਸੀ.ਸੀ.ਟੀ.ਏ) ਵਿਚ ਨਾਮਜ਼ਦ ਕੀਤਾ ਗਿਆ ਹੈ। ਚਾਹਲ ਪਹਿਲੇ ਸਿੱਖ ਹਨ, ਜਿਨ੍ਹਾਂ ਨੂੰ ਕੌਂਟਰਾ ਕੋਸਟਾ ਕਾਊਂਟੀ ਟਰਾਂਸਪੋਰਟ ਅਥਾਰਟੀ (ਸੀ.ਸੀ.ਟੀ.ਏ) ਵਿੱਚ ਨਿਯੁਕਤ ਕੀਤਾ ਗਿਆ ਹੈ, ਜੋ ਨਾਗਰਿਕ ਦ੍ਰਿਸ਼ਟੀਕੋਣ, ਭਾਗੀਦਾਰੀ ਅਤੇ ਸੀ.ਸੀ.ਟੀ.ਏ ਦੀ $3 ਬਿਲੀਅਨ ਵੋਟਰ ਪ੍ਰਵਾਨਿਤ ਟ੍ਰਾਂਸਪੋਰਟੇਸ਼ਨ ਖਰਚ ਯੋਜਨਾ ਅਤੇ ਵਿਕਾਸ ਪ੍ਰਬੰਧਨ ਪ੍ਰੋਗਰਾਮ ਵਿਚ ਸ਼ਮੂਲੀਅਤ ਪ੍ਰਦਾਨ ਕਰਨ ਲਈ ਇਕ ਸਥਾਈ ਨਾਗਰਿਕ ਸਲਾਹਕਾਰ ਕਮੇਟੀ (ਸੀ.ਏ.ਸੀ) ਨੂੰ ਕਾਇਮ ਰੱਖਦੀ ਹੈ, ਜਿਸ ਵਿਚ 23 ਮੈਂਬਰ ਸ਼ਾਮਲ ਹੁੰਦੇ ਹਨ। ਇਨ੍ਹਾਂ ਮੈਂਬਰਾਂ ਵਿਚੋਂ ਕੌਂਟਰਾ ਕੋਸਟਾ ਕਾਊਂਟੀ ਦੇ ਅੰਦਰ 20 ਸਥਾਨਕ ਅਧਿਕਾਰ ਖੇਤਰ ਵਿਚੋਂ ਹਰੇਕ ਜ਼ਿਲ੍ਹੇ ਦੁਆਰਾ ਕੁਲ 20 ਮੈਂਬਰ ਨਿਯੁਕਤ ਕੀਤੇ ਜਾਂਦੇ ਹਨ। ਸੰਦੀਪ ਸਿੰਘ ਚਾਹਲ ਦੀ ਨਿਯੁਕਤੀ ਦੀ ਸਿਫ਼ਾਰਸ਼ ਸਿਟੀ ਆਫ਼ ਬਰੈਂਟਵੁੱਡਜ਼ ਨੇ 8 ਫਰਵਰੀ, 2026 ਤਕ ਚਾਰ ਸਾਲਾਂ ਦੀ ਮਿਆਦ ਲਈ ਕੌਂਟਰਾ ਕੋਸਟਾ ਟਰਾਂਸਪੋਰਟੇਸ਼ਨ ਅਥਾਰਟੀ ਦੀ ਸਿਟੀਜ਼ਨ ਐਡਵਾਈਜ਼ਰੀ ਕਮੇਟੀ ਨੂੰ ਕੀਤੀ ਸੀ।



ਇਸ ਤੋਂ ਪਹਿਲਾਂ ਕੈਲੀਫੋਰਨੀਆ ਸਟੇਟ ਅਸੈਂਬਲੀ ਵਲੋਂ ਚਾਹਲ ਨੂੰ 'ਕਮਿਊਨਿਟੀ ਹੀਰੋ' ਵਜੋਂ ਸਨਮਾਨਿਤ ਕੀਤਾ ਗਿਆ ਸੀ। ਸੈਨਹੌਜ਼ੇ ਸਿਟੀ ਕਾਲਜ ਮਿਲਪੀਟਸ ਐਕਸਟੈਂਸ਼ਨ ਵਿਖੇ ਆਯੋਜਿਤ ਪੁਰਸਕਾਰ ਸਮਾਰੋਹ ਦੌਰਾਨ ਕੋਵਿਡ-19 ਮਹਾਮਾਰੀ ਦੌਰਾਨ ਉਨ੍ਹਾਂ ਦੀਆਂ ਵਾਲੰਟੀਅਰ ਸੇਵਾਵਾਂ ਲਈ ਅਸੈਂਬਲੀ ਮੈਂਬਰ ਕਾਂਸਨ ਚੂ ਦੁਆਰਾ ਕੈਲੀਫੋਰਨੀਆ ਅਸੈਂਬਲੀ ਦੀ ਤਰਫੋਂ ਉਨ੍ਹਾਂ ਨੂੰ ਇਹ ਪੁਰਸਕਾਰ ਦਿੱਤਾ ਗਿਆ। ਇਸ ਮੌਕੇ ਸ. ਚਾਹਲ ਨੇ ਕਿਹਾ ਕਿ ਇਹ ਪੁਰਸਕਾਰ ਉਨ੍ਹਾਂ ਦੀ ਟੀਮ ਦੇ ਉਨ੍ਹਾਂ ਸਾਰੇ ਮੈਂਬਰਾਂ ਲਈ ਹੈ, ਜਿਨ੍ਹਾਂ ਨੇ ਕੋਵਿਡ-19 ਮਹਾਮਾਰੀ ਦੌਰਾਨ ਆਪਣੇ ਪਰਿਵਾਰ ਦੇ ਮੈਂਬਰਾਂ ਦੇ ਨਾਲ-ਨਾਲ ਸਮਾਜ ਦੀ ਸੇਵਾ ਕਰਨ ਲਈ ਦਿਨ-ਰਾਤ ਕੰਮ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਸਿਰਫ਼ ਇਹ ਐਵਾਰਡ ਹਾਸਲ ਕਰਨ ਲਈ ਨਹੀਂ ਬਲਕਿ ਮਹਾਨ ਗੁਰੂਆਂ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਸੇਵਾ ਕੀਤੀ ਹੈ।

2016 ਵਿਚ ਸੰਦੀਪ ਸਿੰਘ ਚਾਹਲ ਨੇ ਬਿਜ਼ਨਸ ਪਰਸਨਜ਼ ਦੀ ਇਕ ਕਾਨਫਰੰਸ ਦੌਰਾਨ ਲਾਸ ਏਂਜਲਸ ਵਿਖੇ "ਰਾਈਜ਼ਿੰਗ ਸਟਾਰ ਆਫ਼ ਦਾ ਈਅਰ" ਐਵਾਰਡ ਜਿੱਤਿਆ। ਕਈ ਸਿੱਖ ਅਤੇ ਸਮਾਜਿਕ ਜਥੇਬੰਦੀਆਂ ਨੇ ਕੌਂਟਰਾ ਕੌਸਟਾ ਟਰਾਂਸਪੋਰਟੇਸ਼ਨ ਅਥਾਰਟੀ (ਸੀ.ਸੀ.ਟੀ.ਏ.) 'ਚ ਸੰਦੀਪ ਸਿੰਘ ਚਾਹਲ ਦੀ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਕੈਲੀਫੋਰਨੀਆ ਵਿਚ ਸ. ਚਾਹਲ ਦੀਆਂ ਸਮਾਜਿਕ, ਧਾਰਮਿਕ ਅਤੇ ਖੇਡ ਦੇ ਖੇਤਰ ਦੀਆਂ ਪ੍ਰਾਪਤੀਆਂ 'ਤੇ ਮਾਣ ਹੈ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

Email:
Homeomedicine@yahoo.com

7021 Village Park Way, Dublin, CA 94568





# ਸੱਤਾ ਪ੍ਰਾਪਤੀ ਵਾਲੀ ਧਿਰ ਲਈ ਚੋਣ ਵਾਅਦੇ ਹੋਣਗੇ ਵੱਡੀ ਚੁਣੌਤੀ

**ਚੰਡੀਗੜ੍ਹ:** ਪੰਜਾਬ ਦੇ ਚੋਣ ਮੈਦਾਨ ਵਿਚ ਨਿੱਤਰੀਆਂ ਪ੍ਰਮੁੱਖ ਸਿਆਸੀ ਧਿਰਾਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਗੱਠਜੋੜ ਨੇ ਸੱਤਾ ਹਾਸਲ ਕਰਨ ਲਈ ਇਸ ਵਾਰੀ ਵੋਟਰਾਂ ਅੱਗੇ ਖੈਰਾਤਾਂ ਦਾ ਚੋਗਾ ਪਾਇਆ ਹੈ। ਇਨ੍ਹਾਂ ਵਿਚੋਂ ਸੱਤਾ ਕਿਸੇ ਵੀ ਧਿਰ ਨੂੰ ਹਾਸਲ ਹੋਵੇ ਪਰ ਜੇਕਰ ਵਾਅਦੇ ਨਿਭਾਉਣ ਦਾ ਸਮਾਂ ਆ ਗਿਆ ਤਾਂ ਤਿੰਨ ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਭਾਰ ਹੇਠ ਦੱਬੀ ਪੰਜਾਬ ਸਰਕਾਰ ਸਾਹਮਣੇ ਵੱਡਾ ਵਿੱਤੀ ਸੰਕਟ ਆ ਜਾਵੇਗਾ।

ਅਸਲ ਵਿਚ, ਪੰਜਾਬ ਦੀਆਂ ਸਿਆਸੀ ਧਿਰਾਂ ਵੱਲੋਂ ਕੁਰਸੀ ਹਾਸਲ ਕਰਨ ਖਾਤਰ ਖੈਰਾਤਾਂ ਵੰਡਣ ਦੀ ਚਲਾਈ ਰਵਾਇਤ ਹੁਣ ਤੱਕ ਸਰਕਾਰ ਦੇ ਕਈ ਅਦਾਰਿਆਂ ਨੂੰ ਦੀਵਾਲੀਆ ਕਰਨ ਦਾ ਆਧਾਰ ਬਣ ਚੁੱਕੀ ਹੈ। ਸਾਲ 1997 ਵਿਚ ਅਕਾਲੀ-ਭਾਜਪਾ ਸਰਕਾਰ ਬਣਨ ਮਗਰੋਂ ਪਾਵਰਕੌਮ ਨੂੰ ਹਰ ਸਾਲ ਅਜਿਹੇ ਝਟਕੇ ਦਿੱਤੇ ਜਾਂਦੇ ਰਹੇ ਹਨ ਕਿ ਇਹ ਵਿਭਾਗ ਵਿੱਤੀ ਤੰਗੀ ਤੁਰਸ਼ੀਆਂ ਕਾਰਨ ਅਕਸਰ ਸੁਰਖੀਆਂ ਵਿਚ ਰਹਿੰਦਾ ਹੈ।

ਇਸੇ ਤਰ੍ਹਾਂ ਸਾਲ 2007 ਵਿਚ ਸੱਤਾ



ਸੰਭਾਲਣ ਮਗਰੋਂ ਅਕਾਲੀ-ਭਾਜਪਾ ਸਰਕਾਰ ਦੀ ਸਸਤਾ ਆਟਾ-ਦਾਲ ਦੀ ਯੋਜਨਾ ਨੇ ਪਨਸਪ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਅਤੇ ਪੰਜਾਬ ਮਾਰਕਫੈੱਡ ਨੂੰ ਕੰਗਾਲੀ ਦੇ ਰਾਹ ਤੋਰਨ ਵਿਚ ਅਹਿਮ ਭੂਮਿਕਾ ਨਿਭਾਈ। ਵੋਟਾਂ ਬਟੋਰਨ ਲਈ ਸ਼ੁਰੂ ਕੀਤੀ ਇਸ ਯੋਜਨਾ ਨੇ ਇਨ੍ਹਾਂ ਅਦਾਰਿਆਂ ਦਾ ਇਉਂ ਭੱਠਾ ਬਿਠਾਇਆ ਜਿਵੇਂ ਘੁੱਗ ਵਸਦੇ ਘਰ ਨੂੰ ਉਜਾੜ ਦਿੱਤਾ ਜਾਵੇ। ਪੰਜਾਬ ਮੰਡੀ ਬੋਰਡ ਕਿਸੇ ਸਮੇਂ ਸਰਕਾਰ ਦੇ ਅਮੀਰ ਅਦਾਰਿਆਂ ਵਿਚੋਂ ਇਕ ਮੰਨਿਆ ਜਾਂਦਾ ਸੀ ਪਰ ਸਰਕਾਰਾਂ ਵੱਲੋਂ ਗਰਾਂਟਾਂ ਵੰਡਣ ਅਤੇ ਕਰਜ਼ਾ ਚੁੱਕ ਕੇ ਸਿਆਸੀ ਵਾਅਦੇ ਪੂਰੇ ਕਰਨ ਦੀ ਸ਼ੁਰੂ ਕੀਤੀ ਰਵਾਇਤ ਨੇ ਇਸ ਅਦਾਰੇ ਨੂੰ ਡੰਗ ਟਪਾਊ ਅਦਾਰਿਆਂ ਦੀ ਕਤਾਰ ਵਿਚ ਖੜ੍ਹਾ ਕਰ ਦਿੱਤਾ ਹੈ। ਪੰਜਾਬ ਸਰਕਾਰ ਦੀ ਆਟਾ-ਦਾਲ ਸਕੀਮ ਲਈ ਪਨਸਪ, ਪੰਜਾਬ ਐਗਰੋ ਅਤੇ ਪੰਜਾਬ ਮਾਰਕਫੈੱਡ ਤਿੰਨੇ ਅਦਾਰੇ ਤਕਰੀਬਨ ਦੋ ਹਜ਼ਾਰ ਕਰੋੜ ਰੁਪਏ ਦੇ ਕਰਜ਼ਾਈ ਦੱਸ ਜਾ ਰਹੇ ਹਨ। ਇਸ ਕਰਜ਼ੇ ਦੀ ਮੂਲ ਰਾਸ਼ੀ ਤਾਂ ਇਹ ਅਦਾਰੇ ਉਤਾਰ ਨਹੀਂ ਸਕੇ ਪਰ ਬੈਂਕ ਦੇ ਕਰਜ਼ੇ ਦਾ ਵਿਆਜ ਹਰ ਸਾਲ ਤਕਰੀਬਨ ਦੋ ਸੌ ਕਰੋੜ ਰੁਪਏ ਅਦਾ ਕਰ ਰਹੇ ਹਨ। ਇਸੇ ਤਰ੍ਹਾਂ ਕਰਜ਼ਾ ਮੁਆਫ਼ੀ ਸਕੀਮ ਨੇ ਮੰਡੀ ਬੋਰਡ 'ਤੇ ਕਰੀਬ 500 ਕਰੋੜ ਦਾ ਕਰਜ਼ਾ ਚਾੜ੍ਹਿਆ ਹੈ।

ਪੰਜਾਬ ਸਰਕਾਰ ਵੱਲੋਂ ਖੇਤੀ ਖੇਤਰ ਸਮੇਤ ਵੱਖ-ਵੱਖ ਵਰਗਾਂ ਨੂੰ ਦਿੱਤੀਆਂ ਮੁਫ਼ਤ ਜਾਂ ਸਸਤੀ ਬਿਜਲੀ ਦੀਆਂ ਸਹੂਲਤਾਂ ਦਾ ਸਰਕਾਰੀ ਖ਼ਜ਼ਾਨੇ 'ਤੇ ਤਕਰੀਬਨ 15 ਹਜ਼ਾਰ ਕਰੋੜ ਰੁਪਏ ਦਾ ਸਾਲਾਨਾ ਬੋਝ ਤਾਂ ਪੈਂਦਾ ਹੀ ਹੈ, ਉੱਤੋਂ ਸਰਕਾਰ ਦੇ ਸਿਆਸੀ ਵਾਅਦੇ ਵੀ ਪਾਵਰਕੌਮ ਦਾ ਧੂੰਆਂ ਕੱਢਣ 'ਚ ਵੀ ਕੋਈ ਕਸਰ ਬਾਕੀ ਨਹੀਂ ਛੱਡਦੇ ਕਿਉਂਕਿ ਰਾਜ ਸਰਕਾਰ ਵੱਲੋਂ ਵੇਲੇ ਸਿਰ ਪਾਵਰਕੌਮ ਨੂੰ ਸਬਸਿਡੀ ਨਾ ਦਿੱਤੇ ਜਾਣ ਕਾਰਨ ਵਿਭਾਗ ਨੂੰ ਆਰਥਿਕ ਤੰਗੀ ਵਿੱਚੋਂ ਲੰਘਣਾ ਪੈਂਦਾ ਹੈ ਤੇ ਕਈ ਵਾਰੀ ਕੋਲੇ ਦੀ ਅਦਾਇਗੀ ਕਰਨੀ ਵੀ ਮੁਸ਼ਕਲ ਹੋ ਜਾਂਦੀ ਹੈ।

ਮਿਸਾਲ ਵਜੋਂ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਮਗਰੋਂ ਘਰੇਲੂ ਖਪਤਕਾਰਾਂ ਦੇ ਬਕਾਇਆ ਮੁਆਫ਼ ਕਰਨ, ਤਿੰਨ ਰੁਪਏ ਬਿਜਲੀ ਸਸਤੀ ਕਰਨ ਨਾਲ ਵਿਭਾਗ 'ਤੇ 2750 ਕਰੋੜ ਰੁਪਏ ਦਾ ਬੋਝ ਪਿਆ ਸੀ ਅਤੇ ਸਰਕਾਰ ਨੇ ਹਾਲ ਦੀ ਘੜੀ ਇਹ ਪੈਸਾ ਪਾਵਰਕੌਮ ਨੂੰ ਨਹੀਂ ਦਿੱਤਾ। ਦਿਹਾਤੀ ਖੇਤਰ ਦੀਆਂ ਜਲ ਸਪਲਾਈਆਂ ਦੇ ਬਕਾਏ ਦੀ ਰਕਮ 1250 ਕਰੋੜ ਰੁਪਏ ਅਤੇ ਸ਼ਹਿਰੀ ਖੇਤਰ ਦੀਆਂ ਜਲ ਸਪਲਾਈਆਂ ਦੀ ਰਕਮ 500 ਕਰੋੜ ਰੁਪਏ ਤੋਂ ਵਧੇਰੇ ਬਣਦੀ ਹੈ, ਜੋ ਅਜੇ ਤੱਕ ਸਰਕਾਰ ਨੇ ਅਦਾ ਨਹੀਂ ਕੀਤੀ। ਚਲੰਤ ਮਾਲੀ ਸਾਲ ਦੌਰਾਨ ਸਰਕਾਰ ਨੇ ਸਬਸਿਡੀਆਂ ਦੇ ਰੂਪ ਵਿਚ ਵਿਭਾਗ ਨੂੰ 20,525 ਕਰੋੜ ਰੁਪਏ ਦੇਣੇ ਸਨ ਤੇ ਹੁਣ ਤੱਕ 9500 ਕਰੋੜ ਰੁਪਏ ਹੀ ਦਿੱਤੇ ਗਏ। ਇਸ ਤਰ੍ਹਾਂ ਨਵੀਂ ਬਣਨ ਵਾਲੀ ਸਰਕਾਰ ਲਈ 11,025 ਕਰੋੜ ਰੁਪਏ ਸਮੇਤ ਹੋਰ ਬਕਾਇਆ ਰਾਸ਼ੀ ਸਣੇ ਤਕਰੀਬਨ 15,000 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਹੈ ਤੇ ਅਗਲੇ ਮਾਲੀ ਸਾਲ ਦੀ ਵੀ 15 ਹਜ਼ਾਰ ਕਰੋੜ ਰੁਪਏ ਦੀ ਸਬਸਿਡੀ ਦਾ ਬੋਝ ਹੋਵੇਗਾ ਅਤੇ ਸਰਕਾਰ ਇੱਕੋ ਸਾਲ ਵਿੱਚ 30 ਹਜ਼ਾਰ ਕਰੋੜ ਰੁਪਏ ਦਾ ਮਾਲੀ ਭਾਰ ਝੱਲਣ ਲਈ ਕਿਸੇ ਵੀ ਤਰ੍ਹਾਂ ਸਮਰੱਥ ਦਿਖਾਈ ਨਹੀਂ ਦੇ ਰਹੀ।

## ਬਾਦਲ ਦਾ ਸੁਖਬੀਰ ਨੂੰ ਮੁੱਖ ਮੰਤਰੀ ਬਣਾਉਣ ਦਾ ਸੁਪਨਾ ਪੂਰਾ ਨਹੀਂ ਹੋਇਆ: ਜਾਖੜ

**ਅਬੋਹਰ:** ਵਿਧਾਨ ਸਭਾ ਚੋਣਾਂ 'ਚ ਪੰਜਾਬ ਕਾਂਗਰਸ ਦੀ ਪ੍ਰਚਾਰ ਕਮੇਟੀ ਦੇ ਚੇਅਰਮੈਨ ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਵਿਚ ਵਿਕਾਸ ਹਮੇਸ਼ਾ ਕਾਂਗਰਸ ਸਰਕਾਰਾਂ ਦੇ ਸਮੇਂ ਹੀ ਹੋਇਆ ਹੈ। ਅਕਾਲੀ ਦਲ ਨੇ ਤਾਂ ਸੱਤਾ ਸਮੇਂ ਲੋਕਾਂ ਨੂੰ ਲੁੱਟਿਆ ਤੇ ਕੁੱਟਿਆ ਹੀ ਹੈ।

ਸ੍ਰੀ ਜਾਖੜ ਨੇ ਕਿਹਾ ਕਿ ਕਾਂਗਰਸ ਕੌਮੀ ਪਾਰਟੀ ਹੈ ਤੇ ਹਮੇਸ਼ਾ ਪੰਜਾਬ ਦੇ ਹਿੱਤਾਂ ਦੀ ਗੱਲ ਕਰਦੀ ਹੈ। ਉਨ੍ਹਾਂ ਕਿਹਾ ਕਿ ਉਹ ਅਬੋਹਰ, ਬੱਲੂਆਣਾ ਤੇ ਫਾਜ਼ਿਲਕਾ ਹਲਕੇ ਦੇ ਪਾਣੀਆਂ ਦੇ ਹੱਕ ਲਈ ਹਮੇਸ਼ਾ ਲੜਦੇ ਰਹਿਣਗੇ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਲੰਮੇ ਸਮੇਂ ਤੋਂ ਸੁਖਬੀਰ ਬਾਦਲ ਨੂੰ ਮੁੱਖ ਮੰਤਰੀ ਬਣਾਉਣਾ ਚਾਹੁੰਦੇ ਹਨ, ਪਰ ਲੋਕਾਂ ਨੇ ਉਨ੍ਹਾਂ ਦਾ ਸੁਪਨਾ ਪੂਰਾ ਨਹੀਂ ਹੋਣ ਦਿੱਤਾ। ਇਸ ਦਾ ਕਾਰਨ ਸਾਫ ਹੈ ਕਿ ਸੁਖਬੀਰ ਮੁੱਖ ਮੰਤਰੀ ਬਣਨ ਦੇ ਯੋਗ ਹੀ ਨਹੀਂ ਹਨ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਦੱਸਦੇ ਹਨ ਕਿ 'ਆਪ' ਆਮ ਲੋਕਾਂ ਦੀ ਪਾਰਟੀ ਹੈ, ਪਰ ਪੰਜਾਬ ਦੇ ਸਾਰੇ ਉਮੀਦਵਾਰਾਂ ਵਿਚੋਂ ਸਭ ਤੋਂ ਅਮੀਰ ਉਮੀਦਵਾਰ ਇਸੇ ਪਾਰਟੀ ਦਾ ਹੈ। ਸ੍ਰੀ ਜਾਖੜ ਨੇ ਕਿਹਾ ਕਿ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣਨਾ ਤੈਅ ਹੈ ਅਤੇ ਸੂਬੇ ਦੇ ਅਗਲੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਹੋਣਗੇ।

## ਭਾਜਪਾ ਦਾ ਕਾਂਗਰਸ ਲਈ ਵੋਟਾਂ ਮੰਗਣ ਵਾਲਾ ਵੀਡੀਓ ਵਾਇਰਲ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਇਕ ਦਿਨ ਪਹਿਲਾਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਇਕ ਵੀਡੀਓ ਵਾਇਰਲ ਹੋ ਰਹੀ ਹੈ, ਜਿਸ ਵਿਚ ਭਾਜਪਾ ਪ੍ਰਧਾਨ ਕਾਂਗਰਸ ਨੂੰ ਵੋਟਾਂ ਪਾਉਣ ਦੀ ਅਪੀਲ ਕਰਦੇ ਦਿਖਾਈ ਦੇ ਰਹੇ ਹਨ, ਜਦਕਿ ਵੀਡੀਓ ਵਾਇਰਲ ਹੋਣ ਤੋਂ ਬਾਅਦ ਭਾਜਪਾ ਆਗੂ ਨੇ ਆਪਣੀ ਗੱਲ ਤੋਂ ਪਿੱਛੇ ਹਟਦਿਆਂ ਵੀਡੀਓ ਨਾਲ ਛੇੜਛਾੜ ਹੋਣ ਬਾਰੇ ਕਿਹਾ ਹੈ।

ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਵਿਚ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਚੋਣ ਪ੍ਰਚਾਰ ਕਰ ਰਹੇ ਹਨ। ਇਸ ਵਿਚ ਅਸ਼ਵਨੀ ਸ਼ਰਮਾ ਕਹਿ ਰਹੇ ਹਨ ਕਿ, 'ਆਮ ਆਦਮੀ ਪਾਰਟੀ ਨੂੰ ਵੋਟ ਪਾਉਣ ਦਾ ਮਤਲਬ ਅਤਿਵਾਦ ਤੇ ਪੰਜਾਬ ਨੂੰ ਤੋੜਨ ਵਾਲਿਆਂ ਨੂੰ ਵੋਟ ਪਾਉਣਾ ਹੈ, ਜਿਹੜਾ ਆਪ ਨੂੰ ਵੋਟ ਪਾਵੇਗਾ ਉਹ ਦੇਸ਼ ਅਤੇ ਪੰਜਾਬ ਨਾਲ ਗੱਦਾਰੀ ਕਰ ਰਿਹਾ ਹੈ। ਜੇਕਰ ਸਾਨੂੰ ਨਹੀਂ ਪਾਉਣੀ ਤਾਂ ਕਾਂਗਰਸ ਨੂੰ ਪਾ ਦੇਵੋ, ਪਰ ਦੇਸ਼ ਨਾਲ ਗੱਦਾਰੀ ਕਰਨ ਵਾਲੇ ਨੂੰ ਵੋਟ ਨਹੀਂ ਪਾਉਣੀ।'

ਪੰਜਾਬ ਚੋਣਾਂ ਤੋਂ ਇਕ ਦਿਨ ਪਹਿਲਾਂ ਭਾਜਪਾ ਪ੍ਰਧਾਨ ਦੀ ਵਾਇਰਲ ਹੋਈ ਵੀਡੀਓ ਨਾਲ ਵਿਵਾਦ ਖੜ੍ਹਾ ਹੋ ਗਿਆ। ਵਿਧਾਨ ਸਭਾ ਚੋਣਾਂ ਦੌਰਾਨ



ਹਾਲਾਂਕਿ ਸਾਰੀਆਂ ਸਿਆਸੀ ਧਿਰਾਂ ਇਕ-ਦੂਜੇ ਨੂੰ ਦਬਾਉਣ ਖਾਤਰ ਦੋਸ਼ ਲਾਉਂਦੀਆਂ ਹਨ, ਪਰ ਭਾਜਪਾ ਪ੍ਰਧਾਨ ਦੀ ਇਹ ਵੀਡੀਓ ਸੂਬੇ ਭਰ ਵਿਚ ਚਰਚਾ ਦਾ ਵਿਸ਼ਾ ਬਣ ਗਈ ਹੈ। ਇਸ ਨਾਲ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋ ਰਹੇ ਹਨ। ਅਸ਼ਵਨੀ ਸ਼ਰਮਾ ਵਿਧਾਨ ਸਭਾ ਹਲਕਾ ਪਠਾਨਕੋਟ 'ਤੇ ਚੋਣ ਮੈਦਾਨ ਵਿਚ ਵੀ ਹਨ। ਉਨ੍ਹਾਂ ਦਾ ਬਿਆਨ ਪਠਾਨਕੋਟ ਹਲਕੇ 'ਚ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਭਾਜਪਾ ਦੇ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ ਨੇ ਕਿਹਾ ਕਿ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਵੀਡੀਓ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਹਾਰ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਹੀ ਹੈ, ਜਿਸ ਨੇ ਵੀਡੀਓ ਨਾਲ ਛੇੜਛਾੜ ਕਰ ਕੇ ਇਸ ਨੂੰ ਵਾਇਰਲ ਕੀਤਾ ਹੈ।

## ਜੰਮੂ ਕਸ਼ਮੀਰ ਵਿਧਾਨ ਸਭਾ ਵਿਚ ਸਿੱਖਾਂ ਲਈ ਅੱਠ ਸੀਟਾਂ ਰਾਖਵੀਆਂ ਮੰਗੀਆਂ

**ਸ੍ਰੀਨਗਰ:** ਹੱਦਬੰਦੀ ਕਮਿਸ਼ਨ ਦੇ ਮਸੌਦਾ ਪ੍ਰਸਤਾਵ 'ਤੇ ਆਪਣਾ ਵਿਰੋਧ ਦਰਜ ਕਰਦੇ ਹੋਏ ਸਰਬ ਪਾਰਟੀ ਸਿੱਖ ਤਾਲਮੇਲ ਕਮੇਟੀ (ਏ.ਪੀ.ਐਸ.ਸੀ.ਸੀ.) ਨੇ ਮੰਗ ਕੀਤੀ ਕਿ ਜੰਮੂ ਕਸ਼ਮੀਰ ਵਿਧਾਨ ਸਭਾ ਵਿਚ ਘੱਟੋ-ਘੱਟ ਅੱਠ ਸੀਟਾਂ ਸਿੱਖ ਭਾਈਚਾਰੇ ਲਈ ਰਾਖਵੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਏ.ਪੀ.ਐਸ.ਸੀ.ਸੀ. ਦੇ ਚੇਅਰਮੈਨ ਜਗਮੋਹਨ ਸਿੰਘ ਰੈਨਾ ਨੇ ਕਿਹਾ, ''ਜੇਕਰ ਜੰਮੂ ਕਸ਼ਮੀਰ ਵਿਧਾਨ ਸਭਾ ਵਿਚ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਲਈ 16 ਸੀਟਾਂ ਰਾਖਵੀਆਂ ਕੀਤੀਆਂ ਜਾ ਸਕਦੀਆਂ ਹਨ ਤਾਂ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਸਿੱਖਾਂ ਲਈ ਕੋਈ ਸੀਟ ਰਾਖਵੀਂ ਕਿਉਂ ਨਹੀਂ ਕੀਤੀ ਜਾ ਸਕਦੀ? ਰੈਨਾ ਨੇ ਦਾਅਵਾ ਕੀਤਾ ਕਿ ਸਿੱਖਾਂ ਲਈ ਘੱਟੋ-ਘੱਟ ਅੱਠ ਸੀਟਾਂ ਰਾਖਵੀਆਂ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਹੱਦਬੰਦੀ ਕਮਿਸ਼ਨ ਭਾਜਪਾ ਵੱਲੋਂ ਨਿਰਧਾਰਤ ਏਜੰਡੇ 'ਤੇ ਕੰਮ ਕਰ ਰਿਹਾ ਹੈ।

# ਨਵਜੋਤ ਸਿੱਧੂ ਦਾ ਪੰਜਾਬ ਮਾਡਲ ਵੀ ਅਹਿਮ ਮਸਲਿਆਂ ਬਾਰੇ ਚੁੱਪ

**ਚੰਡੀਗੜ੍ਹ:** ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਵੱਲੋਂ ਚੋਣ ਪ੍ਰਚਾਰ ਦੇ ਆਖਰੀ ਦਿਨ ਜਾਰੀ ਚੋਣ ਮਨੋਰਥ ਪੱਤਰ ਵਿਚ ਔਰਤਾਂ ਅਤੇ ਨੌਜਵਾਨਾਂ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਸੰਖੇਪ ਘੋਸ਼ਣਾ ਪੱਤਰ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਦੇ 'ਪੰਜਾਬ ਮਾਡਲ' ਦਾ ਝਲਕਾਰਾ ਹੈ।

ਮੈਨੀਫੈਸਟੋ ਵਿਚ ਨਸ਼ਿਆਂ ਖਿਲਾਫ ਨੀਤੀ ਅਤੇ ਭ੍ਰਿਸ਼ਟਾਚਾਰ ਖਿਲਾਫ ਕਿਸੇ ਪ੍ਰੋਗਰਾਮ ਦਾ ਐਲਾਨ ਨਹੀਂ ਹੈ। ਖੇਤੀ ਨੀਤੀ ਬਾਰੇ ਵੀ ਚੁੱਪ ਵੱਟ ਲਈ ਗਈ ਹੈ। ਹਾਲਾਂਕਿ ਸ਼ਰਾਬ ਤੇ ਰੇਤ ਮਾਈਨਿੰਗ ਦੀਆਂ ਸਰਕਾਰੀ ਨਿਗਮਾਂ ਬਣਾ ਕੇ ਅਤੇ ਟਰਾਂਸਪੋਰਟ ਅਤੇ ਕੇਬਲ ਦੇ ਬਿਹਤਰ ਨਿਯਮ ਬਣਾ ਕੇ ਮਾਫੀਆ ਰਾਜ ਖਤਮ ਕਰਨ ਦਾ ਦਾਅਵਾ ਕੀਤਾ ਗਿਆ ਹੈ। ਮੈਨੀਫੈਸਟੋ 'ਚ ਬਿਜਲੀ ਦੇ ਮੁਫਤ ਯੂਨਿਟ ਦੇਣ ਅਤੇ ਕੇਬਲ ਸਸਤੀ ਕਰਨ ਦਾ ਜ਼ਿਕਰ ਵੀ ਨਹੀਂ ਹੈ, ਪਰ ਸਿੱਧੂ ਨੇ ਪ੍ਰੈੱਸ ਕਾਨਫਰੰਸ ਦੌਰਾਨ ਜ਼ਬਾਨੀ ਕਲਾਮੀ ਕੇਬਲ ਸਸਤੀ ਕਰਨ ਦੀ ਗੱਲ ਜ਼ਰੂਰ ਆਖੀ।

ਮੈਨੀਫੈਸਟੋ ਵਿਚ ਸਰਕਾਰੀ ਹਸਪਤਾਲਾਂ ਵਿਚ ਹਰ ਵਰਗ ਨੂੰ ਮੁਫਤ ਸਿਹਤ ਸੇਵਾਵਾਂ ਅਤੇ ਸਰਕਾਰੀ ਸਕੂਲਾਂ-ਕਾਲਜਾਂ ਤੇ ਯੂਨੀਵਰਸਿਟੀਆਂ 'ਚ ਸਾਰੇ ਲੋੜਵੰਦ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਦੇਣ ਦਾ ਵਾਅਦਾ ਕੀਤਾ ਗਿਆ ਹੈ। ਮੁੱਖ ਮੰਤਰੀ ਅਤੇ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਐੱਸ.ਸੀ. ਵਰਗ ਦੇ ਵਿਦਿਆਰਥੀਆਂ ਲਈ



ਵਜ਼ੀਫਾ ਸਕੀਮ ਜਾਰੀ ਰਹੇਗੀ ਅਤੇ ਨਾਲ ਹੀ ਪੱਛੜੇ ਵਰਗਾਂ ਅਤੇ ਜਨਰਲ ਸ਼੍ਰੇਣੀ ਨੂੰ ਵੀ ਵਜ਼ੀਫੇ ਦਾ ਲਾਭ ਦਿੱਤਾ ਜਾਵੇਗਾ। ਇਸੇ ਤਰ੍ਹਾਂ ਲੋੜਵੰਦ ਕੁੜੀਆਂ ਲਈ ਸਿੱਖਿਆ ਸਹਾਇਤਾ ਵਜੋਂ ਪੰਜਵੀਂ ਕਲਾਸ ਦੀਆਂ ਲੜਕੀਆਂ ਨੂੰ ਪੰਜ ਹਜ਼ਾਰ, ਅੱਠਵੀਂ ਜਮਾਤ ਲਈ 10 ਹਜ਼ਾਰ ਰੁਪਏ ਅਤੇ 12ਵੀਂ ਕਲਾਸ ਦੀਆਂ ਲੜਕੀਆਂ ਲਈ 20 ਹਜ਼ਾਰ ਰੁਪਏ ਅਤੇ ਕੰਪਿਊਟਰ ਦਿੱਤੇ ਜਾਣਗੇ।

ਕਾਂਗਰਸ ਨੇ ਮੈਨੀਫੈਸਟੋ ਵਿਚ ਲੋੜਵੰਦ ਔਰਤਾਂ ਨੂੰ 1100 ਰੁਪਏ ਮਾਸਿਕ ਵਿੱਤੀ ਮਦਦ ਤੋਂ ਇਲਾਵਾ ਇਕ ਸਾਲ ਵਿਚ ਅੱਠ ਗੈਸ ਸਿਲੰਡਰ ਮੁਫਤ ਦੇਣ ਦਾ ਵਾਅਦਾ ਕੀਤਾ ਹੈ। ਰੁਜ਼ਗਾਰ ਦੇ ਮਾਮਲੇ ਵਿਚ ਕਾਂਗਰਸ ਨੇ ਸਾਲਾਨਾ ਇਕ ਲੱਖ ਨੌਕਰੀਆਂ ਦੇਣ ਦੀ ਗੱਲ ਕੀਤੀ ਹੈ ਜਦੋਂ ਕਿ 2017 ਵਿਚ ਕਾਂਗਰਸ ਨੇ 'ਘਰ ਘਰ ਰੁਜ਼ਗਾਰ' ਦੇਣ ਦਾ ਵਾਅਦਾ ਕੀਤਾ ਸੀ। ਇਸੇ ਤਰ੍ਹਾਂ ਬੁਢਾਪਾ ਪੈਨਸ਼ਨ ਵਧਾ ਕੇ 3100 ਰੁਪਏ ਮਾਸਿਕ ਕਰਨ ਦੀ ਗੱਲ ਆਖੀ ਗਈ ਹੈ। ਮੈਨੀਫੈਸਟੋ 'ਚ ਹਰ ਕੱਚਾ ਮਕਾਨ ਛੇ ਮਹੀਨੇ ਵਿਚ ਪੱਕਾ ਕਰਨ ਦਾ ਵਾਅਦਾ ਵੀ ਸ਼ਾਮਲ ਹੈ। ਮਨਰੇਗਾ ਸਕੀਮ ਤਹਿਤ ਦਿਹਾੜੀ ਵਧਾ ਕੇ 350 ਰੁਪਏ ਕਰਨ ਤੋਂ ਇਲਾਵਾ ਰੁਜ਼ਗਾਰ 100 ਤੋਂ ਵਧਾ ਕੇ 150 ਦਿਨ ਕਰਨ ਦੇ ਵਾਅਦੇ ਨੂੰ ਵੀ ਮੈਨੀਫੈਸਟੋ ਵਿਚ ਥਾਂ ਦਿੱਤੀ ਗਈ ਹੈ। ਨਵਜੋਤ ਸਿੱਧੂ ਨੇ ਕਿਹਾ ਕਿ ਕਿਸਾਨਾਂ ਤੋਂ ਦਾਲਾਂ, ਤੇਲ ਬੀਜਾਂ ਅਤੇ ਮੱਕੀ ਦੀ ਐੱਮ.ਐੱਸ.ਪੀ. 'ਤੇ ਖਰੀਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਦਾ ਇਹ 13 ਨੁਕਤੀ ਏਜੰਡਾ ਕਾਂਗਰਸੀ ਆਗੂ ਰਾਹੁਲ ਗਾਂਧੀ ਦੇ ਦ੍ਰਿਸ਼ਟੀਕੋਣ 'ਤੇ ਅਧਾਰਿਤ ਹੈ। ਮੈਨੀਫੈਸਟੋ ਵਿਚ ਸਟਾਰਟਅੱਪ ਲਈ ਨਿਵੇਸ਼ ਫੰਡ ਇਕ ਹਜ਼ਾਰ ਕਰੋੜ ਰੁਪਏ ਰੱਖਣ ਤੋਂ ਇਲਾਵਾ ਸਟਾਰਟਅੱਪ ਲਈ ਦੋ ਲੱਖ ਦਾ ਵਿਆਜ ਮੁਕਤ ਕਰਜ਼ਾ ਦੇਣ ਦੀ ਗੱਲ ਕਹੀ ਗਈ ਹੈ। ਇੰਸਪੈਕਟਰੀ ਰਾਜ ਖਤਮ ਕੀਤਾ ਜਾਵੇਗਾ ਅਤੇ 170 ਸੇਵਾਵਾਂ ਆਨਲਾਈਨ ਹੋਣਗੀਆਂ, ਜਿਨ੍ਹਾਂ ਵਿਚ ਜਨਮ ਪ੍ਰਮਾਣ ਪੱਤਰ, ਮੌਤ ਦਾ ਸਰਟੀਫਿਕੇਟ ਆਦਿ ਸ਼ਾਮਲ ਹਨ।

### ਕੋਈ ਮਕਾਨ ਕੱਚਾ ਨਹੀਂ ਰਹਿਣ ਦਿਆਂਗੇ: ਚੰਨੀ

**ਚਮਕੌਰ ਸਾਹਿਬ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਸੂਬੇ ਵਿਚ ਮੁੜ ਕਾਂਗਰਸ ਦੀ ਸਰਕਾਰ ਬਣਾਉਣ ਦਾ ਮਨ ਬਣਾ ਲਿਆ ਹੈ। ਉਨ੍ਹਾਂ ਅਗਲੇ 5 ਸਾਲਾਂ ਦਾ ਰੋਡਮੈਪ ਵੀ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਬਣਨ 'ਤੇ ਪਹਿਲੇ ਦਿਨ ਤੋਂ ਨੌਜਵਾਨਾਂ ਨੂੰ ਇਕ ਲੱਖ ਸਰਕਾਰੀ ਨੌਕਰੀਆਂ ਸਾਲ ਦੇ ਅੰਦਰ ਦੇਣ ਦੇ ਫੈਸਲੇ 'ਤੇ ਦਸਤਖ਼ਤ ਕਰਨਗੇ। ਉਨ੍ਹਾਂ ਕਿਹਾ ਕਿ ਸਰਕਾਰ ਬਣਨ 'ਤੇ ਸੂਬੇ ਅੰਦਰ ਛੇ ਮਹੀਨਿਆਂ ਵਿਚ ਕਿਸੇ ਦਾ ਵੀ ਮਕਾਨ ਕੱਚਾ ਨਹੀਂ ਰਹਿਣ ਦਿੱਤਾ ਜਾਵੇਗਾ ਤੇ ਬੁਢਾਪਾ ਪੈਨਸ਼ਨ 31 ਸੌ ਰੁਪਏ, ਸ਼ਗਨ ਸਕੀਮ 75 ਹਜ਼ਾਰ ਰੁਪਏ ਕਰਨ ਸਣੇ ਲੋੜਵੰਦ ਔਰਤਾਂ ਨੂੰ ਸਾਲ ਵਿਚ 8 ਗੈਸ ਸਿਲੰਡਰ ਤੇ 11 ਸੌ ਰੁਪਏ ਪ੍ਰਤੀ ਮਹੀਨਾ ਰਸੋਈ ਚਲਾਉਣ ਲਈ ਦਿੱਤੇ ਜਾਣਗੇ।

ਪੰਜਾਬ ਟਾਈਮਜ਼

*ਸਨਿਚਰਵਾਰ, 26 ਫਰਵਰੀ 2022*

## ਪੰਜਾਬ ਦਾ ਭਵਿੱਖ

ਪੰਜਾਬ ਵਿਧਾਨ ਸਭਾ ਲਈ ਪਈਆਂ ਵੋਟਾਂ ਦੇ ਨਤੀਜੇ 10 ਮਾਰਚ ਨੂੰ ਆਉਣੇ ਹਨ। ਫਿਲਹਾਲ ਨਤੀਜਿਆਂ ਬਾਰੇ ਕਿਆਸ-ਆਰਾਈਆਂ ਹਨ। ਪੰਜਾਬ ਦੇ ਨਾਲ ਹੀ ਉਤਰ ਪ੍ਰਦੇਸ਼ ਸਮੇਤ ਪੰਜ ਰਾਜਾਂ ਵਿਚ ਵੋਟਾਂ ਪੈ ਰਹੀਆਂ ਹਨ, ਇਸ ਲਈ ਚੋਣਾਂ ਬਾਰੇ ਸਰਵੇਖਣ ਵੀ 7 ਮਾਰਚ ਸ਼ਾਮ ਨੂੰ ਪੰਜ ਵਜੇ ਤੋਂ ਬਾਅਦ ਹੀ ਨਸ਼ਰ ਕੀਤੇ ਜਾ ਸਕਣਗੇ ਕਿਉਂਕਿ ਉਤਰ ਪ੍ਰਦੇਸ਼ ਵਿਚ ਆਖਰੀ ਪੜਾਅ ਤਹਿਤ ਵੋਟਾਂ ਪੈਣ ਦਾ ਕੰਮ 7 ਮਾਰਚ ਨੂੰ ਮੁੱਕਣਾ ਹੈ। ਉਂਝ, ਸੋਸ਼ਲ ਮੀਡੀਆ 'ਤੇ ਪੰਜਾਬ ਬਾਰੇ ਸਰਵੇਖਣਾਂ ਦੀਆਂ ਖੂਬ ਰੌਣਕਾਂ ਹਨ ਪਰ ਇਨ੍ਹਾਂ ਸਰਵੇਖਣਾਂ ਵਿਚ ਵੀ ਕਿਸੇ ਇਕ ਧਿਰ ਦੀ ਸਰਕਾਰ ਬਣਨ ਬਾਰੇ ਕੋਈ ਦਾਅਵੇਦਾਰੀ ਨਹੀਂ। ਸਭ ਦੇ ਆਪੋ-ਆਪਣੇ ਵਿਸ਼ਲੇਸ਼ਣ ਹਨ। ਉਂਝ, ਇਹ ਗੱਲ ਸਪਸ਼ਟ ਹੈ ਕਿ ਐਤਕੀਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਪਹਿਲੀਆਂ ਸਾਰੀਆਂ ਚੋਣਾਂ ਨਾਲੋਂ ਵੱਖਰੀਆਂ ਹਨ। ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦਾ ਬਹੁਤਾ ਵੱਕਾਰ ਭਾਵੇਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਦਾਅ 'ਤੇ ਨਹੀਂ ਪਰ ਐਤਕੀਂ ਇਸ ਪਾਰਟੀ ਨੇ 1997 ਵਾਲੀਆਂ ਚੋਣਾਂ ਤੋਂ ਬਾਅਦ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਨਾਲੋਂ ਵੱਖ ਹੋ ਕੇ ਚੋਣਾਂ ਲੜੀਆਂ ਹਨ। ਡੇਰਾ ਸਿਰਸਾ ਵੱਲੋਂ ਮਾਲਵੇ ਵਿਚ ਭਾਰਤੀ ਜਨਤਾ ਪਾਰਟੀ ਦੇ ਹੱਕ ਵਿਚ ਵੋਟਾਂ ਪਾਉਣ ਦੀ ਹਦਾਇਤ ਨਾਲ ਇਸ ਪਾਰਟੀ ਦੇ ਕਿੰਨੇ ਕੁ ਉਮੀਦਵਾਰ ਜਿੱਤਣਗੇ, ਇਹ ਤਾਂ ਪੱਕ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਪਰ ਰਿਪੋਰਟਾਂ ਹਨ ਕਿ ਡੇਰਾ ਸਿਰਸਾ ਦੇ ਇਸ ਫੈਸਲੇ ਨਾਲ ਆਮ ਆਦਮੀ ਪਾਰਟੀ ਨੂੰ ਮਾਲਵੇ ਅੰਦਰ ਡਾਢਾ ਨੁਕਸਾਨ ਝੱਲਣਾ ਪੈ ਸਕਦਾ ਹੈ। ਕਿਹਾ ਜਾ ਰਿਹਾ ਹੈ ਕਿ ਵਿਧਾਨ ਸਭਾ ਚੋਣਾਂ ਲਈ ਵੋਟਾਂ ਪੈਣ ਦੇ ਐਨ ਆਖਰੀ ਸਮੇਂ ਦੌਰਾਨ ਆਏ ਇਸ ਫੈਸਲੇ ਨੇ ਮਾਲਵੇ ਦੇ ਸਿਆਸੀ ਸਮੀਕਰਨ ਬਦਲ ਦਿੱਤੇ ਹਨ। ਆਮ ਆਦਮੀ ਪਾਰਟੀ ਨੂੰ ਵਧੇਰੇ ਸੀਟਾਂ ਮਾਲਵੇ ਵਿਚੋਂ ਹੀ ਜਿੱਤਣ ਦੀ ਉਮੀਦ ਸੀ। ਇਸ ਵਾਰ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਿਲ ਜਥੇਬੰਦੀਆਂ ਵੱਲੋਂ ਸੰਯੁਕਤ ਸਮਾਜ ਮੋਰਚੇ ਬਣਾ ਕੇ ਚੋਣਾਂ ਲੜੇ ਜਾਣ ਦਾ ਸਿੱਧੇ-ਅਸਿੱਧੇ ਢੰਗ ਨਾਲ ਬਹੁਤਾ ਨੁਕਸਾਨ ਆਮ ਆਦਮੀ ਪਾਰਟੀ ਦਾ ਹੀ ਦੱਸੀਦਾ ਹੈ। ਇਸੇ ਤਰ੍ਹਾਂ ਬਦਲੇ ਚੋਣ ਮਾਹੌਲ ਵਿਚ ਜਿਹੜੀਆਂ ਵੋਟਾਂ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਮਿਲ ਰਹੀਆਂ ਹਨ, ਉਸ ਦਾ ਬਹੁਤਾ ਨੁਕਸਾਨ ਵੀ ਆਮ ਆਦਮੀ ਪਾਰਟੀ ਦਾ ਹੋ ਰਿਹਾ ਹੈ। ਅਜਿਹੇ ਮਾਹੌਲ ਵਿਚ ਸਿਆਸੀ ਵਿਸ਼ਲੇਸ਼ਣਕਾਰ ਸੰਭਾਵਨਾ ਪ੍ਰਗਟਾ ਰਹੇ ਹਨ ਕਿ ਇਸ ਵਾਰ ਕਿਸੇ ਇਕ ਧਿਰ ਨੂੰ ਪੂਰਨ ਬਹੁਮਤ ਨਹੀਂ ਮਿਲ ਸਕੇਗੀ। ਇਸ ਸੂਰਤ ਵਿਚ ਭਾਰਤੀ ਜਨਤਾ ਪਾਰਟੀ ਜੋ ਕੇਂਦਰ ਵਿਚ ਸੱਤਾਧਾਰੀ ਹੈ, ਦੀ ਭੂਮਿਕਾ ਵਧੇਰੇ ਕਾਟਦਾਰ ਹੋ ਸਕਦੀ ਹੈ। ਇਸੇ ਕਰਕੇ ਚੋਣ ਨਤੀਜਿਆਂ ਤੋਂ ਬਾਅਦ ਹੋਣ ਵਾਲੇ ਨਵੇਂ ਗੱਠਜੋੜਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਪੰਜਾਬ ਇਸ ਵਕਤ ਬਹੁਤ ਸਾਰੇ ਸੰਕਟਾਂ ਨਾਲ ਜੂਝ ਰਿਹਾ ਹੈ। ਸਿਆਸੀ ਅਸਥਿਰਤਾ ਵਾਲਾ ਮਾਹੌਲ ਇਸ ਨੂੰ ਹੋਰ ਨਿਘਾਰ ਵੱਲ ਤੋਰਨ ਦਾ ਕਾਰਨ ਬਣ ਸਕਦਾ ਹੈ। ਪੰਜਾਬ ਵਿਚ ਇਸ ਵਕਤ ਸਭ ਤੋਂ ਵੱਡੀ ਸਮੱਸਿਆ ਰੁਜ਼ਗਾਰ ਦੀ ਹੈ। ਇਸੇ ਕਾਰਨ ਪੰਜਾਬ ਦੀ ਨਵੀਂ ਪੀੜ੍ਹੀ ਆਪਣੇ ਭਵਿੱਖ ਲਈ ਪਰਦੇਸਾਂ ਵੱਲ ਮੂੰਹ ਕਰੀ ਬੈਠੀ ਹੈ। ਹਰ ਸਾਲ ਤਕਰੀਬਨ ਸਵਾ ਲੱਖ ਨੌਜਵਾਨ ਬਾਹਰਲੇ ਮੁਲਕਾਂ ਵਿਚ ਪੜ੍ਹਾਈ ਦੇ ਬਹਾਨੇ ਪਰਦੇਸ ਜਾ ਰਹੇ ਹਨ। ਪੰਜਾਬ ਦੀ ਸਿਆਸੀ ਜਮਾਤ ਨੇ ਇਸ ਝੱਖੜ ਨੂੰ ਰੋਕਣ ਲਈ ਕੋਈ ਚਾਰਜੋਈ ਤਾਂ ਕੀ ਕਰਨੀ ਸੀ, ਇਸ ਨੇ ਤਾਂ ਸਗੋਂ ਐਤਕੀਂ ਵੋਟਾਂ ਬਟੋਰਨ ਖਾਤਰ ਪਰਦੇਸਾਂ ਨੂੰ ਜਾਣ ਦੇ ਚਾਹਵਾਨ ਨੌਜਵਾਨਾਂ ਨੂੰ ਮੁਫਤ ਸਹੂਲਤਾਂ ਜਾਂ ਬਿਨਾ ਵਿਆਜ ਕਰਜ਼ਾਂ ਦੇਣ ਵਰਗੇ ਵਾਅਦੇ ਕੀਤੇ ਹਨ। ਪੰਜਾਬ ਵਿਚ ਪੂੰਜੀਨਿਵੇਸ਼ ਦਾ ਮਸਲਾ ਦਹਾਕਿਆਂ ਤੋਂ ਚਰਚਾ ਦਾ ਵਿਸ਼ਾ ਹੈ। ਸਰਹੱਦੀ ਸੂਬਾ ਹੋਣ ਕਰਕੇ ਉਸ ਤਰ੍ਹਾਂ ਦੇ ਉਦਯੋਗ ਸੂਬੇ ਅੰਦਰ ਲਗਾਏ ਨਹੀਂ ਗਏ ਜਿਨ੍ਹਾਂ ਨੇ ਨੌਜਵਾਨਾਂ ਨੂੰ ਵੱਡੇ ਪੱਧਰ 'ਤੇ ਰੁਜ਼ਗਾਰ ਦੇਣਾ ਸੀ। ਜਿਹੜੀਆਂ ਛੋਟੀਆਂ ਇਕਾਈਆਂ ਨੂੰ ਹੁਲਾਰਾ ਮਿਲਣਾ ਚਾਹੀਦਾ ਸੀ, ਉਹ ਗੁਆਂਢੀ ਸੂਬਿਆਂ ਵੱਲੋਂ ਵਿਸ਼ੇਸ਼ ਰਿਆਇਤਾਂ ਮਿਲਣ ਕਾਰਨ ਉਧਰ ਤਬਦੀਲ ਹੋ ਗਈਆਂ ਹਨ। ਪਿਛਲੇ ਡੇਢ ਦਹਾਕੇ ਦੌਰਾਨ ਹਜ਼ਾਰਾਂ ਅਜਿਹੀਆਂ ਇਕਾਈਆਂ ਹਿਮਾਚਲ ਪ੍ਰਦੇਸ਼ ਅਤੇ ਕੁਝ ਹੋਰ ਪਹਾੜੀ ਸੂਬਿਆਂ ਵਿਚ ਚਲੀਆਂ ਗਈਆਂ ਹਨ। ਪੰਜਾਬ ਵਿਚ ਉਦਯੋਗਿਕ ਵਿਕਾਸ ਬਾਰੇ ਕੇਂਦਰ ਦਾ ਰਵੱਈਆ ਪੈਰ ਪਿਛਾਂਹ ਖਿੱਚਣ ਵਾਲਾ ਰਿਹਾ ਹੈ।

ਇਸ ਤੋਂ ਇਲਾਵਾ ਪਿਛਲੇ ਸਾਲਾਂ ਦੌਰਾਨ ਸਿਹਤ ਅਤੇ ਸਿੱਖਿਆ ਦੇ ਮਾਮਲਿਆਂ ਵਿਚ ਪੰਜਾਬ ਅੰਦਰ ਕਾਫੀ ਉਥਲ-ਪੁਥਲ ਹੋਈ ਹੈ। ਅਸਲ ਵਿਚ ਸਿੱਖਿਆ ਦੇ ਖੇਤਰ ਵਿਚ ਜਿਸ ਤਰ੍ਹਾਂ ਪ੍ਰਾਈਵੇਟ ਅਦਾਰਿਆਂ ਨੂੰ ਖੁੱਲ੍ਹੀਆਂ ਛੋਟਾਂ ਦਿੱਤੀਆਂ ਗਈਆਂ, ਉਸ ਦੇ ਅਸਰ ਹੁਣ ਦਿਖਾਈ ਦੇਣ ਲੱਗੇ ਹਨ। ਉਚ ਸਿੱਖਿਆ ਹਾਸਲ ਕਰਨਾ ਆਮ ਪਰਿਵਾਰਾਂ ਦੇ ਬੱਚਿਆਂ ਦੇ ਵਿਤ ਤੋਂ ਇਕ ਤਰ੍ਹਾਂ ਬਾਹਰ ਹੀ ਹੋ ਗਈ ਹੈ। ਇਹੀ ਹਾਲ ਸਿਹਤ ਸਹੂਲਤਾਂ ਦਾ ਹੈ। ਸਿਹਤ ਖੇਤਰ ਦਾ ਸਰਕਾਰੀ ਢਾਂਚਾ ਇੰਨੀਆਂ ਨਿਵਾਣਾਂ ਛੋਹ ਚੁੱਕਾ ਹੈ ਕਿ ਆਮ ਬੰਦਾ ਇਲਾਜ ਖੁਣੋਂ ਮਰ ਰਿਹਾ ਹੈ। ਪਿਛਲੇ ਸਮੇਂ ਦੌਰਾਨ ਕਰੋਨਾ ਵਾਇਰਸ ਦੀ ਮਾਰ ਵੇਲੇ ਜੋ ਹਾਲ ਅਵਾਮ ਦਾ ਹੋਇਆ, ਉਹ ਰੌਂਗਟੇ ਖੜ੍ਹੇ ਕਰ ਵਾਲਾ ਹੈ ਪਰ ਸਿਤਮਜ਼ਰੀਫੀ ਦੇਖੋ ਕਿ ਕਿਸੇ ਵੀ ਪਾਰਟੀ ਨੇ ਇਨ੍ਹਾਂ ਸਾਰੇ ਮੁੱਦਿਆਂ ਬਾਰੇ ਕੋਈ ਸੰਜੀਦਗੀ ਨਹੀਂ ਦਿਖਾਈ। ਹੋਰ ਤਾਂ ਹੋਰ ਸਾਰੀਆਂ ਹੀ ਪਾਰਟੀਆਂ ਨੇ ਆਪੋ-ਆਪਣਾ ਚੋਣ ਮੈਨੀਫੈਸਟੋ ਤਿਆਰ ਕਰਨ ਪ੍ਰਤੀ ਵੀ ਕੋਈ ਸੰਜੀਦਗੀ ਨਹੀਂ ਦਿਖਾਈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਭਾਵ ਸੂਬੇ ਦੀ ਵੱਡੀ ਵਸੋਂ ਖੇਤੀ ਅਤੇ ਖੇਤੀ ਨਾਲ ਜੁੜੇ ਧੰਦਿਆਂ 'ਤੇ ਨਿਰਭਰ ਹੈ ਪਰ ਅਜੇ ਤੱਕ ਨਾ ਕੇਂਦਰ ਸਰਕਾਰ ਅਤੇ ਨਾ ਹੀ ਸੂਬਾ ਸਰਕਾਰ ਨੇ ਕਿਸਾਨੀ ਨੂੰ ਸੰਕਟ ਵਿਚੋਂ ਕੱਢਣ ਲਈ ਕੋਈ ਠੋਸ ਨੀਤੀ ਬਣਾਈ ਹੈ। ਵੱਡੇ ਇਤਿਹਾਸਕ ਕਿਸਾਨ ਅੰਦੋਲਨ ਦੇ ਬਾਵਜੂਦ ਕਿਸਾਨੀ ਸੰਕਟ ਜਿਉਂ ਦਾ ਤਿਉਂ ਬਰਕਰਾਰ ਹੈ। ਜ਼ਾਹਿਰ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਵੀ ਪੰਜਾਬ ਵਿਚ ਕਿਸੇ ਖਾਸ ਸਿਫਤੀ ਤਬਦੀਲੀ ਦੇ ਆਸਾਰ ਬਣਦੇ ਨਜ਼ਰ ਨਹੀਂ ਆ ਰਹੇ। ਪੰਜਾਬ ਦਾ ਫਿਕਰ ਕਰਨ ਵਾਲੀਆਂ ਧਿਰਾਂ ਨੂੰ ਹੁਣ ਸਿਆਸਤ ਤੋਂ ਉਪਰ ਉਠ ਕੇ ਪੰਜਾਬ ਦੇ ਨਕਸ਼ ਨਵੇਂ ਸਿਰਿਓਂ ਘੜਨ ਲਈ ਯਤਨ ਸ਼ੁਰੂ ਕਰਨੇ ਚਾਹੀਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਯਾਰੀ ਕਮਲ ਤੇ ਤੱਕੜੀ ਦੀ*

ਚੌਵੀ ਸਾਲ ਨਿਭਾਇਆ ਸੀ ਨਰੜ ਦੋਹਾਂ, ਰਿਸ਼ਤਾ ਪਤੀ ਤੇ ਪਤਨੀ ਦਾ ਦੱਸ ਕੇ ਜੀ।
ਕਿਹਨੂੰ ਆਖੀਏ 'ਪਤੀ' ਤੇ ਕੌਣ 'ਪਤਨੀ', ਜਨਤਾ ਪੁੱਛਦੀ ਰਹੀ ਐ ਹੱਸ ਕੇ ਜੀ।
ਕੌਮੀ ਹਿੱਤਾਂ ਵੱਲ ਪਿੱਠ ਮਰੋੜ ਰੱਖੀ, ਨਿਜੀ ਲਾਲਚਾਂ ਵਿਚ ਹੀ ਫਸ ਕੇ ਜੀ।
ਤੀਜੇ ਥਾਂਹ 'ਤੇ ਤਦੇ ਹੀ ਸੁੱਟਿਆ ਸੀ, ਅੱਗੇ ਚਾਹੁੰਦਾ ਸੀ ਹੋਣਾ ਜੋ ਨੱਸ ਕੇ ਜੀ।
'ਕੱਠੇ ਹੋਣ ਦੀ ਸੁਣੀ ਬਿਆਨਬਾਜ਼ੀ, ਹੁਣ ਫੇਰ ਕਨਸੋਆਂ ਇਹ ਆ ਰਹੀਆਂ।
ਹਾਥੀ ਛੱਡ ਕੇ ਕਮਲ ਦੇ ਨਾਲ ਖੜ੍ਹਨਾ, ਖਬਰਾਂ ਤੱਕੜੀ ਦੀਆਂ ਇਹ ਛਾਅ ਰਹੀਆਂ।

# ਰੁਜ਼ਗਾਰ ਦਾ ਮਸਲਾ ਅਤੇ ਕੌਮਾਂਤਰੀ ਵਿਦਿਆਰਥੀ



ਮਨਦੀਪ
ਫੋਨ: +438-924-2052

ਅੱਜ ਦੀ ਗਲੋਬਲ ਆਰਥਿਕਤਾ ਤੇਜ਼ੀ ਨਾਲ ਬਦਲ ਰਹੀ ਹੈ। ਰੁਜ਼ਗਾਰਦਾਤਾ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਨਵੇਂ ਹੁਨਰ ਦੀ ਭਾਲ ਕਰ ਰਹੇ ਹਨ। ਸੰਸਾਰੀਕਰਨ ਦੇ ਤੇਜ਼-ਤਰਾਰ ਦੌਰ ਵਿਚ ਸੰਸਾਰ ਲਗਾਤਾਰ ਡਿਜੀਟਲ ਪਿੰਡ ਅਤੇ ਮੰਡੀ ਬਣ ਕੇ ਉਭਰ ਰਿਹਾ ਹੈ। ਸੰਸਾਰ ਮੰਡੀ ਕੁਦਰਤੀ ਸਾਧਨਾਂ ਸਮੇਤ ਮਨੁੱਖੀ ਕਿਰਤ ਦੀ ਬਰਾਮਦ ਦਰਾਮਦ ਤੋਂ ਲੈ ਕੇ ਸਿਹਤ ਅਤੇ ਸਿੱਖਿਆ ਦੀਆਂ ਬੁਨਿਆਦੀ ਲੋੜਾਂ ਦੇ ਵਪਾਰ ਤੱਕ ਫੈਲੀ ਹੋਈ ਹੈ। ਕਲਿਆਣ ਦੇ ਪ੍ਰਵਚਨ ਉਹਲੇ ਨਿੱਜੀਕਰਨ ਕਰਨਾ ਇਸ ਦਾ ਮੁੱਖ ਉਦੇਸ਼ ਹੈ। ਸੰਸਾਰ ਪੱਧਰ ਤੇ ਸਨਅਤੀ ਖੇਤਰਾਂ ਵਾਂਗ ਸਿੱਖਿਆ ਵੱਡਾ ਵਪਾਰਕ ਖੇਤਰ ਬਣ ਕੇ ਉਭਰੀ ਹੈ। ਕੌਮਾਂਤਰੀ ਸਿੱਖਿਆ ਖੇਤਰ ਵਿਚ ਭਾਰਤ ਕੌਮਾਂਤਰੀ ਵਿਦਿਆਰਥੀ 'ਬਰਾਮਦ' ਕਰਨ ਵਾਲਾ ਵੱਡਾ ਕੇਂਦਰ ਹੈ ਅਤੇ ਪੰਜਾਬ ਇਸ ਮਾਮਲੇ ਵਿਚ ਅਵਲ ਹੈ। ਪਿਛਲੇ ਕੁਝ ਸਾਲਾਂ ਤੋਂ ਇਹ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਭਾਰਤ ਵਿਚੋਂ ਸੰਸਾਰ ਦੇ ਵਿਕਸਿਤ ਮੁਲਕਾਂ ਵੱਲ ਨੌਜਵਾਨ ਕਿਰਤ ਅਤੇ ਬੌਧਿਕ ਸ਼ਕਤੀ ਦੇ ਪਰਵਾਸ ਲਈ ਟਰੈਵਲ ਏਜੰਟਾਂ ਦੇ ਰੂਪ ਵਿਚ 'ਪਰਵਾਸ ਮਾਫੀਆ' ਹੋਂਦ ਵਿਚ ਆ ਚੁੱਕਾ ਹੈ।

ਕੌਮਾਂਤਰੀ ਸਿੱਖਿਆ ਨੀਤੀਆਂ ਗਿਆਨ, ਭਾਸ਼ਾ, ਵਿਚਾਰਾਂ ਅਤੇ ਸੱਭਿਆਚਾਰ ਦਾ ਅਦਾਨ-ਪ੍ਰਦਾਨ ਕਰਨ ਬਹਾਨੇ ਨਿੱਜੀਕਰਨ-ਸੰਸਾਰੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਦਿਆਂ ਸਿੱਖਿਆ ਨੂੰ ਵਪਾਰ ਦੇ ਸਾਧਨ ਵਜੋਂ ਅੱਗੇ ਵਧਾਉਣ ਦੀਆਂ ਵਾਹਕ ਹਨ। ਸਿੱਖਿਆ ਦੇ ਇਸ ਵਪਾਰ ਉਤੇ ਸੰਸਾਰ ਦੇ ਵਿਕਸਿਤ ਮੁਲਕਾਂ (ਅਮਰੀਕਾ, ਕੈਨੇਡਾ, ਆਸਟਰੇਲੀਆ, ਇੰਗਲੈਂਡ, ਨਿਊਜ਼ੀਲੈਂਡ ਆਦਿ) ਦੀ ਇਜਾਰੇਦਾਰੀ ਹੈ। ਦੁਨੀਆ ਭਰ ਦੇ ਗਰੀਬ ਮੁਲਕਾਂ ਦੇ ਵਿਦਿਆਰਥੀ ਮੋਟੀਆਂ ਫੀਸਾਂ ਭਰ ਕੇ ਇਨ੍ਹਾਂ ਮੁਲਕਾਂ ਲਈ ਨਰਸਾਂ, ਡਾਕਟਰ, ਇੰਜਨੀਅਰ, ਬਿਜ਼ਨਸ ਮੈਨੇਜਮੈਂਟ, ਅਕਾਊਂਟੈਂਟ, ਰਿਸਰਚ ਸਕਾਲਰ ਪੈਦਾ ਕਰਨ ਦੀ ਮੰਡੀ ਬਣ ਰਹੇ ਹਨ। ਜਿੱਥੇ ਇਨ੍ਹਾਂ ਮੁਲਕਾਂ ਵਿਚੋਂ ਨੌਜਵਾਨ ਕਿਰਤ ਸ਼ਕਤੀ ਅਤੇ ਪੈਸਾ ਬਾਹਰ ਜਾ ਰਿਹਾ ਹੈ, ਉਥੇ ਬੌਧਿਕ ਹੂੰਝਾ (ਬਰੇਨ ਡਰੇਨ) ਵੀ ਫਿਰ ਰਿਹਾ ਹੈ। ਦੁਨੀਆ ਦੇ ਵਿਕਸਿਤ ਮੁਲਕ ਆਪਣੇ ਉਦਯੋਗਿਕ ਅਤੇ ਹੋਰ ਵਪਾਰਕ ਖੇਤਰਾਂ ਲਈ ਮੰਗ ਆਧਾਰਿਤ ਹੁਨਰਮੰਦ ਕਾਮੇ ਅਤੇ ਪੜ੍ਹੇ-ਲਿਖੇ ਸਿਖਲਾਈਯਾਫ਼ਤਾ ਤੇ ਤਜਰਬਾ ਪ੍ਰਾਪਤ ਨੌਜਵਾਨ ਕਾਮਿਆਂ ਨੂੰ ਖਿੱਚ ਰਹੇ ਹਨ। ਇਸ ਲਈ ਪਿਛਲੇ ਦੋ ਦਹਾਕੇ ਤੋਂ ਇਨ੍ਹਾਂ ਮੁਲਕਾਂ ਨੇ ਆਪਣੀਆਂ ਇਮੀਗ੍ਰੇਸ਼ਨ ਨੀਤੀਆਂ ਵਿਚ ਤਬਦੀਲੀਆਂ ਕਰਦਿਆਂ ਸਿੱਖਿਆ ਦੇ ਆਧਾਰ ਤੇ ਇਮੀਗ੍ਰੇਸ਼ਨ ਦੇਣ ਦੀ ਨੀਤੀ ਨੂੰ ਜ਼ਿਆਦਾ ਤਵੱਜੋ ਦਿੱਤੀ ਹੈ। ਮਿਸਾਲ ਵਜੋਂ ਕੈਨੇਡਾ ਵਿਚ ਸਾਲ 2000 ਵਿਚ 50 ਹਜ਼ਾਰ ਕੌਮਾਂਤਰੀ ਵਿਦਿਆਰਥੀ ਪੜ੍ਹਦੇ ਸਨ ਪਰ 2019 ਤੱਕ ਇਹ ਗਿਣਤੀ ਵਧ ਕੇ 2,50,000 ਹੋ ਗਈ ਅਤੇ 2019-24 ਦੀ ਪੰਜ ਸਾਲਾ ਯੋਜਨਾ 'ਨਵੀਂ ਕੌਮਾਂਤਰੀ ਸਿੱਖਿਆ ਨੀਤੀ' ਤਹਿਤ 2024 ਤੱਕ ਹਰ ਸਾਲ ਇਹ ਇਹ ਗਿਣਤੀ 4,50,000 ਤੱਕ ਲੈ ਕੇ ਜਾਣ ਦਾ ਟੀਚਾ ਹੈ।

ਇਸ ਦੇ ਕਈ ਪਹਿਲੂ ਹਨ। ਪਹਿਲਾ, ਕੌਮਾਂਤਰੀ ਵਿਦਿਆਰਥੀਆਂ ਤੋਂ ਮੋਟੀਆਂ ਫੀਸਾਂ ਹਾਸਲ ਕਰਕੇ ਆਪਣੇ ਦੇਸ਼ਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨਾ; ਮਸਲਨ, 2018 ਦੇ ਅੰਕੜਿਆਂ ਮੁਤਾਬਕ ਕੈਨੇਡਾ ਵਿਚ ਪੜ੍ਹਦੇ ਕੌਮਾਂਤਰੀ ਵਿਦਿਆਰਥੀ ਕੈਨੇਡਾ ਦੀ ਕੁੱਲ ਜੀ.ਡੀ.ਪੀ. (ਕੁੱਲ ਘਰੇਲੂ ਉਤਪਾਦ) ਵਿਚ 21.6 ਬਿਲੀਅਨ ਡਾਲਰ ਦਾ ਯੋਗਦਾਨ ਪਾਉਂਦੇ ਹਨ। ਹੁਣ ਇਹ ਯੋਗਦਾਨ 30 ਬਿਲੀਅਨ ਡਾਲਰ ਹੈ ਅਤੇ 2024 ਤੱਕ ਸਰਕਾਰ ਦਾ ਟੀਚਾ ਇਸ ਨੂੰ 80 ਬਿਲੀਅਨ ਡਾਲਰ ਤੱਕ ਲਿਜਾਣ ਦਾ ਹੈ। ਦੂਸਰਾ, ਇਨ੍ਹਾਂ ਦੇਸ਼ਾਂ ਵਿਚ ਬਜ਼ੁਰਗ ਹੋ ਰਹੀ ਵਸੋਂ ਦੇ ਅਨੁਪਾਤ ਅਨੁਸਾਰ ਨੌਜਵਾਨ ਕਿਰਤ ਸ਼ਕਤੀ ਦੀ ਦਰਾਮਦ ਕਰਨੀ। ਤੀਸਰਾ, ਖੁੱਲ੍ਹੀ ਮੰਡੀ ਦੇ ਨੇਮ ਲਾਗੂ ਕਰਦਿਆਂ ਮੂਲ ਨਿਵਾਸੀਆਂ ਦੇ ਮੁਕਾਬਲੇ ਸਸਤੀ ਲੇਬਰ ਹਾਸਲ ਕਰਨੀ। ਚੌਥਾ, ਮੁਕਾਬਲੇ ਦੇ ਦੌਰ ਅੰਦਰ ਹੁਨਰਮੰਦ ਕਾਮਿਆਂ ਰਾਹੀਂ ਸੰਸਾਰ ਮੰਡੀ ਵਿਚ ਸਫਲਤਾ ਹਾਸਲ ਕਰਨੀ। ਇਉਂ ਕੌਮਾਂਤਰੀ ਸਿੱਖਿਆ ਮਹਿਜ਼ 'ਸਿੱਖਿਆ ਪ੍ਰੋਗਰਾਮ' ਨਹੀਂ ਬਲਕਿ ਇਮੀਗ੍ਰੇਸ਼ਨ ਪ੍ਰੋਗਰਾਮ ਬਣ ਗਈ ਹੈ। ਸੰਸਾਰ ਮੰਡੀ ਵਿਚ ਸਿੱਖਿਆ ਵਪਾਰ, ਕਾਲਜ ਵਿਕਰੇਤਾ ਅਤੇ ਵਿਦਿਆਰਥੀ ਗ੍ਰਾਹਕ ਹਨ। ਇਸ ਦਾ ਉਦੇਸ਼ 'ਸਿੱਖਣ ਲਈ ਆਓ, ਸੇਵਾ ਲਈ ਜਾਓ', ਦੀ ਥਾਂ 'ਸਿੱਖਿਆ ਬਹਾਨੇ ਆਓ, ਰੁਜ਼ਗਾਰ ਪਾਓ' ਬਣ ਗਿਆ ਹੈ।

ਸੁਪਨਿਆਂ ਦੇ ਦੇਸ਼ ਜਾਣ ਅਤੇ ਸਫਲਤਾ ਲਈ ਸਭ ਕੁਝ ਵੇਚ-ਛੱਡ ਕੇ ਵਿਦੇਸ਼ ਜਾਣ ਦੀ ਦੌੜ ਵਿਚ ਭਾਰਤ ਸਭ ਮੁਲਕਾਂ ਨਾਲੋਂ ਮੋਹਰੀ ਹੈ। ਜਿੱਥੇ ਵਿਕਸਿਤ ਮੁਲਕਾਂ ਦੇ ਉਚੇਰੀਆਂ ਸਹੂਲਤਾਂ ਦੇ ਸੁਪਨੇ, ਪੱਛਮੀ ਸੱਭਿਆਚਾਰ ਦੀ ਚਕਾਚੌਂਧ, ਚੰਗੀ ਜ਼ਿੰਦਗੀ ਤੇ ਰੁਜ਼ਗਾਰ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਦੇ ਹਨ, ਉਥੇ ਦੇਸ਼ ਅੰਦਰਲੀ ਗਰੀਬੀ, ਬੇਰੁਜ਼ਗਾਰੀ, ਭ੍ਰਿਸ਼ਟ ਪ੍ਰਬੰਧ, ਮਾੜਾ ਸਿੱਖਿਆ ਪ੍ਰਬੰਧ, ਜਗੀਰੂ ਸਭਿਆਚਾਰਕ ਕਦਰਾਂ-ਕੀਮਤਾਂ ਦੀ ਰਹਿੰਦ-ਖੂੰਹਦ ਆਦਿ ਵੀ ਉਨ੍ਹਾਂ ਨੂੰ 'ਸਵੈ-ਇੱਛਤ ਦੇਸ਼ ਨਿਕਾਲੇ' ਲਈ ਮਜਬੂਰ ਕਰਦਾ ਹੈ। ਅੱਗੇ ਸੁਪਨਮਈ ਦੇਸ਼ਾਂ ਵਿਚ ਜਾ ਕੇ ਉਨ੍ਹਾਂ ਦਾ ਹਕੀਕਤ ਨਾਲ ਵਾਹ ਪੈਂਦਾ ਹੈ। ਜਿੱਥੇ ਉਨ੍ਹਾਂ ਨੂੰ ਏਜੰਟਾਂ ਦੀਆਂ ਧੋਖਾਧੜੀਆਂ, ਨੀਰਸ ਆਨਲਾਈਨ ਪੜ੍ਹਾਈ, ਫਰਜ਼ੀ ਕਾਲਜਾਂ, ਮਹਿੰਗੇ ਰਿਹਾਇਸ਼ੀ ਮਕਾਨਾਂ, ਕੱਚੇ ਹੋਣ ਦਾ ਡਰ, ਪੱਕੇ ਹੋਣ ਤੇ ਨਾਗਰਿਕਤਾ ਪਾਉਣ ਦਾ ਫਿਕਰ, ਘੱਟ ਉਜਰਤਾਂ ਤੇ ਵੱਧ ਘੰਟੇ ਕੰਮ, ਡਿਪੋਰਟ ਹੋਣ ਦਾ ਡਰ, ਇਕਲਾਪਾ, ਮਾਨਸਿਕ ਤਣਾਅ, ਖੁਦਕਸ਼ੀਆਂ ਆਦਿ ਬਹੁਤ ਸਾਰੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਤਾਜ਼ਾ ਉਦਾਹਰਨ ਵਜੋਂ ਇਹ ਸੰਤਾਪ ਇਸ ਸਮੇਂ ਕੈਨੇਡਾ ਦੇ ਸ਼ਹਿਰ ਮੌਂਟਰੀਅਲ ਦੇ ਬੰਦ ਹੋਏ ਤਿੰਨ ਕਾਲਜਾਂ ਦੇ ਸੈਂਕੜੇ ਵਿਦਿਆਰਥੀ ਹੰਢਾਅ ਰਹੇ ਹਨ। ਕਾਨੂੰਨੀ ਘਾਟਾਂ/ਕਮਜ਼ੋਰੀਆਂ ਆਸਰੇ ਧੋਖਾਧੜੀ ਕਰਨ ਵਾਲੇ ਕਾਲਜ ਬੰਦ ਹੋਣ ਨਾਲ ਜਿੱਥੇ ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ, ਉਥੇ ਵਿਦਿਆਰਥੀਆਂ ਦਾ ਸਮਾਂ, ਪੈਸਾ, ਇਮੀਗ੍ਰੇਸ਼ਨ ਸਟੇਟਸ, ਵਰਕ ਪਰਮਿਟ ਅਤੇ ਪੱਕੇ ਹੋਣ ਦੀ ਆਸ ਲੰਮੇਰੀ ਹੋ ਰਹੀ ਹੈ। ਇਸ ਦੇ ਨਾਲ ਭਾਰਤ ਵਿਚ ਬੈਠੇ ਸੈਂਕੜੇ ਵਿਦਿਆਰਥੀਆਂ ਦੇ ਵੀਜ਼ੇ ਰੱਦ, ਆਨਲਾਈਨ ਕਲਾਸਾਂ ਬੰਦ ਤੇ ਫੀਸਾਂ ਦੇ ਲਗਭਗ 64 ਲੱਖ ਡਾਲਰ ਡੁੱਬ ਚੁੱਕੇ ਹਨ। ਵਿਦੇਸ਼ ਪੜ੍ਹਨ ਗਏ ਅਤੇ ਭਾਰਤ ਵਿਚ ਵਿਦੇਸ਼ ਜਾਣ ਦੀ ਆਸ ਵਿਚ ਬੈਠੇ ਵਿਦਿਆਰਥੀ ਪੜ੍ਹਨ ਦੀ ਥਾਂ ਸੰਘਰਸ਼ ਕਰਨ ਲਈ ਮਜਬੂਰ ਹਨ।



ਇਸ ਤੋਂ ਬਿਨਾਂ ਕੌਮਾਂਤਰੀ ਵਿਦਿਆਰਥੀਆਂ ਨੂੰ ਖਿੱਚਣ ਦਾ ਇਕ ਹੋਰ ਅਹਿਮ ਪਹਿਲੂ ਵੀ ਹੈ। ਕੈਨੇਡਾ ਮੂਲ ਦੇ ਵਿਦਿਆਰਥੀ ਕੌਮਾਂਤਰੀ ਵਿਦਿਆਰਥੀਆਂ ਦੇ ਮੁਕਾਬਲੇ ਸਿੱਖਿਆ ਸੰਸਥਾਵਾਂ ਵਿਚ ਘੱਟ ਦਾਖਲ ਹੋ ਰਹੇ ਹਨ। ਕੈਨੇਡਾ ਦੇ ਉਂਟਾਰੀਓ ਸੂਬੇ ਦੇ ਪਬਲਿਕ ਸਹਾਇਤਾ ਪ੍ਰਾਪਤ ਕਾਲਜਾਂ ਦੇ ਸਰਵੇਖਣ ਮੁਤਾਬਕ 2018 ਵਿਚ 89% ਕੌਮਾਂਤਰੀ ਵਿਦਿਆਰਥੀ ਗਰੈਜੂਏਟ ਹੋਏ ਅਤੇ ਇਸ ਦੇ ਮੁਕਾਬਲੇ ਕੈਨੇਡਾ ਮੂਲ ਦੇ 69% ਵਿਦਿਆਰਥੀਆਂ ਨੇ ਗ੍ਰੈਜੂਏਸ਼ਨ ਕੀਤੀ। ਕੈਨੇਡੀਅਨ ਬਿਊਰੋ ਦੇ 2016 ਦੇ ਸਰਵੇਖਣ ਮੁਤਾਬਕ ਉਂਟਾਰੀਓ ਵਿਚ 50% ਕੌਮਾਂਤਰੀ ਅਤੇ 18% ਸਥਾਨਕ ਵਿਦਿਆਰਥੀਆਂ ਦੇ ਯੂਨੀਵਰਸਿਟੀ ਡਿਗਰੀ ਹਾਸਲ ਕੀਤੀ। ਕੈਨੇਡੀਅਨ ਵਿਦਿਆਰਥੀਆਂ ਦੇ ਮੁਕਾਬਲੇ ਉਚ ਸਿੱਖਿਆ ਹਾਸਲ ਕਰਕੇ ਵੀ ਕੌਮਾਂਤਰੀ ਵਿਦਿਆਰਥੀ ਘੱਟ ਉਜਰਤ ਤੇ ਵੱਧ ਘੰਟੇ ਕੰਮ ਕਰਨ ਲਈ ਮਜਬੂਰ ਹੁੰਦੇ ਹਨ। ਪੜ੍ਹਾਈ ਦੌਰਾਨ ਵੀ ਉਹ ਸਥਾਨਕ ਵਿਦਿਆਰਥੀਆਂ ਦੇ ਮੁਕਾਬਲੇ ਤਿੰਨ ਤੋਂ ਚਾਰ ਗੁਣਾ ਜ਼ਿਆਦਾ ਫੀਸ ਅਦਾ ਕਰਦੇ ਹਨ। ਪੜ੍ਹਾਈ ਦੌਰਾਨ ਜਿੱਥੇ ਮੂਲ ਵਿਦਿਆਰਥੀ ਪੂਰਾ ਸਮਾਂ ਕੰਮ ਕਰਨ ਲਈ ਆਜ਼ਾਦ ਹਨ, ਉਥੇ ਕੌਮਾਂਤਰੀ ਵਿਦਿਆਰਥੀ ਇਕ ਹਫਤੇ ਵਿਚ ਕੇਵਲ 20 ਘੰਟੇ ਹੀ ਕੰਮ ਕਰ ਸਕਦੇ ਹਨ। ਅੰਗਰੇਜ਼ੀ ਉਨ੍ਹਾਂ ਦੀ ਪਹਿਲੀ ਭਾਸ਼ਾ ਨਾ ਹੋਣ ਕਾਰਨ ਵੀ ਵਿਦਿਆਰਥੀਆਂ ਨੂੰ ਪੜ੍ਹਾਈ ਅਤੇ ਨੌਕਰੀ ਦੌਰਾਨ ਅਨੇਕਾਂ ਮੁਸ਼ਕਿਲਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਸੈਂਕੜੇ ਵਿਦਿਆਰਥੀਆਂ ਨੂੰ ਕਲਾਸ ਵਿਚ ਅੰਗਰੇਜ਼ੀ ਭਾਸ਼ਾ ਮੁਹਾਰਤ ਲਈ ਵੱਖਰੀਆਂ ਮਹਿੰਗੀਆਂ ਫੀਸਾਂ ਭਰ ਕੇ ਦੁਬਾਰਾ ਆਇਲੈਟਸ ਪਾਸ ਕਰਨਾ ਪੈਂਦਾ ਹੈ।

ਕੁਝ ਕਾਲਜਾਂ ਦੇ ਅਧਿਕਾਰੀਆਂ ਦੇ ਇਕਬਾਲ ਮੁਤਾਬਕ 2018-19 ਵਿਚ ਕੈਨੇਡਾ ਦੇ ਬਹੁਤ ਸਾਰੇ ਕਾਲਜ ਸਰਕਾਰੀ ਫੰਡਾਂ ਦੀ ਘਾਟ ਕਰਕੇ ਬੰਦ ਹੋਣ ਕਿਨਾਰੇ ਸਨ ਪਰ ਕੌਮਾਂਤਰੀ ਵਿਦਿਆਰਥੀਆਂ ਕੋਲੋਂ ਆਏ ਪੈਸੇ ਨੇ ਕੈਨੇਡੀਅਨ ਬੱਚਿਆਂ ਦੀ ਪੜ੍ਹਾਈ, ਨਵੇਂ ਕੈਂਪਸ, ਨਵੀਆਂ ਭਰਤੀਆਂ ਤੇ ਨਵੇਂ ਕੋਰਸਾਂ ਲਈ ਯੋਗਦਾਨ ਪਾਇਆ।

ਇਸ ਤੋਂ ਇਲਾਵਾ 2019-2024 ਦੀ 'ਨਵੀਂ ਕੌਮਾਂਤਰੀ ਸਿੱਖਿਆ ਰਣਨੀਤੀ' ਦਾ ਟੀਚਾ ਕੈਨੇਡੀਅਨ ਵਿਦਿਆਰਥੀਆਂ ਨੂੰ ਮੁੱਖ ਗਲੋਬਲ ਬਾਜ਼ਾਰਾਂ, ਖਾਸ ਤੌਰ ਤੇ ਏਸ਼ੀਆ ਵਿਚ ਅਧਿਐਨ ਅਤੇ ਵਿਦੇਸ਼ਾਂ ਵਿਚ ਕੰਮ ਕਰਨ ਦੇ ਮੌਕਿਆਂ ਰਾਹੀਂ ਨਵੇਂ ਹੁਨਰ ਹਾਸਲ ਕਰਨ ਲਈ ਉਤਸ਼ਾਹਿਤ ਕਰਨਾ ਹੈ। ਇਸ ਰਣਨੀਤੀ ਦਾ ਉਦੇਸ਼ ਅਗਲੇ ਪੰਜ ਸਾਲਾਂ ਵਿਚ ਸਿੱਖਿਆ ਖੇਤਰ ਵਿਚ ਵੰਨ-ਸਵੰਨਤਾ ਲਿਆਉਣਾ, ਕੈਨੇਡਾ ਦੀ ਨਵੀਨਤਾ ਸਮਰੱਥਾ ਨੂੰ ਵਧਾਉਣਾ, ਸੰਸਾਰ ਸੰਬੰਧਾਂ ਨੂੰ ਉਤਸ਼ਾਹਿਤ ਕਰਨਾ ਅਤੇ ਜੀਵੰਤ ਕੈਨੇਡੀਅਨ ਆਰਥਿਕਤਾ ਨੂੰ ਉਤਸ਼ਾਹਿਤ ਕਰਨਾ ਹੈ। ਕੈਨੇਡਾ ਦੀ ਲੇਬਰ ਫੋਰਸ ਕੋਲ ਲੋੜੀਂਦੇ ਹੁਨਰ ਅਤੇ ਪ੍ਰਤਿਭਾ ਦਿਖਾ ਕੇ ਕੈਨੇਡਾ ਨੂੰ ਸੰਸਾਰ ਬਾਜ਼ਾਰਾਂ ਵਿਚ ਸਫਲਤਾਪੂਰਵਕ ਮੁਕਾਬਲਾ ਕਰ ਸਕਣ ਦੇ ਯੋਗ ਬਣਾਉਣਾ ਹੈ। ਰਣਨੀਤੀ ਦਾ ਉਦੇਸ਼ ਦੁਨੀਆ ਭਰ ਦੇ ਵਿਦਿਆਰਥੀਆਂ ਨੂੰ ਕੈਨੇਡਾ ਭਰ ਦੇ ਭਾਈਚਾਰਿਆਂ ਵੱਲ ਖਿੱਚਣਾ ਹੈ।

ਵਪਾਰਕ ਰਾਸ਼ਟਰ ਵਜੋਂ ਕੈਨੇਡਾ ਦੀ ਸਫਲਤਾ ਨੂੰ ਅੱਗੇ ਵਧਾਉਣ ਲਈ ਲੋੜੀਂਦੀਆਂ ਗਲੋਬਲ ਯੋਗਤਾਵਾਂ, ਹੁਨਰਾਂ ਅਤੇ ਨੈੱਟਵਰਕਾਂ ਨਾਲ ਵਿਦੇਸ਼ਾਂ ਵਿਚ ਕੰਮ ਕਰਨ ਵਿਚ ਮਦਦ ਕਰਨਾ ਹੈ। ਕੈਨੇਡੀਅਨ ਸਕੂਲਾਂ ਅਤੇ ਕਾਰੋਬਾਰਾਂ ਨੂੰ ਕੌਮਾਂਤਰੀ ਬਾਜ਼ਾਰਾਂ ਦੀ ਵਧਦੀ ਗਿਣਤੀ ਅਤੇ ਵੰਨ-ਸਵੰਨਤਾ ਲਈ ਅਤਿ ਆਧੁਨਿਕ ਵਿੱਦਿਅਕ ਸੇਵਾਵਾਂ ਅਤੇ ਉਤਪਾਦਾਂ ਨੂੰ ਡਿਜ਼ਾਈਨ ਕਰਨ ਅਤੇ ਬਰਾਮਦ ਕਰਨ ਵਿਚ ਸਹਾਇਤਾ ਕਰਨਾ ਵੀ ਇਸ ਦਾ ਮੰਤਵ ਹੈ। ਇਸ ਤਰ੍ਹਾਂ ਸਿੱਖਿਆ ਦੇ ਸੰਸਾਰ ਬਾਜ਼ਾਰ ਵਿਚ ਕੌਮਾਂਤਰੀ ਵਿਦਿਆਰਥੀ ਮਹਿਜ਼ ਨਵੀਂ ਵ੍ਹਾਈਟ ਕਾਲਰ ਲੇਬਰ ਵਜੋਂ ਹੀ ਤਿਆਰ ਕੀਤੇ ਜਾ ਰਹੇ ਹਨ। ਵਿਦਿਆਰਥੀ ਜੋ ਦੇਸ਼ ਦਾ ਭਵਿੱਖ ਅਤੇ ਕੀਮਤੀ ਸਰਮਾਇਆ ਹੁੰਦੇ ਹਨ, ਉਹ ਹੁਣ ਸੰਸਾਰ ਮੰਡੀ ਦੇ ਪੁਰਜੇ ਬਣ ਰਹੇ ਹਨ। ਗਿਆਨ ਜਾਂ ਸਿੱਖਿਆ ਸਮਾਜਿਕ ਜਾਇਦਾਦ ਹੁੰਦੀ ਹੈ, ਨਾ ਕਿ ਕਿਸੇ ਬੰਦੇ ਜਾਂ ਜਮਾਤ ਦੀ ਨਿੱਜੀ ਜਾਇਦਾਦ ਪਰ ਸਿੱਖਿਆ ਨੂੰ ਮੁਨਾਫੇ ਦਾ ਧੰਦਾ ਬਣਾ ਦਿੱਤਾ ਗਿਆ ਹੈ।

ਪਰਵਾਸ ਦੇ ਸੰਤਾਪ ਦਾ ਇੱਕ ਪਹਿਲੂ ਇਹ ਵੀ ਹੈ ਕਿ ਕੌਮਾਂਤਰੀ ਵਿਦਿਆਰਥੀ ਜਿੱਥੇ ਪਹਿਲਾਂ ਆਪਣੇ ਦੇਸ਼ ਅੰਦਰ ਮੁਸ਼ਕਿਲਾਂ ਨਾਲ ਮਹਿੰਗੀ ਮੁੱਢਲੀ ਪੜ੍ਹਾਈ, ਆਇਲੈਟਸ, ਵੱਖ ਵੱਖ ਵਿਦੇਸ਼ੀ ਕੋਰਸਾਂ ਦੀਆਂ ਫੀਸਾਂ ਅਤੇ ਵੀਜ਼ੇ ਹਾਸਲ ਕਰਦੇ ਹਨ, ਉਥੇ ਵਿਦੇਸ਼ਾਂ ਵਿਚ ਵੀ ਅਨੇਕਾਂ ਮੁਸ਼ਕਿਲਾਂ ਅਤੇ ਧੋਖਾਧੜੀਆਂ ਦਾ ਸਾਹਮਣਾ ਕਰਦੇ ਹਨ। ਅਜਿਹੀ ਹਾਲਤ ਵਿਚ ਜੇ ਵਿਦਿਆਰਥੀ ਵੱਡੇ ਧੋਖੇਬਾਜ਼ ਵਿਦਿਅਕ ਅਦਾਰਿਆਂ ਨਾਲ ਕਾਨੂੰਨੀ ਲੜਾਈ ਲਈ ਲਮਕਵੇਂ ਅਦਾਲਤੀ ਝਮੇਲਿਆਂ ਵਿਚ ਪੈਂਦੇ ਹਨ ਤਾਂ ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈਂਦਾ। ਇਸ ਹਾਲਤ ਵਿਚ ਉਨ੍ਹਾਂ ਕੋਲ ਜਥੇਬੰਦਕ ਵਿਦਿਆਰਥੀ ਸੰਘਰਸ਼ ਬਿਨਾਂ ਕੋਈ ਚਾਰਾ ਨਹੀਂ ਰਹਿੰਦਾ ਪਰ ਨਵੇਂ ਮੁਲਕ, ਨਵੀਂ ਧਰਤੀ ਅਤੇ ਨਵੀਂ ਉਮਰ ਵਿਚ ਇਨ੍ਹਾਂ ਮੁਲਕਾਂ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਜਥੇਬੰਦੀ ਦੀ ਅਣਹੋਂਦ, ਕੱਚੇ ਪਰਵਾਸੀਆਂ ਜਾਂ ਵਿਦਿਆਰਥੀਆਂ ਲਈ ਜਥੇਬੰਦ ਹੋਣ ਤੇ ਸੰਘਰਸ਼ ਕਰਨ ਦੀਆਂ ਸੀਮਤਾਈਆਂ, ਡਰ ਤੇ ਮਜਬੂਰੀਆਂ ਹਾਲਤ ਨੂੰ ਹੋਰ ਵੱਧ ਮੁਸ਼ਕਿਲ ਬਣਾ ਦਿੰਦੀਆਂ ਹਨ।

# ਪੰਜਾਬ ਵਿਚ ਭਾਜਪਾ ਦੀ ਜ਼ੋਰ-ਅਜ਼ਮਾਈ

## ਹਿੰਦੂ ਵੋਟ ਬੈਂਕ ਵਾਲੇ ਇਲਾਕਿਆਂ ਵਿਚ ਰਾਸ਼ਟਰਵਾਦ ਰਾਹੀਂ ਸਿਆਸਤ

***ਐਤਕੀਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੇ ਬਹੁਤ ਜ਼ੋਰ ਲਾਇਆ ਹੈ। ਇਸ ਨੇ ਬਹੁਤੇ ਹਲਕਿਆਂ ਵਿਚ ਹਿੰਦੂਤਵ ਬਿਰਤਾਂਤ ਬਾਰੇ ਹੀ ਗੱਲ ਚਲਾਈ ਅਤੇ ਲੋਕਾਂ ਨੂੰ ਰਾਸ਼ਟਰਵਾਦ ਦਾ ਪਾਠ ਪੜ੍ਹਾਉਣ ਲਈ ਪੂਰਾ ਟਿੱਲ ਲਾਇਆ। ਉਘੇ ਪੱਤਰਕਾਰ ਪ੍ਰਭਜੀਤ ਸਿੰਘ ਨੇ ਆਪਣੀ ਇਸ ਵਿਸ਼ੇਸ਼ ਰਿਪੋਰਟ ਵਿਚ ਭਾਜਪਾ ਵੱਲੋਂ ਪੰਜਾਬ ਦੇ ਸਿਆਸੀ ਪਿੜ ਅੰਦਰ ਵਧਾਏ ਆਪਣੇ ਹਿੰਦੂਤਵੀ ਬਿਰਤਾਂਤ ਦੀ ਚਰਚਾ ਵਿਸਥਾਰ ਸਹਿਤ ਕੀਤੀ ਹੈ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***



**ਪ੍ਰਭਜੀਤ ਸਿੰਘ**
**ਅਨੁਵਾਦ: ਬੂਟਾ ਸਿੰਘ**

ਸ਼੍ਰੋਮਣੀ ਅਕਾਲੀ ਦਲ ਨਾਲ 23 ਸਾਲ ਪੁਰਾਣਾ ਗੱਠਜੋੜ ਟੁੱਟਣ ਤੋਂ ਬਾਅਦ ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਉਨ੍ਹਾਂ 23 ਵਿਧਾਨ ਸਭਾ ਹਲਕਿਆਂ ਵਿਚ ਆਪਣੇ ਬਲਬੂਤੇ ਵੋਟ ਬੈਂਕ ਨੂੰ ਸਾਂਭਣ ਵਿਚ ਜੁੱਟੀ ਹੋਈ ਹੈ ਜਿੱਥੇ ਇਹ ਗੱਠਜੋੜ ਦੌਰਾਨ ਰਵਾਇਤੀ ਤੌਰ 'ਤੇ ਚੋਣ ਲੜਦੀ ਰਹੀ ਹੈ ਪਰ ਭਗਵਾ ਪਾਰਟੀ ਲਈ ਇਸ ਤੋਂ ਵੀ ਵੱਡਾ ਕੰਮ ਸਿੱਖ ਬਹੁਗਿਣਤੀ ਵਾਲੇ ਪੰਜਾਬ ਵਿਚ ਆਪਣੇ ਹਿੰਦੂਤਵੀ ਬਿਰਤਾਂਤ ਨੂੰ ਚੌਕਸੀ ਨਾਲ ਅੱਗੇ ਵਧਾਉਣਾ ਹੈ ਜਿੱਥੇ 20 ਫਰਵਰੀ ਨੂੰ ਸਾਰੇ 117 ਵਿਧਾਨ ਸਭਾ ਹਲਕਿਆਂ ਲਈ ਚੋਣਾਂ ਹੋਈਆਂ ਹਨ।

ਸਭ ਤੋਂ ਪਹਿਲਾਂ ਇਹ ਹਿੰਦੂ ਰਾਸ਼ਟਰਵਾਦ ਨਾਲ ਸੰਬੰਧਿਤ ਨਾਅਰੇ ਉਭਾਰ ਕੇ ਸਥਿਤੀ ਨੂੰ ਤਾੜ ਰਹੀ ਹੈ, ਖਾਸਕਰ ਪਠਾਨਕੋਟ, ਭੋਆ, ਦੀਨਾਨਗਰ, ਮੁਕੇਰੀਆਂ, ਦਸੂਹਾ, ਹੁਸ਼ਿਆਰਪੁਰ, ਫਗਵਾੜਾ, ਲੁਧਿਆਣਾ ਉੱਤਰੀ, ਲੁਧਿਆਣਾ ਕੇਂਦਰੀ, ਅੰਮ੍ਰਿਤਸਰ ਕੇਂਦਰੀ, ਜਲੰਧਰ ਕੇਂਦਰੀ, ਫਿਰੋਜ਼ਪੁਰ ਸ਼ਹਿਰ, ਅਬੋਹਰ, ਫਾਜ਼ਿਲਕਾ ਅਤੇ ਰਾਜਪੁਰਾ ਵਰਗੇ ਹਲਕਿਆਂ ਵਿਚ।

"ਜੋ ਰਾਮ ਕੋ ਲਾਏ ਹੈਂ ਹਮ ਉਨਕੋ ਲਾਏਂਗੇ, ਪੰਜਾਬ ਮੇਂ ਹਮ ਫਿਰ ਸੇ ਭਗਵਾ ਫਹਿਰਾਏਂਗੇ", ਇਹ ਨਾਅਰਾ ਫਗਵਾੜਾ ਦੇ ਓਂਕਾਰ ਨਗਰ ਵਿਚ ਭਾਜਪਾ ਦੇ ਚੋਣ ਪ੍ਰਚਾਰ ਵਿਚ ਗੂੰਜਦਾ ਰਿਹਾ। ਇਹ ਹਜੂਮ ਪੂਰੀ ਤਰ੍ਹਾਂ ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਨਿਵਾਸੀਆਂ ਦਾ ਸੀ ਅਤੇ ਇਨ੍ਹਾਂ ਲੋਕਾਂ ਨੂੰ ਭਾਜਪਾ ਵੱਲੋਂ ਭਗਵੇਂ ਰਾਸ਼ਟਰਵਾਦ ਨੂੰ ਉਭਾਰਨ ਲਈ ਸਪਸ਼ਟ ਤੌਰ 'ਤੇ ਨਿਸ਼ਾਨਾ 'ਤੇ ਰੱਖਿਆ ਗਿਆ ਸੀ।

ਬੱਚਿਆਂ ਅਤੇ ਪਹਿਲੀ ਵਾਰ ਬਣੇ ਵੋਟਰਾਂ ਨੇ ਭਾਜਪਾ ਦੇ ਝੰਡੇ ਦੇ ਨਾਲ 'ਜੈ ਸ੍ਰੀ ਰਾਮ' ਵਾਲੇ ਭਗਵੇਂ ਝੰਡੇ ਚੁੱਕੇ ਹੋਏ ਸਨ। ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸਨ ਦਾ ਚੇਅਰਮੈਨ ਅਤੇ ਪਿਛਲੀ ਨਰਿੰਦਰ ਮੋਦੀ ਸਰਕਾਰ ਵਿਚ ਸਾਬਕਾ ਮੰਤਰੀ ਵਿਜੇ ਸਾਂਪਲਾ ਫਗਵਾੜਾ ਸੀਟ ਤੋਂ ਚੋਣ ਲੜ ਰਿਹਾ ਹੈ ਅਤੇ ਇਸ ਮੌਕੇ ਮੁੱਖ ਮਹਿਮਾਨ ਬਿਹਾਰ ਤੋਂ ਲੋਕ ਸਭਾ ਮੈਂਬਰ ਅਤੇ ਸਾਬਕਾ ਭੋਜਪੁਰੀ ਸਟਾਰ ਮਨੋਜ ਤਿਵਾੜੀ ਅਤੇ ਮਸ਼ਹੂਰ ਪਹਿਲਵਾਨ ਦਲੀਪ ਸਿੰਘ ਰਾਣਾ ਸਨ ਜੋ ਗ੍ਰੇਟ ਖਲੀ ਦੇ ਨਾਂ ਨਾਲ ਮਸ਼ਹੂਰ ਹੈ।

ਮਨੋਜ ਤਿਵਾੜੀ ਨੇ ਆਪਣੇ ਭਾਸ਼ਣ ਦਾ ਆਗਾਜ਼ ਬੜੇ ਕਾਵਿਕ ਲਹਿਜੇ ਵਿਚ ਕੀਤਾ, "ਭਗਵਾ ਅਬ ਖਿਲਨੇ ਲਗਾ ਹੈ, ਪੰਜਾਬ ਭੀ ਸਜਨੇ ਲਗਾ ਹੈ।" ਨੀਮ-ਸ਼ਹਿਰੀ ਹਜੂਮ ਇਸ ਉੱਪਰ ਤਾੜੀਆਂ ਵਜਾ ਰਿਹਾ ਸੀ। ਤਿਵਾੜੀ ਨੇ ਆਪਣੀ ਗੱਲ ਜਾਰੀ ਰੱਖਦਿਆਂ ਪ੍ਰਧਾਨ ਮੰਤਰੀ ਮੋਦੀ ਦੀ ਤਾਰੀਫ ਕੀਤੀ ਜਿਸ ਨੇ 'ਰਾਸ਼ਟਰ ਨੂੰ ਸੁਰੱਖਿਆ ਦਿੱਤੀ ਹੈ'; ਉਸ ਨੇ ਕਿਹਾ, "(ਅਯੁੱਧਿਆ ਵਿਚ) ਮੰਦਰ ਦਾ ਨਿਰਮਾਣ ਹੋ ਰਿਹਾ ਹੈ ਅਤੇ ਕਾਸ਼ੀ ਹੁਣ ਉਡੀਕ ਰਿਹਾ ਹੈ।"

ਉਸ ਨੇ ਅੱਗੇ ਕਿਹਾ, "ਮੋਦੀ ਨੂੰ ਪੰਜਾਬ ਦੀਆਂ ਇਨ੍ਹਾਂ ਚੋਣਾਂ ਵਿਚ ਵੀ ਜਿਤਾਉਣਾ ਹੋਵੇਗਾ। ਅਸੀਂ ਦੇਖ ਸਕਦੇ ਹਾਂ ਕਿ ਮੋਦੀ ਵੱਲੋਂ ਪੰਜਾਬ ਨੂੰ ਜੋ ਰਾਸ਼ਨ ਦਿੱਤਾ ਜਾ ਰਿਹਾ ਹੈ, ਉਹ ਇੱਥੋਂ ਦੇ ਲੋਕਾਂ ਤੱਕ ਨਹੀਂ ਪਹੁੰਚ ਰਿਹਾ ਹੈ।" ਤਿਵਾੜੀ ਨੇ ਕਰਤਾਰਪੁਰ ਲਾਂਘਾ ਖੋਲ੍ਹਣ ਅਤੇ ਗੁਰਦੁਆਰਿਆਂ ਦੇ 'ਲੰਗਰ' ਲਈ ਰਸਦ ਉੱਪਰ ਟੈਕਸ ਛੋਟ ਵੀ ਮੋਦੀ ਦੇ ਖਾਤੇ ਪਾਈ। ਉਸ ਨੇ ਆਪਣੇ ਭਾਸ਼ਣ ਦੀ ਸਮਾਪਤੀ 'ਹਰ ਹਰ ਮਹਾਦੇਵ' ਅਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਨਾਅਰੇ ਲਗਾ ਕੇ ਕੀਤੀ। ਤਿਵਾੜੀ ਦੇ ਭਾਸ਼ਣ ਨੂੰ ਹੁਲਾਰਾ ਦੇਣ ਲਈ ਖਲੀ ਵਾਰ-ਵਾਰ ਮਾਈਕ ਉੱਪਰ 'ਹਰ ਹਰ ਮੋਦੀ, ਘਰ ਘਰ ਮੋਦੀ' ਦੇ ਨਾਅਰੇ ਲਗਾ ਰਿਹਾ ਸੀ।

ਫਗਵਾੜੇ ਦੇ ਨੀਮ-ਸ਼ਹਿਰੀ ਇਲਾਕਿਆਂ ਵਿਚ ਰੈਲੀ ਉਸ ਹਿੰਦੂਤਵ ਬਿਰਤਾਂਤ ਦੀ ਝਲਕ ਪੇਸ਼ ਕਰਦੀ ਸੀ ਜੋ ਭਾਜਪਾ ਦੇ ਵਰਕਰ ਰਾਜ ਭਰ ਦੇ ਹਿੰਦੂ ਇਲਾਕਿਆਂ ਵਿਚ ਉਭਾਰਨ ਦੀ ਕੋਸ਼ਿਸ਼ ਕਰ ਰਹੇ ਹਨ।





*ਲੁਧਿਆਣਾ ਉਤਰੀ ਹਲਕੇ ਵਿਚ ਅਯੁੱਧਿਆ ਰਾਮ ਮੰਦਰ ਦਾ ਹੋਰਡਿੰਗ। ਫੋਟੋ: ਪ੍ਰਭਜੀਤ ਸਿੰਘ*

ਲੁਧਿਆਣਾ ਉੱਤਰੀ ਹਲਕੇ ਵਿਚ ਜੋ ਭਾਜਪਾ ਲਈ ਇਕ ਹੋਰ ਜਿੱਤ ਦੀ ਆਸ ਵਾਲੀ ਸੀਟ ਹੈ, ਅਯੁੱਧਿਆ ਵਿਚ ਬਣਾਏ ਜਾ ਰਹੇ ਰਾਮ ਮੰਦਰ ਦਾ ਹੋਰਡਿੰਗ ਲਗਾਇਆ ਗਿਆ ਹੈ। ਇਸ ਵਿਚ ਤਸਵੀਰ ਦੇ ਨਾਲ 'ਰਾਮ ਮੰਦਰ' ਅਤੇ 'ਜੈ ਸ੍ਰੀ ਰਾਮ' ਸ਼ਬਦ ਹਨ। ਇਕ ਭਾਜਪਾ ਵਰਕਰ ਸਿੰਗਲਾ ਨੇ ਕਿਹਾ, "ਕਿਸਾਨ ਅੰਦੋਲਨ ਦੌਰਾਨ ਭਾਜਪਾ ਵਰਕਰਾਂ ਨੂੰ ਖਦੇੜ ਦਿੱਤਾ ਗਿਆ ਸੀ, ਹੁਣ ਤੁਸੀਂ ਬਦਲਾਓ ਨੂੰ ਦੇਖ ਸਕਦੇ ਹੋ ਕਿ ਅਸੀਂ ਪੰਜਾਬ ਵਿਚ ਰਾਮ ਮੰਦਰ ਵਰਗੇ ਮਹੱਤਵਪੂਰਨ ਮੁੱਦੇ ਕਿਵੇਂ ਉਠਾ ਰਹੇ ਹਾਂ।" ਉਸ ਨੇ 10% ਤੱਕ ਵੋਟ ਸ਼ੇਅਰ ਹਾਸਲ ਕਰਨ ਦਾ ਦਾਅਵਾ ਕਰਦਿਆਂ ਕਿਹਾ, "ਚੋਣਾਂ ਵਿਚ ਪਾਰਟੀ ਦੀ ਕਾਰਗੁਜ਼ਾਰੀ ਹੈਰਾਨ ਕਰਨ ਵਾਲੀ ਹੋਵੇਗੀ।" ਸਿੰਗਲਾ ਮਲੇਰਕੋਟਲਾ ਦਾ ਰਹਿਣ ਵਾਲਾ ਹੈ ਅਤੇ ਪਿਛਲੇ ਪੰਜ ਮਹੀਨਿਆਂ ਤੋਂ ਲੁਧਿਆਣਾ ਵਿਚ ਭਾਜਪਾ ਲਈ ਕੰਮ ਕਰ ਰਿਹਾ ਹੈ।

ਉਤਰੀ ਮੁਕੇਰੀਆਂ ਹਲਕੇ ਵਿਚ ਜਿੱਥੇ ਹਿੰਦੂ ਰਾਜਪੂਤ ਕਿਸਾਨ ਭਾਈਚਾਰਿਆਂ ਦਾ ਦਬਦਬਾ ਹੈ, ਭਾਜਪਾ ਉਮੀਦਵਾਰ ਜੰਗੀ ਲਾਲ ਮਹਾਜਨ ਦਾ ਮੰਨਣਾ ਹੈ ਕਿ ਭਾਰਤ 'ਮੋਦੀ ਰਾਜ ਹੇਠ ਮਜ਼ਬੂਤ ਮੁਲਕ' ਹੈ। ਇਹ ਸ਼ਬਦ ਉਸ ਨੇ 12 ਫਰਵਰੀ ਨੂੰ ਸ਼ਹਿਰ ਦੇ ਬਾਹਰਵਾਰ ਨੌਸ਼ਹਿਰਾ ਚੌਕ ਵਿਚ ਨਿੱਕੇ ਜਿਹੇ ਇਕੱਠ ਨੂੰ ਸੰਬੋਧਨ ਕਰਦਿਆਂ ਕਹੇ, "ਪਹਿਲਾਂ ਕਸ਼ਮੀਰ ਵਿਚ ਫੌਜ ਉਪਰ ਪਥਰਾਓ ਹੁੰਦਾ ਰਹਿੰਦਾ ਸੀ ਪਰ ਹੁਣ 24 ਘੰਟੇ ਗੋਲੀਬਾਰੀ ਦਾ ਹੁਕਮ ਹੈ ਜਿਸ ਲਈ ਕਿਸੇ ਵਿਸ਼ੇਸ਼ ਇਜਾਜ਼ਤ ਦੀ ਲੋੜ ਨਹੀਂ ਹੈ।" ਜੰਗੀ ਲਾਲ ਮਹਾਜਨ ਨੂੰ ਇਸ ਹਲਕੇ ਦੀ ਅਕਤੂਬਰ 2019 ਵਿਚ ਹੋਈ ਜ਼ਿਮਨੀਂ ਚੋਣ ਵਿਚ ਕਾਂਗਰਸ ਦੀ ਮੌਜੂਦਾ ਵਿਧਾਇਕਾ ਇੰਦੂ ਬਾਲਾ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

ਮੁਕੇਰੀਆਂ ਵਿਚ ਭਾਜਪਾ ਨੇ ਨਿਵੇਕਲਾ ਪੱਤਾ ਖੇਡਿਆ ਹੈ। ਇੱਥੇ ਇਸ ਨੇ ਕਿਸਾਨ ਲਹਿਰ ਦੇ ਸਰਗਰਮ ਮੈਂਬਰ ਅਤੇ ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਅੰਮ੍ਰਿਤਧਾਰੀ ਸਿੱਖ ਇੰਦਰਜੀਤ ਸਿੰਘ ਖਾਲਸਾ ਨੂੰ ਆਪਣੇ ਨਾਲ ਜੋੜਿਆ ਹੈ। ਇੰਦਰਜੀਤ ਸਿੰਘ ਖਾਲਸਾ ਜੋ ਭਾਜਪਾ ਦੇ ਜੰਗੀ ਲਾਲ ਮਹਾਜਨ ਲਈ ਚੋਣ ਪ੍ਰਚਾਰ ਕਰ ਰਿਹਾ ਸੀ, ਨੇ ਉਸ ਦੀ ਜਨਤਕ ਮੀਟਿੰਗ 'ਚ ਆਪਣਾ ਭਾਸ਼ਣ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਦੇ ਬੋਲੇ ਨਾਲ ਸ਼ੁਰੂ ਕੀਤਾ ਅਤੇ 'ਜੈ ਸ੍ਰੀ ਰਾਮ' ਦੇ ਨਾਅਰੇ ਨਾਲ ਸਮਾਪਤੀ ਕਰਦਿਆਂ ਕਿਹਾ, "ਪੰਜਾਬ ਵਿਚ ਫਿਰਕੂ ਦੰਗੇ ਕਦੇ ਨਹੀਂ ਹੋ ਸਕਦੇ।"

ਇੰਦਰਜੀਤ ਸਿੰਘ ਖਾਲਸਾ ਨੇ ਕਿਹਾ, "ਤੁਹਾਡਾ ਪ੍ਰਧਾਨ ਮੰਤਰੀ (ਨਰਿੰਦਰ ਮੋਦੀ) ਵਿਸ਼ਵ ਪੱਧਰ 'ਤੇ ਸਾਰੇ ਨੇਤਾਵਾਂ ਵਿਚੋਂ ਸਿਖਰ 'ਤੇ ਹੈ", ਤੇ ਫਿਰ ਉਸ ਨੇ ਚੇਤੇ ਕਰਾਇਆ ਕਿ ਮੋਦੀ ਨੇ "ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਵਾਪਸ ਲੈ ਕੇ ਮੁਆਫੀ ਮੰਗ ਲਈ ਸੀ।"

ਪੰਜਾਬ ਵਿਚ 5 ਫਰਵਰੀ ਨੂੰ ਮੋਦੀ ਨੂੰ ਫਿਰੋਜ਼ਪੁਰ ਵਿਚ ਜੋ 'ਸੁਰੱਖਿਆ ਵਿਚ ਸੰਨ੍ਹ' ਦਾ ਸਾਹਮਣਾ ਕਰਨਾ ਪਿਆ, ਉਸ ਦਾ ਹਵਾਲਾ ਦਿੰਦਿਆਂ ਇੰਦਰਜੀਤ ਸਿੰਘ ਖਾਲਸਾ ਨੇ ਦਾਅਵਾ ਕੀਤਾ ਕਿ ਜੇ ਇੰਦਰਾ ਗਾਂਧੀ ਨੂੰ ਅਜਿਹੀ ਹਾਲਤ ਦਾ ਸਾਹਮਣਾ ਕਰਨਾ ਪਿਆ ਹੁੰਦਾ ਤਾਂ ਉਸ ਨੇ 'ਪੰਜਾਬ ਵਿਚ ਐਮਰਜੈਂਸੀ' ਲਗਾ ਦੇਣੀ ਸੀ।

ਪੰਜਾਬ ਵਿਚ ਦੋ ਦਹਾਕਿਆਂ ਤੋਂ ਵੱਧ ਸਮੇਂ ਲਈ ਖਾੜਕੂਵਾਦ ਰਹਿਣ ਤੋਂ ਬਾਅਦ ਅਕਾਲੀ ਦਲ ਨੇ 'ਹਿੰਦੂ-ਸਿੱਖ ਏਕਤਾ' ਦੇ ਆਧਾਰ 'ਤੇ 1997 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨਾਲ ਸਾਂਝ ਪਾਈ ਸੀ ਅਤੇ ਨਾਲ ਹੀ ਬਾਦਲ ਨੇ ਖਾਲਿਸਤਾਨੀ ਲਹਿਰ ਦੌਰਾਨ ਕਥਿਤ ਪੁਲਿਸ ਵਧੀਕੀਆਂ ਦੀ ਜਾਂਚ ਲਈ 'ਸੱਚ ਕਮਿਸ਼ਨ' ਬਣਾਉਣ ਦਾ ਵਾਅਦਾ ਕੀਤਾ ਸੀ। 2011 ਦੀ ਮਰਦਮਸ਼ੁਮਾਰੀ ਦੇ ਮੁਤਾਬਿਕ ਰਾਜ ਦੀ ਜਨਸੰਖਿਆ 57.69% ਸਿੱਖ, 38.49% ਹਿੰਦੂ, 1.93% ਮੁਸਲਮਾਨ ਅਤੇ 1.26% ਈਸਾਈ ਹੈ।

ਉਧਰ, ਆਰ.ਐਸ.ਐਸ. ਦੇ ਸਥਾਨਕ ਆਗੂ ਅਤੇ ਭਾਜਪਾ ਦੀ ਪਠਾਨਕੋਟ ਜ਼ਿਲ੍ਹਾ ਇਕਾਈ ਦੇ ਸੀਨੀਅਰ ਅਹੁਦੇਦਾਰ ਵਿਜੇ ਸ਼ਰਮਾ ਨੇ ਕਿਹਾ, "ਸਾਡਾ (ਭਾਜਪਾ ਦਾ) ਸਾਥ ਅਕਾਲੀ ਦਲ ਨੇ ਛੱਡਿਆ ਹੈ। ਉਨ੍ਹਾਂ ਨੇ ਰਿਸ਼ਤਾ ਤੋੜ ਲਿਆ, ਅਸੀਂ ਨਹੀਂ ਤੋੜਿਆ।" ਉਸ ਨੇ ਅੱਗੇ ਕਿਹਾ ਕਿ ਗੱਠਜੋੜ ਹਿੰਦੂ-ਸਿੱਖ ਭਾਈਚਾਰੇ ਦੀ ਖਾਤਰ ਸੀ।

ਯਾਦ ਰਹੇ ਕਿ ਪਠਾਨਕੋਟ ਭਾਜਪਾ ਲਈ ਸਭ ਤੋਂ ਕੀਮਤੀ ਸੀਟਾਂ ਵਿਚੋਂ ਇਕ ਹੈ ਜਿੱਥੇ ਇਸ ਦੀ ਪੰਜਾਬ ਇਕਾਈ ਦਾ ਪ੍ਰਧਾਨ ਅਸ਼ਵਨੀ ਕੁਮਾਰ ਸ਼ਰਮਾ, ਆਮ ਆਦਮੀ ਪਾਰਟੀ ਦੇ ਵਿਭੂਤੀ ਸ਼ਰਮਾ ਅਤੇ ਕਾਂਗਰਸ ਦੇ ਮੌਜੂਦਾ ਵਿਧਾਇਕ ਅਮਿਤ ਵਿਜ ਦੇ ਮੁਕਾਬਲੇ ਚੋਣ ਲੜ ਰਿਹਾ ਹੈ।

ਦਿਲਚਸਪ ਗੱਲ ਇਹ ਹੈ ਕਿ ਭਾਜਪਾ ਦੇ ਹਿੰਦੂਤਵ ਬਿਰਤਾਂਤ ਦਾ ਵਿਰੋਧ ਨਾ ਤਾਂ 'ਆਪ' ਨੇ ਕੀਤਾ ਹੈ ਅਤੇ ਨਾ ਹੀ ਕਾਂਗਰਸ ਨੇ। ਇਹ ਪੁੱਛੇ ਜਾਣ 'ਤੇ ਕਿ ਵਿਰੋਧੀ ਧਿਰ ਇਸ ਬਾਰੇ ਕਿਉਂ ਨਹੀਂ ਬੋਲ ਰਹੀ, 'ਆਪ' ਦੇ ਵਿਭੂਤੀ ਸ਼ਰਮਾ ਨੇ ਪਠਾਨਕੋਟ ਵਾਲੇ ਪਾਰਟੀ ਦਫਤਰ 'ਚ ਗੱਲ ਕਰਦਿਆਂ ਕਿਹਾ, "ਪੰਜਾਬ ਦਾ ਅਜਿਹੇ ਮੁੱਦਿਆਂ ਨਾਲ ਕੋਈ ਲੈਣਾ-ਦੇਣਾ ਨਹੀਂ; ਖਾਸ ਤੌਰ 'ਤੇ ਸਾਡੇ ਇਲਾਕੇ 'ਚ ਬੇਰੁਜ਼ਗਾਰੀ ਅਤੇ ਨਸ਼ਾ ਬਹੁਤ ਜ਼ਿਆਦਾ ਹੈ। ਇਹੀ ਅਸਲ ਮੁੱਦੇ ਹਨ।"

ਫਿਰੋਜ਼ਪੁਰ ਸ਼ਹਿਰ ਵਿਚ ਭਾਜਪਾ ਨੇ ਸਾਬਕਾ ਕਾਂਗਰਸੀ ਆਗੂ ਰਾਣਾ ਸੋਢੀ ਜੋ ਸਿੱਖ ਹੈ, ਨੂੰ ਆਪਣਾ ਉਮੀਦਵਾਰ ਬਣਾਇਆ ਹੈ। ਉਸ ਨੇ ਮੇਰੀ ਨੋਟਬੁੱਕ ਵਿਚ ਇਹ ਸ਼ਬਦ ਲਿਖੇ ਜਦੋਂ ਸ਼ਹਿਰ ਦੇ ਇਕ ਪੁਰਾਣੇ ਮੁਹੱਲੇ ਵਿਚ ਮੰਚ ਤੋਂ 'ਜੈ ਸ੍ਰੀ ਰਾਮ' ਅਤੇ 'ਹਰ ਹਰ ਮਹਾਦੇਵ' ਦੇ ਨਾਅਰਿਆਂ ਦਾ ਸ਼ੋਰ ਮਚਿਆ ਹੋਇਆ ਸੀ: "ਸਾਡੇ ਮਾਣਯੋਗ ਪ੍ਰਧਾਨ ਮੰਤਰੀ ਕੋਲ ਮੁਲਕ ਦੀ ਤਰੱਕੀ ਅਤੇ ਮੁਲਕ ਦੀ ਸੁਰੱਖਿਆ ਲਈ ਦ੍ਰਿਸ਼ਟੀ ਹੈ।" ਉਸ ਨੂੰ ਪੁੱਛਿਆ ਗਿਆ ਸੀ ਕਿ ਉਹ ਦਹਾਕਿਆਂ ਤੱਕ ਕਾਂਗਰਸ ਨਾਲ ਰਹਿਣ ਤੋਂ ਬਾਅਦ ਭਗਵਾ ਪਾਰਟੀ ਵਿਚ ਸ਼ਾਮਲ ਕਿਉਂ ਹੋਇਆ। ਉਸ ਨੇ ਸਾਫ ਕਿਹਾ, "ਕਾਂਗਰਸ ਹੁਣ ਧਰਮ ਨਿਰਪੱਖ ਪਾਰਟੀ ਨਹੀਂ ਰਹੀ।"



*ਭਾਜਪਾ ਉਮੀਦਵਾਰ ਜੰਗੀ ਲਾਲ ਮਹਾਜਨ ਮੁਕੇਰੀਆਂ ਵਿਚ ਚੋਣ ਪ੍ਰਚਾਰ ਦੌਰਾਨ ਅਤੇ (ਸੱਜੇ) ਕਿਸਾਨ ਆਗੂ ਇੰਦਰਜੀਤ ਸਿੰਘ ਖਾਲਸਾ ਜੰਗੀ ਲਾਲ ਮਹਾਜਨ ਲਈ ਕੀਤੇ ਚੋਣ ਇਕੱਠ ਨੂੰ ਸੰਬੋਧਨ ਕਰਦਾ ਹੋਇਆ। ਫੋਟੋਆਂ: ਪ੍ਰਭਜੀਤ ਸਿੰਘ*

### ਬਹੁਤ ਚੌਕਸੀ ਨਾਲ ਪੇਸ਼ ਕੀਤਾ ਜਾ ਰਿਹਾ ਹੈ ਹਿੰਦੂਤਵ ਬਿਰਤਾਂਤ

ਭਾਜਪਾ ਦਾ ਗੱਠਜੋੜ ਹੁਣ ਕੈਪਟਨ ਅਮਰਿੰਦਰ ਸਿੰਘ ਦੀ ਨਵੀਂ ਬਣਾਈ ਪਾਰਟੀ ਪੰਜਾਬ ਲੋਕ ਕਾਂਗਰਸ ਅਤੇ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਵੱਲੋਂ ਬਣਾਏ ਅਕਾਲੀ ਦਲ (ਯੂਨਾਈਟਿਡ) ਨਾਲ ਹੈ। ਭਗਵਾ ਪਾਰਟੀ ਨੇ 65 ਸੀਟਾਂ 'ਤੇ ਚੋਣ ਲੜੀ ਹੈ, ਜਦੋਂ ਕਿ ਅਮਰਿੰਦਰ ਸਿੰਘ ਦੀ ਪਾਰਟੀ ਨੇ 37 ਸੀਟਾਂ 'ਤੇ ਚੋਣ ਲੜੀ ਹੈ। ਬਾਕੀ ਸੀਟਾਂ ਸ਼੍ਰੋਮਣੀ ਅਕਾਲੀ ਦਲ (ਯੂਨਾਈਟਿਡ) ਲਈ ਛੱਡੀਆਂ ਗਈਆਂ ਹਨ।

ਗੌਰ ਨਾਲ ਦੇਖਣ 'ਤੇ ਇਹ ਵੀ ਪਤਾ ਲੱਗਦਾ ਹੈ ਕਿ 'ਆਪ' ਅਤੇ ਭਾਜਪਾ ਦੋਵੇਂ ਹੀ ਜ਼ਿਆਦਾਤਰ ਹਲਕਿਆਂ 'ਚ ਇਕ ਦੂਜੇ ਦੀ ਆਲੋਚਨਾ ਨਹੀਂ ਕਰ ਰਹੀਆਂ। ਜਿੱਥੇ ਵੀ ਉਨ੍ਹਾਂ ਦੇ ਆਪਣੇ ਉਮੀਦਵਾਰ ਮਜ਼ਬੂਤ ਹਨ, ਉਨ੍ਹਾਂ ਦਾ ਹਮਲਾ ਸੱਤਾਧਾਰੀ ਕਾਂਗਰਸ ਉੱਪਰ ਹੈ; ਹਾਲਾਂਕਿ ਭਾਜਪਾ ਨੇ ਪਿਛਲੇ ਹਫਤੇ ਪੰਜਾਬ 'ਚ ਚੋਣ ਪ੍ਰਚਾਰ ਕਰਨ ਲਈ ਦਿੱਲੀ ਤੋਂ ਕਪਿਲ ਮਿਸ਼ਰਾ ਨੂੰ ਲਿਆਂਦਾ ਅਤੇ ਉਸ ਨੇ ਸਿੱਧੇ ਤੌਰ 'ਤੇ 'ਆਪ' ਉੱਪਰ "ਫਰਵਰੀ 2020 'ਚ ਦਿੱਲੀ ਦੇ ਫਿਰਕੂ ਦੰਗਿਆਂ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਪਨਾਹ ਦੇਣ" ਦਾ ਇਲਜ਼ਾਮ ਲਗਾਇਆ।

ਨਰਿੰਦਰ ਮੋਦੀ ਜਲੰਧਰ 'ਚ ਚੋਣ ਰੈਲੀ ਵਿਚ ਕੇਸਰੀ ਪੱਗ ਬੰਨ੍ਹੀ ਨਜ਼ਰ ਆਇਆ। ਮੋਦੀ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ 'ਜੈਕਾਰਾ ਬਜਰੰਗ ਬਲੀ ਕਾ', 'ਜੈ ਭੀਮ' ਅਤੇ 'ਹਰ ਹਰ ਮਹਾਦੇਵ' ਦੇ ਨਾਅਰਿਆਂ ਨਾਲ ਕੀਤੀ, ਉਹ 'ਵਾਹਿਗੁਰੂ ਜੀ ਕਾ ਖਾਲਸਾ' ਨਾਲ ਭੀੜ ਨੂੰ ਸੰਬੋਧਨ ਕਰਨਾ ਵੀ ਨਹੀਂ ਭੁੱਲਿਆ। ਕੈਪਟਨ ਅਮਰਿੰਦਰ ਸਿੰਘ ਅਤੇ ਆਪਣੇ ਕੈਬਨਿਟ ਸਾਥੀ ਹਰਦੀਪ ਪੁਰੀ ਦੀ ਮੰਚ ਉੱਪਰ ਮੌਜੂਦਗੀ 'ਚ ਉਸ ਨੇ ਕਿਹਾ ਕਿ ਮੈਂ ਪੰਜਾਬ ਨਾਲ ਭਾਵਨਾਤਮਕ ਤੌਰ 'ਤੇ ਜੁੜਿਆ ਹੋਇਆ ਹਾਂ।

ਉਸ ਨੇ ਕਿਹਾ, "ਮੈਂ ਪੰਜਾਬ ਦਾ ਰਿਣੀ ਹਾਂ ਅਤੇ ਮੈਂ ਪੰਜਾਬ ਦੀ ਸੇਵਾ ਕਰਨਾ ਚਾਹੁੰਦਾ ਹਾਂ, ਕਿਉਂਕਿ ਇਸ ਰਾਜ ਨੇ ਮੈਨੂੰ ਉਦੋਂ ਖਵਾਇਆ ਜਦੋਂ ਮੈਂ ਸਾਧਾਰਨ ਭਾਜਪਾ ਵਰਕਰ ਸੀ ਅਤੇ ਪਿੰਡਾਂ ਵਿਚ ਘੁੰਮਦਾ ਹੁੰਦਾ ਸੀ।" ਚੋਣਾਂ ਲਈ ਉਸ ਨੇ ਨਵਾਂ ਨਾਅਰਾ ਦਿੱਤਾ, "ਨਵਾਂ ਪੰਜਾਬ ਭਾਜਪਾ ਦੇ ਨਾਲ।"

ਭਾਜਪਾ ਦੇ ਅਕਾਲੀ ਦਲ ਨਾਲ ਪਿਛਲੇ ਗੱਠਜੋੜ ਦਾ ਜ਼ਿਕਰ ਕਰਦਿਆਂ ਉਸ ਨੇ ਕਿਹਾ, "ਜਦੋਂ ਅਸੀਂ ਅਕਾਲੀ ਦਲ ਦੇ ਨਾਲ ਸੀ, ਅਸੀਂ ਹਮੇਸ਼ਾ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਭਰਾ ਸਮਝ ਕੇ ਆਪਣੀ ਛੋਟੀ ਭੂਮਿਕਾ ਸਵੀਕਾਰ ਕਰਦੇ ਰਹੇ, ਫਿਰ ਵੀ ਸਾਡੇ ਨਾਲ ਬੇਇਨਸਾਫੀ ਹੁੰਦੀ ਰਹੀ ਅਤੇ ਬਾਦਲ ਸਾਹਿਬ ਨੇ ਆਪਣੇ ਪੁੱਤਰ ਨੂੰ ਉਪ ਮੁੱਖ ਮੰਤਰੀ ਬਣਾ ਦਿੱਤਾ। ਸਾਡੇ ਕੋਲ ਵਧੇਰੇ ਵਿਧਾਇਕ ਸਨ, ਸਰਕਾਰ ਡੇਗੀ ਜਾ ਸਕਦੀ ਸੀ, ਫਿਰ ਵੀ ਅਸੀਂ ਪੰਜਾਬ ਦੇ ਭਲੇ ਲਈ ਇਹ ਪਾਪ ਨਹੀਂ ਕੀਤਾ।"

ਉਸ ਨੇ ਕਿਹਾ ਕਿ ਭਾਜਪਾ ਆਪਣੇ ਆਗੂ ਮਨੋਰੰਜਨ ਕਾਲੀਆ ਨੂੰ ਬਾਦਲ ਦੀ ਸਰਕਾਰ ਦੌਰਾਨ ਉੱਪ ਮੁੱਖ ਮੰਤਰੀ ਬਣਾਉਣਾ ਚਾਹੁੰਦੀ ਸੀ, ਫਿਰ ਵੀ ਅਸੀਂ ਪੰਜਾਬ ਦੇ ਹਿਤ 'ਚ ਬਾਦਲ ਸਰਕਾਰ ਤੋਂ ਹਮਾਇਤ ਵਾਪਸ ਨਹੀਂ ਲਈ।

ਉਸ ਨੇ ਕਰਤਾਰਪੁਰ ਲਾਂਘੇ ਦੇ ਮੁੜ ਖੁੱਲ੍ਹਣ ਨੂੰ ਆਪਣੀ ਪ੍ਰਾਪਤੀ ਵਜੋਂ ਗਿਣਦਿਆਂ ਕਿਹਾ, "ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਾਮਰਾਜ ਦੌਰਾਨ ਕਾਸ਼ੀ ਦੇ ਵਿਸ਼ਵਨਾਥ ਮੰਦਰ ਵਿਚ ਸੋਨਾ ਚੜ੍ਹਾਇਆ ਸੀ ਜਿਸ ਨਾਲ ਉਸ ਦੀ ਗੁਆਚੀ ਸ਼ਾਨ ਮੁੜ ਸੁਰਜੀਤ ਹੋਈ ਸੀ। ਅਸੀਂ ਕਾਸ਼ੀ ਵਿਚ ਉਸੇ ਭਾਵਨਾ ਨੂੰ ਅੱਗੇ ਵਧਾ ਰਹੇ ਹਾਂ, ਤੇ ਜਿਸ ਅਯੁੱਧਿਆ ਨੂੰ ਮਹਾਰਿਸ਼ੀ ਵਾਲਮੀਕਿ (ਰਾਮਾਇਣ ਦੇ ਲੇਖਕ) ਨੇ ਚਾਰ-ਚੰਨ ਲਗਾਏ ਸਨ, ਉਹ ਵੀ ਹੁਣ ਵਿਕਸਿਤ ਹੋ ਰਿਹਾ ਹੈ।

# ਮਾਂ ਬੋਲੀ ਪੰਜਾਬੀ ਦਾ ਮਹੱਤਵ

**ਮਾਸਟਰ ਪ੍ਰੇਮ ਸਰੂਪ ਛਾਜਲੀ**
**ਫੋਨ: 94171-34982**

ਭਾਸ਼ਾ ਇਕ ਸਾਧਨ ਹੈ, ਜਿਸ ਰਾਹੀਂ ਅਸੀਂ ਆਪਣੇ ਵਿਚਾਰ ਦੂਜਿਆਂ ਅੱਗੇ ਬੋਲ ਕੇ ਜਾਂ ਲਿਖ ਕੇ ਪ੍ਰਗਟ ਕਰਦੇ ਹਾਂ। ਕਿਸੇ ਵੀ ਕੌਮ ਦੀ ਪਛਾਣ ਉਸ ਦੇ ਇਤਿਹਾਸ, ਸਭਿਆਚਾਰ ਅਤੇ ਮਾਂ ਬੋਲੀ ਤੋਂ ਹੀ ਹੁੰਦੀ ਹੈ। ਭਾਰਤ ਦੀਆਂ 22 ਮੁੱਖ ਬੋਲੀਆਂ ਵਿਚ ਪੰਜਾਬੀ ਭਾਸ਼ਾ ਵੀ ਸ਼ਾਮਲ ਹੈ। ਪੰਜਾਬ ਦੀ ਰਾਜ ਭਾਸ਼ਾ ਹੋਣ ਦੇ ਬਾਵਜੂਦ ਪੰਜਾਬੀ ਨੂੰ ਸਾਡੇ ਆਪਣੇ ਘਰ ਪੰਜਾਬ ਵਿਚ ਉਹ ਮਾਣ-ਸਨਮਾਨ ਨਹੀਂ ਮਿਲਿਆ, ਜਿਸ ਦੀ ਸਾਡੀ ਮਾਤ ਭਾਸ਼ਾ ਹੱਕਦਾਰ ਹੈ। ਸਾਡੇ ਸਰਕਾਰੀ ਦਫ਼ਤਰਾਂ ਵਿਚ ਪੰਜਾਬੀ ਨੂੰ ਵਿਸਾਰਿਆ ਜਾ ਰਿਹਾ ਹੈ। ਪੰਜਾਬ ਰਾਜ ਦੀਆਂ ਸੜਕਾਂ 'ਤੇ ਲੱਗੇ ਸੰਕੇਤਕ ਬੋਰਡਾਂ 'ਤੇ ਵੀ ਪੰਜਾਬੀ ਨੂੰ ਪਹਿਲ ਨਹੀਂ ਦਿੱਤੀ ਜਾਂਦੀ। ਇੱਥੋਂ ਤਕ ਕਿ ਪੰਜਾਬ ਦੇ 28 ਪਿੰਡਾਂ ਨੂੰ ਉਜਾੜ ਕੇ ਬਣਾਏ ਗਏ ਚੰਡੀਗੜ੍ਹ, ਜੋ ਕਿ ਪੰਜਾਬ ਦੀ ਰਾਜਧਾਨੀ ਵੀ ਹੈ, ਵਿਚ ਪੰਜਾਬੀ ਮਾਂ ਬੋਲੀ ਲਾਗੂ ਨਹੀਂ ਹੋ ਸਕੀ। ਸਾਡੇ ਪ੍ਰਾਈਵੇਟ ਸਕੂਲਾਂ ਵਿਚ ਵਿਦਿਆਰਥੀਆਂ ਦੇ ਪੰਜਾਬੀ ਬੋਲਣ 'ਤੇ ਪਾਬੰਦੀ ਲਗਾਈ ਜਾਂਦੀ ਹੈ। ਆਪਣੀ ਮਾਂ ਬੋਲੀ ਵਿਚ ਗੱਲਬਾਤ ਕਰਨ ਵਾਲਿਆਂ ਨੂੰ ਅਨਪੜ੍ਹ ਜਾਂ ਗਵਾਰ ਸਮਝਿਆ ਜਾਂਦਾ ਹੈ। ਮਾਤਾ-ਪਿਤਾ ਬੜੇ ਫ਼ਖ਼ਰ ਨਾਲ ਦੱਸਦੇ ਹਨ ਕਿ ਉਨ੍ਹਾਂ ਦਾ ਬੱਚਾ ਫਰਾਟੇਦਾਰ ਅੰਗਰੇਜ਼ੀ ਬੋਲਦਾ ਹੈ।

ਇਕ ਪਾਸੇ ਸਰਕਾਰੀ ਸਕੂਲਾਂ ਵਿਚ ਪਰਵਾਸੀ ਮਜ਼ਦੂਰਾਂ (ਪੰਜਾਬ ਵਿਚ ਮਜ਼ਦੂਰੀ ਕਰਨ ਆਏ) ਦੇ ਬੱਚੇ ਪੰਜਾਬੀ ਨੂੰ ਮਾਤ ਭਾਸ਼ਾ/ਪਹਿਲੀ ਭਾਸ਼ਾ ਵਜੋਂ ਪੜ੍ਹ ਰਹੇ ਹਨ ਅਤੇ ਦੂਸਰੇ ਪਾਸੇ ਪੰਜਾਬ ਦੇ ਬੱਚੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਅੰਗਰੇਜ਼ੀ ਨੂੰ ਪਹਿਲੀ ਭਾਸ਼ਾ ਵਜੋਂ ਪੜ੍ਹ ਰਹੇ ਹਨ। ਇਨ੍ਹਾਂ ਸਕੂਲਾਂ ਵਿਚ ਬੱਚਿਆਂ ਦੇ ਆਮ ਬੋਲ-ਚਾਲ ਸਮੇਂ ਪੰਜਾਬੀ ਬੋਲਣ ਦੀ ਪਾਬੰਦੀ ਹੁੰਦੀ ਹੈ। ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਬੇਹੱਦ ਚਿੰਤਤ ਹਨ, ਕਿਉਂਕਿ ਮਾਂ ਬੋਲੀ ਤੋਂ ਬੱਚੇ ਨੂੰ ਦੂਰ ਕਰਨ ਦਾ ਸਿੱਧਾ ਅਰਥ ਨਸਲਾਂ ਨੂੰ ਉਨ੍ਹਾਂ ਦੇ ਸਭਿਆਚਾਰ, ਵਿਰਸੇ ਤੋਂ ਦੂਰ ਕਰਨਾ ਹੈ। ਪਰ ਆਮ ਲੋਕਾਂ ਨੂੰ ਇਸ ਗੰਭੀਰ ਮਸਲੇ ਬਾਰੇ ਬਹੁਤੀ ਪ੍ਰਵਾਹ ਨਹੀਂ ਹੈ, ਜਦਕਿ ਮਾਂ ਬੋਲੀ ਨੂੰ ਸਾਂਭਣਾ, ਆਮ ਬੰਦੇ ਦਾ ਮੁਢਲਾ ਫਰਜ਼ ਹੈ।

'ਮੇਰਾ ਦਾਗ਼ਿਸਤਾਨ' ਕਿਤਾਬ ਵਿਚ ਰਸੂਲ ਹਮਜ਼ਾਤੋਵ ਲਿਖਦਾ ਹੈ ਕਿ ਉਸ ਦੇ ਦੇਸ਼ ਵਿਚ ਜਦੋਂ ਕਿਸੇ ਨੂੰ ਸਭ ਤੋਂ ਵੱਡੀ ਬਦ-ਦੁਆ ਦੇਣੀ ਹੋਵੇ ਤਾਂ ਅਕਸਰ ਕਿਹਾ ਜਾਂਦਾ ਹੈ, 'ਰੱਬ ਕਰੇ ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ।'

ਜਿਵੇਂ ਮਾਂ ਦਾ ਦਰਜਾ ਕਿਸੇ ਹੋਰ ਔਰਤ ਨੂੰ ਨਹੀਂ ਦਿੱਤਾ ਜਾ ਸਕਦਾ, ਉਸੇ ਤਰ੍ਹਾਂ ਦੁਨੀਆ ਦੀ ਕਿਸੇ ਵੀ ਬੋਲੀ ਨੂੰ ਅਸੀਂ ਮਾਂ ਬੋਲੀ ਦੀ ਜਗ੍ਹਾ ਨਹੀਂ ਦੇ ਸਕਦੇ। ਇਹ ਹੈ ਮਾਂ ਬੋਲੀ ਦੀ ਮਹਾਨਤਾ। ਪਰ ਪੰਜਾਬੀਆਂ ਨੇ ਮਾਂ ਬੋਲੀ ਨਾਲ ਜੋ ਵਿਤਕਰਾ ਕੀਤਾ, ਉਹ ਅੱਜ ਦੀ ਗੱਲ ਨਹੀਂ, ਉਹ ਪਹਿਲਾਂ ਤੋਂ ਹੀ ਸ਼ੁਰੂ ਹੋ ਗਿਆ ਸੀ। ਆਲੇ-ਦੁਆਲੇ ਝਾਤ ਮਾਰੀਏ ਤਾਂ ਸਾਨੂੰ ਪਤਾ ਲੱਗ ਹੀ ਜਾਵੇਗਾ ਕਿ ਸਾਡੇ ਰਿਸ਼ਤੇਦਾਰਾਂ, ਜਾਣਕਾਰਾਂ ਵਿਚੋਂ ਕਿੰਨੇ ਲੋਕ ਨੇ ਜੋ ਚਾਹੁੰਦੇ ਨੇ ਕਿ ਉਨ੍ਹਾਂ ਦੇ ਬੱਚੇ ਠੇਠ ਪੰਜਾਬੀ ਬੋਲਣ, ਉਹ ਪੰਜਾਬੀ ਨੂੰ ਗਵਾਰਾਂ ਦੀ ਬੋਲੀ ਮੰਨਦਿਆਂ ਬੱਚਿਆਂ ਨੂੰ ਹਿੰਦੀ, ਅੰਗਰੇਜ਼ੀ ਬੋਲਣ ਲਈ ਮਜਬੂਰ ਕਰਦੇ ਨੇ। ਅਸੀਂ ਲੋਕਾਂ ਨੇ ਤਾਂ ਰਿਸ਼ਤੇ ਵੀ ਅੰਗਰੇਜ਼ੀ ਵਾਲੇ ਬਣਾ ਲਏ, ਬੀਬੀ, ਬਾਪੂ ਦੀ ਥਾਂ ਮੌਮ, ਡੈਡ, ਵੀਰ ਜੀ, ਭੈਣ ਜੀ ਦੀ ਥਾਂ ਬਰੋ, ਸਿਸ ਬਣ ਗਏ, ਚਾਚਾ-ਚਾਚੀ, ਤਾਇਆ-ਤਾਈ, ਭੂਆ-ਫੁੱਫੜ, ਮਾਸੀ-ਮਾਸੜ, ਮਾਮਾ-ਮਾਮੀ ਸਭ ਇਕ ਰਿਸ਼ਤੇ 'ਚ ਵਲੇਟ ਲਏ ਆਂਟੀ-ਅੰਕਲ..। ਸਰ, ਮੈਡਮ ਨੇ ਤਾਂ ਸਭ ਕੁਝ ਨਿਗਲ ਲਿਆ ਹੈ। ਹੁਣ ਲਾਰੀ ਤਾਂ ਚੜ੍ਹਦੇ ਨੀ, ਬੱਸ ਚੜ੍ਹਦੇ ਹਾਂ, ਅਸੀਂ ਹੁਣ ਮਾਝੇ, ਮਾਲਵੇ, ਦੁਆਬੇ ਵੱਲ ਦੇ ਆਂ .. ਇਹ ਨਹੀਂ ਕਹਿੰਦੇ, ਅਸੀਂ ਕਿਸੇ ਨਾ ਕਿਸੇ ਥਾਂ ਨੂੰ ਬਿਲੌਂਗ ਕਰਦੇ ਆਖਦੇ ਆਂ..ਅਸੀਂ ਖੁਦ ਆਪਣੀ ਮਾਂ ਬੋਲੀ ਨੂੰ ਬੇਗਾਨੇ ਬੋਲਾਂ ਹੇਠ ਦਰੜ ਕੇ ਮਾਰਨ ਦਾ ਯਤਨ ਕਰਦੇ ਹਾਂ।



ਅੱਜ ਬਹਿਸ, ਚਰਚੇ ਕਰਨ ਦੇ ਨਾਲ-ਨਾਲ ਲੋੜ ਇਸ ਗੱਲ ਦੀ ਹੈ ਕਿ ਉਚੇਰੀ ਪੜ੍ਹਾਈ, ਡਾਕਟਰੀ, ਵਕਾਲਤ ਅਤੇ ਹੋਰ ਕਿੱਤਾਮੁਖੀ ਕੋਰਸ ਪੰਜਾਬੀ ਭਾਸ਼ਾ ਵਿਚ ਹੋਣ, ਹਰੇਕ ਨੌਕਰੀ ਲਈ ਪੰਜਾਬੀ ਭਾਸ਼ਾ ਲਾਜ਼ਮੀ ਕੀਤੀ ਜਾਵੇ ਤੇ ਸਭ ਤੋਂ ਜ਼ਰੂਰੀ ਸਾਰੇ ਸਰਕਾਰੀ ਕੰਮਕਾਜ, ਪੰਜਾਬ ਨਾਲ ਸੰਬੰਧਤ ਨਿਆਂਪਾਲਿਕਾ ਦੇ ਕੰਮਕਾਜ ਪੰਜਾਬੀ ਭਾਸ਼ਾ 'ਚ ਹੋਣ, ਲੋੜ ਹੋਵੇ ਤਾਂ ਹਿੰਦੀ, ਅੰਗਰੇਜ਼ੀ ਵਾਧੂ ਕਾਰਜ ਵਜੋਂ ਹੋਵੇ। ਸਾਰੇ ਸਰਕਾਰੀ, ਨਿੱਜੀ ਸਕੂਲਾਂ ਲਈ ਪੰਜਾਬੀ ਬੋਲਣਾ, ਪੜ੍ਹਾਉਣਾ ਲਾਜ਼ਮੀ ਹੋਵੇ। ਅਜਿਹਾ ਨਾ ਕਰਨਾ ਕਾਨੂੰਨੀ ਜੁਰਮ ਹੋਵੇ।

ਇਹ ਵੀ ਸੋਚਣ, ਵਿਚਾਰਨ ਵਾਲੀ ਗੱਲ ਹੈ ਕਿ ਅੱਜ ਮਾਂ ਬੋਲੀ ਲਈ ਫਿਕਰਮੰਦੀ ਵਾਲੀ ਸਭ ਤੋਂ ਵੱਧ ਆਵਾਜ਼ ਕਿੱਥੋਂ ਉਠ ਰਹੀ ਹੈ, ਪਰਵਾਸੀ ਪੰਜਾਬੀਆਂ ਵਿਚੋਂ, ਪੰਜਾਬ 'ਚ ਰਹਿੰਦੇ ਵਸਦੇ ਲੋਕਾਂ ਦੀ ਵੱਡੀ ਗਿਣਤੀ ਲਈ ਇਹ ਕੋਈ ਖਾਸ ਮੁੱਦਾ ਹੀ ਨਹੀਂ ਹੈ ਸ਼ਾਇਦ।

ਅੱਜ ਅਸੀਂ ਨੌਜਵਾਨ ਪੀੜ੍ਹੀ 'ਤੇ ਬੇਗਾਨਗੀ ਦਾ ਦੋਸ਼ ਲਾ ਰਹੇ ਹਾਂ ਪਰ ਇਹ ਵਿਸਰ ਰਹੇ ਹਾਂ ਕਿ ਇਹ ਬੇਗਾਨਗੀ ਅਸੀਂ ਆਪ ਹੀ ਤਾਂ ਦਿੱਤੀ ਹੈ। ਬੱਚੇ ਨੂੰ ਬਚਪਨ ਤੱਕ ਉਸੇ ਅਪਣੱਤ ਵਿਚ ਰੱਖਣ ਦੀ ਜ਼ਰੂਰਤ ਹੈ, ਜਿਸ ਵਿਚ ਉਹ ਆਪਣੇ-ਆਪ ਨਾਲ ਜੁੜਿਆ ਰਹਿ ਸਕੇ। ਉਸ ਨੂੰ ਆਪਣੇ ਆਲੇ-ਦੁਆਲੇ ਦੀ ਪਛਾਣ ਦੀ ਬੇਹੱਦ ਲੋੜ ਹੈ। ਆਪਣੀ ਮਾਤ ਭਾਸ਼ਾ ਰਾਹੀਂ ਬੱਚਾ ਆਪਣੇ ਵਿਰਸੇ ਨਾਲ ਜੁੜਦਾ ਹੈ ਅਤੇ ਆਪਣਾ ਵਿਰਸਾ ਹੀ ਬੱਚੇ ਵਿਚ ਅਪਣੱਤ ਦੇ ਅਹਿਸਾਸ ਵਿਕਸਿਤ ਕਰਦਾ ਹੈ। ਦੂਸਰੀਆਂ ਭਾਸ਼ਾਵਾਂ ਦਾ ਗਿਆਨ ਵੱਡਾ ਹੋ ਕੇ ਬੱਚਾ ਆਪਣੇ ਆਪ ਹੀ ਸਿੱਖਦਾ ਰਹਿੰਦਾ ਹੈ। ਸਾਡਿਆਂ ਸਮਿਆਂ ਵਿਚ ਹਿੰਦੀ ਤੀਸਰੀ ਜਮਾਤ ਤੋਂ ਅਤੇ ਅੰਗਰੇਜ਼ੀ ਛੇਵੀਂ ਜਮਾਤ ਤੋਂ ਪੜ੍ਹਾਉਣੀ ਸ਼ੁਰੂ ਕੀਤੀ ਜਾਂਦੀ ਸੀ। ਅਸੀਂ ਹਿੰਦੀ ਵੀ ਸਿੱਖ ਜਾਂਦੇ ਸਾਂ ਅਤੇ ਅੰਗਰੇਜ਼ੀ ਵੀ ਸਾਨੂੰ ਆਉਂਦੀ ਸੀ। ਉਸ ਸਮੇਂ ਇਨ੍ਹਾਂ ਭਾਸ਼ਾਵਾਂ ਵਿਚ ਵੱਡੀਆਂ ਡਿਗਰੀਆਂ ਸਮੇਤ ਇਨ੍ਹਾਂ ਭਾਸ਼ਾਵਾਂ ਦੇ ਮਾਧਿਅਮ ਵਾਲੀ ਪੜ੍ਹਾਈ ਵੀ ਅੱਜ ਵਾਂਗ ਹੀ ਹੋ ਜਾਂਦੀ ਸੀ। ਬੱਚੇ ਦੇ ਸਹੀ ਵਿਕਾਸ ਲਈ ਬੱਚੇ ਨੂੰ ਮਾਤ ਭਾਸ਼ਾ ਤੋਂ ਦੂਰ ਨਹੀਂ ਕਰਨਾ ਚਾਹੀਦਾ। ਉਸ ਨੂੰ ਆਪਣੇ ਵਿਰਸੇ ਨਾਲੋਂ ਤੋੜਨਾ ਕਿਸੇ ਤਰ੍ਹਾਂ ਵੀ ਨਾ ਤਾਂ ਬੱਚੇ ਦੇ ਹਿੱਤ ਵਿਚ ਹੈ ਅਤੇ ਨਾ ਹੀ ਸਮਾਜ ਦੇ ਹਿੱਤ ਵਿਚ ਹੋ ਸਕਦਾ ਹੈ।

ਪੱਛਮੀ ਦੇਸ਼ਾਂ ਨੂੰ ਜਾਣ ਦੀ ਹੋੜ ਨੇ ਸਾਡੇ ਬੱਚਿਆਂ ਦਾ ਅੰਗਰੇਜ਼ੀ ਭਾਸ਼ਾ ਵੱਲ ਝੁਕਾਅ ਵਧਾਇਆ ਹੈ। ਮਾਪਿਆਂ ਨੂੰ ਭਾਰਤ ਵਿਚ ਵਧ ਰਹੀ ਬੇਰੁਜ਼ਗਾਰੀ ਕਾਰਨ ਆਪਣੇ ਬੱਚਿਆਂ ਦਾ ਭਵਿੱਖ ਵਿਦੇਸ਼ ਵਿਚ ਸੁਰੱਖਿਅਤ ਲੱਗਦਾ ਹੈ। ਇਸ ਲਈ ਉਹ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਭਾਸ਼ਾ ਸਿਖਾਉਣ ਨੂੰ ਪਹਿਲ ਦਿੰਦੇ ਹਨ। ਪੰਜਾਬੀ ਭਾਸ਼ਾ ਸਰਕਾਰੀ ਬੇਰੁਖ਼ੀ ਦਾ ਵੀ ਸ਼ਿਕਾਰ ਹੋਈ ਹੈ ਕਿਉਂਕਿ ਸਰਕਾਰੀ ਭਾਸ਼ਾ ਹੁੰਦੇ ਹੋਏ ਵੀ ਬਹੁਤੇ ਵਿਭਾਗਾਂ ਵਿਚ ਬਹੁਤਾ ਕੰਮ ਮਾਂ-ਬੋਲੀ ਪੰਜਾਬੀ ਵਿਚ ਨਹੀਂ ਹੁੰਦਾ, ਉਦਾਹਰਨ ਵਜੋਂ ਅਦਾਲਤੀ ਕੰਮ ਜ਼ਿਆਦਾਤਰ ਅੰਗਰੇਜ਼ੀ ਵਿਚ ਹੀ ਹੁੰਦਾ ਹੈ। ਸਭ ਤੋਂ ਵੱਡਾ ਕਾਰਨ ਸਾਡੀ ਆਪਣੀ ਮਾਨਸਿਕਤਾ ਵਿਚ ਇਹ ਗੱਲ ਘਰ ਕਰ ਗਈ ਹੈ ਕਿ ਪੰਜਾਬੀ ਅੱਜ ਦੇ ਮੁਕਾਬਲੇ ਵਾਲੇ ਦੌਰ ਦੀ ਭਾਸ਼ਾ ਨਹੀਂ ਹੈ।

ਸੋ ਅੱਜ ਲੋੜ ਹੈ ਉਹ ਹਰ ਸੰਭਵ ਕੋਸ਼ਿਸ਼ ਕਰਨ ਦੀ ਜਿਸ ਨਾਲ ਸਾਡੀ ਮਾਂ-ਬੋਲੀ ਉਚਾਈਆਂ ਦੇ ਸਿਖਰ 'ਤੇ ਪਹੁੰਚ ਸਕੇ। ਸਭ ਤੋਂ ਪਹਿਲਾਂ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਹਰੇਕ ਭਾਸ਼ਾ ਦਾ ਆਪਣਾ ਮਹੱਤਵ ਅਤੇ ਇਤਿਹਾਸ ਹੈ। ਇਸ ਲਈ ਇਕ ਤੋਂ ਜ਼ਿਆਦਾ ਭਾਸ਼ਾਵਾਂ ਦਾ ਗਿਆਨ ਹੋਣਾ ਕੋਈ ਮਾੜੀ ਗੱਲ ਨਹੀਂ ਪਰ ਆਪਣੀ ਮਾਂ-ਬੋਲੀ ਨੂੰ ਵਿਸਾਰ ਕੇ ਦੂਜੀਆਂ ਭਾਸ਼ਾਵਾਂ ਨੂੰ ਅਪਣਾਉਣ ਵਾਲ਼ੇ ਲੋਕ ਆਪਣਾ ਵਿਰਸਾ ਗਵਾ ਬੈਠਦੇ ਹਨ। ਅੱਜ ਲੋੜ ਹੈ ਪੰਜਾਬੀ ਭਾਸ਼ਾ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਇਆ ਜਾਏ ਤਾਂ ਜੋ ਵਿਦਿਆਰਥੀਆਂ ਦਾ ਰੁਝਾਨ ਪੰਜਾਬੀ ਭਾਸ਼ਾ ਦੀ ਪੜ੍ਹਾਈ ਵੱਲ ਮੁੜ ਕੇਂਦਰਿਤ ਹੋਵੇ।

ਪੰਜਾਬੀ ਭਾਸ਼ਾ ਦੇ ਨਾਮ 'ਤੇ ਬਣੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਜਿਸ ਦਾ ਮਕਸਦ ਹੀ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨਾ ਹੈ, ਨੇ ਸਮੇਂ ਦੀ ਮੰਗ ਅਨੁਸਾਰ ਪੰਜਾਬੀ ਭਾਸ਼ਾ ਦੇ ਸਾਫ਼ਟਵੇਅਰ ਤਿਆਰ ਕੀਤੇ ਹਨ, ਤਾਂ ਜੋ ਇਸ ਦੀ ਵਰਤੋਂ ਕੰਪਿਊਟਰ ਦੀ ਦੁਨੀਆ ਵਿਚ ਆਸਾਨੀ ਨਾਲ ਹੋ ਸਕੇ ਜੋ ਸ਼ਲਾਘਾਯੋਗ ਕਾਰਜ ਹੈ ਪਰ ਲੋੜ ਹੈ ਇਨ੍ਹਾਂ ਕਾਰਜਾਂ ਨੂੰ ਘਰ-ਘਰ ਤਕ ਲੈ ਕੇ ਜਾਣ ਦੀ ਤਾਂ ਜੋ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਕਿ ਉਹ ਵੱਧ ਤੋਂ ਵੱਧ ਪੰਜਾਬੀ ਸਾਹਿਤ ਪੜ੍ਹਨ ਅਤੇ ਪੰਜਾਬੀ ਪੜ੍ਹਨ-ਲਿਖਣ ਅਤੇ ਬੋਲਣ ਵਿਚ ਮਾਣ ਮਹਿਸੂਸ ਕਰਨ, ਅਜਿਹੀਆਂ ਕੋਸ਼ਿਸ਼ਾਂ ਪੰਜਾਬ ਵਿਚ ਸਿੱਖਿਆ ਦੇ ਰਹੀਆਂ ਹੋਰ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨੂੰ ਵੀ ਕਰਨੀਆਂ ਚਾਹੀਦੀਆਂ ਹਨ।

ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ ਨਿੱਜੀ ਮੋਬਾਈਲ ਅਤੇ ਸੂਚਨਾ ਤਕਨੀਕੀ ਕੰਪਨੀਆਂ ਵੀ ਆਪਣਾ ਯੋਗਦਾਨ ਪਾ ਰਹੀਆਂ ਹਨ, ਜਿਵੇਂ ਕਿ ਐਪਲ, ਗੂਗਲ ਅਤੇ ਹੋਰ ਐਂਡਰਾਇਡ ਕੰਪਨੀਆਂ ਨੇ ਵੀ ਆਪਣੇ ਸਾਫ਼ਟਵੇਅਰ ਤਿਆਰ ਕੀਤੇ ਹਨ, ਜਿਸ ਨਾਲ ਕੰਪਿਊਟਰ ਅਤੇ ਮੋਬਾਈਲ ਉੱਤੇ ਪੰਜਾਬੀ ਦੀ ਵਰਤੋਂ ਕਰਨ ਵਾਲੇ ਯੂਜ਼ਰ ਨੂੰ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

ਸਾਨੂੰ ਵੀ ਆਪਣੀ ਮਾਂ-ਬੋਲੀ ਪ੍ਰਤੀ ਸੋਚ ਬਦਲਣ ਅਤੇ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਵੱਧ ਤੋਂ ਵੱਧ ਪੰਜਾਬੀ ਬੋਲੀ ਦੀ ਵਰਤੋਂ ਕਰਨ ਦੀ ਲੋੜ ਹੈ। ਉਦਾਹਰਨ ਵਜੋਂ ਸਾਡੇ ਖ਼ੁਸ਼ੀ ਅਤੇ ਗ਼ਮੀ ਦੇ ਸਮਾਗਮਾਂ ਦੇ ਸੱਦੇ ਪੱਤਰ ਪੰਜਾਬੀ ਵਿਚ ਛਪਵਾਈਏ। ਆਪਣੀਆਂ ਦੁਕਾਨਾਂ ਦੇ ਨਾਮ ਦੇ ਫਲੈਕਸ ਬੋਰਡ ਆਪਣੀ ਮਾਤ-ਭਾਸ਼ਾ ਵਿਚ ਲਿਖਵਾਉਣੇ ਚਾਹੀਦੇ ਹਨ, ਆਪਣੇ ਘਰਾਂ ਦੇ ਅੱਗੇ ਲੱਗੀਆਂ ਤਖ਼ਤੀਆਂ ਆਪਣੀ ਮਾਂ-ਬੋਲੀ ਵਿਚ ਹੋਣੀਆਂ ਚਾਹੀਦੀਆਂ ਹਨ। ਅਸੀਂ ਆਪਣੇ ਦਸਤਖ਼ਤ ਕਰਨ ਸਮੇਂ ਅੰਗਰੇਜ਼ੀ ਨੂੰ ਤਰਜੀਹ ਦਿੰਦੇ ਹਾਂ। ਜਦੋਂ ਤਕ ਅਸੀਂ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਅੰਗਰੇਜ਼ੀ ਭਾਸ਼ਾ ਤੋਂ ਆਜ਼ਾਦ ਨਹੀਂ ਕਰਦੇ, ਓਦੋਂ ਤੱਕ ਪੰਜਾਬੀ ਦੀ ਹੋਂਦ ਨੂੰ ਖ਼ਤਰਾ ਬਣਿਆ ਰਹੇਗਾ।

ਹਰ ਭਾਸ਼ਾ ਦੇ ਸਾਹਿਤਕਾਰ ਆਪਣੀ ਮਾਂ ਬੋਲੀ ਨੂੰ ਪ੍ਰਫੁੱਲਿਤ ਕਰਨ ਲਈ ਅਹਿਮ ਯੋਗਦਾਨ ਪਾਉਂਦੇ ਹਨ। ਪੰਜਾਬੀ ਦੇ ਅਨੇਕਾਂ ਸਾਹਿਤਕਾਰਾਂ ਨੇ ਇਸ ਨੂੰ ਪ੍ਰਫੁੱਲਿਤ ਕਰਨ ਵਿਚ ਆਪਣਾ ਯੋਗਦਾਨ ਪਾਇਆ ਹੈ, ਜਿਨ੍ਹਾਂ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਜਸਵੰਤ ਕੰਵਲ, ਸੰਤੋਖ ਸਿੰਘ ਧੀਰ, ਰਾਮ ਸਰੂਪ ਅਣਖੀ, ਗੁਰਸ਼ਰਨ ਸਿੰਘ, ਪਾਸ਼, ਨਰਿੰਦਰ ਕਪੂਰ, ਸੁਰਜੀਤ ਪਾਤਰ ਆਦਿ ਨੇ ਆਪਣੀਆਂ ਲਿਖਤਾਂ ਰਾਹੀਂ ਮਾਂ ਬੋਲੀ ਨੂੰ ਖਾਸ ਬਣਾਉਣ ਵਿਚ ਅਹਿਮ ਰੋਲ ਅਦਾ ਕੀਤਾ ਹੈ।

ਹਰ ਵਿਅਕਤੀ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੀ ਮਾਂ ਬੋਲੀ ਨੂੰ ਪ੍ਰਫੁੱਲਿਤ ਕਰਨ ਵਿਚ ਆਪਣੀ ਸਕਾਰਾਤਮਿਕ ਭੂਮਿਕਾ ਨਿਭਾਉਂਦਾ ਰਹੇ। ਆਓ ਉਨ੍ਹਾਂ ਸ਼ੰਕਿਆਂ ਨੂੰ ਮਨਾਂ ਵਿਚੋਂ ਕੱਢੀਏ ਕਿ ਪੰਜਾਬੀ ਆਉਣ ਵਾਲੇ 50 ਸਾਲਾਂ ਵਿਚ ਖ਼ਤਮ ਹੋ ਜਾਵੇਗੀ। ਆਓ, ਅਸੀਂ ਆਪਣੀ ਮਾਂ ਬੋਲੀ ਨੂੰ ਦਿਲ ਤੋਂ ਅਪਣਾਈਏ, ਦਿਲੋਂ ਪਿਆਰ ਕਰੀਏ। ਫੇਰ ਇਸ ਨੂੰ ਕੋਈ ਵੀ ਸ਼ੈਅ ਖਤਮ ਨਹੀਂ ਕਰ ਸਕੇਗੀ।

ਮੇਰੀ ਆਨ ਤੇ ਸ਼ਾਨ ਪੰਜਾਬੀ,
ਹੈ ਮੇਰੀ ਜਿੰਦ ਜਾਨ ਪੰਜਾਬੀ।

# ਮਾਤ ਭਾਸ਼ਾ ਦਾ ਪਹਿਲਤਾ ਨਾਲ ਸਤਿਕਾਰ ਕਰੋ

**ਪ੍ਰੋ. ਹਰਗੁਣਪ੍ਰੀਤ ਸਿੰਘ**
**ਫੋਨ: 94636-19353**

ਮਾਤ ਭਾਸ਼ਾ ਉਹ ਭਾਸ਼ਾ ਹੁੰਦੀ ਹੈ, ਜਿਸ ਨੂੰ ਮਨੁੱਖ ਜਨਮ ਸਮੇਂ ਤੋਂ ਆਪਣੀ ਮਾਂ ਤੋਂ ਸਿੱਖਦਾ ਹੈ, ਆਪਣੇ ਘਰ-ਪਰਿਵਾਰ ਅਤੇ ਆਪਣੇ ਲੋਕ-ਸਮੂਹ ਤੋਂ ਸਿੱਖਦਾ ਹੈ। ਅਸਲ ਵਿਚ ਮਾਤ-ਭਾਸ਼ਾ ਸਾਡੀ ਅਸਲ ਪਛਾਣ ਹੈ ਅਤੇ ਇਹ ਸਾਡੀ ਹੋਂਦ ਅਤੇ ਸਾਡੇ ਜੀਉਂਦੇ ਰਹਿਣ ਦੀ ਗਵਾਹੀ ਭਰਦੀ ਹੈ। ਇਸ ਰਾਹੀਂ ਸਾਡੀ ਸੋਚਣੀ ਗਤੀਸ਼ੀਲ ਹੁੰਦੀ ਹੈ ਅਤੇ ਇਹ ਸਾਡੇ ਜਨਮ ਤੋਂ ਲੈ ਕੇ ਮੌਤ ਤਕ ਸਾਡੇ ਨਾਲ ਵਿਚਰਦੀ ਹੈ। ਦੁਨੀਆ ਭਰ ਦੀਆਂ ਖੋਜਾਂ ਦਰਸਾਉਂਦੀਆਂ ਹਨ ਕਿ ਹਰ ਇਨਸਾਨ ਨੂੰ



ਆਪਣੀ ਮਾਤ ਭਾਸ਼ਾ ਨਾਲ ਬਹੁਤ ਲਗਾ'' ਹੁੰਦਾ ਹੈ, ਕਿਉਂਕਿ ਅਸੀਂ ਆਪਣੇ ਜਜ਼ਬਾਤਾਂ, ਵਲਵਲਿਆਂ ਅਤੇ ਅਹਿਸਾਸਾਂ ਨੂੰ ਆਪਣੀ ਮਾਤ ਭਾਸ਼ਾ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਖੁੱਲ੍ਹ ਕੇ ਵਿਅਕਤ ਕਰ ਸਕਦੇ ਹਾਂ।

ਸਾਡੀ ਮਾਤ ਭਾਸ਼ਾ 'ਪੰਜਾਬੀ' ਮਹਾਨ ਗੁਰੂਆਂ, ਸੂਫੀਆਂ, ਪੀਰਾਂ, ਫਕੀਰਾਂ ਅਤੇ ਸੰਤਾਂ ਦੀ ਬੋਲੀ ਹੈ ਅਤੇ ਇਸ ਨੂੰ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੋਲੀ ਹੋਣ ਦਾ ਮਾਣ ਪ੍ਰਾਪਤ ਹੈ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਸਾਡੇ ਪੰਜਾਬੀਆਂ ਦਾ ਇਕ ਵੱਡਾ ਤਬਕਾ ਆਪਣੀ ਮਾਖਿਓਂ ਮਿੱਠੀ ਮਾਂ ਬੋਲੀ ਨੂੰ ਆਪਣੇ ਮਨ ਮੰਦਰ ਵਿਚੋਂ ਬੜੀ ਅਕ੍ਰਿਤਘਣਤਾ ਨਾਲ ਵਿਸਾਰਦਾ ਜਾ ਰਿਹਾ ਹੈ। ਅਜੋਕੇ ਆਧੁਨਿਕ, ਪੂੰਜੀਵਾਦੀ ਅਤੇ ਤਕਨੀਕੀ ਯੁੱਗ ਵਿਚ ਸਾਨੂੰ ਆਪਣੇ ਗਿਆਨ, ਚਿੰਤਨ ਅਤੇ ਸੋਚ ਦੇ ਦਾਇਰੇ ਨੂੰ ਹੋਰ ਵਿਸ਼ਾਲ ਕਰਨ ਲਈ ਭਾਵੇਂ ਦੂਸਰੀਆਂ ਭਾਸ਼ਾਵਾਂ ਵੀ ਸਿੱਖਣ ਤੋਂ ਕਦੇ ਗੁਰੇਜ਼ ਨਹੀਂ ਕਰਨਾ ਚਾਹੀਦਾ, ਪਰ ਉਨ੍ਹਾਂ ਦੀ ਵਰਤੋਂ ਆਪਣੀ ਮਾਂ ਬੋਲੀ ਨੂੰ ਵਿਸਾਰ ਕੇ




ਜਾ ਛੁਟਿਆ ਕੇ ਨਹੀਂ ਹੋਣੀ ਚਾਹੀਦੀ।

ਹਰ ਸਮੂਹ ਅਤੇ ਸੱਭਿਆਚਾਰ ਨਾਲ ਇਕ ਵੱਖਰੀ ਭਾਸ਼ਾ ਜੁੜੀ ਹੁੰਦੀ ਹੈ, ਇਸ ਲਈ ਮਨੁੱਖ ਨੂੰ ਜਿੰਨੀਆਂ ਵੱਧ ਭਾਸ਼ਾਵਾਂ ਦੀ ਸਮਝ ਹੋਵੇਗੀ, ਉਹ ਓਨਾ ਹੀ ਵੱਧ ਗਿਆਨ ਅਤੇ ਵਿਦਵਤਾ ਹਾਸਲ ਕਰ ਸਕਦਾ ਹੈ। ਸੰਸਾਰ ਭਰ ਦੀਆਂ ਸਭ ਭਾਸ਼ਾਵਾਂ ਵੀ ਆਪੋ-ਆਪਣੇ ਲੋਕ ਸਮੂਹਾਂ ਦੀਆਂ ਮਾਤ-ਭਾਸ਼ਾਵਾਂ ਹਨ ਜੋ ਬਰਾਬਰ ਸਤਿਕਾਰ ਤੇ ਪਿਆਰ ਦੀਆਂ ਪਾਤਰ ਹਨ। ਹਰ ਭਾਸ਼ਾ ਆਪਣੇ ਆਪ ਵਿਚ ਬਹੁਤ ਅਮੀਰ, ਖੂਬਸੂਰਤ ਅਤੇ ਵਿਲੱਖਣ ਹੁੰਦੀ ਹੈ, ਕਿਉਂਕਿ ਹਰ ਭਾਸ਼ਾ ਦਾ ਇਤਿਹਾਸ, ਵਿਆਕਰਨ ਅਤੇ ਸਾਹਿਤ ਵੀ ਆਪਣੇ ਆਪ ਵਿਚ ਬਹੁਤ ਨਿਆਰਾ ਅਤੇ ਨਿਵੇਕਲਾ ਹੁੰਦਾ ਹੈ। ਹਰ ਭਾਸ਼ਾ ਵਿਚ ਬੋਲਚਾਲ ਸਮੇਂ ਦੂਸਰੀਆਂ ਭਾਸ਼ਾਵਾਂ ਦੇ ਸ਼ਬਦ ਸਾਡੀ ਆਮ ਵਰਤੋਂ ਵਿਚ ਆਉਂਦੇ ਹਨ ਅਤੇ ਸਾਨੂੰ ਆਪਣੇ ਪਰਿਵਾਰ, ਇੰਟਰਵਿਊ, ਨੌਕਰੀ, ਦੇਸ਼ ਦੇ ਹੋਰ ਹਿੱਸਿਆਂ ਜਾਂ ਵਿਦੇਸ਼ ਘੁੰਮਣ ਸਮੇਂ ਕਈ ਭਾਸ਼ਾਵਾਂ ਸੁਣਨੀਆਂ, ਸਮਝਣੀਆਂ, ਪੜ੍ਹਨੀਆਂ, ਲਿਖਣੀਆਂ ਅਤੇ ਬੋਲਣੀਆਂ ਪੈਂਦੀਆਂ ਹਨ। ਇਸ ਲਈ ਅਸੀਂ ਜਿੰਨੀਆਂ ਵੱਧ ਭਾਸ਼ਾਵਾਂ ਦੇ ਜਾਣਕਾਰ ਹੋਵਾਂਗੇ, ਓਨੇ ਹੀ ਵੱਧ ਗਿਆਨਵਾਨ ਅਤੇ ਸੂਝਵਾਨ ਹੋਵਾਂਗੇ। ਪਰ ਭਾਸ਼ਾ ਮਾਹਿਰਾਂ ਅਤੇ ਮਨੋਵਿਗਿਆਨਕਾਂ ਮੁਤਾਬਿਕ ਅਸੀਂ ਦੂਸਰੀਆਂ ਭਾਸ਼ਾਵਾਂ ਵੀ ਬਿਹਤਰ ਤਰੀਕੇ ਨਾਲ ਉਦੋਂ ਹੀ ਸਿੱਖ ਸਕਦੇ ਹਾਂ ਜਦੋਂ ਸਾਨੂੰ ਪਹਿਲਾਂ ਆਪਣੀ ਮਾਤ ਭਾਸ਼ਾ ਵਿਚ ਚੰਗੀ ਮੁਹਾਰਤ ਹਾਸਲ ਹੋਵੇ।

ਇਸ ਲਈ ਪੰਜਾਬ ਅਤੇ ਪੰਜਾਬੀ ਬੋਲਦੇ ਇਲਾਕਿਆਂ ਦੀਆਂ ਸਭ ਸਰਕਾਰੀ ਜਾਂ ਗੈਰ ਸਰਕਾਰੀ ਵਿੱਦਿਅਕ ਸੰਸਥਾਵਾਂ ਵਿਚ ਪਹਿਲਾਂ ਪੰਜਾਬੀ ਨੂੰ ਬਣਦਾ ਮਾਣ-ਸਤਿਕਾਰ ਮਿਲਣਾ ਚਾਹੀਦਾ ਹੈ ਅਤੇ ਫਿਰ ਬਾਕੀ ਭਾਸ਼ਾਵਾਂ ਦੀ ਵਰਤੋਂ ਬਿਨਾਂ ਕਿਸੇ ਭੇਦ-ਭਾਵ ਤੋਂ ਕਰਨੀ ਚਾਹੀਦੀ ਹੈ। ਅਧਿਆਪਕਾਂ ਵੱਲੋਂ ਵੀ ਆਪਣੀ ਜਮਾਤ ਵਿਚ ਵੱਖ-ਵੱਖ ਭਾਸ਼ਾਵਾਂ ਦਾ ਉਪਯੋਗ ਵਿਦਿਆਰਥੀਆਂ ਦੀ ਸਮਝ, ਜ਼ਰੂਰਤ ਅਤੇ ਦਿਲਚਸਪੀ ਅਨੁਸਾਰ ਕਰਨਾ ਚਾਹੀਦਾ ਹੈ। ਸਾਡਾ ਫਰਜ਼ ਹੈ ਕਿ ਅਸੀਂ ਆਪਣੀ ਮਾਂ ਬੋਲੀ ਦੀ ਪਹਿਲਤਾ ਦੇ ਆਧਾਰ ਉਤੇ ਸੰਭਾਲ ਕਰੀਏ ਅਤੇ ਬਾਕੀ ਭਾਸ਼ਾਵਾਂ ਨੂੰ ਵੀ ਬਰਾਬਰ ਸਤਿਕਾਰ ਪ੍ਰਦਾਨ ਕਰੀਏ।

## ਨੇਤਾ

ਮੁਫ਼ਤ ਦੇ ਲਾਲਚ ਦੇ ਦੇ ਕੇ,
ਅਪਾਹਜ ਬਣਾਈ ਜਾਂਦੇ ਨੇ।
ਪੰਜਾਬ ਦੇ ਲੋਕੋ ਅਕਲ ਕਰੋ,
ਲੀਡਰ ਭਰਮਾਈ ਜਾਂਦੇ ਨੇ।
ਖਾਤੇ ਖਾਲੀ ਭਰ ਦਿੱਤੇ ਸੀ,
ਕਾਲਾ ਧਨ ਜਮ੍ਹਾਂ ਕਰਵਾ ਕੇ।
ਵੋਟਾਂ ਆਈਆਂ ਫਿਰ ਤੋਂ ਝੂਠੇ,
ਲਾਰੇ ਲਾਈ ਜਾਂਦੇ ਨੇ।
ਸਮਾਰਟ ਫੋਨ ਸੀ ਦਿੱਤੇ ਮਿੱਤਰੋ,
ਹੁਣ ਸਕੂਟਰੀ ਦੇਵਣਗੇ,
ਹੋਏ ਨਾ ਪੂਰੇ ਪਹਿਲੇ ਵਾਅਦੇ,
ਨਵੇਂ ਚਮਕਾਈ ਜਾਂਦੇ ਨੇ।
ਖ਼ਾਸਮ ਖ਼ਾਸ ਉਮੀਦਵਾਰ ਹੈ,
ਆਮ ਆਦਮੀ ਵੋਟਰ ਹੈ,
ਭੋਲੇ ਭਾਲੇ ਬਣ ਕੇ ਸਪੇਰੇ,
ਬੀਨ ਵਜਾਈ ਜਾਂਦੇ ਨੇ।
ਖਤਰੇ ਦੇ ਵਿਚ ਪੰਥ ਨਹੀਂ ਹੈ,
ਕੁਰਸੀ ਸੱਤਾ ਦੀ ਖੁੱਸੀ,
ਜੀਭ ਕਮਾਨੋਂ ਦਿਮਾਗ ਸ਼ੈਤਾਨੋਂ,
ਤੀਰ ਚਲਾਈ ਜਾਂਦੇ ਨੇ।
ਅਦਲਾ-ਬਦਲੀ ਗਠਜੋੜ ਤੇ,
ਹਫੜਾ ਦਫੜੀ ਮਚੀ ਹੋਈ।
ਚਾਚਾ ਤਾਇਆ ਅੰਦਰਖਾਤੇ,
ਹੱਥ ਮਿਲਾਈ ਜਾਂਦੇ ਨੇ।
ਬੋਦਲਾਂ ਦਾ ਸੁਖਵਿੰਦਰ ਆਖੇ,
ਅਜੇ ਵੀ ਲੋਕੋ ਹੋਸ਼ ਕਰੋ,
ਲੀਡਰਾਂ ਰੱਖਿਆ ਭਾਈਚਾਰਾ,
ਤੁਹਾਨੂੰ ਲੜਾਈ ਜਾਂਦੇ ਨੇ।

***-ਸੁਖਵਿੰਦਰ ਬੋਦਲਾਂਵਾਲਾ***
***ਫੋਨ: 360-281-2624***

## ਮਾਂ ਬੋਲੀ

ਜੇ ਸਾਡੇ ਬੱਚੇ ਪੰਜਾਬੀ ਬੋਲ ਹੀ ਨਾ ਸਕੇ ਤਾਂ ਮਾਣ ਨਾਲ ਕਿਵੇਂ ਕਹਿਣਗੇ ਕਿ ਅਸੀਂ ਪੰਜਾਬੀ ਹਾਂ!!

ਬੱਚਿਆਂ ਦੇ ਨਾਵਾਂ ਵਿਚੋਂ ਮਿਡਲ/ਲਾਸਟ ਨੇਮ 'ਸਿੰਘ' ਜਾਂ 'ਕੌਰ' ਕੱਟ ਕੇ ਉਨ੍ਹਾਂ ਦੇ ਨਾਮ ਛੋਟੇ ਨਾਂ ਕਰੋ, ਬਲਕਿ ਉਨ੍ਹਾਂ ਨੂੰ ਇਸ ਲਾਇਕ ਬਣਾਓ ਕਿ ਲੋਕ ਉਨ੍ਹਾਂ ਨੂੰ ਪੰਜਾਬੀ ਨਾਵਾਂ ਨਾਲ ਜਾਨਣ!!

'ਪੰਜਾਬੀ ਮਾਂ ਬੋਲੀ ਦਿਵਸ' ਮਨਾਉਂਦਿਆਂ ਪਰਿਵਾਰਾਂ ਵਿਚ ਵਾਅਦਾ ਕਰੋ ਕਿ ਤੁਸੀਂ ਆਪਣੇ ਬੱਚਿਆ ਦੇ ਨਾਮ 'ਸਿੰਘ' ਅਤੇ 'ਕੌਰ' ਸਮੇਤ ਪੰਜਾਬੀ ਪਛਾਣ ਵਾਲੇ ਰੱਖੋਗੇ ਅਤੇ ਉਨ੍ਹਾਂ ਨੂੰ ਪੰਜਾਬੀ ਜ਼ਰੂਰ ਸਿਖਾਓਗੇ!!

ਮਾਂ ਬੋਲੀ...
ਮਾਂ ਬੋਲੀ ਨਹੀਂ ਉਸ ਨੂੰ ਕਹਿੰਦੇ
ਜਿਸ ਵਿਚ ਧਰਮ ਫਲਸਫ਼ਾ ਲਿਖਿਆ
ਮਾਂ ਬੋਲੀ ਤਾਂ ਉਹ ਬੋਲੀ ਹੈ
ਜਿਸ ਵਿਚ ਕੋਈ ਜਨਣੀ
ਜਨਮ ਪੀੜਾਂ ਸੰਗ ਘੁਲਦੀ ਹੋਈ
ਦਾਈ ਤੋਂ ਘੁੱਟ ਪਾਣੀ ਮੰਗੇ
ਤੇ ਹੱਡ ਮਾਸ ਦੇ ਟੁਕੜੇ ਨੂੰ
ਆਪਣੀ ਹਿੱਕ ਨਾਲ ਲਾ ਕੇ ਬੋਲੇ
ਤੂੰ ਮੇਰੇ ਵਿਹੜੇ ਦੀ ਰੌਣਕ
ਤੂੰ ਮੇਰੇ ਨ੍ਹੇਰੇ ਦਾ ਚਾਨਣ

***– ਦਲਬੀਰ ਚੇਤਨ***

## ਮਾਂ ਬੋਲੀ ਪੰਜਾਬੀ ਨੂੰ ਸਮਰਪਿਤ

### ਬੋਲੀ ਪੰਜਾਬੀ

ਬੋਲੀ ਪੰਜਾਬੀ ਦੀ ਮੇਰੀ
ਜੱਗ ਵਿਚ ਵੱਖ ਪਛਾਣ
ਪੰਜ ਆਬਾਂ ਨਾਲ ਖੇਡਦੀ ਮੈਂ
ਪਲ਼ ਕੇ ਹੋਈ ਜਵਾਨ
ਮੈਨੂੰ ਵਾਰਿਸ, ਬੁੱਲ੍ਹਾ ਗਾ ਗਏ
ਹਾਸ਼ਮ ਤੇ ਕਾਦਰਯਾਰ
ਮੈਨੂੰ ਸੰਤ ਫਕੀਰਾਂ ਸੂਫੀਆਂ ਨੇ
ਕੀਤਾ ਬੜਾ ਪਿਆਰ
ਮੈਂ ਮਾਖਿਓਂ ਮਿੱਠੀ ਹੋ ਗਈ
ਇੱਕ ਲੈ ਅਗੰਮੀ ਛੋਹ
ਮੇਰੀ ਸੁੱਤੀ ਕਿਸਮਤ ਜਾਗ ਪਈ
ਜਦ ਗਈ ਗੁਰਾਂ ਦੀ ਹੋ
ਪਰ ਦੋਖੀਆਂ ਤੋਂ ਨਾ ਜਰ ਹੋਇਆ
ਮੈਨੂੰ ਮਿਲਿਆ ਜੋ ਸਨਮਾਨ
ਨਾਲੇ ਗੈਰਾਂ ਨਾਲੋਂ ਆਪਣਿਆਂ ਨੇ
ਕੀਤਾ ਵੱਧ ਨੁਕਸਾਨ
ਕੁਝ ਕੱਚ-ਘਰੜ ਵਿਦਵਾਨਾਂ ਨੇ
ਮੇਰਾ ਬਦਲਿਆ ਰੂਪ ਤੇ ਦਿੱਖ
ਮੈਨੂੰ ਘਰੋਂ ਨਾ ਕੱਢੋ ਪੰਜਾਬੀ"
ਮੈਂ ਮੰਗਦੀ ਪਈ ਆਂ ਭਿੱਖ।

*–ਜਸਵੰਤ ਸਿੰਘ ਸ਼ਾਦ*

---

### ਮੈਂ ਅਪਣੀ ਮਾਂ ਬੋਲੀ ਪੰਜਾਬੀ ਨੂੰ ਸਮਰਪਤਿ ਹਾਂ।

ਮਾਂ ਪੰਜਾਬੀ ਮੇਰੀ ਬੋਲੀ।
ਅੱਖਰਾਂ ਨਾਲ ਭਰੀ ਮੇਰੀ ਝੋਲੀ।
ਅੱਖਰਾਂ ਦੇ ਮੈਂ ਸ਼ਬਦ ਬਣਾਵਾਂ।
ਮਾਂ ਬੋਲੀ ਤੋਂ ਸਦਕੇ ਜਾਵਾਂ।

ਮਾਂ ਬੋਲੀ ਵਿਚ ਜਾਨ ਹੈ ਮੇਰੀ।
ਮਾਂ ਬੋਲੀ ਨਾਲ ਸ਼ਾਨ ਹੈ ਮੇਰੀ।
ਮਾਂ ਬੋਲੀ ਨਾਲ ਪ੍ਰੀਤ ਪਈ ਹੈ।
ਤਾਂ ਜਿਉਂਦੀ 'ਸੁਰਜੀਤ' ਪਈ ਹੈ।

*–ਬੀਬੀ ਸੁਰਜੀਤ ਕੌਰ ਸੈਕਰਾਮੈਂਟੋ।*

---

### ਅੱਖਰਾਂ ਵਿਚ ਸਮੁੰਦਰ ਰੱਖਾਂ

ਅੱਖਰਾਂ ਵਿਚ ਸਮੁੰਦਰ ਰੱਖਾਂ,
ਮੈਂ ਇਕਬਾਲ ਪੰਜਾਬੀ ਦਾ।
ਝੱਖੜਾਂ ਦੇ ਵਿਚ ਰੱਖ ਦਿੱਤਾ ਏ,
ਦੀਵਾ ਬਾਲ ਪੰਜਾਬੀ ਦਾ।
ਲੋਕੀ ਮੰਗ-ਮੰਗਾ ਕੇ ਆਪਣਾ,
ਬੋਹਲ ਬਣਾ ਕੇ ਬਹਿ ਗਏ ਨੇ;
ਅਸਾਂ ਤਾਂ ਮਿੱਟੀ ਕਰ ਦਿੱਤਾ ਏ,
ਸੋਨਾ ਗਾਲ ਪੰਜਾਬੀ ਦਾ।
ਜਿਹੜੇ ਆਖਣ ਵਿਚ ਪੰਜਾਬੀ,
ਵੁਸਅਤ ਨਹੀਂ ਤਹਿਜ਼ੀਬ ਨਹੀਂ;
ਪੜ੍ਹ ਕੇ ਵੇਖਣ ਵਾਰਸ, ਬੁੱਲ੍ਹਾ,
ਬਾਹੂ, ਲਾਲ ਪੰਜਾਬੀ ਦਾ।
ਮਨ ਦਾ ਮਾਸ ਖਵਾ ਦੇਂਦਾ ਏ,
ਜਿਹੜਾ ਏਹਨੂੰ ਪਿਆਰ ਕਰੇ
ਕੋਈ ਵੀ ਜਬਰਨ ਕਰ ਨਹੀਂ ਸਕਦਾ,
ਵਿੰਗਾ ਵਾਲ ਪੰਜਾਬੀ ਦਾ।

*–ਬਾਬਾ ਨਜ਼ਮੀ*

---

### ਮਾਂ ਬੋਲੀ ਪੰਜਾਬੀ

ਪਹਿਲਾਂ ਮੈ ਪੰਜਾਬੀ ਵਿਚ
ਮਾਂ ਕਹਿਣਾ ਸਿੱਖਿਆ
ਹੱਥ ਫੜ ਮਾਂ ਦਾ ਫਿਰ




ੳ ਅ ਲਿਖਿਆ।
ਬਾਪੂ ਦਾ ਪਿਆਰ ਮੈਨੂੰ
ਝਿੜਕਾਂ ਵੀ ਭਾਉਂਦੀਆਂ,
ਉਹਦੇ 'ਚੋਂ ਵੀ ਮਹਿਕਾਂ
ਮਾਂ ਬੋਲੀ ਦੀਆਂ ਆਉਂਦੀਆਂ।
ਭੁੱਲ ਜਾਵਾਂ ਕਿਵੇਂ
ਉਸ ਬੋਲੀ ਦੀ ਤਾਸੀਰ ਨੂੰ,
ਪੜ੍ਹਿਆ ਮੈਂ ਜਿਹਦੇ ਵਿਚ
ਵਾਰਸ ਸ਼ਾਹ ਦੀ ਹੀਰ ਨੂੰ।
ਮੜ੍ਹੀਆਂ-ਮਸਾਣਾਂ ਕਦੇ
ਵੈਣ ਵੀ ਮੈਂ ਪਾਏ ਨੇ,
ਏਸੇ ਬੋਲੀ ਵਿਚ
ਢੋਲੇ ਮਾਹੀਏ ਵੀ ਮੈਂ ਗਾਏ ਨੇ।
ਸਿਜਦਾ ਮੈਂ ਕੀਤਾ
ਦਰਿਆਵਾਂ ਵਾਲੇ ਪਾਣੀ ਨੂੰ,
ਪੜ੍ਹਿਆ ਪੰਜਾਬੀ 'ਚ ਮੈਂ
ਗੁਰੂਆਂ ਦੀ ਬਾਣੀ ਨੂੰ।
ਪੰਜਾਬੀ ਦੇ ਵਾਰਸੋ
ਪੰਜਾਬੀ ਨਾ ਭੁਲਾ ਲਿਉ,
ਮਾਂ ਦੀ ਇਹ ਨਿਸ਼ਾਨੀ
ਗੈਰਾਂ ਵਿਹੜੇ ਨਾ ਗਵਾ ਲਿਉ।
ਮਾੜਾ ਨੀ ਮੈਂ ਕਹਿੰਦਾ
ਭਾਵੇਂ ਕਿਸੇ ਵੀ ਜ਼ੁਬਾਨ ਨੂੰ,
ਰੁਤਬਾ ਜ਼ਰੂਰ ਦਿਆਂ
ਅੰਮੜੀ ਰਕਾਨ ਨੂੰ।
ਦਿਲੋਂ ਨਾ ਭੁਲਾਉਣਾ
ਦੀਪ ਮੰਗਲੀ ਦੀ ਗੱਲ ਨੂੰ,
ਦੋਸ਼ ਨਹੀਂ ਤਾਂ ਆਉਣਾ
ਸਾਡੇ ਸਾਰਿਆਂ 'ਤੇ ਕੱਲ੍ਹ ਨੂੰ।

*–ਦੀਪ ਮੰਗਲੀ*

---

### ਆਓ ਪੰਜਾਬੀ ਸਿੱਖੀਏ

ਆਓ ਮੇਰੇ ਆੜੀਓ
ਪੰਜਾਬੀ ਸਿੱਖੀਏ,
ਸੋਹਣੇ ਅੱਖਰਾਂ 'ਚ
ਵਰਨਮਾਲਾ ਲਿਖੀਏ।
ਗੁਰਮੁਖੀ ਵਿਚ ਲਿਖੀਏ
ਪੰਜਾਬੀ ਵਿਚ ਬੋਲੀਏ,
ਗੁਰਮੁਖੀ ਏ ਲਿਪੀ ਤੇ
ਪੰਜਾਬੀ ਸਾਡੀ ਬੋਲੀ ਏ।
ਇਹਦੇ ਮੂਹਰੇ ਹਰ ਇਕ
ਜ਼ੁਬਾਨ ਪੈਂਦੀ ਫਿੱਕੀ ਏ,
ਆਓ ਮੇਰੇ ਆੜੀਓ...।
ਵਿਅੰਜਨ ਅਠੱਤੀ ਇਹਦੇ ਸ੍ਵਰ ਤਿੰਨ ਨੇ,
ਲਗਾਂ ਉਂਝ ਦਸ ਪਰ ਨੌਂ ਚਿੰਨ੍ਹ ਨੇ।
ਮੁਕਤੇ ਦੀ 'ਵਾਜ਼ ਆੜੇ ਨਾਲ ਲਿਖੀਏ,
ਆਓ ਮੇਰੇ ਆੜੀਓ...।
ੳ, ਅ, ੲ ਨੇ ਸ੍ਵਰ ਇਹਦੇ ਤਿੰਨ,
ਬਿੰਦੀ, ਟਿੱਪੀ, ਅੱਧਕ ਲਗਾਖਰ ਵੀ ਤਿੰਨ।
ਸਾਰਿਆਂ ਦੀ ਵੱਖ ਪਹਿਚਾਣ ਰੱਖੀਏ,
ਆਓ ਮੇਰੇ ਆੜੀਓ...।
ਹ, ਰ, ਵ, ਤਿੰਨ ਅੱਖਰ ਨੇ ਦੁੱਤ,
ਕਿਤੇ ਕਿਤੇ ਤਿੰਨਾਂ ਨੂੰ ਲਿਖਦੇ ਸੰਯੁਕਤ।
ਪੈਰ 'ਚ ਵੀ ਪੈਣ ਇਹ ਪਛਾਣ ਪੱਕੀ ਐ,
ਆਓ ਮੇਰੇ ਆੜੀਓ...।
ਙ, ਞ, ਣ, ਨ, ਮੰਮੇ ਦੀ ਆਵਾਜ਼,
ਗਿਣਤੀ 'ਚ ਪੰਜ ਕਰਨ ਹੁਣ ਤਿੰਨ ਕਾਜ।
ਨਾਸਿਕੀ ਸ੍ਵਰਾਂ ਦਾ ਫਰਕ ਸਿੱਖੀਏ,
ਆਓ ਮੇਰੇ ਆੜੀਓ...।

*–ਮਾਸਟਰ ਪ੍ਰੇਮ ਸਰੂਪ ਛਾਜਲੀ*
*ਫੋਨ: 9417134982*

# ਐਮ.ਐਸ.ਪੀ., ਹਰਾ ਇਨਕਲਾਬ ਅਤੇ ਪੰਜਾਬ ਦਾ ਕਿਸਾਨ

ਕਿਸਾਨ ਅੰਦੋਲਨ ਦੀ ਇਤਿਹਾਸਕ ਜਿੱਤ ਸਦਕਾ 3 ਖੇਤੀ ਕਾਨੂੰਨ ਵਾਪਸ ਹੋ ਗਏ। ਪਰਾਲੀ ਤੇ ਬਿਜਲੀ ਮੁਤੱਲਕ ਬਿੱਲ ਵੀ ਖਾਰਜ ਹੋ ਜਾਣਗੇ; ਕਣਕ ਝੋਨੇ ਤੇ ਐਮ.ਐਸ.ਪੀ. ਪੰਜਾਬ ਵਿਚ ਪਹਿਲਾਂ ਹੀ ਮਿਲ ਰਹੀ ਸੀ, ਉਮੀਦ ਹੈ ਕਿ ਨੇੜ ਭਵਿੱਖ ਵਿਚ ਵੀ ਜਾਰੀ ਰਹੇਗੀ। ਸੋ, ਪੰਜਾਬ ਦੀ ਕਿਸਾਨੀ ਜਿੱਥੇ 2020 ਵਿਚ ਸੀ, ਉਥੇ ਫਿਰ ਪਹੁੰਚ ਗਈ।

ਇਸ ਤੋਂ ਸ਼ਾਇਦ ਹੀ ਕੋਈ ਮੁਨਕਰ ਹੋਵੇ ਕਿ ਨਵੇਂ ਕਾਨੂੰਨ ਲਿਆਉਣ ਤੋਂ ਪਹਿਲਾਂ ਵੀ ਕਿਸਾਨੀ ਸੰਕਟ ਵਿਚ ਸੀ। ਛੋਟੇ ਤੇ ਦਰਮਿਆਨੇ ਕਿਸਾਨਾਂ ਦੀ ਹਾਲਤ ਪਿਛਲੇ 30-40 ਸਾਲਾਂ ਤੋਂ ਨਿੱਘਰ ਰਹੀ ਹੈ। ਇਨ੍ਹਾਂ ਦੀ ਵੱਡੀ ਬਹੁਗਿਣਤੀ ਸਾਲ-ਦਰ-ਸਾਲ ਕਰਜ਼ੇ ਥੱਲੇ ਆ ਰਹੀ ਹੈ। ਹਜ਼ਾਰਾਂ ਕਿਸਾਨ ਕਰਜ਼ੇ ਦੇ ਭਾਰ ਥੱਲੇ ਖੁਦਕੁਸ਼ੀਆਂ ਦੇ ਰਾਹ ਤੁਰ ਗਏ ਹਨ। ਹਰ ਸਾਲ ਲੱਖਾਂ



**ਦਾਰਾ ਢਿੱਲੋਂ**
**ਸਿਡਨੀ (ਆਸਟਰੇਲੀਆ)**
**ਈਮੇਲ: daradhillon@hotmail.com**

ਨੌਜਵਾਨ ਹਰੀਆਂ ਚਰਾਂਦਾਂ ਦੀ ਭਾਲ ਵਿਚ ਪਰਦੇਸਾਂ ਵੱਲ ਪਰਵਾਜ਼ ਕਰ ਰਹੇ ਹਨ। ਇੱਦਾਂ ਲੱਗਦਾ, ਜਿਵੇਂ ਇਹ ਮਿੱਟੀ ਆਪਣੇ ਜਾਇਆਂ ਦਾ ਭਾਰ ਚੁੱਕਣ ਤੋਂ ਜਵਾਬ ਦੇ ਰਹੀ ਹੋਵੇ। ਇਹ ਸਾਰੀਆਂ ਅਲਾਮਤਾਂ ਕਿਸੇ ਭੈੜੀ ਬਿਮਾਰੀ ਦਾ ਅਹਿਸਾਸ ਕਰਾਉਂਦੀਆਂ ਹਨ। ਇਹ ਗੱਲ ਬਹੁਤ ਲੋਕ ਮਹਿਸੂਸ ਕਰਦੇ ਹਨ ਕਿ ਕੁਝ ਗੜਬੜ ਤਾਂ ਹੈ। ਆਖਿਰ ਇਹ ਬਿਮਾਰੀ ਹੈ ਕੀ? ਇਹਦੀਆਂ ਜੜ੍ਹਾਂ ਕਿੱਥੇ ਹਨ?

ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਲਈ ਕਈ ਵਾਰ ਦੂਰ ਬੈਠ ਕੇ ਅਧਿਐਨ ਕਰਨਾ ਪੈਂਦਾ ਹੈ। ਖੁਰਦਬੀਨ ਦੀ ਬਿਨਿਸਬਤ ਵੱਡੇ ਕੰਧ ਚਿੱਤਰ 'ਚ ਬੇਸ਼ੁਮਾਰ ਜੋੜ-ਤੋੜ ਤੇ ਅੰਤਰ-ਪ੍ਰਭਾਵ ਵਾਲੇ ਸਬੰਧ ਨਜ਼ਰ ਆਉਂਦੇ ਹਨ। ਜਦੋਂ ਤੁਸੀਂ ਦੂਰ ਹਟ ਕੇ, ਅਤੀਤ 'ਚ ਜਾ ਕੇ ਆਪਣੇ ਪਿੰਡ 'ਤੇ ਨਜ਼ਰ ਮਾਰਦੇ ਹੋ ਤਾਂ ਦਿਸੇਗਾ ਕਿ ਚਾਚੇ ਚਰਨ ਨੇ ਬਲਦਾਂ ਦੀ ਜੋਗ ਵੇਚ ਕੇ ਟਰੈਕਟਰ ਲੈ ਲਿਆ, ਡੰਗਰਾਂ ਵਾਲੇ ਕੋਠਿਆਂ 'ਚ ਹੁਣ ਟਰੈਕਟਰ ਅਤੇ ਹੋਰ ਸੰਦ ਹਨ। ਭੋਲੇ ਦੇ ਤੂਤਾਂ ਵਾਲੇ ਖੂਹ ਤੇ ਨਾ ਹੀ ਖੂਹ ਰਿਹਾ ਤੇ ਨਾ ਕੋਈ ਤੂਤ, ਡੂੰਘੇ ਬੋਰ ਵਾਲਾ ਸਬਮਰਸੀਬਲ ਪੰਪ ਲੱਗ ਗਿਆ। ਫਿਰਨੀ 'ਤੇ ਰੂੜੀਆਂ ਨਹੀਂ ਲੱਭਦੀਆਂ, ਲੋਕ ਯੂਰੀਆ ਤੇ ਡੀ.ਏ.ਪੀ. ਖਾਦ ਦੀਆਂ ਬੋਰੀਆਂ ਸ਼ਹਿਰੋਂ ਟਰਾਲੀ ਲੱਦ ਕੇ ਲੈ ਆਉਂਦੇ ਹਨ। ਭੂਆ ਸੀਤੋ ਨੂੰ ਘਰ ਦੀਆਂ ਸਬਜ਼ੀਆਂ ਹੁਣ ਰੇੜ੍ਹੀ ਵਾਲਾ ਦੇ ਜਾਂਦਾ ਹੈ; ਨਾ ਉਹ ਸਰ੍ਹੋਂ ਦੇ ਤੇਲ ਦੀ ਘਾਣੀ ਕਢਾਉਂਦੀ ਹੈ, ਉਹਦੀ ਥਾਂ ਹੱਟੀਓਂ ਤੇਲ ਖਰੀਦਿਆ ਜਾਂਦਾ ਹੈ।



ਆਪਣੀ ਕਪਾਹ ਦਾ ਰੂੰ ਨਹੀਂ ਪਿੰਜਿਆ ਜਾਂਦਾ, ਰੌਸ਼ਨ ਦੀ ਹੱਟੀ 'ਤੇ ਚੀਨ ਦੇ ਬਣੇ ਨਾਇਲੋਨ ਦੇ ਕੰਬਲ ਜੋ ਟੰਗੇ ਹੁੰਦੇ ਹਨ। ਹਵਾ ਤੇ ਧੁੱਪ ਛੱਡ ਕੇ ਬਾਕੀ ਸਾਰਾ ਕੁਝ ਬਾਹਰੋਂ ਖਰੀਦਿਆ ਜਾਂਦਾ ਅਤੇ ਵੇਚਣ ਨੂੰ ਸਿਰਫ਼ ਕਣਕ ਤੇ ਝੋਨਾ।

ਕੰਧ ਚਿੱਤਰ ਉਤਲੀ ਧੁੰਦ ਸਾਫ਼ ਹੋਣ ਲਗਦੀ ਹੈ ਤੇ ਵਿਚਲੀ ਤਸਵੀਰ ਉਘੜਨੀ ਸ਼ੁਰੂ ਹੁੰਦੀ ਹੈ। ਉਸੇ ਖਾਦ ਵਾਲੀ ਟਰਾਲੀ ਵਿਚ ਜਦੋਂ ਕਿਸਾਨ ਦਾਣੇ ਭਰ ਕੇ ਮੰਡੀ ਵੇਚਣ ਜਾਂਦਾ ਹੈ ਤਾਂ ਖਰੀਦਦਾਰ ਸੌ ਨਖਰੇ ਕਰਦਾ ਹੈ। ਕਹਿੰਦਾ ਹੈ- ਮੈਨੂੰ ਲੋੜ ਨਹੀਂ ਤੇਰੀ ਫ਼ਸਲ ਦੀ। ਵੇਚਣ ਵਾਲਾ ਕਹਿੰਦਾ- ਤੈਨੂੰ ਲੈਣੀ ਪੈਣੀ, ਤੂੰ ਐਮ.ਐਸ.ਪੀ. ਵੀ ਤੈਅ ਕਰ ਅਤੇ ਸਾਰੀ ਫ਼ਸਲ ਖਰੀਦ ਵੀ। 50 ਸਾਲ ਪਹਿਲਾਂ ਜਦੋਂ ਤੂੰ ਭੁੱਖਾ ਮਰਦਾ ਸੀ, ਤੂੰ ਹੀ ਮੈਨੂੰ ਕਿਹਾ ਸੀ ਕਣਕ ਝੋਨਾ ਲਾਉਣ ਲਈ, ਤੂੰ ਹੀ ਅਮਰੀਕਨ ਬੀਜ ਦਿੱਤੇ, ਡੀਜ਼ਲ ਤੇ ਸਬਸਿਡੀ ਦਿੱਤੀ, ਟਰੈਕਟਰ ਲਈ ਕਰਜ਼ੇ ਦਿੱਤੇ, ਬੰਬੀ ਦੀ ਬਿਜਲੀ ਮੁਫ਼ਤ ਦਿੱਤੀ ਤੇ ਹੁਣ ਜਦੋਂ ਮੇਰੀ ਮਿੱਟੀ ਬੇਜਾਨ ਹੋ ਗਈ ਤੇ ਮੇਰੀ ਜ਼ਮੀਨ ਹੇਠਲਾ ਪਾਣੀ ਚੂਸਿਆ ਗਿਆ, ਹੁਣ ਤੈਨੂੰ ਮੇਰੀ ਲੋੜ ਨਹੀਂ ਰਹੀ!

ਐਮ.ਐਸ.ਪੀ. ਸਵੇਦਨਸ਼ੀਲ ਮੁੱਦਾ ਹੈ ਜਿਸ ਤੇ ਸੰਵਾਦ ਦੀ ਲੋੜ ਹੈ। ਐਮ.ਐਸ.ਪੀ. ਨੂੰ ਹਰੇ ਇਨਕਲਾਬ ਦੇ ਪ੍ਰਸੰਗ ਵਿਚ ਰੱਖ ਕੇ ਦੇਖਿਆ ਜਾਵੇ ਤਾਂ ਇਹਦੀ ਸਮਝ ਲੱਗ ਸਕਦੀ ਹੈ। 50-60 ਸਾਲ ਪਹਿਲਾਂ ਭਾਰਤ ਸਰਕਾਰ ਨੇ ਲੋੜ ਮੁਤਾਬਿਕ ਖਾਸ ਖਿੱਤੇ ਅਤੇ ਨਵੀਂ ਖੇਤੀ ਪ੍ਰਣਾਲੀ ਦਾ ਤਜਰਬਾ ਕੀਤਾ। 10 ਹਜ਼ਾਰ ਸਾਲ ਪੁਰਾਣੀ ਵਾਹੀ-ਬੀਜੀ ਦੀ ਵਿਵਸਥਾ ਨੂੰ ਐਮ.ਐਸ.ਪੀ. ਦਾ ਲਾਲਚ ਦੇ ਕੇ ਨਵੀਂ ਦਿਸ਼ਾ ਵੱਲ ਮੋੜ ਦਿੱਤਾ। ਭੋਲੇ ਅਤੇ ਜ਼ਿਆਦਾਤਰ ਅਨਪੜ੍ਹ ਕਿਸਾਨ ਸਰਕਾਰ ਦੀ ਸਾਜ਼ਿਸ਼ ਸਮਝ ਨਾ ਸਕੇ। ਸਰਕਾਰ ਨੇ ਕਿਸਾਨਾਂ ਦੇ ਪੁੱਤਾਂ ਨੂੰ ਹੀ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚੋਂ ਨਵੀਂ ਖੇਤੀ ਪ੍ਰਣਾਲੀ ਦੀ ਉੱਚ-ਵਿੱਦਿਆ ਦਿਵਾ ਕੇ ਖੇਤੀਬਾੜੀ ਯੂਨੀਵਰਸਿਟੀ ਵਿਚ ਖੇਤੀ ਦੇ ਡਾਕਟਰ ਬਣਾ ਦਿੱਤਾ। ਉਨ੍ਹਾਂ ਤੋਂ ਅੱਗੇ ਪੜ੍ਹਿਆਂ ਨੂੰ ਖੇਤੀਬਾੜੀ ਮਹਿਕਮੇ ਦੇ ਅਫ਼ਸਰ ਲਾ ਦਿੱਤਾ। ਇਹ ਦੋਵੇਂ ਅਦਾਰੇ ਹਰੇ ਇਨਕਲਾਬ ਦੇ ਝੰਡਾ ਬਰਦਾਰ ਬਣ ਕੇ ਪਿੰਡੋ-ਪਿੰਡ ਨਵੇਂ ਬੀਜ, ਕੀਟ-ਨਾਸ਼ਕ ਦਵਾਈਆਂ ਤੇ ਮਸ਼ੀਨਰੀ ਦੇ ਸੇਲਜ਼ ਏਜੰਟ ਬਣ ਕੇ ਘੁੰਮਣ ਲੱਗੇ। ਹੁਣ ਡਾਕਟਰ ਦਾ ਕਿਹਾ ਅਨਪੜ੍ਹ ਕਿਸਾਨ ਕਿੱਦਾਂ ਮੋੜੇ? ਦੇਖਦੇ ਦੇਖਦੇ 1960 ਤੋਂ 1980 ਤੱਕ ਵਾਹੀ-ਬੀਜੀ ਦਾ ਪੁਰਾਣਾ ਢਾਂਚਾ ਖਤਮ ਹੋ ਗਿਆ। ਕਿਸਾਨ ਐਸੇ ਲੀਹੇ ਪਏ ਕਿ ਹੁਣ ਕੰਪਨੀਆਂ ਨੂੰ ਕਿਸਾਨ ਮੇਲੇ ਲਾ ਕੇ ਬੀਜਾਂ, ਕੀੜੇਮਾਰ ਦਵਾਈਆਂ ਦੀ ਮਸ਼ਹੂਰੀ ਕਰਨ ਲਈ ਖੇਤੀਬਾੜੀ ਯੂਨੀਵਰਸਿਟੀ ਜਾਂ ਖੇਤੀਬਾੜੀ ਮਹਿਕਮੇ ਦੀ ਮੋਹਰ ਦੀ ਵੀ ਲੋੜ ਨਾ ਰਹੀ। ਹਰ 8-10 ਸਾਲੀਂ ਨਵਾਂ ਟਰੈਕਟਰ ਲੈਣ ਵਾਸਤੇ ਕਿਸਾਨ ਖੁਦ-ਬ-ਖੁਦ ਆਪਣੀ ਜ਼ਮੀਨ ਦੇ ਕਾਗ਼ਜ਼ ਬੈਂਕ ਕੋਲ ਲੈ ਕੇ ਜਾਣ ਲੱਗ ਪਿਆ। ਟਰੈਕਟਰ ਕਿਹੜਾ ਵੱਛਾ ਹੁੰਦਾ ਜਿਸ ਨੂੰ ਘਰੇ ਜੰਮੇ ਨੂੰ ਪਾਲ ਕੇ ਬਲਦ ਬਣਾ ਲੈਂਦੇ ਸੀ; ਡੀਜ਼ਲ ਵੀ ਕੋਈ ਛਟਾਲਾ ਨਹੀਂ ਸੀ ਜਿਹੜਾ ਵੱਢਣ ਤੇ ਫਿਰ ਫੁੱਟ ਪੈਂਦਾ।

ਪੰਜਾਬ ਵਰਗੇ ਸੂਬੇ ਜਿਥੇ 50 ਸਾਲਾਂ ਤੋਂ ਕਣਕ ਤੇ ਝੋਨਾ ਐਮ.ਐਸ.ਪੀ. ਤੇ ਵਿਕ ਰਿਹਾ ਹੈ ਤੇ ਕਣਕ ਦੀ ਐਮ.ਐਸ.ਪੀ. 1970 ਵਿਚ 76 ਰੁਪਏ ਪ੍ਰਤੀ ਕੁਇੰਟਲ ਤੋਂ ਵਧਦੀ 2020 ਵਿਚ 1925 ਰੁਪਏ ਪ੍ਰਤੀ ਕੁਇੰਟਲ ਤੱਕ ਪਹੁੰਚ ਗਈ ਹੈ, ਵਿਚ ਆਮ ਕਿਸਾਨ ਦੀ ਆਰਥਿਕ ਹਾਲਤ ਹਰ ਸਾਲ ਨਿੱਘਰ ਰਹੀ ਹੈ। ਇਸ ਤੋਂ ਇਹ ਨਹੀਂ ਲਗਦਾ ਕਿ ਮੁਸਾਫ਼ਿਰ ਕਿਸੇ ਗਲਤ ਰਾਹ ਵਾਲੀ ਗੱਡੀ ਤੇ ਚੜ੍ਹ ਗਿਆ ਹੈ? ਐਮ.ਐਸ.ਪੀ. ਪ੍ਰਣਾਲੀ ਵਿਚ ਕਈ ਬੁਨਿਆਦੀ ਨੁਕਸ ਹਨ; ਮਸਲਨ, ਜਦੋਂ ਖਰੀਦਦਾਰ (ਸਰਕਾਰ) ਨੇ ਹੀ ਕੀਮਤ ਤੈਅ ਕਰਨੀ ਹੈ, ਉਹ ਵੇਚਣ ਵਾਲੇ ਦਾ ਲਿਹਾਜ਼ ਕਿਉਂ ਕਰੇਗੀ? ਜੇ ਕਿਸਾਨ ਆਪਣੀ ਫ਼ਸਲ ਦੀ ਕੀਮਤ ਆਪ ਵੀ ਤੈਅ ਕਰੇ ਪਰ ਕੀਮਤ ਦੀ ਕਰੰਸੀ, ਭਾਵ ਰੁਪਏ ਦੀ ਕੀਮਤ ਫਿਰ ਸਰਕਾਰ ਦੇ ਹੱਥ ਹੋਵੇ ਤਾਂ ਫਿਰ ਨਿਆਂ ਦੀ ਆਸ ਰੱਖਣੀ ਮੂਰਖਤਾ ਵਾਲੀ ਗੱਲ ਨਹੀਂ ਹੋਵੇਗੀ?

ਹੁਣ ਡਾ. ਸਵਾਮੀਨਾਥਨ ਰਿਪੋਰਟ ਦੀ ਗੱਲ ਵੀ ਕਰ ਲਈਏ ਜਿਹਦੇ ਸਹਾਰੇ ਸਮੂਹ ਕਿਸਾਨ ਜਥੇਬੰਦੀਆਂ ਲੰਮੇ ਸਮੇਂ ਤੋਂ ਐਮ.ਐਸ.ਪੀ. ਮੰਗ ਰਹੀਆਂ ਹਨ। ਇਸ ਰਿਪੋਰਟ ਦੇ ਫ਼ਾਰਮੂਲੇ ਸੀ2+50% ਮੁਤਾਬਕ, ਫ਼ਸਲ ਦੀ ਕੀਮਤ ਉਹਦੇ ਉਤਪਾਦਨ ਦਾ ਕੁੱਲ ਖਰਚੇ+50% ਮੁਨਾਫ਼ੇ ਦੇ ਹਿਸਾਬ ਨਾਲ ਤੈਅ ਕਰਨੀ ਚਾਹੀਦੀ ਹੈ। ਇਹ ਗੱਲ ਸੁਣਨ ਨੂੰ ਬਹੁਤ ਚੰਗੀ ਲਗਦੀ ਹੈ, ਕਹਿ ਵੀ ਸਰਕਾਰ ਦਾ ਨਾਮੀ ਅਰਥ-ਸ਼ਾਸਤਰੀ ਰਿਹਾ ਪਰ ਜਦੋਂ ਤੁਸੀਂ ਇਸ ਫਾਰਮੂਲੇ ਨੂੰ ਖੋਲ੍ਹ ਕੇ ਦੇਖਦੇ ਹੋ ਤਾਂ ਇਸ ਦੇ ਤਰਕ ਵਿਚ ਵੱਡਾ ਨੁਕਸ ਨਜ਼ਰ ਪੈਂਦਾ ਹੈ ਜਿਹੜਾ ਕੁਦਰਤ ਦੇ ਪੈਦਾਵਾਰੀ ਨਿਯਮਾਂ ਵਿਚ ਫਿੱਟ ਨਹੀਂ ਬੈਠਦਾ। ਸੀ2+50% ਫ਼ਾਰਮੂਲੇ ਮੁਤਾਬਕ, ਫ਼ਸਲ ਪੈਦਾ ਕਰਨ ਤੇ ਖਰਚਾ ਜਿੰਨਾ ਵਧਦਾ ਜਾਵੇਗਾ, ਓਨਾ ਹੀ ਉਹਦਾ 50 ਫ਼ੀਸਦੀ ਮੁਨਾਫ਼ਾ ਵਧ ਜਾਵੇਗਾ; ਭਾਵ, ਜੇ ਟਰੈਕਟਰ, ਡੀਜ਼ਲ, ਖਾਦਾਂ ਆਦਿ ਦੀਆਂ ਕੀਮਤਾਂ ਵਧਣ ਨਾਲ ਪੈਦਾਵਾਰ ਦਾ ਕੁੱਲ ਖਰਚਾ ਵਧੇਗਾ ਤਾਂ ਕਿਸਾਨ ਦਾ ਮੁਨਾਫ਼ਾ ਵੀ ਵਧ ਜਾਵੇਗਾ।

ਹੁਣ ਸਵਾਲ ਹੈ: ਜੇ ਐਮ.ਐਸ.ਪੀ. ਕਿਸਾਨੀ ਸੰਕਟ ਦਾ ਹੱਲ ਨਹੀਂ ਤਾਂ ਫਿਰ ਉਹ ਕਿਹੜੇ ਰਾਹ ਤੁਰੇ? ਮੌਜੂਦਾ ਕਿਸਾਨੀ ਅੰਦੋਲਨ ਨੇ ਸਮੁੱਚੀ ਕਿਸਾਨੀ ਨੂੰ ਇਹ ਮੌਕਾ ਦਿੱਤਾ ਕਿ ਉਹ 50-60 ਸਾਲ ਪਹਿਲਾਂ ਗ਼ਲਤ ਰਾਹ ਵਾਲੀ ਜਿਹੜੀ ਗੱਡੀ ਤੇ ਚੜ੍ਹ ਗਿਆ ਸੀ, ਪਹਿਲਾਂ ਉਸ ਤੋਂ ਛਾਲ ਮਾਰ ਕੇ ਉਤਰੇ, ਫਿਰ ਖੁਦ ਨੂੰ ਸਵਾਲ ਕਰੇ। ਜੇ ਐਮ.ਐਸ.ਪੀ. ਮਿਲਣ ਨਾਲ ਮਸਲਾ ਹੱਲ ਹੋ ਜਾਂਦਾ ਤਾਂ ਲੱਖਾਂ ਕਿਸਾਨ ਕਰਜ਼ੇ ਥੱਲੇ ਕਿਉਂ ਆਉਂਦੇ?

ਜਿਹੜੀ ਖੇਤੀ ਯੂਨੀਵਰਸਿਟੀ ਦੇ ਵਿਦਵਾਨਾਂ ਅਤੇ ਖੇਤੀ ਮਹਿਕਮੇ ਦੇ ਅਫਸਰਾਂ ਨੇ ਜ਼ਮੀਨ ਹੇਠਲੇ ਪਾਣੀ ਦੇ ਹਰ ਸਾਲ 2-4 ਫੁੱਟ ਥੱਲੇ ਡਿੱਗਣ ਤੇ ਸਵਾਲ ਤੱਕ ਨਹੀਂ ਕੀਤਾ ਤੇ ਨਾ ਆਵਾਜ਼ ਉਠਾਈ, ਉਨ੍ਹਾਂ ਤੋਂ ਇਸ ਸਮੱਸਿਆ ਦੇ ਹੱਲ ਦੀ ਕੀ ਆਸ ਰੱਖੀ ਜਾ ਸਕਦੀ ਹੈ? ਜਿਹੜੀ ਰਫ਼ਤਾਰ ਨਾਲ ਪਾਣੀ ਦਾ ਪੱਧਰ ਡਿਗ ਰਿਹਾ ਹੈ, ਹੋਰ ਥੋੜ੍ਹੇ ਸਾਲਾਂ ਨੂੰ ਡੂੰਘੇ ਟਿਊਬਵੈੱਲ ਦੇ ਪੰਪ ਵੀ ਜਵਾਬ ਦੇ ਦੇਣਗੇ। ਫਿਰ ਕਿਹੜੀ ਜ਼ਮੀਨ ਤੇ ਕਿਹੜੀ ਖੇਤੀ? ਪਾਣੀ ਤਾਂ ਛੱਡੋ, ਜੇ ਸੰਸਾਰ ਮੰਡੀ ਵਿਚ ਕੋਲੇ ਤੇ ਤੇਲ ਦੀ ਤੰਗੀ ਆ ਜਾਵੇ (ਜਿਸ ਨੂੰ ਆਉਣ ਤੋਂ ਕੋਈ ਰੋਕ ਨਹੀਂ ਸਕਦਾ), ਫਿਰ ਮੌਜੂਦਾ ਖੇਤੀ ਮਾਡਲ ਕਿੱਦਾਂ ਚੱਲੇਗਾ?

ਐਮ.ਐਸ.ਪੀ. ਦੀ ਲਤ ਸਰਕਾਰ ਨੇ ਬਿਨਾ ਮੰਗਿਆਂ ਲਾਈ ਸੀ, ਹੁਣ ਜਦੋਂ ਅਮਲੀ ਦਾ ਅਮਲ ਟੁੱਟ ਰਿਹਾ ਹੈ ਤਾਂ ਨਸ਼ਾ ਵੇਚਣ ਵਾਲੇ ਤਮਾਸ਼ਾ ਦੇਖ ਰਹੇ ਹਨ। ਇਹ ਵੀ ਨਾ ਭੁੱਲਿਓ ਕਿ ਤੁਸੀਂ ਬਾਜ਼ਾਰ ਵਿਚ ਕਿਸੇ ਵੀ ਖਰੀਦਦਾਰ ਨੂੰ ਢਾਹ ਕੇ ਉਹਦੀ ਜੇਬ ਵਿਚੋਂ ਪੈਸੇ ਤਾਂ ਕੱਢ ਸਕਦੇ ਹੋ ਪਰ ਉਹਨੂੰ ਆਪਣੀ ਚੀਜ਼ ਖਰੀਦਣ ਲਈ ਮਜਬੂਰ ਨਹੀਂ ਕਰ ਸਕਦੇ, ਉਹ ਵੀ ਆਪਣੀ ਕੀਮਤ ਉੱਤੇ। ਕਿਸਾਨ ਜਥੇਬੰਦੀਆਂ, ਖਾਸਕਰ ਉਨ੍ਹਾਂ ਦੇ ਆਗੂ, ਸਮੁੱਚੇ ਲੋਕਾਂ ਵੱਲੋਂ ਧੰਨਵਾਦ ਦੇ ਪਾਤਰ ਹਨ। ਇਹ ਉਹ ਲੋਕ ਹਨ ਜਿਨ੍ਹਾਂ ਸਭ ਤੋਂ ਪਹਿਲਾਂ ਨਵੇਂ ਕਾਨੂੰਨਾਂ ਦੇ ਖਤਰਨਾਕ ਮਨਸੂਬਿਆਂ ਬਾਰੇ ਆਮ ਲੋਕਾਂ ਨੂੰ ਜਾਗਰੂਕ ਕਰਵਾਇਆ, ਫਿਰ ਲਾਮਬੰਦ ਕੀਤਾ ਅਤੇ ਇੱਕਜੁੱਟ ਹੋ ਕੇ ਇਤਿਹਾਸਕ ਘੋਲ ਦੀ ਅਗਵਾਈ ਕਰਦਿਆਂ ਸਰਕਾਰ ਦੇ ਗੋਡੇ ਲਵਾਏ। ਹੁਣ ਇਨ੍ਹਾਂ ਆਗੂਆਂ ਸਾਹਮਣੇ ਇਕ ਹੋਰ ਜ਼ਿੰਮੇਵਾਰੀ ਹੈ। ਜ਼ਮੀਨ ਤਾਂ ਬਚ ਗਈ, ਹੁਣ ਜ਼ਮੀਨ ਹੇਠਲੀ ਮਿੱਟੀ ਤੇ ਪਾਣੀ ਕਿੱਦਾਂ ਬਚਾਇਆ ਜਾਵੇ? ਹੁਣ ਸਵਾਲ ਹੈ ਕਿ ਕਿਸਾਨੀ ਨੂੰ ਫਿਰ ਉਸੇ ਲੀਹੇ ਪਿਆ ਰਹਿਣ ਦੇਣ ਤੇ ਹਰ ਸਾਲ ਕਰਜ਼ੇ ਮੁਆਫ਼ ਕਰਾਉਣ, ਐਮ.ਐਸ.ਪੀ. ਵਧਾਉਣ ਅਤੇ ਸਮੇਂ ਸਿਰ ਸਰਕਾਰੀ ਖਰੀਦ ਸ਼ੁਰੂ ਕਰਨ ਲਈ ਮੋਰਚੇ ਲਾਉਂਦੇ ਰਹਿਣ ਜਾਂ ਫਿਰ ਇਸ ਰਾਹ ਦੇ ਖਤਰਿਆਂ ਤੋਂ ਜਾਣੂ ਕਰਵਾਉਣ ਅਤੇ ਕੋਈ ਬਿਹਤਰ ਰਾਹ ਦਰਸਾਉਣ। ਅਜਿਹਾ ਖੇਤੀ ਮਾਡਲ ਜਿਸ ਨਾਲ ਮਿੱਟੀ ਵਿਚਲੀ ਤਾਕਤ ਵੀ ਬਣੀ ਰਹੇ, ਧਰਤੀ ਹੇਠਲਾ ਪਾਣੀ ਵੀ ਨਾ ਮੁੱਕੇ ਅਤੇ ਨਾ ਹੀ ਅਜਿਹੀ ਫ਼ਸਲ ਉਗਾਉਣੀ ਪਵੇ ਜਿਸ ਨੂੰ ਵੇਚਣ ਲਈ ਸਰਕਾਰ ਦੇ ਹਾੜ੍ਹੇ ਕੱਢਣੇ ਪੈਣ।

# ਪੰਜਾਬ ਦੇ ਮਜ਼ਦੂਰਾਂ ਦੀ ਹੋਣੀ ਅਤੇ ਹਾਲ

**ਪੰਜਾਬ ਮੌਤ ਦੀ ਮੌਣ ਉਤੇ ਬੈਠਾ ਸਹਿਕ ਰਿਹਾ ਹੈ। ਪੰਜਾਬ ਫਿਰ ਉਠ ਖੜ੍ਹਾ ਹੋ ਸਕਦਾ ਹੈ ਜੇ ਇਸ ਦੇ ਸਿਆਸੀ ਆਗੂ ਖੇਤੀ ਆਧਾਰਿਤ ਉਦਯੋਗਾਂ ਅਤੇ ਦੂਜੇ ਲਘੂ ਉਦਯੋਗਾਂ ਦੀ ਉਸਾਰੀ ਵਿਉਂਤਣ, ਸਿਹਤ ਅਤੇ ਸਿੱਖਿਆ ਨੂੰ ਮਿਆਰੀ ਬਣਾਉਣ। ਮਾਫੀਆ ਰਾਜ ਦਾ ਖਾਤਮਾ ਅਤੇ ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ ਲੋਕਾਂ ਨੂੰ ਦੇਣਾ ਸਮੇਂ ਦੀ ਮੁੱਖ ਲੋੜ ਹੈ। ਪੰਜਾਬ ਦੇ ਇਸ ਪਿਛੋਕੜ ਨੂੰ ਧਿਆਨ ਵਿਚ ਰੱਖ ਕੇ ਕੰਵਲਜੀਤ ਕੌਰ ਢਿੱਲੋਂ ਨੇ ਵਿਸਥਾਰ ਸਹਿਤ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।**

1947 ਦੀ ਦੇਸ਼ ਵੰਡ ਤੋਂ ਬਾਅਦ ਆਜ਼ਾਦ ਭਾਰਤ ਨੇ 1948 ਵਿਚ ਉਦਯੋਗੀਕਰਨ ਦੀ ਨੀਤੀ ਬਾਰੇ ਪਹਿਲਾ ਖਰੜਾ 'ਇੰਡਸਟਰੀਅਲ ਪਾਲਿਸੀ ਰੈਜ਼ੋਲਿਊਸ਼ਨ' ਦੇ ਨਾਂ ਹੇਠ ਤਿਆਰ ਕੀਤਾ ਅਤੇ 1952 ਦੀਆਂ ਪਹਿਲੀਆਂ ਸੰਸਦੀ ਚੋਣਾਂ ਤੋਂ ਬਾਅਦ ਸੋਧਾਂ ਕਰਕੇ 1956 ਵਿਚ ਉਦਯੋਗਿਕ ਨੀਤੀ ਬਣਾਈ। ਇਸ ਵਿਚ ਵੱਡੇ, ਦਰਮਿਆਨੇ ਤੇ ਲਘੂ ਉਦਯੋਗਾਂ ਦੇ ਨਾਲ ਘਰੇਗੀ ਹੱਥ ਕਰਗਾ ਅਤੇ ਹਸਤ ਕਲਾ ਉਦਯੋਗ ਨੂੰ ਖਾਸ ਅਨੁਪਾਤ ਵਿਚ ਵਿਕਸਤ ਕਰਨ ਦਾ ਟੀਚਾ ਮਿਥਿਆ। ਸਰਕਾਰੀ, ਅਰਧ-ਸਰਕਾਰੀ, ਮਿਸ਼ਰਤ ਅਤੇ ਨਿਜੀ ਉਦਯੋਗਾਂ ਨੂੰ ਖਾਸ ਅਨੁਪਾਤ ਵਿਚ ਵਿਕਸਤ ਕਰਨ ਦੀ ਯੋਜਨਾ ਵਿਉਂਤੀ। ਵੱਡੇ ਉਦਯੋਗਾਂ ਨੂੰ ਕੇਵਲ ਸਰਕਾਰੀ ਖੇਤਰ ਦੇ ਕੰਟਰੋਲ ਵਿਚ ਰੱਖਿਆ। ਭਾਰਤ ਸਰਕਾਰ ਨੇ ਨੀਤੀ ਦੇ ਪੱਧਰ ਉਤੇ 1973, 1977 ਅਤੇ 1980 ਵਿਚ ਅੰਸ਼ਕ ਤਬਦੀਲੀਆਂ ਕਰਕੇ ਉਦਯੋਗੀਕਰਨ ਦੀ ਨੀਤੀ ਨੂੰ ਅੱਗੇ ਤੋਰਿਆ।



1991 ਵਿਚ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੀ

**ਕੰਵਲਜੀਤ ਕੌਰ ਢਿੱਲੋਂ**
**ਫੋਨ: +91-70870-91838**

ਸਰਕਾਰ ਵੇਲੇ ਵਿੱਤ ਮੰਤਰੀ ਮਨਮੋਹਨ ਸਿੰਘ ਨੇ ਸਾਰੀਆਂ ਪਹਿਲੀਆਂ ਨੀਤੀਗਤ ਤਰਜੀਹਾਂ ਬਦਲ ਕੇ ਉਦਾਰੀਕਰਨ ਅਤੇ ਆਧੁਨਿਕੀਕਰਨ ਦੇ ਨਾਂ ਹੇਠ ਖੁੱਲ੍ਹੀ ਮੰਡੀ ਨੂੰ ਤਰਜੀਹ ਦਿੱਤੀ ਅਤੇ ਵੱਡੇ ਵਪਾਰੀਆਂ ਦਾ ਦਖਲ ਭਾਰਤ ਦੀ ਉਦਯੋਗਿਕ ਨੀਤੀ ਵਿਚ ਕਰ ਦਿਤਾ। ਇਸ ਨੇ ਦੇਸੀ ਵਿਦੇਸ਼ੀ ਕਾਰਪੋਰੇਟਾਂ ਨੂੰ ਵਿਕਾਸ ਦੇ ਨਾਂ ਹੇਠ ਖੁੱਲ੍ਹ ਦਿਤੀ ਜਿਸ ਕਰਕੇ ਹਰ ਖੇਤਰ ਵਿਚ ਨਿੱਜੀ ਕੰਪਨੀਆਂ ਦੀ ਹਿੱਸੇਦਾਰੀ 49-51% ਦੀ ਸੀਮਾ ਤੋਂ ਵਧਦੀ 100% ਹੋ ਗਈ। 2021 ਤੱਕ ਆਉਂਦਿਆਂ ਕੇਵਲ ਦੋ ਅਦਾਰੇ ਹੀ ਸਰਕਾਰੀ ਸਰਪ੍ਰਸਤੀ ਹੇਠ ਰਹਿ ਗਏ: ਪਹਿਲਾ ਪਰਮਾਣੂ ਊਰਜਾ ਅਤੇ ਰੇਲਵੇ। ਰੇਲਵੇ ਵਿਚ ਵੀ 2021 ਵਿਚ ਮੋਦੀ ਸਰਕਾਰ ਨੇ ਜ਼ਖੀਰੇਬਾਜ਼ੀ ਅਤੇ ਜਮ੍ਹਾਂਖੋਰੀ ਨੂੰ ਸਹਿਯੋਗ ਦੇਣ ਲਈ ਕੁਝ ਰੇਲਵੇ ਸਟੇਸ਼ਨ ਅਤੇ ਪਟੜੀਆਂ ਵੇਚ ਦਿੱਤੀਆਂ। ਕਿਸਾਨ ਅੰਦੋਲਨ ਸਮੇਂ ਕਿਸਾਨਾਂ ਨੇ ਪੰਜਾਬ ਵਿਚ ਮੋਗਾ ਅਤੇ ਲੁਧਿਆਣਾ ਜ਼ਿਲ੍ਹੇ ਵਿਚ ਕਾਰਪੋਰੇਟਾਂ ਦੇ ਬਣਾਏ ਵੱਡੇ ਗੁਦਾਮ (ਸਾਈਲੋਜ਼) ਬੰਦ ਕਰਵਾਉਣ ਲਈ ਧਰਨੇ ਦਿੱਤੇ।

ਪੰਜਾਬ ਖੇਤੀ ਪ੍ਰਧਾਨ ਪ੍ਰਦੇਸ਼ ਅਤੇ ਸਮੁੰਦਰੀ ਮਾਰਗ ਨਾਲ ਜੁੜਿਆ ਨਾ ਹੋਣ ਕਰਕੇ ਇੱਥੇ ਵੱਡੇ ਉਦਯੋਗਾਂ ਦੇ ਉਤਪਾਦਨ ਦੀ ਬਰਾਮਦ ਲਈ ਉਸ ਤਰ੍ਹਾਂ ਦਾ ਭੂਗੋਲਿਕ ਧਰਾਤਲ ਨਹੀਂ ਜਿਸ ਤਰ੍ਹਾਂ ਦਾ ਕੋਲਕਾਤਾ, ਚੇਨਈ, ਤਿਰੂਵਨੰਤਪੁਰਮ ਅਤੇ ਮੁੰਬਈ ਵਿਚ ਹੈ। 1947 ਤੋਂ ਪਹਿਲਾਂ ਪੰਜਾਬ ਦੇ ਲਾਹੌਰ, ਬਟਾਲਾ, ਲੁਧਿਆਣਾ, ਯਮੁਨਾਨਗਰ, ਅੰਮ੍ਰਿਤਸਰ, ਲਾਇਲਪੁਰ, ਉਕਾੜਾ ਤੇ ਮੁਲਤਾਨ ਵਪਾਰ ਦੇ ਕੇਂਦਰ ਸਨ। ਇਹ ਅੰਗਰੇਜ਼ਾਂ ਦੀ ਵਿਉਂਤਬੰਦੀ ਸੀ ਕਿ ਪੰਜਾਬ ਨੂੰ ਕਪਾਹ ਅਤੇ ਹੋਰ ਵਸਤਾਂ ਲਈ ਕੱਚੇ ਮਾਲ ਦੀ ਮੰਡੀ ਵਜੋਂ ਵਰਤਿਆ ਜਾਵੇ। ਇਸ ਕਰਕੇ ਅੰਗਰੇਜ਼ਾਂ ਨੇ ਲਾਹੌਰ, ਅੰਮ੍ਰਿਤਸਰ, ਬਟਾਲਾ ਅਤੇ ਲੁਧਿਆਣਾ ਨੂੰ ਰੇਲ ਮਾਰਗ ਰਾਹੀਂ ਦਿੱਲੀ ਰਸਤੇ ਮੁੰਬਈ ਅਤੇ ਕਰਾਚੀ ਨਾਲ ਜੋੜਿਆ। ਬੰਬਈ ਵਿਚ ਕੱਪੜਾ ਸਨਅਤ ਵਿਕਸਤ ਹੋਈ ਅਤੇ ਬਾਅਦ ਵਿਚ ਬਰਾਮਦ ਸ਼ੁਰੂ ਹੋਈ।

ਪੰਜਾਬ ਵਿਚ 1956 ਵਿਚ ਵੱਖ ਵੱਖ ਵਿਭਾਗਾਂ ਲਈ ਸ਼ੂਗਰਫੈੱਡ, ਮਾਰਕਫੈੱਡ, ਸਪਿਨਫੈੱਡ, ਮਿਲਕਫੈੱਡ ਆਦਿ ਕਾਰਪੋਰੇਸ਼ਨਾਂ ਬਣਾਈਆਂ। ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਇੱਥੇ ਦਰਮਿਆਨੇ, ਲਘੂ ਅਤੇ ਦਸਤਕਾਰੀ ਉਦਯੋਗ ਦੀ ਰੂਪ ਰੇਖਾ ਉਲੀਕੀ। 1956 ਦੀ ਵਿਉਂਤਬੰਦੀ ਵਿਚ ਹਿਮਾਚਲ ਅਤੇ ਹਰਿਆਣਾ ਵੀ ਸ਼ਾਮਿਲ ਸਨ। 1959 ਵਿਚ ਹਿਮਾਚਲ ਪ੍ਰਦੇਸ਼ ਬਣਨ ਨਾਲ 1960 ਵਿਚ ਫਿਰ ਵਿਉਂਤਬੰਦੀ ਕੀਤੀ ਜਿਸ ਵਿਚ ਗੁੜਗਾਓ ਤੇ ਫਰੀਦਾਬਾਦ ਵਿਚ ਦਰਮਿਆਨੀਆਂ ਅਤੇ ਛੋਟੀਆਂ ਸਨਅਤੀ ਇਕਾਈਆਂ ਲਾਉਣ ਦਾ ਟੀਚਾ ਮਿਥਿਆ। ਇਹ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦਾ ਦੌਰ ਸੀ।

ਪੰਜਾਬ ਦੇ ਉਦਯੋਗੀਕਰਨ ਅਤੇ ਆਰਥਿਕ ਸਾਧਨਾਂ ਦੀ ਵਿਉਂਤਬੰਦੀ ਤੇ ਪਹਿਲਾਂ 1947 ਵਿਚ ਮਾਰ ਪਈ। ਫਿਰ 1959 ਅਤੇ 1966 ਵਿਚ ਖੋਰਾ ਲੱਗਿਆ। ਇਸ ਨਾਲ ਪੰਜਾਬ ਜਿੱਥੇ ਭੂਗੋਲਿਕ ਤੌਰ ਤੇ ਛੋਟਾ ਹੋ ਗਿਆ, ਉੱਥੇ ਉਦਯੋਗੀਕਰਨ ਦੀ ਯੋਜਨਾਬੰਦੀ ਪੱਖੋਂ ਵੀ



ਸੁੰਗੜਦਾ ਗਿਆ। ਸਰਹੱਦੀ ਪ੍ਰਾਂਤ ਹੋਣ ਕਰਕੇ ਪਾਕਿਸਤਾਨ ਨਾਲ 1965 ਅਤੇ 1971 ਦੀਆਂ ਜੰਗਾਂ ਨੇ ਵੀ ਇਸ ਨੂੰ ਵਪਾਰਕ ਪੱਖੋਂ ਸਥਿਰਤਾ ਹਾਸਲ ਨਹੀਂ ਹੋਣ ਦਿੱਤੀ। ਸੜਕ ਮਾਰਗ ਰਾਹੀਂ ਮੱਧ ਏਸ਼ੀਆ ਨਾਲ ਕੌਮਾਂਤਰੀ ਵਪਾਰ ਦੀਆਂ ਸੰਭਾਵਨਾਵਾਂ ਭਾਰਤ ਦੀ ਵਿਦੇਸ਼ ਨੀਤੀ ਦੀ ਕੂਟਨੀਤੀ ਦੇ ਰਹਿਮੋ-ਕਰਮ ਅਧੀਨ ਹੋ ਗਈਆਂ।

1947 ਤੋਂ ਬਾਅਦ ਪਿਤਾ ਪੁਰਖੀ ਵਪਾਰ ਵਿਚ ਲੱਗੇ ਉੱਦਮੀ ਲੋਕ ਆਪਣੇ ਕਿੱਤਿਆਂ ਵਿਚ ਛੋਟੇ ਅਤੇ ਦਰਮਿਆਨੇ ਉਦਯੋਗ ਲਾਉਣ ਲੱਗੇ। ਬਟਾਲਾ ਆਜ਼ਾਦੀ ਤੋਂ ਪਹਿਲਾਂ ਮੁਸਲਮਾਨ ਵਸੋਂ ਦਾ ਗੜ੍ਹ ਸੀ ਅਤੇ ਖੇਤੀ ਔਜ਼ਾਰਾਂ ਲਈ ਮਸ਼ਹੂਰ ਸੀ। ਰਵਾਇਤੀ ਕਾਰੀਗਰਾਂ ਦਾ ਇਹ ਦੌਰ ਪਾਕਿਸਤਾਨ ਬਣਨ ਨਾਲ ਖਤਮ ਹੋ ਗਿਆ। ਨਵੇਂ ਸਿਰਿਓਂ ਬਟਾਲਾ ਲੋਹੇ ਦੀ ਸਨਅਤ ਵਜੋਂ ਵਿਕਸਤ ਹੋਣ ਲੱਗਿਆ। ਇਸੇ ਤਰ੍ਹਾਂ ਫਗਵਾੜਾ ਵਿਖੇ ਜਗਤਜੀਤ ਕੱਪੜਾ ਮਿੱਲ, ਸੰਗਰੂਰ ਵਿਚ ਕੈਮੀਕਲ ਫੈਕਟਰੀ, ਬਟਾਲਾ ਲੋਹੇ ਦੀ ਢਲਾਈ, ਪਟਿਆਲਾ ਆਇਰਨ ਸਟੋਰ, ਰਾਜਪੁਰਾ ਬਿਸਕੁਟ ਫੈਕਟਰੀ, ਕਪੂਰਥਲਾ ਤੇ ਫਗਵਾੜਾ ਦੀਆਂ ਖੰਡ ਮਿੱਲਾਂ ਅਤੇ ਜਲੰਧਰ ਵਿਚ ਖੇਡਾਂ ਦਾ ਸਾਮਾਨ ਬਣਨ ਲੱਗਾ। ਲੁਧਿਆਣੇ ਵਿਚ ਵੀ ਬਹੁਤ ਸਾਰੇ ਉਦਮੀ ਮਸ਼ੀਨਾਂ ਦੇ ਪੁਰਜੇ ਬਣਾਉਣ, ਛੋਟੇ ਤੇ ਦਰਮਿਆਨੇ ਉਦਯੋਗ ਲਾਉਣ ਵਿਚ ਕਾਮਯਾਬ ਹੋਏ ਅਤੇ ਬਰਾਮਦ ਸ਼ੁਰੂ ਹੋਈ।

ਪੰਜਾਬ ਵਿਚ ਸਰਕਾਰ ਨੇ ਉਦਯੋਗਿਕ ਇਕਾਈਆਂ ਪ੍ਰਫੁਲਿਤ ਕਰਨ ਲਈ ਕੱਚੇ ਮਾਲ ਦੀ ਖਰੀਦ ਉਤੇ ਕੋਟਾ ਅਤੇ ਸਬਸਿਡੀਆਂ ਦੀ ਸਹਾਇਤਾ ਨੀਤੀ ਅਪਣਾਈ। 1960-70 ਦੇ ਦਹਾਕੇ ਵਿਚ ਵਪਾਰ ਨੂੰ ਮੁੱਖ ਕਿੱਤੇ ਵਜੋਂ ਅਪਣਾਉਣ ਵਾਲਿਆਂ ਤੋਂ ਵੱਖਰਾ ਸਿਆਸੀ ਵਪਾਰੀ ਵਰਗ ਹੋਂਦ ਵਿਚ ਆਇਆ। ਇਸ ਵਿਚ ਵੱਡਾ ਪੇਚ ਇਹ ਸੀ ਕਿ ਉਦਯੋਗਾਂ ਲਈ ਬੈਂਕਾਂ ਤੋਂ ਸਸਤੇ ਕਰਜ਼ੇ, ਸਬਸਿਡੀਆਂ, ਕੱਚੇ ਮਾਲ ਦਾ ਕੋਟਾ, ਲਾਇਸੈਂਸ ਆਦਿ ਸਭ ਸਰਕਾਰੀ ਮਸ਼ੀਨਰੀ ਨੇ ਹੀ ਦੇਣੇ ਹੁੰਦੇ ਸਨ। ਇਸ ਦਾ ਸਿਆਸੀ ਵਪਾਰੀ ਲੋਕਾਂ ਨੇ ਖੂਬ ਫਾਇਦਾ ਉਠਾਇਆ। 2000 ਤਕ ਪਹੁੰਚਦਿਆਂ ਸਿਆਸੀ ਆਗੂਆਂ ਵਿਚ ਵਿਚਾਰਧਾਰਕ ਵਿਰੋਧ ਮਨਫੀ ਹੋਣਾ ਸ਼ੁਰੂ ਹੋ ਗਿਆ। ਇਹ ਹੁਣ ਪੰਜਾਬ ਦੇ ਕੁਦਰਤੀ ਸਰੋਤਾਂ ਦੀ ਦੁਰਵਰਤੋਂ ਵਾਲੇ ਗੱਠਜੋੜ ਦਾ ਹਿੱਸੇਦਾਰ ਅਤੇ ਇਕ ਦੂਜੇ ਦੇ ਵਪਾਰਕ ਹਿਤਾਂ ਦਾ ਪਹਿਰੇਦਾਰ ਬਣ ਗਿਆ। ਪੰਜਾਬ ਵਿਚ ਮਾਫੀਆ ਨੂੰ ਸਿਆਸੀ ਸਰਪ੍ਰਸਤੀ ਹਾਸਲ ਹੋਣ ਕਰਕੇ ਪੰਜਾਬ ਵਮਾਫੀਆ ਰਾਜ 'ਚ ਤਬਦੀਲ ਹੋਣਾ ਸ਼ੁਰੂ ਹੋਇਆ। ਪਾਰਟੀਆਂ ਦੇ ਚੋਣ ਲੜ ਰਹੇ ਉਮੀਦਵਾਰਾਂ ਦੀ ਐਲਾਨ ਕੀਤੀ ਜਾਇਦਾਦ ਸੈਂਕੜੇ ਕਰੋੜ ਹੈ।

ਜਿਉਂ-ਜਿਉਂ ਉਦਯੋਗਾਂ ਵਿਚ ਸਹਿਕਾਰੀ ਅਤੇ ਸਰਕਾਰੀ ਭਾਗੀਦਾਰੀ ਘਟਦੀ ਗਈ, ਨਿੱਜੀ ਕਾਰੋਬਾਰੀਆਂ ਦਾ ਦਖਲ ਮਜ਼ਬੂਤ ਹੁੰਦਾ ਗਿਆ। ਉਦਯੋਗਿਕ ਘਰਾਣਿਆਂ ਨੇ ਵੀ ਦੇਸ਼ ਆਜ਼ਾਦ ਹੁੰਦਿਆਂ ਹੀ ਸਮਝ ਲਿਆ ਸੀ ਕਿ ਸਿਆਸਤਦਾਨਾਂ ਦੀ ਸਰਪ੍ਰਸਤੀ ਤੋਂ ਬਿਨਾਂ ਉਹ ਕਾਰੋਬਾਰ ਨਹੀਂ ਕਰ ਸਕਦੇ। 1991 ਤੱਕ ਜਿੱਥੇ ਸਰਕਾਰੀ, ਅਰਧ-ਸਰਕਾਰੀ, ਸਹਿਕਾਰੀ, ਮਿਸ਼ਰਤ ਅਤੇ ਨਿਰੋਲ ਨਿੱਜੀ ਖੇਤਰ ਦੇ ਉਦਯੋਗ ਸਨ, ਉਦਾਰੀਕਰਨ ਨੇ ਖੁੱਲ੍ਹੀ ਮੰਡੀ ਅਤੇ ਨਿੱਜੀ ਖੇਤਰ ਦੇ ਉੱਦਮੀਆਂ ਨੂੰ ਨਿਵੇਸ਼ ਦੀ ਪੂਰੀ ਖੁੱਲ੍ਹ ਦਿੱਤੀ। ਉਦਾਰੀਕਰਨ ਦਾ ਦੌਰ ਆਉਣ ਤਕ ਪੰਜਾਬ ਵੱਡਾ ਕਾਲਾ ਦੌਰ ਹੰਢਾਅ ਚੁਕਿਆ ਸੀ ਅਤੇ ਵੀਹਵੀਂ ਸਦੀ ਦੇ ਆਖਰੀ ਦਹਾਕੇ ਤਕ ਪੰਜਾਬ ਦੇ ਨਿਵਾਣ ਵੱਲ ਜਾਣ ਦੇ ਬੀਜ ਬੀਜੇ ਜਾ ਚੁੱਕੇ ਸਨ।

ਕਿਸੇ ਵੀ ਦੇਸ਼ ਦੀ ਉਦਯੋਗਿਕ ਤਰੱਕੀ ਨੂੰ ਕੇਵਲ ਬਿਲਡਿੰਗਾਂ ਉਸਾਰਨ, ਮਸ਼ੀਨਾਂ, ਮਸ਼ੀਨੀ ਪੁਰਜੇ ਬਣਾਉਣ ਅਤੇ ਮਸ਼ੀਨਾਂ ਰਾਹੀਂ ਉਤਪਾਦਨ ਕਰਨ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ ਜਿੰਨੀ ਦੇਰ ਤੱਕ ਫੈਕਟਰੀਆਂ ਵਿਚ ਕੰਮ ਕਰਦੇ ਮਜ਼ਦੂਰਾਂ ਦੀ ਉਜਰਤ, ਕੰਮ ਦੇ ਹਾਲਾਤ, ਸਿਹਤ ਸਹੂਲਤਾਂ ਤੇ ਰਿਹਾਇਸ਼ੀ ਪੱਧਰ ਨੂੰ ਕੁੱਲ ਜਮ੍ਹਾਂ ਉਜਰਤ ਵਜੋਂ ਨਹੀਂ ਅੰਕਿਆ ਜਾਂਦਾ। ਹਿੰਦੋਸਤਾਨ ਦੀ ਸਨਅਤੀ ਨੀਤੀ ਵਿਚ ਕਾਮਿਆਂ ਦੇ ਇਸ ਪੱਖ ਨੂੰ ਅੱਖੋਂ ਪਰੋਖੇ ਕੀਤਾ ਗਿਆ।

ਸਰਕਾਰਾਂ ਨੇ ਸਮੇਂ ਸਮੇਂ 'ਪੰਜਾਬ ਵਿਚ ਨਿਵੇਸ਼' ਦੇ ਨਾਂ ਹੇਠ ਵੱਡੇ ਵੱਡੇ ਮੇਲੇ ਲਾਏ। 2003, 2009, 2013, 2017 ਅਤੇ 2019 ਵਿਚ ਦੇਸੀ ਵਿਦੇਸ਼ੀ ਕਾਰਪੋਰੇਟਾਂ/ਕਾਰੋਬਾਰੀਆਂ ਨੂੰ ਸੱਦਿਆ, ਜਿਵੇਂ ਉਹ ਪੰਜਾਬ ਦੇ ਮਜ਼ਦੂਰਾਂ



ਕਿਸਾਨਾਂ ਦਾ ਕਾਇਆ ਕਲਪ ਕਰਕੇ ਰਾਤੋ-ਰਾਤ ਕਰਜ਼ੇ ਦੇ ਜਾਲ ਵਿਚੋਂ ਬਾਹਰ ਕੱਢ ਦੇਣਗੇ। ਪੰਜਾਬ ਦੀ ਉਦਯੋਗਿਕ ਤੇ ਵਪਾਰ ਵਿਕਾਸ ਨੀਤੀ-2013 ਅਤੇ 2017 ਦੇ ਨਿਵੇਸ਼ ਪ੍ਰੋਗਰਾਮ ਵਿਚ ਮਜ਼ਦੂਰਾਂ ਦੇ ਹੱਕਾਂ ਅਤੇ ਉਜਰਤਾਂ ਦਾ ਨੀਤੀ ਦੇ ਤੌਰ ਤੇ ਜ਼ਿਕਰ ਤੱਕ ਨਹੀਂ ਸਗੋਂ ਛੋਟੇ ਕਾਰੋਬਾਰੀਆਂ ਅਤੇ ਕਾਰਪੋਰੇਟਾਂ ਨੂੰ ਉਨ੍ਹਾਂ ਦੀਆਂ ਸ਼ਰਤਾਂ ਉਤੇ ਮੁਨਾਫ਼ੇ ਦੀ ਲੁੱਟ ਨੂੰ ਹੋਰ ਵਧਾਉਣ ਦੇ ਮੌਕੇ ਦਿੱਤੇ ਗਏ। ਉਨ੍ਹਾਂ ਨੇ ਬੇਰੁਜ਼ਗਾਰੀ ਦੀ ਮੰਡੀ ਵਿਚੋਂ ਸਸਤੀ ਮਜ਼ਦੂਰੀ ਦੇ ਮੱਦੇਨਜ਼ਰ ਕੁਝ ਸਰਵਿਸ ਸੈਂਟਰ ਅਤੇ ਹੋਟਲਾਂ ਦਾ ਨਿਰਮਾਣ ਕੀਤਾ। ਇਸੇ ਸਮੇਂ ਪੰਜਾਬ ਸਰਕਾਰ ਨੇ ਵੀ ਵਿਸ਼ੇਸ਼ ਵਪਾਰਕ ਜ਼ੋਨ ਕਾਇਮ ਕਰਨ ਦੀ ਨਵੀਂ ਨੀਤੀ ਘੜੀ। ਇਸ ਨੀਤੀ ਤਹਿਤ ਸਸਤੇ ਮੁੱਲ ਉੱਤੇ ਕਿਸਾਨਾਂ ਦੀਆਂ ਜ਼ਮੀਨਾਂ ਹੜੱਪ ਕੇ ਹਰ ਸ਼ਹਿਰ ਵਿਚ ਲਘੂ ਉਦਯੋਗ ਉਸਾਰਨ ਲਈ ਫੋਕਲ ਪੁਆਇੰਟਾਂ ਵਿਚ ਵੱਡੇ ਵਪਾਰਕ ਪਲਾਟ ਅਲਾਟ ਕੀਤੇ। ਉਦਯੋਗਿਕ ਉਤਪਾਦਨ ਦੀਆਂ ਪੈਦਾਵਾਰੀ ਸੰਭਾਵਨਾਵਾਂ ਤਲਾਸ਼ਣ ਦੀ ਲੋਕ ਪੱਖੀ ਵਿਉਂਤਬੱਧ ਰੂਪ ਰੇਖਾ ਤਿਅਰ ਨਹੀਂ ਕੀਤੀ ਗਈ। ਇਹੀ ਦੌਰ ਸੀ ਜਦੋਂ ਉਤਰਾਖੰਡ ਤੇ ਹਿਮਾਚਲ ਦੀਆਂ ਸਰਕਾਰਾਂ ਨੇ ਉਦਯੋਗ ਲਾਉਣ ਲਈ ਵਿਸ਼ੇਸ਼ ਟੈਕਸ ਛੋਟਾਂ ਦਿੱਤੀਆਂ। ਕਈ ਉਦਯੋਗਿਕ ਘਰਾਣੇ ਪੰਜਾਬ ਵਿਚੋਂ ਆਪਣਾ ਕਾਰੋਬਾਰ ਸਮੇਟ ਕੇ ਹਿਮਾਚਲ, ਉਤਰਾਖੰਡ ਅਤੇ ਉਤਰ ਪ੍ਰਦੇਸ਼ (ਯੂ.ਪੀ.) ਚਲੇ ਗਏ।

ਬਟਾਲਾ, ਜਗਰਾਓਂ, ਬੁਢਲਾਡਾ, ਫਗਵਾੜਾ, ਮੰਡੀ ਗੋਬਿੰਦਗੜ੍ਹ ਅਤੇ ਕਈ ਹੋਰ ਸਥਾਨਾਂ ਦੇ ਸਰਕਾਰੀ ਅਤੇ ਸਹਿਕਾਰੀ ਅਦਾਰੇ ਬਿਮਾਰ ਐਲਾਨ ਕੇ ਵੇਚ ਦਿਤੇ ਜਿਨ੍ਹਾਂ ਉਤੇ ਕਰੋੜਾਂ ਰੁਪਏ ਸਰਕਾਰੀ ਖਜ਼ਾਨੇ ਵਿਚੋਂ ਅਤੇ ਪੰਜਾਬ ਦੇ ਲੋਕਾਂ ਦੇ ਗਾੜ੍ਹੇ ਪਸੀਨੇ ਦੀ ਕਮਾਈ ਲੱਗੀ ਸੀ।

ਨਵੇਂ ਰੁਜ਼ਗਾਰ ਪੈਦਾ ਕਰਨ ਦਾ ਰਾਹ ਜਿਉਂ ਦਾ ਤਿਉਂ ਰਿਹਾ। ਇਸ ਨਾਲ ਬੇਰੁਜ਼ਗਾਰੀ ਵਿਚ ਤਾਂ ਵਾਧਾ ਹੋਇਆ ਹੀ ਸਗੋਂ ਸਮੁੱਚੀ ਕੰਮਕਾਜੀ ਜਮਾਤ ਵਿਚ ਨਿਰਾਸ਼ਾ ਪੈਦਾ ਹੋਈ। ਇਕ ਸਰਵੇ ਮੁਤਾਬਿਕ ਪੰਜਾਬ ਵਿਚ 2000 ਦੇ ਅੰਤ ਤੱਕ 15 ਕੁ ਲੱਖ ਬੇਰੁਜ਼ਗਾਰ ਸਨ ਜੋ 2021 ਤੱਕ 22-23 ਲੱਖ ਹੋ ਗਏ। ਮੁਲਕ ਦਾ ਬੇਰੁਜ਼ਗਾਰੀ ਸੂਚਕ ਅੰਕ ਲਗਭਗ 6% ਹੈ ਅਤੇ ਪੰਜਾਬ ਵਿਚ ਬੇਰੁਜ਼ਗਾਰੀ 8% ਦੇ ਨੇੜੇ ਹੈ। 2001 ਤੋਂ 2021 ਤੱਕ ਲਗਭਗ ਇਕ ਲੱਖ ਸਰਕਾਰੀ ਨੌਕਰੀਆਂ ਖਤਮ ਹੋ ਗਈਆਂ, ਨਿੱਜੀ ਖੇਤਰ ਦੇ ਅਸੰਗਠਿਤ ਕਾਮਿਆਂ ਵਿਚ ਰੁਜ਼ਗਾਰ ਦੇ ਵਸੀਲਿਆਂ ਦੀ ਹਾਲਤ ਹੋਰ ਭਿਆਨਕ ਹੈ। 1991 ਵਿਚ ਪੰਜਾਬ ਦੇਸ਼ ਵਿਚ ਪਹਿਲੇ ਸਥਾਨ ਉਪਰ ਸੀ, 2021 ਵਿਚ 16ਵੇਂ ਸਥਾਨ ਉਪਰ ਪੁੱਜ ਗਿਆ।

ਖੇਤੀਬਾੜੀ ਵਸਤਾਂ ਆਧਾਰਿਤ ਉਦਯੋਗਾਂ ਦੇ ਨਿਰਮਾਣ ਅਤੇ ਹੋਰ ਲਘੂ ਉਦਯੋਗਾਂ ਤੋਂ ਨੌਕਰੀਆਂ ਪੈਦਾ ਹੋਣੀਆਂ ਸਨ, ਉਹ ਸੋਮੇ ਹੀ ਖਤਮ ਹੋ ਗਏ ਸਗੋਂ ਰਾਜਭਾਗ ਤੇ ਕਾਬਜ਼ ਵਿਅਕਤੀਆਂ ਨੇ ਟਰਾਂਸਪੋਰਟ, ਸਕੂਲ, ਕਾਲਜ, ਯੂਨੀਵਰਸਿਟੀਆਂ ਦਾ ਨਵਾਂ ਧੰਦਾ ਨਿੱਜੀ ਕਾਰੋਬਾਰੀਆਂ ਨਾਲ ਮਿਲ ਕੇ ਸ਼ੁਰੂ ਕਰ ਲਿਆ। ਸਿਆਸਤਦਾਨਾਂ ਅਤੇ ਵਪਾਰੀਆਂ ਦਾ ਗਠਜੋੜ ਪੈਦਾ ਹੋਇਆ। ਇਹੀ ਦੌਰ ਹੈ ਜਦੋਂ 2001 ਤੋਂ ਬਾਅਦ ਵਿਦੇਸ਼ਾਂ ਵਿਚੋਂ ਕਮਾਈ ਕਰਕੇ ਜੋ ਪੈਸਾ ਪੰਜਾਬ ਵਿਚ ਆਉਂਦਾ ਸੀ, ਬੰਦ ਹੋ ਗਿਆ ਅਤੇ ਪਰਵਾਸ ਦਾ ਰੁਝਾਨ ਤੇਜ਼ ਹੋ ਗਿਆ।

ਸਰਕਾਰੀ, ਸਹਿਕਾਰੀ ਅਤੇ ਮਿਸ਼ਰਤ ਖੇਤਰ ਦੇ ਅਦਾਰਿਆਂ ਵਿਚ ਮਜ਼ਦੂਰਾਂ ਦੀਆਂ ਯੂਨੀਅਨਾਂ ਨੇ ਘੱਟੋ-ਘੱਟ ਵੇਤਨ ਅਤੇ ਮਜ਼ਦੂਰਾਂ ਦੀਆਂ ਰੁਜ਼ਗਾਰ ਆਧਾਰਿਤ ਲੋੜਾਂ ਲਈ ਲੜਾਈ ਲੜ ਕੇ ਤਾਂ ਕੁਝ ਹੱਦ ਤਕ ਉਨ੍ਹਾਂ ਦੇ ਹੱਕਾਂ ਦੀ ਰਾਖੀ ਕੀਤੀ ਪਰ ਨਿੱਜੀ ਖੇਤਰ ਦੇ ਉਦਯੋਗਾਂ ਵਿਚ ਮਜ਼ਦੂਰ ਯੂਨੀਅਨਾਂ ਦਾ ਮਜ਼ਦੂਰ ਪੱਖੀ ਨੀਤੀਆਂ ਘੜਨ ਵਿਚ ਦਖਲ ਨਾਂਹ ਦੇ ਬਰਾਬਰ ਹੈ। ਸਮੇਂ ਦੀਆਂ ਸਰਕਾਰਾਂ ਨੇ ਨਿੱਜੀ ਖੇਤਰ ਦੇ ਉਦਯੋਗਾਂ ਉਤੇ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਕਰਨੀ ਵੀ ਛੱਡ ਦਿੱਤੀ। ਮਜ਼ਦੂਰ ਅੱਜ ਵੀ ਘੱਟ ਵੇਤਨ ਉੱਤੇ ਕੰਮ ਕਰਨ ਲਈ ਮਜਬੂਰ ਹੈ। ਮਿੱਲ ਮਾਲਕ ਆਪਣੇ ਗੁੰਡਿਆਂ ਰਾਹੀਂ ਮਜ਼ਦੂਰਾਂ ਨੂੰ ਯੂਨੀਅਨਾਂ ਬਣਾਉਣ ਤੋਂ ਰੋਕਦੇ ਹਨ। ਇਉਂ ਉਦਯੋਗਿਕ ਸੰਗਠਿਤ ਖੇਤਰ ਵਿਚ ਟਰੇਡ ਯੂਨੀਅਨਾਂ ਦੀ ਸ਼ਕਤੀ ਘਟ ਰਹੀ ਹੈ। ਅਸੰਗਠਿਤ ਖੇਤਰ ਵਿਚ ਹਾਲਤ ਹੋਰ ਵਿਕਰਾਲ ਹੈ।

ਕੋਵਿਡ-19 ਮਹਾਮਾਰੀ ਵਿਚ ਕਾਰਪੋਰੇਟਾਂ ਦੀ ਆਮਦਨ ਤਾਂ ਕਈ ਸੌ ਗੁਣਾ ਵਧੀ ਪਰ ਮਜ਼ਦੂਰਾਂ ਨੂੰ ਅਚਾਨਕ ਲਾਏ ਲੌਕਡਾਊਨ ਕਾਰਨ ਆਪਣੇ ਰੁਜ਼ਗਾਰ ਤੋਂ ਵੀ ਹੱਥ ਧੋਣੇ ਪਏ। ਉਨ੍ਹਾਂ ਨੂੰ ਆਪਣੀਆਂ ਰਿਹਾਇਸ਼ਾਂ ਛੱਡ ਕੇ ਪਿੱਤਰੀ ਰਾਜਾਂ ਨੂੰ ਜਾਣਾ ਪਿਆ। 2020 ਵਿਚ ਕੋਵਿਡ ਦੌਰਾਨ ਕੇਂਦਰ ਸਰਕਾਰ ਨੇ ਕਿਰਤ ਕਾਨੂੰਨ ਛਿੱਕੇ ਉਤੇ ਟੰਗ ਕੇ ਵਪਾਰੀਆਂ ਦੇ ਹੱਕ ਵਿਚ ਘਿਨਾਉਣਾ ਮਜ਼ਦੂਰ ਵਿਰੋਧੀ ਬਿੱਲ ਲੈ ਆਂਦਾ ਜਿਸ ਅਨੁਸਾਰ ਕਾਰਖਾਨੇਦਾਰ, ਮਜ਼ਦੂਰ ਤੋਂ 8 ਥਾਂ 12 ਘੰਟੇ ਦੀ ਦਿਹਾੜੀ ਦਾ ਕੰਮ ਲੈ ਸਕਦਾ ਹੈ। ਇਸ ਬਿੱਲ ਰਾਹੀਂ ਘੱਟੋ-ਘੱਟ ਉਜਰਤ ਦਾ ਕਾਨੂੰਨ ਵੀ ਖਤਮ ਕਰ ਦਿਤਾ।

ਪੰਜਾਬ ਦੀਆਂ ਚੋਣਾਂ ਵਿਚ ਉਮੀਦਵਾਰਾਂ ਨੂੰ ਹਿੰਦੂ, ਦਲਿਤ, ਸਿੱਖ ਅਤੇ ਕਦੇ ਜੱਟ ਚਿਹਰਿਆਂ ਦੇ ਤੌਰ ਤੇ ਪੇਸ਼ ਕੀਤਾ ਜਾ ਰਿਹਾ ਹੈ। ਜਾਤ ਆਧਾਰਿਤ ਰਾਜਨੀਤੀ ਨੇ ਮਜ਼ਦੂਰ ਵਰਗ ਦੇ ਉਜਰਤ ਦੇ ਬੁਨਿਆਦੀ ਸਵਾਲ ਨੂੰ ਹਾਸ਼ੀਏ ਉਤੇ ਧੱਕ ਦਿਤਾ ਹੈ ਜਦੋਂ ਕਿ ਹਰ ਜਾਤ ਅਤੇ ਧਰਮ ਦਾ ਕਾਰਖਾਨੇ ਵਿਚ ਕੰਮ ਕਰਨ ਵਾਲਾ ਸ਼ਖਸ ਮਜ਼ਦੂਰ ਹੁੰਦਾ ਹੈ। ਸਿਆਸੀ ਦੰਗਲ ਵਿਚ ਨੀਤੀਗਤ ਅਸਫ਼ਲਤਾਵਾਂ ਦੀ ਅਣਹੋਂਦ ਕਾਰਨ ਲੋਕਾਂ ਨੂੰ ਮੁਫ਼ਤਖੋਰੇ ਬਣਾਉਣ ਵਾਲੇ ਜੁਮਲਿਆਂ ਵਿਚ ਉਲਝਾ ਦਿੱਤਾ ਹੈ।

ਪੰਜਾਬ ਦੇ ਸਨਅਤੀ ਅਦਾਰਿਆਂ ਵਿਚ ਮਜ਼ਦੂਰ ਵਜੋਂ ਔਰਤਾਂ ਦੀ ਭਾਗੀਦਾਰੀ ਵੱਡੇ ਪੱਧਰ ਉੱਤੇ ਦਰਜ ਨਹੀਂ ਹੋਈ ਪਰ ਮਗਨਰੇਗਾ ਯੋਜਨਾ ਵਿਚ ਔਰਤਾਂ ਵੱਡੀ ਗਿਣਤੀ ਵਿਚ ਕੰਮ ਕਰਦੀਆਂ ਹਨ। ਔਰਤਾਂ 'ਆਸ਼ਾ' ਅਤੇ ਆਂਗਨਵਾੜੀ ਕਾਮਿਆਂ ਵਜੋਂ ਵੀ ਕੰਮ ਕਰਦੀਆਂ ਹਨ। ਅਸੰਗਠਿਤ ਖੇਤਰ ਵਿਚ ਮਜ਼ਦੂਰ ਦੇ ਤੌਰ ਤੇ ਔਰਤਾਂ ਦੀ ਭਾਰੀ ਸ਼ਮੂਲੀਅਤ ਹੈ। ਇਨ੍ਹਾਂ ਦੀ ਹਾਲਤ ਬਹੁਤ ਭਿਆਨਕ ਹੈ।

ਪੰਜਾਬ ਦੀ ਉਦਯੋਗਿਕ ਨੀਤੀ ਜਿਸ ਨੇ ਸਮੁੱਚੇ ਪੰਜਾਬ ਦੀ ਹੋਣੀ ਬਦਲਣ ਵਿਚ ਵੱਡੀ ਭੂਮਿਕਾ ਅਦਾ ਕਰਨੀ ਸੀ, ਚੋਣ ਮੁੱਦਿਆਂ ਅਤੇ ਮੈਨੀਫੈਸਟੋ ਵਿਚੋਂ ਮਨਫ਼ੀ ਹੈ। ਇਹ ਸਵਾਲ ਪੁੱਛਣਾ ਬਣਦਾ ਹੈ ਕਿ 1991 ਦੀਆਂ ਨੀਤੀਆਂ ਤੋਂ ਬਾਅਦ 30 ਸਾਲਾਂ ਦੌਰਾਨ ਪੰਜਾਬ ਦੀਆਂ ਸਰਕਾਰਾਂ ਨੇ ਪ੍ਰਾਂਤ ਦੇ ਕੁਦਰਤੀ ਅਤੇ ਗੈਰ-ਕੁਦਰਤੀ ਸੋਮਿਆਂ, ਖੇਤੀ ਅਤੇ ਮਨੁੱਖੀ ਵਸੀਲਿਆਂ ਨੂੰ ਧਿਆਨ ਵਿਚ ਰੱਖ ਕੇ ਕਿਹੜੀ ਨਿਕਟਵਰਤੀ ਅਤੇ ਦੂਰਗਾਮੀ ਉਦਯੋਗਿਕ ਨੀਤੀ ਬਣਾਈ ਅਤੇ ਰੁਜ਼ਗਾਰ ਦੇ ਸਾਧਨ ਪੈਦਾ ਕੀਤੇ?

ਪੰਜਾਬ ਮੌਤ ਦੀ ਮੌਣ ਉਤੇ ਬੈਠਾ ਸਹਿਕ ਰਿਹਾ ਹੈ। ਪੰਜਾਬ ਫਿਰ ਉੱਠ ਖੜ੍ਹਾ ਹੋ ਸਕਦਾ ਹੈ ਜੇ ਇਸ ਦੇ ਸਿਆਸੀ ਆਗੂ ਖੇਤੀ ਆਧਾਰਿਤ ਉਦਯੋਗਾਂ ਅਤੇ ਦੂਜੇ ਲਘੂ ਉਦਯੋਗਾਂ ਦੀ ਉਸਾਰੀ ਵਿਉਂਤਣ, ਸਿਹਤ ਅਤੇ ਸਿੱਖਿਆ ਨੂੰ ਮਿਆਰੀ ਬਣਾਉਣ। ਮਾਫੀਆ ਰਾਜ ਦਾ ਖਾਤਮਾ ਅਤੇ ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ ਲੋਕਾਂ ਨੂੰ ਦੇਣਾ ਸਮੇਂ ਦੀ ਮੁੱਖ ਲੋੜ ਹੈ।

# ਪੰਡਤ ਨਹਿਰੂ ਦੀ ਕਾਂਗਰਸ ਤੇ ਮੇਰੇ ਨਾਨਕੇ ਦਾਦਕੇ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਮੈਂ ਆਪਣੀ ਸਵੈ-ਜੀਵਨੀ 'ਬਿਨ ਮਾਂਗੇ ਮੋਤੀ ਮਿਲੇ' ਵਿਚ ਲਿਖ ਚੁੱਕਾ ਹਾਂ ਕਿ ਮੇਰੇ ਜੀਵਨ ਉੱਤੇ ਮੇਰੇ ਮਾਪਿਆਂ ਤੇ ਨਾਨਕਿਆਂ ਤੋਂ ਬਿਨਾਂ ਤਿੰਨ ਹਸਤੀਆਂ ਦਾ ਬਹੁਤ ਪ੍ਰਭਾਵ ਰਿਹਾ ਹੈ। ਗੁਰਬਖਸ਼ ਸਿੰਘ 'ਪ੍ਰੀਤਲੜੀ' ਦੀ ਜੀਵਨ-ਜਾਚ, ਜਵਾਹਰ ਲਾਲ ਨਹਿਰੂ ਦੀ ਦਿੱਬ ਦ੍ਰਿਸ਼ਟੀ ਅਤੇ ਈ ਐਮ ਐਸ ਨੰਬੂਦਰੀਪਦ ਦੀ ਖੱਬੇ ਪੱਖੀ ਧਾਰਨਾ। ਪੰਜਾਬ ਚੋਣਾਂ 2022 ਦੇ ਰੌਲੇ-ਘਚੋਲੇ ਨੇ ਮੈਨੂੰ ਸੱਤ-ਅੱਠ ਦਹਾਕੇ ਦੀ ਕਾਂਗਰਸੀ ਪਹੁੰਚ ਤੇ ਮੇਰੇ ਆਪਣੇ ਪਰਿਵਾਰਾਂ ਦੀ ਇਸ ਲਈ ਭਾਵੁਕਤਾ ਚੇਤੇ ਕਰਵਾ ਦਿੱਤੀ ਹੈ, ਜਿਹੜੀ ਕਿਸੇ ਹੱਦ ਤਕ ਅੱਜ ਵੀ ਕਾਇਮ ਹੈ। ਚੋਣ ਹਲਕਾ ਗੜ੍ਹਸ਼ੰਕਰ ਤੋਂ ਮੇਰਾ ਭਾਣਜਾ ਅਮਰਪ੍ਰੀਤ ਸਿੰਘ ਲਾਲੀ ਤੇ ਚੋਣ ਹਲਕਾ ਖੰਨਾ ਤੋਂ ਮੇਰਾ ਜਾਣੂ ਗੁਰਕੀਰਤ ਸਿੰਘ ਕੋਟਲੀ ਪੰਡਤ ਨਹਿਰੂ ਵਾਲੀ ਸੋਚ ਨੂੰ ਪ੍ਰਨਾਏ ਹੋਏ ਹਨ। ਜੇ ਇਨ੍ਹਾਂ ਵਿਚ ਮੈਂ ਆਪਣੇ ਸਾਹਿਤਕ ਗੁਰੂ ਸੰਤ ਸਿੰਘ ਸੇਖੋਂ ਦੇ ਦਾਖਾ ਹਲਕੇ ਦੇ ਸੰਦੀਪ ਸੰਧੂ ਨੂੰ ਵੀ ਸ਼ਾਮਲ ਕਰ ਲਵਾਂ ਤਾਂ ਇਹ ਤਿੱਕੜੀ ਪੰਜਾਬ ਦੇ ਮਾਲਵਾ ਤੇ ਦੁਆਬਾ ਖੇਤਰ ਵਿਚ 70-80 ਸਾਲ ਪਹਿਲਾਂ ਹਾਂ-ਪੱਖੀ ਕਾਂਗਰਸੀ ਧਾਰਨਾ ਦੀ ਪ੍ਰਤੀਨਿਧਤਾ ਕਰਦੀ ਹੈ। ਨਿਸ਼ਚੇ ਹੀ ਮੈਂ ਇਨ੍ਹਾਂ ਦੀ ਸਫਲਤਾ ਦਾ ਇੱਛੁਕ ਹਾਂ ਤਾਂ ਕਿ ਵਰਤਮਾਨ ਕੇਂਦਰ ਸਰਕਾਰ ਵਲੋਂ ਨਹਿਰੂ ਸਮੇਂ ਦੀਆਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਪ੍ਰਾਪਤੀਆਂ ਉੱਤੇ ਫੇਰੇ ਜਾ ਰਹੇ ਪੋਚੇ ਨੂੰ ਝੁਠਲਾਇਆ ਜਾ ਸਕੇ।

ਪੰਡਤ ਨਹਿਰੂ ਦੇ ਉਲਟ ਸਮੁੱਚੇ ਭਾਰਤ ਨੂੰ ਪੂੰਜੀਪਤੀ ਕਾਰਪੋਰੇਟਾਂ ਅਤੇ ਫਿਰਕੂ ਧਾਰਨਾ ਵਿਚ ਧੱਕਣ ਵਾਲੀ ਕੇਂਦਰ ਦੀ ਵਰਤਮਾਨ ਸਰਕਾਰ ਦੀਆਂ ਫੜਾਂ ਨਹਿਰੂਵਾਦੀ ਪਹੁੰਚ ਨੂੰ ਨਹੀਂ ਮਿਟਾ ਸਕਦੀਆਂ। ਇਤਿਹਾਸਕਾਰ ਜਾਣਦੇ ਹਨ ਕਿ ਪੰਜਾਬੀ ਸੂਬੇ ਦੇ ਮੁਦੱਈਆਂ ਦੀ ਇਕੋ ਇਕ ਪ੍ਰਾਪਤੀ ਸਦਾ ਏਥੋਂ ਦੇ ਸਿੱਧ ਚਿਹਰੇ ਨੂੰ ਮੁੱਖ ਮੰਤਰੀ ਬਣਦੇ ਦੇਖਣਾ ਸੀ ਪਰ ਸਾਰੇ ਜਾਣਦੇ ਹਨ ਕਿ ਖਾਲਿਸਤਾਨੀ ਸੋਚ ਨੂੰ ਜਨਮ ਦੇਣ ਵਾਲੀ ਵੀ ਇਹੀਓ ਧਾਰਨਾ ਸੀ। ਕੇਂਦਰ ਸਰਕਾਰ ਵਲੋਂ ਆਏ ਦਿਨ ਸਿੱਖ ਪੰਥ ਨੂੰ 1984 ਦੇ ਦੰਗੇ ਯਾਦ ਕਰਵਾਉਣਾ ਭਾਜਪਾ ਨੂੰ ਵੋਟਾਂ ਤਾਂ ਦਿਵਾ ਸਕਦਾ ਹੈ ਪਰ ਪੰਜਾਬ ਦੇ ਬੱਚੇ ਬੱਚੇ ਦੇ ਮਨ ਵਿਚ ਸਮਾਈ ਕੇਂਦਰ ਦੇ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਲਈ ਦਿਨ ਰਾਤ ਇਕ ਕਰ ਕੇ ਦਿੱਤੀ ਉਸ ਕੁਰਬਾਨੀ ਉੱਤੇ ਪੋਚਾ ਨਹੀਂ ਫੇਰ ਸਕਦਾ, ਜਿਸ ਵਿਚ 700 ਕਿਸਾਨਾਂ ਨੇ ਜਾਨਾਂ ਵਾਰੀਆਂ। ਇਹ ਕਰਜ਼ਾ ਕੌਣ ਚੁਕਾਏਗਾ?



ਸੰਦੀਪ ਸੰਧੂ



ਗੁਰਕੀਰਤ ਸਿੰਘ ਕੋਟਲੀ



ਅਮਰਪ੍ਰੀਤ ਸਿੰਘ ਲਾਲੀ

2022 ਦੀਆਂ ਚੋਣਾਂ ਲੜ ਰਹੇ ਜਿਹੜੇ ਉਮੀਦਵਾਰਾਂ ਦੀ ਮੈਂ ਗੱਲ ਕਰ ਰਿਹਾ ਹਾਂ ਉਨ੍ਹਾਂ ਵਿਚੋਂ ਹਲਕਾ ਖੰਨਾ ਵਾਲਾ ਗੁਰਕੀਰਤ ਸਿੰਘ ਕੋਟਲੀ ਸਾਬਕਾ ਮੰਤਰੀ ਤੇਜ਼ ਪ੍ਰਕਾਸ਼ ਸਿੰਘ ਦਾ ਬੇਟਾ ਤੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦਾ ਪੋਤਾ ਹੈ। ਉਹ ਖੰਨਾ ਤੋਂ ਦੋ ਵਾਰ ਜੇਤੂ ਰਹਿ ਚੁੱਕਿਆ ਹੈ ਤੇ ਅੱਜ ਦੇ ਮੰਤਰੀ ਮੰਡਲ ਵਿਚ ਉਦਯੋਗ ਤੇ ਵਪਾਰ ਦਾ ਇੰਚਾਰਜ ਹੈ। ਹਲਕਾ ਦਾਖਾ ਵਾਲਾ ਸੰਦੀਪ ਸੰਧੂ ਕੈਪਟਨ ਸਰਕਾਰ ਵੇਲੇ ਕੈਪਟਨ ਅਮਰਿੰਦਰ ਸਿੰਘ ਦਾ ਸਿਆਸੀ ਓ ਐਸ ਡੀ ਹੁੰਦਿਆਂ ਦਾਖਾ ਵਿਚ ਕੀਤੇ ਕੰਮਾਂ ਦੇ ਸਿਰ 'ਤੇ ਅਕਾਲੀਆਂ ਦੇ ਗੜ੍ਹ ਵਿਚ ਸੰਨ੍ਹ ਲਾਉਣ ਦੇ ਯੋਗ ਹੈ। ਹਲਕਾ ਗੜ੍ਹਸ਼ੰਕਰ ਵਾਲਾ ਅਮਰਪ੍ਰੀਤ ਸਿੰਘ ਲਾਲੀ ਇਨ੍ਹਾਂ ਤਿੰਨਾਂ ਵਿਚੋਂ ਉਮਰ ਵਿਚ ਛੋਟਾ ਹੈ ਪਰ ਹੁਸ਼ਿਆਰਪੁਰ ਯੂਥ ਕਾਂਗਰਸ ਤੇ ਫੇਰ ਪੰਜਾਬ ਯੂਥ ਕਾਂਗਰਸ ਦਾ ਪ੍ਰਧਾਨ ਰਹਿਣ ਉਪਰੰਤ ਹੁਣ ਕੁੱਲ ਹਿੰਦ ਯੂਥ ਕਾਂਗਰਸ ਦਾ ਜਨਰਲ ਸਕੱਤਰ ਹੋਣ ਸਦਕਾ ਕੇਂਦਰ ਦੇ ਪ੍ਰਮੁੱਖ ਆਗੂਆਂ ਵਿਚ ਵਿਚਰ ਰਿਹਾ ਹੈ। ਉਸ ਦੀ ਸੋਚ ਤੇ ਪਹੁੰਚ ਨੂੰ ਵਡਿਆਉਣ ਲਈ ਪੰਜਾਬ ਦਾ ਸਾਬਕਾ ਕਾਂਗਰਸ ਪ੍ਰਧਾਨ ਸੁਨੀਲ ਜਾਖੜ, ਸੰਸਦ ਮੈਂਬਰ ਮਨੀਸ਼ ਤਿਵਾੜੀ ਤੇ ਹਾਈ ਕਮਾਂਡ ਦਾ ਪ੍ਰਤੀਨਿਧ ਰਾਹੁਲ ਗਾਂਧੀ ਪੰਜਾਬ ਦੇ ਪ੍ਰਮੁੱਖ ਹਲਕਿਆਂ, ਖਾਸ ਕਰਕੇ ਗੜ੍ਹਸ਼ੰਕਰ ਦਾ ਗੇੜਾ ਮਾਰ ਚੁੱਕੇ ਹਨ। ਸਾਡੇ ਪਰਿਵਾਰ ਵਿਚੋਂ ਰਾਜਨੀਤੀ ਅਪਨਾਉਣ ਵਾਲਾ ਪਹਿਲਾ ਵਿਅਕਤੀ ਹੋਣ ਦੇ ਨਾਤੇ ਮੈਂ ਲੰਘੇ ਬੁੱਧਵਾਰ ਉਸਦੀ ਰਿਹਾਇਸ਼ ਉੱਤੇ ਉਸਦੇ ਸਮਰਥਕਾਂ ਦੇ ਰੰਗ-ਢੰਗ ਵੇਖ ਕੇ ਆਇਆ ਹਾਂ। ਇਨ੍ਹਾਂ ਵਿਚ ਹਿਮਾਚਲ ਤੋਂ ਰਾਜਸਥਾਨ ਤੋਂ ਬਿਨਾਂ ਤਿਲੰਗਾਨਾ ਤਕ ਦੇ ਜਥੇ ਸ਼ਾਮਲ ਸਨ।

ਮੈਂ ਜਾਣਦਾ ਹਾਂ ਕਿ ਕੁੱਲ ਹਿੰਦ ਕਾਂਗਰਸ ਪਾਰਟੀ ਵਿਚ ਮੇਰੀ ਜਵਾਨੀ ਸਮੇਂ ਦਾ ਦਮ-ਖਮ ਤਾਂ ਨਹੀਂ ਪਰ ਇਹ ਨੌਜਵਾਨ ਚਿਹਰੇ ਕੇਂਦਰ ਦੀ ਫਿਰਕੂ ਤੇ ਕਾਰਪੋਰੇਟ ਭਾਵਨਾ ਵਾਲੀ ਸਰਕਾਰ ਨੂੰ ਨੱਥ ਪਾਉਣ ਦੇ ਯੋਗ ਹਨ। ਇਕੱਲੇ ਪੰਜਾਬ ਵਿਚ ਹੀ ਨਹੀਂ ਮਨੀਪੁਰ, ਉੱਤਰ ਪ੍ਰਦੇਸ਼, ਉਤਰਾਖੰਡ ਤੇ ਗੋਆ ਵਿਚ ਵੀ। ਮੇਰੀ ਉਮਰ ਦੇ ਖੱਬੇ ਪੱਖੀਆਂ ਕੋਲ ਕਾਂਗਰਸ ਪਾਰਟੀ ਤੋਂ ਬਿਨਾਂ ਹੋਰ ਕੋਈ ਬਦਲ ਵੀ ਨਹੀਂ। ਵੇਖੋ ਕੀ ਬਣਦਾ ਹੈ।

## ਹਰਚਰਨ ਬੈਂਸ ਦੀ ਵਡੇਰੀ ਜ਼ਿੰਮੇਵਾਰੀ

ਮੈਂ ਅਕਾਲੀ ਦਲ ਦੇ ਨਵ-ਨਿਯੁਕਤ ਸੀਨੀਅਰ ਮੀਤ ਪ੍ਰਧਾਨ ਹਰਚਰਨ ਬੈਂਸ ਨੂੰ ਬੜੇ ਰੰਗਾਂ ਵਿਚ ਤੱਕਿਆ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਟੀ, ਲੁਧਿਆਣਾ, ਵਿਚ ਆਪਣੇ ਕੁਲੀਗ ਤੇ ਅਕਾਲੀ ਦਲ ਦੇ ਪ੍ਰਮੁੱਖ ਨੇਤਾ ਪ੍ਰਕਾਸ਼ ਸਿੰਘ ਬਾਦਲ ਦੇ ਵਿਸ਼ਵਾਸ ਪਾਤਰ ਵਜੋਂ ਅਤੇ ਫੇਰ ਕੌਮੀ ਤੇ ਕੌਮਾਂਤਰੀ ਮੀਡੀਆ ਵਿਚ ਉਸਦੀਆਂ ਲਿਖਤਾਂ ਸਦਕਾ। ਮੇਰਾ ਨਿਸ਼ਚਾ ਹੈ ਕਿ ਉਹ ਅਕਾਲੀ ਦਲ ਦੀਆਂ ਰਵਾਇਤੀ ਤੇ ਪ੍ਰਮੁੱਖ ਕਦਰਾਂ-ਕੀਮਤਾਂ ਉੱਤੇ ਪਹਿਰਾ ਦੇਣ ਲਈ ਦਿਨ-ਰਾਤ ਇਕ ਕਰੇਗਾ। ਆਸ ਹੈ ਕਿ ਉਹ ਪ੍ਰਕਾਸ਼ ਸਿੰਘ ਬਾਦਲ ਦੀ ਬਜ਼ੁਰਗੀ ਕਾਰਨ ਪਾਰਟੀ ਵਿਚ ਆਏ ਪਾੜੇ ਨੂੰ ਬਹਾਲ ਕਰਨ ਦਾ ਪੂਰਾ ਯਤਨ ਕਰੇਗਾ। ਸ਼੍ਰੋਮਣੀ ਅਕਾਲੀ ਦਲ ਵੀ ਕਾਂਗਰਸ ਵਾਂਗ ਔਖੇ ਸਮੇਂ ਵਿਚੋਂ ਲੰਘ ਰਿਹਾ ਹੈ। ਮੇਰੇ ਮਿੱਤਰ ਹਰਚਰਨ ਬੈਂਸ ਦੇ ਸਿਰ ਵਡੇਰੀ ਜ਼ਿੰਮੇਵਾਰੀ ਆ ਪਈ ਹੈ। ਨਿਸ਼ਚੇ ਹੀ ਮੈਂ ਉਸਨੂੰ ਇਸ ਉੱਤੇ ਪੂਰਾ ਉਤਰਦਾ ਵੇਖਣਾ ਚਾਹਾਂਗਾ। ਸਵਾਗਤ ਹੈ।

**ਅੰਤਿਕਾ**

ਆਦੇਸ਼ ਅੰਕੁਸ਼
ਟੁਕੜੇ ਟੁਕੜੇ ਮੱਟੀਆਂ
ਸ਼ਾਪਿੰਗ ਮਾਲਾਂ ਵਿਚ,
ਮਾਣ ਭਲਾ ਹੁਣ ਕਾਹਦਾ ਸਾਬਤ ਗੰਨੇ 'ਤੇ।
ਟੁੱਟ ਕੇ ਪੈ ਜਾਂਦੇ ਸਾਂ ਦਾਣੇ ਚੱਬਦਿਆਂ,
ਅੰਮੜੀ ਵਲੋਂ ਗੁੜ ਦੀ ਰੋੜੀ ਭੰਨੇ 'ਤੇ।

# ਕਿਸਾਨ ਮੋਰਚਾ ਅਤੇ ਚੋਣਾਂ



**ਕਲਵੰਤ ਸਿੰਘ ਸਹੋਤਾ**
**ਫੋਨ: 604-589-5919**

ਕਿਸਾਨਾਂ ਦੀਆਂ ਵੱਖ-ਵੱਖ ਜਥੇਬੰਦੀਆਂ ਨੇ ਇਕੱਠੇ ਹੋ ਕੇ ਪੂਰਾ ਸਾਲ ਕਿਸਾਨ ਮੋਰਚਾ ਚਲਾਇਆ ਅਤੇ ਅਖੀਰ ਨੂੰ ਤਿੰਨ ਕਾਲੇ ਕਾਨੂੰਨ ਜਿਨ੍ਹਾਂ ਨੂੰ ਵਾਪਸ ਕਰਾਉਣ ਲਈ ਇਹ ਮੋਰਚਾ ਦਿੱਲੀ ਦੇ ਬਾਰਡਰਾਂ 'ਤੇ ਵਿੱਢਿਆ ਸੀ, ਉਹ ਸਰਕਾਰ ਨੂੰ ਵਾਪਸ ਲੈਣੇ ਪਏ। ਇਹ ਬੇਮਿਸਾਲ ਜਿੱਤ ਹੋਈ ਹੈ। ਸਰਕਾਰ ਕੋਲ ਇਸ ਮੋਰਚੇ ਨੂੰ ਫੇਲ੍ਹ ਕਰਨ ਲਈ ਬਹੁਤ ਹਥਿਆਰ ਸਨ, ਉਹ ਸਾਰੇ ਹੀ ਚਲਾਏ, ਪਰ ਆਰਜ਼ੀ ਢਾਹ ਲੱਗਣ ਤੋਂ ਬਾਅਦ ਮੋਰਚਾ ਮੁੜ ਪੈਰਾਂ ਸਿਰ ਹੁੰਦਾ ਅੱਗੇ ਤੋਂ ਅੱਗੇ ਤੁਰਿਆ ਗਿਆ। ਕੇਂਦਰ ਅਤੇ ਸੂਬਾ ਸਰਕਾਰਾਂ ਵਲੋਂ ਵਾਰ-ਵਾਰ ਕੀਤੀਆਂ ਕੋਝੀਆਂ ਕੋਸ਼ਿਸ਼ਾਂ ਅਤੇ ਖੇਡੀਆਂ ਚਾਲਾਂ ਸਫਲ ਨਾ ਹੋ ਸਕੀਆਂ। ਕਿਸਾਨ-ਮਜ਼ਦੂਰ ਨੰਗੇ ਧੜ ਲੜੇ ਤੇ ਜਿੱਤੇ। ਅਜੋਕੇ ਸਮੇਂ 'ਚ ਅਜਿਹੀ ਬੇਮਿਸਾਲ ਜਿੱਤ ਦੇਖਣ ਨੂੰ ਘੱਟ ਹੀ ਮਿਲਦੀ ਹੈ।

ਮੋਦੀ ਸਰਕਾਰ ਨੇ ਕਾਰਪੋਰੇਟਾਂ ਦੇ ਹਿੱਤਾਂ ਦੀ ਪੂਰਤੀ ਲਈ, ਛੋਟੀ ਤੇ ਮੱਧਵਰਗੀ ਕਿਸਾਨੀ ਨੂੰ ਖਤਮ ਕਰਨ ਲਈ ਕਿਸਾਨਾਂ ਦੀ ਸੰਘੀ ਨੂੰ ਹੱਥ ਪਾ ਲਿਆ ਅਤੇ ਤਿੰਨ ਖੇਤੀ ਕਾਨੂੰਨਾਂ ਦੇ ਰੂਪ ਵਿਚ ਕਿਸਾਨਾਂ ਨੂੰ ਆਪਣੀ ਸਾਹ ਰਗ ਬੰਦ ਹੁੰਦੀ ਸਪੱਸ਼ਟ ਦਿਸਣ ਲੱਗੀ: ਇਸੇ ਲਈ ਉਨ੍ਹਾਂ ਵੀ ਸਿਰ-ਧੜ ਦੀ ਬਾਜ਼ੀ ਕਿਸਾਨ ਮੋਰਚੇ ਦੇ ਰੂਪ 'ਚ ਲਾਉਣ ਦੀ ਠਾਣ ਲਈ ਤੇ ਮੈਦਾਨੇ ਜੰਗ 'ਚ ਨਿੱਤਰ ਆਏ। ਕਿਹੜੀਆਂ ਤਾਕਤਾਂ ਸਨ ਜਾਂ ਕਿਹੜੇ ਕਾਰਨ ਸਨ, ਜਿਨ੍ਹਾਂ ਕਰਕੇ ਮੋਰਚਾ ਸਫਲ ਹੋਇਆ ਤੇ ਕਿਉਂ ਮੋਦੀ ਸਰਕਾਰ ਨੂੰ ਕਾਲੇ ਕਾਨੂੰਨ ਵਾਪਸ ਲੈਣੇ ਪਏ! ਇਹ ਨੁਕਤੇ ਵਿਚਾਰਨ ਯੋਗ ਹਨ। ਇਕ ਕਥਨ ਹੈ ਕਿ ਜਦੋਂ ਤੁਹਾਡੇ 'ਤੇ ਕੋਈ ਹਮਲਾ ਕਰੇ ਤਾਂ ਆਪਣੇ ਬਚਾ ਲਈ ਲੜੋ ਜਾਂ ਉੱਥੋਂ ਭੱਜ ਜਾਓ। ਤਿੰਨ ਕਾਲੇ ਕਾਨੂੰਨ ਕਿਸਾਨਾਂ 'ਤੇ ਸਿੱਧਾ ਹਮਲਾ ਸਨ, ਇਹ ਕਿਸਾਨੀ ਦਾ ਜ਼ਿੰਦਗੀ ਮੌਤ ਦਾ ਸੁਆਲ ਸਨ, ਜਿਸ ਤੋਂ ਕਿਸਾਨ ਭੱਜ ਨਹੀਂ ਸਨ ਸਕਦੇ, ਸਿਰਫ਼ ਇਕੋ ਰਾਹ ਬਚਿਆ ਸੀ ਲੜਨ ਦਾ, ਉਹ ਸਾਲ ਭਰ ਸ਼ਿੱਦਤ ਨਾਲ ਲੜੇ ਅਤੇ ਜਿੱਤੇ। ਜਿੱਤਣ ਦਾ ਬਹੁਤੇ ਪ੍ਰਮੁੱਖ ਕਾਰਨਾਂ 'ਚੋਂ ਇੱਕ ਕਾਰਨ ਇਹ ਵੀ ਸੀ ਕਿ ਜਿਉਂ-ਜਿਉਂ ਖੇਤੀ ਕਾਨੂੰਨਾਂ ਦੇ ਮਾੜੇ ਅਸਰ ਦੀ ਗੱਲ ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ ਅਤੇ ਹੋਰ ਖੇਤੀ ਨਾਲ ਸਬੰਧਤ ਵਰਗਾਂ ਦੇ ਅੰਦਰ ਘਰ ਕਰਨ ਲੱਗੀ, ਤਿਉਂ-ਤਿਉਂ ਉਹ ਵੱਡੀ ਗਿਣਤੀ 'ਚ ਪਹਿਲਾਂ ਸਿਧਾਂਤਕ ਤੌਰ 'ਤੇ ਅਤੇ ਮਗਰੋਂ ਅਮਲੀ ਤੌਰ 'ਤੇ ਭਾਰਤ ਤੋਂ ਮੋਰਚੇ 'ਚ ਵੱਡੀ ਗਿਣਤੀ 'ਚ ਸ਼ਾਮਲ ਹੋਣ ਲੱਗੇ ਅਤੇ ਮੋਰਚਾ ਸਰਕਾਰ ਦੇ ਖ਼ਿਲਾਫ ਵਿਸ਼ਾਲ ਵਿਰੋਧ ਦਾ ਰੂਪ ਧਾਰਨ ਕਰ ਗਿਆ। ਅਜਿਹੇ ਵੱਡੇ ਹੁੰਗਾਰੇ ਦੀ ਆਸ ਪਹਿਲਾਂ ਪਹਿਲ ਨਾ ਤਾਂ ਕਿਸਾਨਾਂ ਨੂੰ ਸੀ ਅਤੇ ਨਾ ਹੀ ਸਰਕਾਰਾਂ ਨੂੰ ਕਿ ਇਹ ਪੰਜਾਬ ਤੋਂ ਸ਼ੁਰੂ ਹੋਇਆ ਕਿਸਾਨ ਯੂਨੀਅਨਾਂ ਦਾ ਮੋਰਚਾ ਸਮੁੱਚੇ ਵਿਦਰੋਹ ਦਾ ਰੂਪ ਹੋ ਨਿੱਬੜੇਗਾ। ਸ਼ੁਰੂ-ਸ਼ੁਰੂ 'ਚ ਇਸ ਦੀ ਕੋਈ ਕਿਆਸਅਰਾਈ ਵੀ ਨਹੀਂ ਸੀ ਕਰ ਸਕਦਾ।

ਇਸ ਮੋਰਚੇ ਦੀ ਬੇਮਿਸਾਲ ਜਿੱਤ ਤੋਂ ਬਾਅਦ ਕਿਸਾਨ-ਮਜ਼ਦੂਰ ਆਗੂਆਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ 'ਤੇ ਇਹ ਦਬਾਅ ਬਣਨਾ ਕਿ ਹੁਣ ਉਹ ਸਿਆਸੀ ਪਾਰਟੀ ਬਣਾ ਕੇ ਪੰਜਾਬ 'ਚ ਆ ਰਹੀਆਂ ਚੋਣਾਂ ਵਿਚ ਹਿੱਸਾ ਲੈਣ; ਕੋਈ ਅਚੰਭੇ ਵਾਲੀ ਗੱਲ ਨਹੀਂ। ਜਿੱਤ ਦਾ ਤਾਜ਼ਾ-ਤਾਜ਼ਾ ਅਹਿਸਾਸ ਅਤੇ ਚਾਅ ਹੋਣ ਕਰਕੇ ਬਹੁਤੀਆਂ ਕਿਸਾਨ ਯੂਨੀਅਨਾਂ ਨੇ ਆਪਣੀ ਸਿਆਸੀ ਪਾਰਟੀ 'ਸੰਯੁਕਤ ਸਮਾਜ ਮੋਰਚਾ' ਬਣਾ ਲਈ। ਉਧਰ, ਹਰਿਆਣਾ ਤੋਂ ਕਿਸਾਨ ਲੀਡਰ ਗੁਰਨਾਮ ਸਿੰਘ ਚੜੂਨੀ ਨੇ ਆਪਣੀ 'ਸੰਯੁਕਤ ਸੰਘਰਸ਼ ਪਾਰਟੀ' ਬਣਾ ਕੇ ਐਲਾਨ ਕਰ ਦਿੱਤਾ ਕਿ ਉਹ ਵੀ ਪੰਜਾਬ 'ਚ ਆਪਣੇ ਉਮੀਦਵਾਰ ਖੜ੍ਹੇ ਕਰਨਗੇ। ਮੋਰਚੇ ਦੌਰਾਨ ਕਿਸਾਨ, ਮਜ਼ਦੂਰ ਤੇ ਹੋਰ ਸਬੰਧਤ ਧਿਰਾਂ ਇਕੱਠੀਆਂ ਸਨ, ਉਹ ਇਸ ਕਰਕੇ ਕਿ ਉਨ੍ਹਾਂ ਦੇ ਸਾਂਝੇ ਹਿੱਤਾਂ ਦੀ ਲੜਾਈ ਅਤੇ ਰਾਖੀ ਦਾ ਸੁਆਲ ਸੀ ਤਦੇ ਉਹ ਸਿਰ-ਧੜ ਦੀ ਬਾਜ਼ੀ ਲਾਉਣ ਲਈ ਡਟੇ ਰਹੇ ਅਤੇ ਜਿੱਤੇ ਵੀ। ਪਿਛਲੇ ਸਾਲ ਪੰਜ ਸੂਬਿਆਂ ਖਾਸ ਕਰਕੇ ਬੰਗਾਲ ਵਿਚ ਜਿਸ ਸ਼ਿੱਦਤ ਨਾਲ ਕਿਸਾਨ ਲੀਡਰਾਂ ਨੇ ਭਾਜਪਾ ਖ਼ਿਲਾਫ ਖੁੱਲ੍ਹ ਕੇ ਪ੍ਰਚਾਰ ਅਤੇ ਵਿਰੋਧ ਕੀਤਾ, ਉਸ ਦਾ ਨਤੀਜਾ ਹੀ ਸੀ ਕਿ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਨੇ ਜਿੱਤ ਹਾਸਲ ਕੀਤੀ ਅਤੇ ਮਮਤਾ ਬੈਨਰਜੀ ਮੁੜ ਬੰਗਾਲ ਦੀ ਮੁੱਖ ਮੰਤਰੀ ਬਣੀ। ਇਹ ਸਿਰਫ਼ ਤੇ ਸਿਰਫ਼ ਕਿਸਾਨ ਮੋਰਚੇ ਦੇ ਸਮੁੱਚੇ ਭਾਜਪਾ ਖ਼ਿਲਾਫ ਖੁੱਲ੍ਹੇ ਮੋਰਚੇ ਦੀ ਹੀ ਕਿਰਪਾ ਸੀ। ਆਸਾਮ ਨੂੰ ਛੱਡ ਬਾਕੀ ਸਭ ਸੂਬਿਆਂ 'ਚ ਭਾਜਪਾ ਨੂੰ ਮੂੰਹ ਦੀ ਖਾਣੀ ਪਈ, ਉਪਰੰਤ ਕਿਸਾਨ ਲੀਡਰਾਂ ਦੇ ਹੌਸਲੇ ਹੋਰ ਬੁਲੰਦ ਹੋਏ। ਹੁਣ ਇਸ ਸਾਲ ਦੇ ਸ਼ੁਰੂ 'ਚ ਭਾਰਤ ਦੇ ਕੁਝ ਸੂਬਿਆਂ ਸਮੇਤ ਪੰਜਾਬ 'ਚ ਹੋਣ ਵਾਲੀਆਂ ਚੋਣਾਂ ਦੇ ਸਨਮੁੱਖ ਭਾਜਪਾ ਨੂੰ ਆਪਣੀ ਹੋਣ ਵਾਲੀ ਬੰਗਾਲ ਵਾਲੀ ਦੁਰਗਤੀ, ਸਾਹਮਣੇ ਜਿੰਨ ਬਣ ਕੇ ਡਰਾਉਂਦੀ ਦਿਸੀ ਅਤੇ ਨਾਲ ਹੀ ਹਾਰ ਦੇ ਭੈਅ ਕਾਰਨ ਕਿਸਾਨੀ ਮੰਗਾਂ ਮੰਨਣਾ ਭਾਜਪਾ ਦੀ ਮਜਬੂਰੀ ਬਣ ਗਈ, ਅਤੇ ਕੇਂਦਰ ਸਰਕਾਰ ਨੇ ਤਿੰਨੋਂ ਖੇਤੀ ਕਾਨੂੰਨ ਵਾਪਸ ਲੈ ਲਏ ਤੇ ਬਾਕੀ ਕਿਸਾਨਾਂ ਦੀਆਂ ਰਹਿੰਦੀਆਂ ਮੰਗਾਂ ਨੂੰ ਵੀ ਮੰਨ ਲੈਣ ਤੇ ਕੁੱਝ ਬਾਰੇ ਗੌਰ ਕਰਨ ਦਾ ਭਰੋਸਾ ਦੁਆ ਦਿੱਤਾ। ਇੰਜ ਕਿਸਾਨ ਮੋਰਚਾ ਸਿਧਾਂਤਕ ਤੌਰ 'ਤੇ ਵਾਪਸ ਹੋ ਗਿਆ। ਇਸ ਸਾਰੇ ਪਿਛੋਕੜ ਅਤੇ ਸਾਲ ਭਰ ਦੀ ਕਿਸਾਨਾਂ ਦੀ ਕਾਰਗੁਜ਼ਾਰੀ ਵੱਲ ਝਾਤ ਮਾਰੀਏ ਤਾਂ ਕਿਸਾਨ ਲੀਡਰਾਂ ਦਾ ਸਿਆਸੀ ਵਿੰਗ ਬਣਾਉਣਾ ਅਤੇ ਖੁੱਲ੍ਹ ਕੇ ਆਪਣੇ ਤੌਰ 'ਤੇ ਸਿਆਸਤ 'ਚ ਹਿੱਸਾ ਲੈਣਾ, ਕਿਸਾਨ ਮੋਰਚੇ ਦੀ ਹੋਈ ਜਿੱਤ ਦੇ ਲੋਰ ਦੀ ਹੀ ਉਪਜ ਸਮਝਣਾ ਚਾਹੀਦਾ ਹੈ।

ਇੱਕ ਖਾਸ ਮੁੱਦੇ ਲਈ, ਨਿਰੋਲ ਗੈਰ-ਸਿਆਸੀ ਰਹਿ ਕੇ ਮੋਰਚਾ ਜਿੱਤ ਜਾਣਾ ਅਤੇ ਹੁਣ ਆਪੋ-ਆਪਣੀ ਸਿਆਸੀ ਪਾਰਟੀ ਬਣਾ ਕੇ ਦੂਸਰੀਆਂ ਸਿਆਸੀ ਪਾਰਟੀਆਂ ਵਿਚਕਾਰ ਵਿਚਰਨਾ ਇਹ ਦੋ ਬਿਲਕੁਲ ਵੱਖੋ-ਵੱਖਰੀਆਂ ਦਿਸ਼ਾਵਾਂ ਹਨ। ਜਾਂ ਕਹਿ ਲਈਏ ਕਿ ਇਹ ਦੋ ਵੱਖੋ ਵੱਖਰੇ ਮੁੱਦੇ ਤੇ ਵਿਸ਼ੇ ਹਨ; ਇਨ੍ਹਾਂ ਦੋਹਾਂ ਨੂੰ ਰਲ਼-ਗੱਡ ਕਰ ਕੇ ਬਰਾਬਰ ਨਹੀਂ ਸਮਝਣਾ ਚਾਹੀਦਾ। ਕਿਸਾਨਾਂ ਦਾ ਸਿਆਸੀ ਧਿਰ ਬਣ ਕੇ ਬਾਕੀ ਪਾਰਟੀਆਂ ਮੁਕਾਬਲੇ ਵਿਚਰਨਾ ਪਹਾੜ ਜਿੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਹੈ। ਫਰਜ਼ ਕਰੋ ਜੇ ਕਿਸਾਨ ਪਾਰਟੀ ('ਸੰਯੁਕਤ ਸਮਾਜ ਮੋਰਚਾ' ਅਤੇ 'ਸੰਯੁਕਤ ਸੰਘਰਸ਼ ਪਾਰਟੀ') ਜਿੱਤ ਜਾਂਦੀ ਹੈ ਤੇ ਕਿਸਾਨ ਲੀਡਰ ਮੁੱਖ ਮੰਤਰੀ ਅਤੇ ਮੰਤਰੀ ਬਣ ਵੀ ਜਾਂਦੇ ਹਨ ਤਾਂ ਵੀ ਕਈ ਮੁਸ਼ਕਲਾਂ ਮੂੰਹ ਅੱਡੀ ਮੋਹਰੇ ਖੜ੍ਹੀਆਂ ਹੋਣਗੀਆਂ। ਸਭ ਤੋਂ ਵੱਡੀ ਮੁਸ਼ਕਿਲ ਹੈ ਅਫ਼ਸਰਸ਼ਾਹੀ ਅਤੇ ਦੂਸਰੀ ਕੇਂਦਰੀ ਸਰਕਾਰ। ਅਫ਼ਸਰਸ਼ਾਹੀ ਇਤਨੀ ਭ੍ਰਿਸ਼ਟ ਹੋ ਚੁੱਕੀ ਹੈ ਕਿ ਉਹ ਕੋਈ ਵੀ ਬਿਜਲਈ ਤਬਦੀਲੀ ਕਰਨ ਕਰਾਉਣ ਅੱਗੇ ਹਰ ਹੱਥਕੰਡੇ ਖੜ੍ਹੇ ਕਰ ਰੁਕਾਵਟ ਬਣੇਗੀ, ਦੂਸਰੇ ਭਾਜਪਾ ਦੀ ਕੇਂਦਰ ਸਰਕਾਰ ਹਰ ਮੌਕੇ ਦੀ ਭਾਲ 'ਚ ਰਹੇਗੀ ਕਿ ਕਦੋਂ ਇਹ ਕਿਸਾਨ ਪਾਰਟੀ ਦੀ ਸਰਕਾਰ ਤੋੜੀ ਜਾ ਸਕੇ। ਹੋਰ ਵੀ ਕਈ ਔਕੜਾਂ ਆਏ ਸਮੇਂ ਉਲਝਾਈ ਰੱਖਣਗੀਆਂ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਕਿਸਾਨਾਂ ਦੀ ਪਾਰਟੀ ਕੁੱਝ ਕੁ ਸੀਟਾਂ ਤਾਂ ਜਿੱਤ ਸਕਦੀ ਹੈ ਪਰ ਆਪਣੀ ਸਰਕਾਰ ਬਣਾਉਣ ਯੋਗੀਆਂ ਨਹੀਂ।

ਕਿਸਾਨ ਮੋਰਚੇ ਦੀ ਜਿੱਤ ਦਾ ਸਭ ਤੋਂ ਵੱਡਾ ਰਾਜ਼ ਇਹ ਸੀ ਕਿ ਮੋਰਚਾ ਗੈਰ ਸਿਆਸੀ ਰਿਹਾ, ਕੋਈ ਵੀ ਸਿਆਸੀ ਪਾਰਟੀ ਮੋਰਚੇ ਦੇ ਨੇੜੇ ਫਟਕਣ ਨਹੀਂ ਦਿੱਤੀ, ਨਾ ਹੀ ਕਿਸੇ ਸਿਆਸੀ ਲੀਡਰ ਨੂੰ ਮੂੰਹ ਲਾਇਆ। ਮੋਰਚਾ ਨਿਰੋਲ ਹੱਕੀ ਮੰਗਾਂ ਪ੍ਰਤੀ ਧੜੱਲੇਦਾਰ ਵੇਗ ਬਣਾਉਣ 'ਚ ਸਫਲ ਹੋਇਆ ਅਤੇ ਲੋਕਾਂ ਦੇ ਸਮੁੱਚੇ ਰੋਹ ਅੱਗੇ ਸਰਕਾਰ ਨੂੰ ਝੁਕਣਾ ਪਿਆ। ਹੁਣ ਜਦੋਂ ਤੁਸੀਂ ਆਪ ਗੰਦੇ ਗਾਰੇ ਰੂਪੀ ਸਿਆਸੀ ਛੱਪੜ 'ਚ ਛਾਲ਼ ਮਾਰਦੇ ਹੋ ਤਾਂ ਉਨ੍ਹਾਂ ਲਿੱਬੜੀਆਂ ਬਦਨਾਮ ਸਿਆਸੀ ਪਾਰਟੀਆਂ ਵਰਗੇ ਆਪ ਵੀ ਬਣੋਗੇ। ਯਾਦ ਰਹੇ ਦਰਜਨਾਂ ਕਿਸਾਨ ਯੂਨੀਅਨਾਂ, ਜਿਹੜੀਆਂ ਵੱਖੋ-ਵੱਖ ਸਿਆਸੀ ਪਾਰਟੀਆਂ ਨਾਲ ਵੀ ਨੇੜਤਾ ਰੱਖਦੀਆਂ ਸਨ, ਪਰ ਮੋਰਚੇ ਪ੍ਰਤੀ ਸੁਹਿਰਦ ਅਤੇ ਇਕੱਠੀਆਂ ਸਨ। ਹੁਣ ਸਿਆਸੀ ਵਿੰਗ ਬਣ ਕੇ ਉਨ੍ਹਾਂ ਦੀ ਉਹ ਪਹਿਲਾਂ ਵਾਲੀ ਪਹੁੰਚ ਨਹੀਂ ਹੋਣੀ; ਬਲਕਿ ਆਪੋ ਆਪਣੇ ਨਿੱਜੀ ਮੁੱਦੇ ਉਭਾਰ ਕਿਸਾਨ ਪਾਰਟੀ ਨੂੰ ਕਮਜ਼ੋਰ ਕਰਨਗੀਆਂ। ਪੰਜਾਬ ਨੂੰ ਦਰਪੇਸ਼ ਮੁਸ਼ਕਲਾਂ ਗੱਲਾਂ ਬਾਤਾਂ ਨਾਲ ਹੱਲ ਨਹੀਂ ਹੋਣੀਆਂ; ਇਨ੍ਹਾਂ ਨੂੰ ਹੱਲ ਕਰਨ ਲਈ ਲੰਬੀ ਯੋਜਨਾ ਅਤੇ ਦੂਰ-ਦਰਸ਼ਤਾ ਦੀ ਲੋੜ ਹੈ।

ਇੱਕਦਮ ਮੋਰਚਾ ਜਿੱਤਣ ਤੋਂ ਬਾਅਦ, ਉਸ ਦੇ ਪ੍ਰਭਾਵ ਨੂੰ ਸਹੀ ਪ੍ਰਯੋਗ ਕਰਨ ਲਈ ਪਹਿਲਾ ਕਦਮ ਜਿਹੜਾ ਸਮੁੱਚੀ ਕਿਸਾਨ ਲੀਡਰਸ਼ਿਪ ਨੂੰ ਚੁੱਕਣਾ ਚਾਹੀਦਾ ਸੀ ਉਹ ਇਹ ਕਿ ਪੰਜਾਬ ਦੇ ਭਵਿੱਖ ਲਈ ਆਪਣੀਆਂ ਮੰਗਾਂ ਦੀ ਇੱਕ ਲੰਬੀ ਲਿਸਟ ਬਣਾਉਂਦੇ। ਚੋਣਾਂ ਵੇਲੇ ਹਰ ਪਾਰਟੀ ਨੂੰ ਉਨ੍ਹਾਂ ਮੰਗਾਂ ਦੀ ਪੂਰਤੀ ਲਈ ਵਚਨਬੱਧ ਕਰਦੇ ਤੇ ਫਿਰ ਆਮ ਲੋਕਾਂ ਨੂੰ ਆਪਣੀਆਂ ਯੋਜਨਾਵਾਂ ਦੱਸਦੇ ਹੋਏ, ਉਨ੍ਹਾਂ ਨੂੰ ਖੁੱਲ੍ਹਾ ਛੱਡਦੇ ਕਿ ਵੋਟਰ ਆਪ ਨਵੀਂ ਸੇਧ ਕੀਤੀ ਕਿਸਾਨ ਲੀਡਰਾਂ ਦੀ ਸੋਚ ਮੁਤਾਬਕ ਆਪਣਾ ਨਿਰਪੱਖ ਫੈਸਲਾ ਲੈ ਕੇ ਵੋਟ ਪਾਉਣ ਅਤੇ ਚੇਤੰਨ ਵੀ ਕਰਦੇ ਰਹਿੰਦੇ ਕਿ ਇਹ ਸਾਡੀਆਂ ਮੰਗਾਂ ਹਨ ਤੇ ਹਲਕੇ ਦੇ ਹਰੇਕ ਉਮੀਦਵਾਰ ਨੂੰ ਕਿਸਾਨਾਂ/ ਮਜ਼ਦੂਰਾਂ ਦੀ ਰਹਿਨੁਮਾਈ ਤਹਿਤ ਇਹ ਵੋਟਰ ਆਪ ਆਜ਼ਾਦ ਤੌਰ 'ਤੇ ਪੁੱਛਦੇ ਕਿ ਉਹ ਉਨ੍ਹਾਂ ਲਈ ਕੀ ਕਰਨਗੇ? ਹਾਂ! ਕਿਸਾਨ ਲੀਡਰਸ਼ਿਪ ਪਹਿਲਾਂ ਵਾਂਗ ਹੀ ਗੈਰ-ਸਿਆਸੀ ਰਹਿ ਕੇ ਵਿਚਰਦੀ ਤਾਂ ਕਿ ਸਭ ਸਿਆਸੀ ਪਾਰਟੀਆਂ ਨੂੰ ਭੈਅ ਬਣਿਆ ਰਹਿੰਦਾ ਕਿ ਕਿਸਾਨ ਲੀਡਰ ਜੇ ਗੈਰ ਸਿਆਸੀ ਰਹਿ ਕੇ ਕਿਸਾਨ/ਮਜ਼ਦੂਰ ਮੋਰਚਾ ਜਿੱਤ ਸਕਦੇ ਹਨ ਤਾਂ ਜੇ ਉਹ ਉਨ੍ਹਾਂ ਦੀਆਂ ਦਰੁਸਤ ਲੋਕ ਪੱਖੀ ਮੰਗਾਂ ਪ੍ਰਤੀ ਸੁਹਿਰਦ ਨਹੀਂ ਹੋਣਗੇ ਤਾਂ ਉਹ ਚੋਣ ਹਾਰ ਸਕਦੇ ਹਨ। ਲਗਦੈ ਕਿਸਾਨ ਲੀਡਰਾਂ ਨੇ ਇਹ ਪਹੁੰਚ ਨਹੀਂ ਅਪਣਾਈ: ਸਗੋਂ ਬਾਕੀ ਸਿਆਸੀ ਪਾਰਟੀਆਂ ਵਾਂਗ ਹੀ ਸਿਆਸਤ ਦੇ ਗੰਦੇ ਛੱਪੜ 'ਚ ਛਾਲ਼ ਮਾਰਨ ਨੂੰ ਤਰਜੀਹ ਦਿੱਤੀ ਹੈ।

ਪੰਜਾਬ ਨੂੰ ਦਰਪੇਸ਼ ਮਸਲੇ ਜਿਵੇਂ:- ਬੇਰੁਜ਼ਗਾਰੀ, ਨੌਜੁਆਨੀ ਦਾ ਵਹੀਰਾਂ ਘੱਤ ਕੇ ਬਾਹਰਲੇ ਮੁਲਕਾਂ ਨੂੰ ਪਰਵਾਸ, ਪ੍ਰਦੂਸ਼ਨ, ਭ੍ਰਿਸ਼ਟਾਚਾਰ, ਨਸ਼ਿਆਂ ਦਾ ਬੋਲ-ਬਾਲਾ, ਲੱਚਰ ਗਾਣੇ, ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਦੀ ਦੁਰਦਸ਼ਾ ਆਦਿ ਮੰਗਾਂ ਦਾ ਵੱਡਾ ਚਿੱਠਾ ਬਣਾ ਕੇ ਲੋਕਾਂ 'ਚ ਲਿਆਉਂਦੇ ਤੇ ਲੋਕਾਂ ਨੂੰ ਕਹਿੰਦੇ ਚੋਣ ਉਮੀਦਵਾਰਾਂ ਨੂੰ ਪੁੱਛੋ ਕਿ ਉਹ ਇਨ੍ਹਾਂ ਮੰਗਾਂ ਬਾਰੇ ਕੀ ਕਰਨਗੇ? ਮੋਰਚੇ ਦੌਰਾਨ ਬਣੀ ਲੋਕ ਸ਼ਕਤੀ ਨੂੰ ਲੋਕ ਸ਼ਕਤੀ ਹੀ ਰਹਿਣ ਦਿੰਦੇ ਤਾਂ ਚੰਗਾ ਹੁੰਦਾ। ਸਿਆਸਤ 'ਚ ਛਾਲ਼ ਮਾਰ ਕੇ ਲਗਦੈ, ਉਨ੍ਹਾਂ ਸਿਆਸੀ ਲੀਡਰੀ ਦੀ ਭੁੱਖ ਨੂੰ ਹੀ ਮੂੰਹ ਮਾਰਿਆ ਹੈ। ਸਿਆਸੀ ਲੀਡਰ ਤਾਂ ਅੱਗੇ ਹੀ ਇੱਟ ਚੁੱਕੀ 'ਤੇ ਨਿਕਲਦੇ ਹਨ। ਉਹ ਕਿਸਾਨ ਲੀਡਰਾਂ ਨੂੰ ਵੀ ਆਪਣੇ ਵਰਗੇ ਦਿਖਣ ਤੇ ਲੱਗਣ ਲਾ ਦੇਣਗੇ। ਇਸ ਤਿਕੜਮਬਾਜ਼ੀ ਦੇ ਉਹ ਮਾਹਿਰ ਹਨ। ਹਰ ਆਏ ਦਿਨ ਡੱਡੂਆਂ ਦੀ ਪੰਸੇਰੀ ਵਾਂਗ ਛੜੱਪੇ ਮਾਰ ਇੱਕ ਪਾਰਟੀ ਤੋਂ ਦੂਜੀ, ਦੂਜੀ ਤੋਂ ਤੀਜੀ, ਚੌਥੀ, ਪੰਜਵੀਂ ਤੇ ਮੁੜ ਪਹਿਲੀ 'ਚ ਛਾਲ਼ਾਂ ਮਾਰ ਰਹੇ ਹਨ। ਅਜਿਹੀ ਸੀਥਤੀ 'ਚ ਉਹ ਕਿਸਾਨ ਲੀਡਰਾਂ ਨੂੰ ਵੀ ਰੋਲ਼ ਕੇ ਰੱਖ ਦੇਣਗੇ। ਪੰਜਾਬ ਦੀਆਂ ਬਹੁਤੀਆਂ ਪਾਰਟੀਆਂ ਨਾਂ ਮੂਜਬ ਹੀ ਹਨ, ਲੋਕ ਉਨ੍ਹਾਂ ਨਾਲ ਨਹੀਂ; ਉਹ ਇਸ ਕਰਕੇ ਕਿ ਉਹ ਲੋਕਾਂ ਦੇ ਮੁੱਦਿਆਂ ਨੂੰ ਨਾ ਤਾਂ ਸਮੇਂ ਦੀ ਲੋੜ ਮੁਤਾਬਕ ਸਮਝ ਸਕੇ ਹਨ ਅਤੇ ਨਾ ਹੀ ਆਪਣੀ 'ਮੈਂ ਨਾ ਮਾਨੂੰ' ਵਾਲੀ ਬਿਰਤੀ 'ਚੋਂ ਬਾਹਰ ਨਿਕਲ ਸਕੇ ਹਨ। ਕਿਸਾਨ/ਮਜ਼ਦੂਰ ਮੋਰਚੇ ਦੀ ਜਿੱਤ ਨੇ ਉਨ੍ਹਾਂ ਸਭ ਦੇ ਮੂੰਹ 'ਤੇ ਖਿੱਚ ਕੇ ਚਪੇੜ ਮਾਰੀ ਹੈ ਅਤੇ ਦਰਸਾ ਦਿੱਤਾ ਹੈ ਕਿ ਜੇ ਇਮਾਨਦਾਰੀ ਤੇ ਸੁਹਿਰਦਤਾ ਨਾਲ ਲੋਕਾਂ ਨੂੰ ਨਾਲ ਲੈ ਕੇ ਕਿਸੇ ਮੁੱਦੇ ਲਈ ਲੜਿਆ ਜਾਏ ਤਾਂ ਜਿੱਤ ਦੀ ਪਹੁੰਚ 'ਤੇ ਪਹੁੰਚਿਆ ਜਾ ਸਕਦਾ ਹੈ। ਇਹ ਜਿੱਤ ਐਵੇਂ ਨਹੀਂ ਹੋਈ, ਸੈਂਕੜੇ ਕਿਸਾਨ ਅਤੇ ਮਜ਼ਦੂਰ ਵੱਖੋ ਵੱਖਰੀਆਂ ਸਥਿਤੀਆਂ 'ਚ ਆਪਣੀਆਂ ਜਾਨਾਂ ਵਾਰ ਗਏ ਹਨ। ਇਹ ਤਦੇ ਸੰਭਵ ਸੀ ਕਿ ਉਨ੍ਹਾਂ ਨੂੰ ਆਪਣੇ ਲੀਡਰਾਂ ਤੋਂ ਮੋਰਚੇ ਨੂੰ ਮਿਲ ਰਹੀ ਸੇਧ ਉੱਤੇ ਪੂਰਨ ਭਰੋਸਾ ਅਤੇ ਵਿਸ਼ਵਾਸ ਸੀ ਤੇ ਉਨ੍ਹਾਂ ਨੇ ਅੰਤਾਂ ਦੀਆਂ ਔਕੜਾਂ ਸਹਾਰਦੇ ਹੋਏ ਵੀ ਮੋਰਚੇ ਨੂੰ ਪਿੱਠ ਨਹੀਂ ਦਿਖਾਈ। ਹੁਣ ਚੋਣਾਂ ਵੇਲੇ ਇਹ ਸਥਿਤੀ ਨਹੀਂ ਹੈ, ਜਿਸ ਨਾਲ ਹੁਣ ਤੱਕ ਦੇ ਸਾਰੇ ਬਣੇ ਪ੍ਰਭਾਵ ਨੂੰ ਢਾਹ ਲੱਗਣ ਦੇ ਖਦਸ਼ੇ ਹਨ।

# ਇੱਕ ਤਸਵੀਰ ਦੇਖਦਿਆਂ...



## ਕਲਾ ਪਰਿਕਰਮਾ

ਦਹਾਕਾ ਪੁਰਾਣੀ ਇਸ ਤਸਵੀਰ ਨੂੰ ਇਨ੍ਹੀਂ ਦਿਨੀਂ ਗਹੁ ਨਾਲ ਵਾਚਣ ਦੀ ਜ਼ਰੂਰਤ ਹੈ ਕਿਉਂਕਿ ਅੱਜ ਕੱਲ੍ਹ ਪੰਜਾਬ ਦੇ ਅਤੀਤ, ਵਰਤਮਾਨ ਅਤੇ ਭਵਿੱਖ ਦੀ ਚਰਚਾ ਹੋ ਰਹੀ ਹੈ। ਭਵਿੱਖ ਬਦਲ ਦੇਣ ਦੀਆਂ ਦਾਅਵੇਦਾਰੀਆਂ ਹਨ, ਇਨ੍ਹਾਂ ਦਾਅਵੇਦਾਰੀਆਂ ਤੋਂ ਕਈ ਉਮੀਦਾਂ ਜਾਗ ਰਹੀਆਂ ਹਨ ਤੇ ਟੁੱਟ ਵੀ ਰਹੀਆਂ ਹਨ। ਪੰਜਾਬ ਦਾ ਭਵਿੱਖ ਕੀ ਹੈ? ਇਹ ਸਵਾਲ ਨਿੱਤ ਦਿਨ ਹਵਾ ਵਿਚ ਲਟਕਦਾ ਹੈ। ਇਸ ਸਵਾਲ ਦਾ ਜਵਾਬ ਇਸ ਤਸਵੀਰ ਦੇ ਹਵਾਲੇ ਨਾਲ ਲੱਭਣ ਦਾ ਯਤਨ



**ਪਾਵੇਲ ਕੁੱਸਾ**

ਕਰਨਾ ਚਾਹੀਦਾ ਹੈ। ਜੇ ਦਹਾਕਾ ਪੁਰਾਣੀ ਇਹ ਤਸਵੀਰ ਸਾਡੇ ਵਰਤਮਾਨ ਉਤੇ ਗੂੜ੍ਹਾ ਪ੍ਰਛਾਵਾਂ ਹੋ ਕੇ ਉਘੜੀ ਹੈ ਤਾਂ ਲਾਜ਼ਮੀ ਹੀ ਇਸ ਵਿਚੋਂ ਭਵਿੱਖ ਦੀਆਂ ਸੈਨਤਾਂ ਸਮਝਣ ਦਾ ਉਪਰਾਲਾ ਕਰਨਾ ਚਾਹੀਦਾ ਹੈ।

ਇਹ ਤਸਵੀਰ ਅਕਤੂਬਰ 2011 ਵਿਚ ਮਾਨਸਾ ਜ਼ਿਲ੍ਹੇ ਦੇ ਗੋਬਿੰਦਪੁਰਾ ਪਿੰਡ ਦੇ ਖੇਤਾਂ ਦੀ ਹੈ। ਇਹ ਉਹ ਖੇਤ ਹਨ ਜਿਨ੍ਹਾਂ ਨੂੰ ਇੱਕ ਕਾਰਪੋਰੇਟ ਕੰਪਨੀ ਵੱਲੋਂ ਥਰਮਲ ਪਲਾਂਟ ਲਾਉਣ ਲਈ ਐਕਵਾਇਰ ਕੀਤਾ ਜਾ ਰਿਹਾ ਸੀ। ਪਿੰਡ ਦੇ ਲੋਕ ਇਸ ਜਬਰੀ ਐਕਵਾਇਰ ਦੇ ਫਰਮਾਨਾਂ ਖਿਲਾਫ ਡਟ ਗਏ। ਪੰਜਾਬ ਦੀ ਜਥੇਬੰਦ ਕਿਸਾਨ ਲਹਿਰ ਨੇ ਇਸ ਉਜਾੜੇ ਖਿਲਾਫ ਮੋਰਚਾ ਮੱਲ ਲਿਆ ਅਤੇ ਕਈ ਮਹੀਨਿਆਂ ਦੇ ਸੰਘਰਸ਼ ਨਾਲ ਖੇਤਾਂ ਦੀ ਰਾਖੀ ਕੀਤੀ। ਇਹ ਤਸਵੀਰ ਉਸ ਸੰਘਰਸ਼ ਦੀ ਕਥਾ ਬਿਆਨਦੀ ਹੈ। ਉਦੋਂ ਔਰਤਾਂ ਦੇ ਸਿਦਕ ਨੂੰ ਹਰਾਇਆ ਨਹੀਂ ਜਾ ਸਕਿਆ ਸੀ।

ਤਸਵੀਰ ਵਿਚੋਂ ਉਭਰਦਾ ਕੇਂਦਰੀ ਪ੍ਰਭਾਵ ਜਾਬਰ ਸੱਤਾ ਤੋਂ ਨਾਬਰੀ ਦਾ ਹੈ। ਲੋਕ ਸਾਂਝ ਦੇ ਜ਼ੋਰ 'ਤੇ ਉਭਰੀ ਨਾਬਰੀ ਦਾ ਹੈ। ਸੱਤਾ ਜਿਸ ਕੋਲ ਆਪਣੀ ਮਨਵਾਉਣ ਲਈ ਡਾਂਗ ਦਾ ਜ਼ੋਰ ਹੈ, ਨੂੰ 'ਵਿਕਾਸ' ਲਈ ਡਾਂਗ ਦੀ ਜ਼ਰੂਰਤ ਪੈਂਦੀ ਹੈ। ਇਸ ਉਚੀ ਉਠੀ ਡਾਂਗ ਤੋਂ ਬਿਨਾਂ ਇਹ ਲੋਕਾਂ ਨੂੰ ਵਿਕਾਸ ਦੀ ਜ਼ਰੂਰਤ ਸਮਝਾ ਨਹੀਂ ਸਕਦੀ। ਪੁਲਿਸ ਦੀਆਂ ਧਾੜਾਂ ਪਿੰਡ ਦੇ ਲੋਕਾਂ ਨੂੰ ਇਹ 'ਸਮਝਾਉਣ' ਲਈ ਆਈਆਂ ਕਿ ਕਾਰਪੋਰੇਟ ਕੰਪਨੀ ਨੂੰ ਜ਼ਮੀਨ ਦੇਣ ਨਾਲ ਪਿੰਡ ਅਤੇ ਇਲਾਕੇ ਦਾ ਵਿਕਾਸ ਕਿਵੇਂ ਹੋਵੇਗਾ! ਤਸਵੀਰ ਪੰਜਾਬ ਵਿਚ ਹੋਏ 'ਵਿਕਾਸ' ਦੇ ਸੁਭਾਅ ਅਤੇ ਇਸ ਦੀ ਕੀਮਤ ਦਾ ਭੇਤ ਵੀ ਦਿੰਦੀ ਹੈ ਪਰ ਪਿੰਡ ਦੀ ਲੋਕਾਈ ਨਾਬਰ ਹੈ, ਇਹ ਤਸਵੀਰ ਉਸ ਨਾਬਰੀ ਦਾ ਇਜ਼ਹਾਰ ਹੈ।

ਇਹ ਅਜਿਹੀ ਨਾਬਰੀ ਹੈ ਜਿਸ ਪਿੱਛੇ ਪੰਜਾਬ ਦੇ ਕਿਰਤੀਆਂ ਦੀ ਸਦੀਆਂ ਦੀ ਰਵਾਇਤ ਹੈ, ਵਿਦੇਸ਼ੋਂ ਆਏ ਹਮਲਾਵਰਾਂ ਸਾਹਮਣੇ ਡਟ ਜਾਣ ਦੀ ਰਵਾਇਤ। ਇਹ ਹਮਲਾਵਰ ਕੋਈ ਵੀ ਭੇਸ ਧਾਰ ਕੇ ਆਉਣ, ਇਨ੍ਹਾਂ ਨੂੰ ਟੱਕਰ ਮਿਲਦੀ ਰਹੀ ਹੈ। ਪੰਜਾਬੀ ਇਸ ਰਵਾਇਤ ਉੱਤੇ ਫਖਰ ਕਰਦੇ ਹਨ। ਇਹ ਤਸਵੀਰ ਨਾਬਰੀ ਦੀ ਰਵਾਇਤ ਦੀ ਬੁਲੰਦੀ ਕਾਇਮ ਰਹਿਣ ਦੀ ਗਵਾਹੀ ਹੈ। ਦਹਾਕਾ ਪਹਿਲਾਂ ਜਦੋਂ ਪੰਜਾਬ ਨੂੰ ਬੇ-ਆਸ ਧਰਤੀ ਕਰਾਰ ਦਿੱਤਾ ਜਾ ਰਿਹਾ ਸੀ, ਜਦੋਂ ਪੰਜਾਬੀ ਚਿੰਤਕਾਂ ਅੰਦਰ ਪੰਜਾਬੀਆਂ ਦੇ ਸੰਘਰਸ਼ ਨਾ ਕਰ ਸਕਣ ਅਤੇ ਨਿਰਾਸ਼ਾ ਦੇ ਆਲਮ ਦੇ ਹੋਰ ਡੂੰਘਾ ਪਸਰ ਜਾਣ ਦੇ ਫਿਕਰਾਂ ਦੀ ਗੱਲ ਹੋ ਰਹੀ ਸੀ ਤਾਂ ਉਦੋਂ ਪੰਜਾਬ ਦੀ ਧਰਤੀ ਉੱਤੇ ਨਾਬਰੀ ਦੀ ਇਸ ਰਵਾਇਤ ਨੂੰ ਮਘਦੀ ਰੱਖਿਆ ਜਾ ਰਿਹਾ ਸੀ। ਉਹ ਰਵਾਇਤ ਜਿਹੜੀ ਫਿਰ ਕਿਸਾਨ ਸੰਘਰਸ਼ ਦੌਰਾਨ ਮੁੜ ਜੋਬਨ ਤੇ ਆ ਕੇ ਧੜਕੀ। ਇਹ ਤਸਵੀਰ ਉਸ ਨੂੰ ਔਖੇ ਸਮਿਆਂ ਵਿਚ ਜਿਊਂਦੇ ਰੱਖਣ ਵਾਲੇ ਸਿਦਕਵਾਨਾਂ ਦੀ ਯਾਦ ਦਿਵਾਉਂਦੀ ਹੈ। ਜਦੋਂ ਜਵਾਨੀ ਨਸ਼ਿਆਂ ਦਾ ਕਹਿਰ ਝੱਲ ਰਹੀ ਸੀ, ਕਿਸਾਨੀ ਗਲਾਂ ਵਿਚ ਫਾਹੇ ਪਾ ਰਹੀ ਸੀ ਤਾਂ ਇਕ ਰੁਝਾਨ ਇਹ ਵੀ ਸੀ। ਇਹ ਯਾਦ ਦਿਵਾਉਂਦੀ ਹੈ ਕਿ ਕਿਸਾਨ ਸੰਘਰਸ਼ ਅੰਦਰ ਮਕਬੂਲ ਹੋ ਕੇ ਘਰਾਂ ਦੇ ਬਨੇਰਿਆਂ ਤੇ ਫੈਲ ਗਏ ਇਨ੍ਹਾਂ ਝੰਡਿਆਂ ਨੂੰ ਪਹਿਲਾਂ ਕਿਨ੍ਹਾਂ ਹਾਲਾਤ ਵਿਚ ਝੂਲਦੇ ਰੱਖਿਆ ਗਿਆ ਸੀ। ਇਹ ਤਸਵੀਰ ਸੰਘਰਸ਼ ਦੇ ਰੁਝਾਨ ਦੀ ਨੁਮਾਇੰਦਾ ਤਸਵੀਰ ਹੋ ਨਿੱਬੜਦੀ ਹੈ।

ਮੁਲਕ ਦੀ ਕਿਸਾਨੀ ਨੂੰ ਝੰਜੋੜ ਕੇ ਜਗਾ ਦੇਣ ਵਾਲੇ ਇਤਿਹਾਸਕ ਕਿਸਾਨ ਸੰਘਰਸ਼ ਦੇ ਪਿਛੋਕੜ ਵਿਚ ਵੀ ਇਸ ਤਸਵੀਰ ਨੂੰ ਦੇਖਿਆ ਅਤੇ ਸਮਝਿਆ ਜਾ ਸਕਦਾ ਹੈ ਕਿ ਕਿਵੇਂ ਇਹ ਪੰਜਾਬ ਦੇ ਵਰਤਮਾਨ ਉੱਤੇ ਗੂੜ੍ਹਾ ਪ੍ਰਛਾਵਾਂ ਬਣ ਕੇ ਉੱਕਰੀ ਗਈ ਹੈ; ਕਿਵੇਂ ਇਸ ਤਸਵੀਰ ਵਿਚੋਂ ਦਿੱਲੀ ਦੇ ਬਾਰਡਰਾਂ ਉੱਤੇ ਬੈਠੀਆਂ ਸਿਦਕਵਾਨ ਵੀਰਾਂਗਣਾਂ ਦੀਆਂ ਹਜ਼ਾਰਾਂ ਤਸਵੀਰਾਂ ਨੇ ਜਨਮ ਲਿਆ ਹੈ। ਅਜਿਹੀਆਂ ਤਸਵੀਰਾਂ ਪੂਰੀ ਦੁਨੀਆ ਵਿਚ ਜਾਬਰਾਂ ਦੀ ਸੱਤਾ ਤੋਂ ਕਿਰਤੀ ਲੋਕਾਂ ਦੀ ਨਾਬਰੀ ਦਾ ਪ੍ਰਤੀਕ ਹੋ ਕੇ ਉੱਭਰੀਆਂ ਹਨ। ਇਹ ਤਸਵੀਰ ਸਾਲ ਭਰ ਲਈ ਦਿੱਲੀ ਦੇ ਬਾਰਡਰਾਂ ਤੇ ਫੈਲ ਗਈ ਜਾਪਦੀ ਹੈ। ਕੇਂਦਰ ਸਰਕਾਰ ਖਿਲਾਫ ਜੂਝਦੀ ਪੰਜਾਬ ਦੀ ਮਿਹਨਤਕਸ਼ ਲੋਕਾਈ ਇਸ ਤਸਵੀਰ ਤੋਂ ਉਤਸ਼ਾਹ ਤੇ ਪ੍ਰੇਰਨਾ ਲੈਂਦੀ ਰਹੀ ਹੈ।

ਇਹ ਤਸਵੀਰ ਇਸ ਸਵਾਲ ਦਾ ਜਵਾਬ ਵੀ ਦਿੰਦੀ ਹੈ ਕਿ ਖੇਤੀ ਕਾਨੂੰਨਾਂ ਖਿਲਾਫ ਇਤਿਹਾਸਕ ਕਿਸਾਨ ਸੰਘਰਸ਼ ਅੰਦਰ ਪੰਜਾਬ ਕਿਉਂ ਮੋਹਰੀ ਹੋ ਨਿਬੜਿਆ ਸੀ। ਇਹ ਨਾ ਸਿਰਫ ਗੋਬਿੰਦਪੁਰੇ ਦਾ ਸੰਘਰਸ਼ ਸੀ ਸਗੋਂ ਉਸ ਤੋਂ ਵੀ ਪਹਿਲਾਂ ਟਰਾਈਡੈਂਟ ਕੰਪਨੀ ਲਈ ਬਰਨਾਲੇ ਜ਼ਿਲ੍ਹੇ ਦੇ ਤਿੰਨ ਪਿੰਡਾਂ ਵਿਚ ਐਕਵਾਇਰ ਕੀਤੀ ਜ਼ਮੀਨ ਖਿਲਾਫ ਸੰਘਰਸ਼ ਵੀ ਸੀ ਜਿਸ ਨੇ ਪੰਜਾਬੀ ਕਿਸਾਨਾਂ ਨੂੰ ਖੇਤੀ ਜ਼ਮੀਨਾਂ ਉੱਤੇ ਕਾਰਪੋਰੇਟ ਧਾਵੇ ਬਾਰੇ ਸੁਚੇਤ ਕਰ ਦਿੱਤਾ ਸੀ ਤੇ ਇਸ ਧਾਵੇ ਖਿਲਾਫ ਜੂਝਣ ਦਾ ਮੁੱਢਲਾ ਅਭਿਆਸ ਵੀ ਕਰਵਾ ਦਿੱਤਾ ਸੀ। ਕਿਸਾਨੀ ਦਾ ਮੱਥਾ ਰਾਜ ਭਾਗ ਦੀਆਂ ਜਾਬਰ ਸ਼ਕਤੀਆਂ ਨਾਲ ਲੱਗ ਚੁੱਕਾ ਸੀ ਤੇ ਉਹ ਅਜਿਹੀ ਜਦੋ-ਜਹਿਦ ਦੀ ਤਿਆਰੀ ਦੇ ਅਰਸੇ ਵਿਚੋਂ ਗੁਜ਼ਰ ਚੁੱਕੀ ਸੀ। ਸਭ ਤੋਂ ਵਧ ਕੇ ਉਸ ਨੇ ਇਨ੍ਹਾਂ ਕਈ ਸਥਾਨਕ ਜਦੋ-ਜਹਿਦਾਂ ਰਾਹੀਂ ਆਪਣੇ ਆਪ ਨੂੰ ਅਜਿਹੀ ਤਾਕਤ ਵਜੋਂ ਜਥੇਬੰਦ ਕਰ ਲਿਆ ਹੋਇਆ ਸੀ ਜਿਹੜੀ ਵੱਡੇ ਧਨਾਢਾਂ ਦੇ ਹੱਲੇ ਮੂਹਰੇ ਢਾਲ ਬਣ ਸਕਦੀ ਸੀ ਤੇ ਜੂਝਣ ਦਾ ਹੌਸਲਾ ਜੁਟਾ ਸਕਦੀ ਸੀ। ਖੇਤੀ ਕਾਨੂੰਨਾਂ ਦੇ ਕਾਰਪੋਰੇਟ ਧਾਵੇ ਮੂਹਰੇ ਇਹ ਢਾਲ ਕਈ ਗੁਣਾ ਹੋ ਕੇ ਫੈਲ ਗਈ ਤੇ ਹਕੂਮਤੀ ਫਰਮਾਨਾਂ ਸਾਹਮਣੇ ਅੜ ਗਈ। ਬੀਤੇ ਦੌਰਾਨ ਹੋਈਆਂ ਇਨ੍ਹਾਂ ਜਦੋ-ਜਹਿਦਾਂ ਮੌਕੇ ਵਿਕਸਿਤ ਕੀਤੀਆਂ ਸੰਘਰਸ਼ ਨੀਤੀਆਂ ਭਰ ਜੋਬਨ ਤੇ ਆਈਆਂ ਤੇ ਹੋਰਨਾਂ ਸੂਬਿਆਂ ਦੀ ਕਿਸਾਨੀ ਲਈ ਵੀ ਰਾਹ ਦਰਸਾਵਾ ਬਣ ਗਈਆਂ। ਇਨ੍ਹਾਂ ਜਦੋ-ਜਹਿਦਾਂ ਦੀ ਕਮਾਈ ਅਰਥ ਭਰਪੂਰ ਹੋ ਨਿਬੜੀ ਅਤੇ ਪੰਜਾਬ ਦੀ ਕਿਸਾਨੀ ਮੁਲਕ ਦੀ ਕਿਸਾਨੀ ਦਾ ਮੋਹਰੀ ਦਸਤਾ ਹੋ ਕੇ ਨਿਭ ਸਕੀ।

ਤਸਵੀਰ ਵਿਚ ਜ਼ਾਹਿਰ ਹੋ ਰਹੀ ਨਾਬਰੀ ਦੀ ਸਿਖਰ ਕਿਸਾਨ ਔਰਤ ਦੇ ਹੱਥ ਵਿਚ ਸੰਘਰਸ਼ ਦੇ ਝੰਡੇ ਦਾ ਉੱਚਾ ਹੋਣਾ ਹੈ। ਇਹ ਝੰਡਾ ਜਿਨ੍ਹਾਂ ਸਾਹਮਣੇ ਉੱਚਾ ਹੋ ਰਿਹਾ ਹੈ, ਉਹ ਘੋੜਿਆਂ ਤੇ ਚੜ੍ਹੇ ਮਰਦ ਹਨ, ਉਹ ਰਾਜ ਸੱਤਾ ਦੇ ਨੁਮਾਇੰਦੇ ਹਨ ਪਰ ਮਰਦਾਵੀਂ ਸੱਤਾ ਸਾਹਮਣੇ ਤਣੀ ਖੜ੍ਹੀ ਔਰਤ ਨਿਤਾਣੀ ਜਾਂ ਵਿਚਾਰੀ ਨਹੀਂ। ਉਹ ਮਰਦਾਂ ਦੀ ਜਮਾਤੀ ਸੱਤਾ ਦੇ ਦੂਹਰੇ ਦਾਬੇ ਨੂੰ ਚੁਣੌਤੀ ਦੇ ਰਹੀ ਹੈ। ਇਹ ਉਨ੍ਹਾਂ ਔਰਤਾਂ ਦੀ ਨੁਮਾਇੰਦਗੀ ਕਰਦੀ ਹੈ ਜਿਨ੍ਹਾਂ ਨੇ ਖੇਤੀ ਸੰਕਟ ਵੱਡੇ ਜਿਗਰੇ ਨਾਲ ਝੱਲਿਆ; ਜਿਨ੍ਹਾਂ ਨੇ ਇਸ ਸੰਕਟ ਵੱਲੋਂ ਨਿਗਲ ਲਏ ਗਏ ਪੁੱਤਾਂ/ਪਤੀਆਂ ਦੀਆਂ ਲਾਸ਼ਾਂ ਨੂੰ ਹੱਥੀਂ ਤੋਰ ਕੇ ਜ਼ਿੰਦਗੀ ਦੀ ਗੱਡੀ ਨੂੰ ਰਿੜ੍ਹਦੇ ਰੱਖਿਆ ਹੈ; ਜਿਨ੍ਹਾਂ ਦੇ ਇਸ ਸਿਦਕ ਨੂੰ ਇਕ ਦਸਤਾਵੇਜ਼ੀ ਫਿਲਮਕਾਰ ਨੇ ਹਵਾ ਸਾਹਵੇਂ ਜਗਦੀਆਂ ਮੋਮਬੱਤੀਆਂ ਦੀ ਤਸ਼ਬੀਹ ਦਿੱਤੀ ਸੀ। ਝੱਖੜਾਂ ਸਾਹਮਣੇ ਜਗਣ ਦੀ, ਲਟ ਲਟ ਬਲਣ ਦੀ ਇਹ ਤਾਕਤ ਇਨ੍ਹਾਂ ਧਰਤ ਜਾਈਆਂ ਨੇ ਕਿਰਤਾਂ ਦੇ ਸਮੁੱਚੇ ਅਮਲ ਵਿਚੋਂ ਹਾਸਲ ਕੀਤੀ ਹੈ। ਇਹ ਤਾਕਤ ਚੇਤਨਾ ਵਿਚ ਵਟ ਕੇ ਅਜਿਹਾ ਇਰਾਦਾ ਹੋ ਨਿੱਬੜਦੀ ਹੈ ਜਿਸ ਦਾ ਪ੍ਰਭਾਵ ਇਸ ਤਸਵੀਰ ਵਿਚੋਂ ਵੀ ਉੱਭਰਦਾ ਹੈ ਤੇ ਜਿਹੜਾ ਪ੍ਰਭਾਵ ਸੰਸਾਰ ਹੁਣੇ ਹੀ ਹੰਢਾਉਣ ਦੇ ਅਮਲ ਵਿਚੋਂ ਲੰਘਿਆ ਹੈ।

ਇਹ ਤਸਵੀਰ ਰਾਜ ਸੱਤਾ ਅਤੇ ਲੋਕਾਂ ਦੇ ਰਿਸ਼ਤੇ ਦੀ ਸਨਦ ਵੀ ਬਣਦੀ ਹੈ। ਇਹ ਸਨਦ ਹੁਣ ਜ਼ਰੂਰ ਨਜ਼ਰਾਂ ਸਾਹਵੇਂ ਕਰ ਲੈਣੀ ਚਾਹੀਦੀ ਹੈ। ਅੱਜ ਜਿਸ ਵਿਕਾਸ ਦੇ ਦਾਅਵੇ ਕੀਤੇ ਜਾ ਰਹੇ ਹਨ, ਉਸ ਵਿਕਾਸ ਦਾ ਤਜਰਬਾ ਲੋਕਾਂ ਨੇ ਕਿਵੇਂ ਹੰਢਾਇਆ ਹੈ, ਇਸ ਤਸਵੀਰ ਦੇ ਹਵਾਲੇ ਨਾਲ ਬੀਤੇ ਦੋ ਦਹਾਕਿਆਂ ਦਾ ਪੰਜਾਬ ਦਾ ਅਤੀਤ ਫਰੋਲਣਾ ਚਾਹੀਦਾ ਹੈ। ਪੰਜਾਬ ਵਿਚ ਉਗਾ ਦਿੱਤੇ ਗਏ ਕਾਰਪੋਰੇਟਾਂ ਦੇ ਥਰਮਲਾਂ ਦੀਆਂ ਦੀਆਂ ਬਰਕਤਾਂ ਨਾਲ ਇਸ ਤਸਵੀਰ ਦੀਆਂ ਤੰਦਾਂ ਜੋੜਨੀਆਂ ਚਾਹੀਦੀਆਂ ਹਨ।

ਕਿਰਤੀ ਪੰਜਾਬੀਆਂ ਅੰਦਰ ਨਾਬਰੀ ਦਾ ਇਹ ਜਜ਼ਬਾ ਹੀ ਪੰਜਾਬ ਦੀ ਆਸ ਹੈ। ਕਿਸਾਨ ਸੰਘਰਸ਼ ਦੌਰਾਨ ਇਹ ਨਾਬਰੀ ਹੀ ਕਿਸਾਨੀ ਦੀ ਤਾਕਤ ਬਣ ਕੇ ਉੱਭਰੀ। ਇਹ ਆਸ ਪੰਜਾਬੀ ਕਿਰਤੀ ਲੋਕਾਂ ਦੇ ਨਾਬਰੀ ਦੇ ਜਜ਼ਬੇ ਵਿਚ ਹੈ। ਇਸ ਦਾ ਕਾਇਮ ਰਹਿਣਾ ਅਤੇ ਅਗਲੀ ਬੁਲੰਦੀ ਉੱਤੇ ਜਾਣਾ ਜ਼ਰੂਰੀ ਹੈ। ਇਸ ਜਜ਼ਬੇ ਦਾ ਹਕੀਕੀ ਬੁਨਿਆਦੀ ਬਦਲਾਓ ਦੀ ਚੇਤਨਾ ਵਿਚ ਬਦਲਣਾ ਇਸ ਦਾ ਅਗਲਾ ਪੰਧ ਹੈ ਜਿਹੜਾ ਪੰਜਾਬ ਦੇ ਸੰਘਰਸ਼ਸ਼ੀਲ ਲੋਕਾਂ ਨੇ ਰਲ ਕੇ ਤੈਅ ਕਰਨਾ ਹੈ। ਸੰਸਾਰ ਸਾਮਰਾਜੀ ਪ੍ਰਬੰਧ ਦੇ ਸੰਕਟਾਂ ਨੇ ਜਿਵੇਂ ਆਉਂਦੇ ਸਮੇਂ ਅੰਦਰ ਲੋਕਾਂ ਉੱਤੇ ਮੜ੍ਹੇ ਜਾਣਾ ਹੈ, ਉਵੇਂ ਹੀ ਇਸ ਜਜ਼ਬੇ ਅਤੇ ਇਸ ਜਜ਼ਬੇ ਦੇ ਸਿਆਸੀ ਚੇਤਨਾ ਨਾਲ ਗੁੰਦੇ ਜਾਣ ਦੀ ਲੋੜ ਹੋਰ ਤਿੱਖੀ ਹੋਣੀ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 05 ਮਾਰਚ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-523



**ਕੰਮੀਆਂ ਦੇ ਨੇ ਕੱਚੇ ਕੂਚੇ, ਪਰ ਕਲਾਕਾਰੀ ਵਿਖਾ ਦਿੱਤੀ।**<br>
**ਤੂੜੀ ਪਾ ਕੇ ਗੁੰਨ੍ਹੀ ਮਿੱਟੀ, ਲਿੱਪ ਦਿਵਾਖੜੀ ਬਣਾ ਦਿੱਤੀ।**<br>
**ਬਹੁ ਮੰਜ਼ਲੀ ਗੋਲਾਈ ਦੇਹ, ਪੜਛੱਤੀ ਵਾਂਗ ਸਜਾ ਦਿੱਤੀ।**<br>
**ਚਿਣੇ ਭਾਂਡੇ ਫਿਰ ਤਰਤੀਬੇ, ਵਿਰਸੇ 'ਤੇ ਝਾਤ ਪੁਆ ਦਿੱਤੀ।**

### ਕੈਪਸ਼ਨ ਮੁਕਾਬਲਾ-521



ਸਦਕੇ ਜਾਈਏ ਕਲਾਕਾਰ ਦੇ,<br>
ਜਿਹਨੇ ਵੀ ਹੈ ਕਲਾ ਦਿਖਾਈ।<br>
ਮਿਟਦੇ ਜਾਂਦੇ ਚਿੰਨ੍ਹ ਵਿਰਸੇ ਦੇ,<br>
ਤੰਦੂਰ ਦੇ ਵਾਲੀ ਸਾਂਝ ਬਣਾਈ।<br>
ਤੱਕ ਕੇ ਇਹ ਅਜਬ ਨਮੂਨਾ,<br>
ਭਲੇ ਦਿਨਾਂ ਦੀ ਯਾਦ ਹੈ ਆਈ।

***- ਜਗਮੀਤ ਸਿੰਘ ਪੰਧੇਰ***<br>
***ਕਲਾਹੜ (ਲੁਧਿਆਣਾ)***<br>
***ਫੋਨ: 98783-37222***

---

ਪੱਟ ਦਿੱਤੀ ਦੁਨੀਆ ਸੁਆਦਾਂ ਨੇ,<br>
ਮੁਹੱਲੇ ਵਿਚ ਕਿਸੇ ਇਕ ਦੇ ਘਰ ਤੰਦੂਰ<br>
ਜਿਵੇਂ ਤ੍ਰਿੰਝਣ 'ਤੇ ਸੀ ਇਕੱਠੀਆਂ ਹੁੰਦੀਆਂ,<br>
ਰਲ ਸੁਆਣੀਆਂ ਉਵੇਂ ਹੀ,<br>
ਲੈ ਆਪੋ ਆਪਣੇ ਪੇੜੇ<br>
ਮਸਤੀ 'ਚ ਸੀ ਝੂਮਦੀਆਂ,<br>
ਖਿੱਲੀਆਂ ਪਾਉਂਦੀਆਂ,<br>
ਸੁਨਹਿਰੀ ਰੰਗ 'ਚ ਰੜ੍ਹੀ ਤੰਦੂਰੀ ਰੋਟੀ<br>
ਪਾ ਆਪੋ-ਆਪਣੇ ਛਾਬੇ 'ਚ<br>
ਉਡੀਕ ਕਰਦੇ ਪਰਿਵਾਰ,<br>
ਤੱਕਦੇ ਦਰਾਂ ਵੱਲ ਵਾਰ-ਵਾਰ<br>
ਦੂਰੋਂ ਹੀ ਮਹਿਕ ਆਉਂਦੀ<br>
ਵਾਹ ਵਾਹ ਤੰਦੂਰੀ ਰੋਟੀ ਦੇ ਗੁਣ<br>
ਬਣ ਗਿਆ ਧੰਦਾ ਅੱਜ ਕਮਾਈ ਦਾ,<br>
ਰੈਸਟੋਰੈਂਟਾਂ 'ਚ ਉਹੀ ਨਾਨ ਬਣਦੇ।

***-ਦਰਸ਼ਨ ਪਾਲ ਦੋਸਾਂਝ***

---

ਕਲਾਕਾਰ ਨੇ ਬਣਾਈ ਸੋਹਣੀ ਮੂਰਤ,<br>
ਸਾਡੇ ਪੰਜਾਬੀ ਸਭਿਆਚਾਰ ਦੀ,<br>
ਮੁਹੱਲੇ ਦੀਆਂ ਕੁੜੀਆਂ<br>
ਸੁਘੜ ਸੁਆਣੀਆਂ,<br>
ਰਲ-ਮਿਲ ਤੰਦੂਰੀ ਰੋਟੀਆਂ<br>
ਕਰਨ ਤਿਆਰ ਜੀ,<br>
ਕੋਈ ਗੁੰਨ੍ਹੇ ਆਟਾ, ਵੇਲੇ,<br>
ਕੋਈ ਥੱਪੇ ਤੰਦੂਰ 'ਚ,<br>
ਚੋਪੜੇ, ਸਾਂਭੇ ਪੋਣੇ 'ਚ,<br>
ਕੋਈ ਵੱਤ ਦੇਖ ਕੇ ਰਾੜ੍ਹਦੀ,<br>
ਅਜੋਕੀ ਪੀੜ੍ਹੀ ਭੁੱਲ ਗਈ<br>
ਸਮਾਜਿਕ ਸਾਂਝਾਂ,<br>
ਭਾਈਚਾਰਕ ਰਿਸ਼ਤਿਆਂ ਦੀ<br>
ਵਿਰਾਸਤ ਵਿਸਾਰ 'ਤੀ।

***-ਅਮਰਜੀਤ ਸਿੰਘ ਤੂਰ***<br>
***ਕੁਲਬੁਰਛਾ (ਪਟਿਆਲਾ)***<br>
***ਫੋਨ: 98784-69639***

---

ਮੁਟਿਆਰਾਂ ਉਮਰ ਦੀਆਂ ਛੋਟੀਆਂ,<br>
ਗਰਮਾਇਆ ਤੰਦੂਰ ਪਾ ਕੇ ਸੋਟੀਆਂ,<br>
ਇਕ ਵਿਚਕਾਰਲੀ ਨੇ ਅੱਖਾਂ ਮੀਚੀਆਂ,<br>
ਬਣਾਈਆਂ ਰਾੜ੍ਹ ਕੇ ਤੰਦੂਰੀ ਰੋਟੀਆਂ,<br>
ਜਿਨ੍ਹਾਂ ਨੇ ਖਾਧੀਆਂ,<br>
ਉਨ੍ਹਾਂ ਦੀਆਂ ਅੱਖਾਂ ਮੋਟੀਆਂ।

***-ਬੱਲਾ ਲਬਾਣਾ***<br>
***ਫੋਨ: 848-235-8344***

# ਪੰਜਾਬੀ ਨਾਟ ਸਾਹਿਤ ਦੀ ਵਿਲੱਖਣ ਪ੍ਰਾਪਤੀ ਡਾ. ਕੁਲਦੀਪ ਸਿੰਘ ਦੀਪ ਦਾ 'ਛੱਲਾ'

**ਰਵਿੰਦਰ ਸਿੰਘ ਸੋਢੀ**
**604-369-2371**

ਡਾ. ਕੁਲਦੀਪ ਸਿੰਘ ਦੀਪ, ਨਾਟਕ ਸਿਰਜਕ ਵੀ ਹੈ, ਨਾਟ ਆਲੋਚਨਾ 'ਤੇ ਵੀ ਉਸ ਨੇ ਪ੍ਰਸ਼ੰਸਾਯੋਗ ਕੰਮ ਕੀਤਾ ਹੈ, ਪੰਜਾਬੀ ਵਿਚ 'ਨੈਨੋ ਨਾਟਕ' ਲਿਖਣ ਦੀ ਪਿਰਤ ਪਾਈ ਹੈ ਤੇ ਬਾਲ ਸਾਹਿਤ ਵੀ ਰਚਿਆ ਹੈ। ਕੋਵਿਡ ਮਹਾਮਾਰੀ ਦੌਰਾਨ ਜਦੋਂ ਸਾਰੇ ਘਰਾਂ ਵਿਚ ਕੈਦ ਹੋ ਗਏ ਸਨ ਤਾਂ ਉਨ੍ਹਾਂ ਦਿਨਾਂ ਦੀਆਂ ਯਾਦਾਂ ਨੂੰ ਉਸ ਨੇ 'ਲਾਕਡਾਊਨ ਡਾਇਰੀ' (ਦੋ ਕਿਸ਼ਤਾਂ) ਵਿਚ ਸਾਂਭਿਆ ਹੈ। ਉਸ ਨੇ ਮਹਾਮਾਰੀ ਦੌਰਾਨ ਵੈਬੀਨਾਰਾਂ ਰਾਹੀਂ ਕੁਝ ਸਥਾਪਿਤ ਅਤੇ ਕੁਝ ਉੱਭਰ ਰਹੇ ਲੇਖਕਾਂ, ਕਲਾਕਾਰਾਂ ਨੂੰ ਪੰਜਾਬੀ ਸਾਹਿਤਕ ਪ੍ਰੇਮੀਆਂ ਦੇ ਸਨਮੁੱਖ ਕੀਤਾ ਹੈ ਅਤੇ ਅੱਜ-ਕਲ੍ਹ ਪੰਜਾਬੀ ਸਾਹਿਤ ਸੰਬੰਧੀ ਆਨਲਾਈਨ ਪ੍ਰੋਗਰਾਮਾਂ ਦੀ ਲੜੀ ਨੂੰ ਪ੍ਰਫੁਲਿਤ ਕਰਨ ਵਿਚ ਵੀ ਉਹ ਸਰਗਰਮ ਹੈ। ਉਸ ਦਾ ਨਵਾਂ ਨਾਟਕ 'ਛੱਲਾ' ਹਾਲ ਵਿਚ ਹੀ ਪ੍ਰਕਾਸ਼ਿਤ ਹੋਇਆ ਹੈ। ਇਹ ਨਾਟਕ ਪੁਸਤਕ ਰੂਪ ਵਿਚ ਆਉਣ ਤੋਂ ਪਹਿਲਾਂ ਰੰਗਮੰਚ 'ਤੇ ਪੇਸ਼ ਹੋ ਚੁੱਕਾ ਹੈ।

ਇਸ ਨਾਟਕ ਸੰਬੰਧੀ ਚਰਚਾ ਕਰਨ ਤੋਂ ਪਹਿਲਾਂ ਕੁਝ ਹੋਰ ਗੱਲਾਂ ਕਰਨੀਆਂ ਜ਼ਰੂਰੀ ਹਨ। ਨਾਟਕ, ਸਾਹਿਤ ਦੀ ਅਜਿਹੀ ਵਿਧਾ ਹੈ, ਜੋ ਕਈ ਧਰਾਤਲਾਂ 'ਤੇ ਪਸਰੀ ਹੁੰਦੀ ਹੈ। ਨਾਟਕ ਦਾ ਪਾਠਕਾਂ ਨਾਲ ਤਾਂ ਸੰਬੰਧ ਹੁੰਦਾ ਹੀ ਹੈ, ਪਰ ਪਾਠਕਾਂ ਨਾਲੋਂ ਵੀ ਦਰਸ਼ਕਾਂ ਦੀ ਲੋਕ ਕਚਹਿਰੀ ਵਿਚ ਪ੍ਰਵਾਨ ਚੜ੍ਹਨਾ ਜ਼ਿਆਦਾ ਜ਼ਰੂਰੀ ਹੁੰਦਾ ਹੈ। ਰੰਗਮੰਚ ਅਦਾਕਾਰੀ, ਮੰਚ ਸਜਾਵਟ, ਵੇਸ ਭੂਸ਼ਾ, ਰੌਸ਼ਨੀ ਦੇ ਤਕਨੀਕੀ ਪੱਖ ਅਤੇ ਲੋੜੀਂਦੇ ਸੰਗੀਤਕ ਪ੍ਰਭਾਵਾਂ ਆਦਿ ਸਭ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਹਰ ਖੇਤਰ ਦਾ ਸੁਚੱਜਾ ਤਾਲਮੇਲ ਹੀ ਨਾਟਕ ਦੀ ਪੇਸ਼ਕਾਰੀ ਦੀ ਸਫਲਤਾ ਦਾ ਪੈਮਾਨਾ ਹੁੰਦਾ ਹੈ। ਇਸ ਦੇ ਨਾਲ ਹੀ ਨਾਟਕ ਦੇ ਵਿਸ਼ੇ ਦੀ ਆਪਣੀ ਵੱਖਰੀ ਮਹੱਤਤਾ ਹੁੰਦੀ ਹੈ, ਪਰ ਮੇਰਾ ਨਿੰਜੀ ਵਿਚਾਰ ਹੈ ਕਿ ਵਿਸ਼ੇ ਨਾਲੋਂ ਵਿਸ਼ੇ ਦੀ ਪੇਸ਼ਕਾਰੀ ਨਾਟਕ ਦੀ ਸਫਲਤਾ ਲਈ ਅਹਿਮ ਪੱਖ ਹੁੰਦਾ ਹੈ। ਇਸ ਸਮੇਂ ਮੇਰੇ ਸਾਹਮਣੇ 'ਛੱਲਾ' ਨਾਟਕ ਹੈ, ਰੰਗਮੰਚ ਦੀ ਪੇਸ਼ਕਾਰੀ ਨਹੀਂ, ਇਸ ਲਈ ਮੇਰੇ ਲਈ ਇਸ ਨਾਟਕ ਦੀ ਛਪੀ ਸਕ੍ਰਿਪਟ ਮੁੱਖ ਹੈ, ਭਾਵੇਂ ਇਸ ਦੇ ਮੰਚਨ ਪੱਖ ਨੂੰ ਵੀ ਮੈਂ ਨਜ਼ਰ-ਅੰਦਾਜ਼ ਨਹੀਂ ਕਰਾਂਗਾ।

ਨਾਟਕ ਦੀ ਕਹਾਣੀ ਤਾਂ ਏਨੀ ਕੁ ਹੈ ਕਿ ਦੇਸ਼ ਦੇ ਮੌਜੂਦਾ ਹਾਲਾਤ ਕਰਕੇ (ਖਾਸ ਕਰਕੇ ਪੰਜਾਬ ਦੇ) ਨੌਜਵਾਨ ਵਰਗ ਵਿਦੇਸ਼ਾਂ ਵੱਲ ਜਾਣ ਲਈ ਤਤਪਰ ਹੈ ਅਤੇ ਆਪਣਾ ਮਕਸਦ ਪੂਰਾ ਕਰਨ ਲਈ ਕੁਝ ਵੀ ਕਰਨ ਨੂੰ ਤਿਆਰ ਹੈ। ਏਜੰਟਾਂ ਦੇ ਚੱਕਰਾਂ ਵਿਚ ਪੈ ਕੇ ਨੌਜਵਾਨ ਆਪਣੇ ਪਰਿਵਾਰਾਂ ਨੂੰ ਜ਼ਮੀਨ ਜਾਇਦਾਦ ਵੇਚਣ ਜਾਂ ਕਰਜ਼ਾ ਚੁੱਕਣ ਲਈ ਮਜਬੂਰ ਕਰ ਰਹੇ ਹਨ। ਉਹ ਲੱਖਾਂ ਰੁਪਏ ਵੀ ਗਵਾ ਰਹੇ ਹਨ, ਬਾਹਰਲੇ ਮੁਲਕਾਂ ਵਿਚ ਜਾ ਕੇ ਮੁਸੀਬਤਾਂ ਦਾ ਸਾਹਮਣਾ ਵੀ ਕਰਦੇ ਹਨ ਅਤੇ ਕਈ ਵਾਰ ਜਾਨ ਤੋਂ ਵੀ ਹੱਥ ਧੋ ਬੈਠਦੇ ਹਨ। ਲੇਖਕ ਨੇ ਇਸ ਗੱਲ ਨੂੰ ਪ੍ਰਸੰਗਿਕ ਬਣਾਉਣ ਲਈ 2014 ਵਿਚ ਇਰਾਕ ਦੇ ਸ਼ਹਿਰ ਮੌਸਲ ਵਿਚ ਅਤਿਵਾਦੀ ਸੰਗਠਨ 'ਆਈ ਐਸ' ਵਲੋਂ ਚਾਲੀ ਭਾਰਤੀਆਂ ਨੂੰ ਅਗਵਾ ਕਰ ਲੈਣ ਦੀ ਘਟਨਾ ਨੂੰ ਪਿਛੋਕੜ ਦੇ ਰੂਪ ਵਿਚ ਵਰਤਿਆ ਹੈ। ਉਨ੍ਹਾਂ ਵਿਚੋਂ 39 ਤਾਂ ਮਾਰ ਦਿੱਤੇ ਗਏ ਸਨ, ਪਰ ਇਕ ਕਿਸੇ ਨਾ ਕਿਸੇ ਤਰ੍ਹਾਂ ਜਾਨ ਬਚਾਉਣ ਵਿਚ ਕਾਮਯਾਬ ਹੋ ਗਿਆ ਸੀ। ਇਸ ਨਾਟਕ ਵਿਚ ਨਾਟਕਕਾਰ ਨੇ ਚਾਲੀ ਦੀ ਥਾਂ ਪੰਜ ਪੰਜਾਬੀ ਨੌਜਵਾਨ ਦਰਸਾਏ ਹਨ ਅਤੇ ਉਨ੍ਹਾਂ ਵਿਚੋਂ ਇਕ ਬਚ ਕੇ ਦੇਸ਼ ਪਰਤਣ ਵਿਚ ਸਫਲ ਹੁੰਦਾ ਹੈ। ਇਹ ਕਹਾਣੀ ਸਧਾਰਨ ਜਿਹੇ ਪੱਧਰ ਦੀ ਹੈ। ਬਾਹਰੀ ਤੌਰ 'ਤੇ ਦੇਖਿਆਂ ਇਹ ਕਿਸੇ ਕਹਾਣੀ ਦਾ ਵਿਸ਼ਾ ਤਾਂ ਬਣ ਸਕਦੀ ਹੈ, ਪਰ ਨਾਟਕ ਦਾ ਨਹੀਂ। ਇੱਥੇ ਡਾ. ਦੀਪ ਦੀ ਕਲਪਨਾ ਸ਼ਕਤੀ ਦੀ ਦਾਦ ਦੇਣੀ ਬਣਦੀ ਹੈ ਕਿ ਉਸ ਨੇ ਇਸ ਘਟਨਾ ਨੂੰ ਕਲਪਨਾ ਦੀ ਅਜਿਹੀ ਪੁੱਠ ਚਾੜ੍ਹੀ ਕਿ ਇਕ ਪੂਰੇ ਨਾਟਕ ਦੀ ਕਲਾਤਮਕ ਕਹਾਣੀ ਸਿਰਜ ਦਿੱਤੀ। ਨਾਟਕਕਾਰ ਨੇ ਅਜਿਹੇ ਵਿਸ਼ੇ ਨੂੰ ਪ੍ਰਗਟਾਉਣ ਲਈ ਅਤੇ ਆਮ ਪਾਠਕਾਂ/ਦਰਸ਼ਕਾਂ ਦੇ ਨੇੜੇ ਲਿਆਉਣ ਲਈ ਵਿਲੱਖਣ ਜੁਗਤ ਤੋਂ ਕੰਮ ਲਿਆ ਹੈ। ਪੰਜਾਬ ਦੀ ਲੋਕ ਪ੍ਰੰਪਰਾ ਨਾਲ ਜੁੜੀ 'ਜੱਲੇ ਅਤੇ ਉਸ ਦੇ ਪੁੱਤਰ ਛੱਲੇ' ਦੀ ਕਹਾਣੀ ਨੂੰ ਸੂਤਰਧਰ ਦੇ ਰੂਪ ਵਿਚ ਪੇਸ਼ ਕਰ ਦਿੱਤਾ। ਇਹ ਸੂਤਰਧਾਰ ਕੋਈ ਵਿਅਕਤੀ ਵਿਸ਼ੇਸ਼ ਨਾ ਹੋ ਕੇ ਪੰਜਾਬੀ ਲੋਕ ਗੀਤ 'ਛੱਲਾ' ਹੈ। ਦੀਪ ਨੇ ਸਮੁੱਚੇ ਨਾਟਕ ਦੌਰਾਨ ਪੇਸ਼ ਕੀਤੀ ਜਾ ਰਹੀ ਕਹਾਣੀ ਦੇ ਸੰਦਰਭ ਵਿਚ ਛੱਲੇ ਦੇ ਨਵੇਂ ਬੰਦਾਂ ਦੀ ਰਚਨਾ ਕਰ ਕੇ ਜਿੱਥੇ ਨਾਟਕੀ ਕਾਰਜ ਦੇ ਪ੍ਰਭਾਵ ਨੂੰ ਤੀਬਰ ਕੀਤਾ ਉਥੇ ਨਾਟਕ ਨੂੰ ਲੋਕ ਰੰਗਤ ਵੀ ਬਖਸ਼ੀ। ਕੁਦਰਤੀ ਹੈ ਕਿ ਨਾਟਕ ਦੀ ਪੇਸ਼ਕਾਰੀ ਸਮੇਂ ਅਜਿਹੇ ਕਾਵਿਕ ਬੰਦਾਂ ਦੀ ਪੇਸ਼ਕਾਰੀ ਸਮੇਂ ਛੱਲੇ ਦੀ ਪ੍ਰੰਪਰਿਕ ਸੰਗੀਤਕ ਲੈਅ ਬਰਕਰਾਰ ਰੱਖੀ ਜਾਵੇਗੀ, ਜਿਸ ਨਾਲ ਨਾਟਕ ਵਿਚ ਰੌਚਿਕਤਾ ਵਧੇਗੀ ਅਤੇ ਦਰਸ਼ਕ ਛੱਲੇ ਦੀ ਲੋਕ ਧੁਨ ਦਾ ਆਨੰਦ ਮਾਣਦੇ ਹੋਏ ਨਾਟਕ ਦੇ ਕਥਾਨਕ ਨਾਲ ਇਕ-ਮਿੱਕ ਹੋਣਗੇ।




ਨਾਟਕ ਦੇ ਪਹਿਲੇ ਦ੍ਰਿਸ਼ ਦੀ ਜੇ ਗੱਲ ਕੀਤੀ ਜਾਵੇ ਤਾਂ ਨਾਟਕਕਾਰ ਵਲੋਂ ਦਿੱਤੇ ਨਿਰਦੇਸ਼ਾਂ ਅਨੁਸਾਰ ਮੰਚ 'ਤੇ ਚਾਰ ਛੱਲੇ ਹਨ, ਜੋ ਚਾਰ ਦਿਸ਼ਾਵਾਂ ਦੇ ਸੂਚਕ ਹਨ। ਇਸ ਤੋਂ ਭਾਵ ਹੈ ਕਿ ਛੱਲਿਆਂ ਦੇ ਪਿੱਛੇ ਖੜ੍ਹੇ ਚਾਰ ਪਾਤਰਾਂ ਦਾ ਕਾਰਜ ਖੇਤਰ ਕਿਸੇ ਇਕ ਵਿਸ਼ੇਸ਼ ਖਿੱਤੇ ਨਾਲ ਨਹੀਂ ਜੁੜਿਆ ਸਗੋਂ ਵਿਸ਼ਵ ਵਿਆਪੀ ਹੈ, ਭਾਵ ਉਨ੍ਹਾਂ ਨਾਲ ਜੋ ਕੁਝ ਵਾਪਰੇਗਾ, ਉਹ ਦੁਨੀਆ ਦੇ ਕਿਸੇ ਵੀ ਹਿੱਸੇ ਵਿਚ ਵਾਪਰ ਸਕਦਾ ਹੈ ਜਾਂ ਵਾਪਰ ਰਿਹਾ ਹੈ। ਮੰਚ ਦੇ ਵਿਚਕਾਰ ਪੰਜਵਾਂ ਛੱਲਾ ਅਤੇ ਉਸਦੇ ਪਿੱਛੇ ਖੜ੍ਹਾ ਪਾਤਰ ਇਹ ਦਰਸਾਉਂਦਾ ਹੈ ਕਿ ਉਹ ਬਾਕੀ ਚਾਰਾਂ ਨਾਲੋਂ ਕੁਝ ਵੱਖਰਾ ਹੈ, ਨਾਟਕ ਵਿਚ ਉਸਦੀ ਭੂਮਿਕਾ ਬਾਕੀਆਂ ਨਾਲੋਂ ਕੁਝ ਅੱਡਰੀ ਹੈ। ਜਿਵੇਂ ਜਿਵੇਂ ਨਾਟਕ ਦੀ ਕਹਾਣੀ ਅੱਗੇ ਵਧਦੀ ਹੈ, ਇਹ ਗੱਲ ਸਪੱਸ਼ਟ ਵੀ ਹੁੰਦੀ ਜਾਂਦੀ ਹੈ। 'ਪੰਜ ਛੱਲੇ' ਇਸ ਗੱਲ ਦਾ ਵੀ ਪ੍ਰਤੀਕ ਹਨ ਕਿ ਇਨ੍ਹਾਂ ਦੀ ਓਟ ਵਿਚ ਖੜ੍ਹੇ ਪਾਤਰਾਂ ਦੀ ਜ਼ਿੰਦਗੀ ਸਮਤਲ ਧਰਾਤਲ 'ਤੇ ਚੱਲ ਕੇ ਕਿਸੇ ਮੰਜ਼ਿਲ 'ਤੇ ਪਹੁੰਚਣ ਵਾਲੀ ਨਹੀਂ ਸਗੋਂ ਘੁੰਮਣ ਘੇਰੀ ਵਿਚ ਫਸਣ ਵਾਲੀ ਹੈ। ਲੈਪੀ ਬਾਬਾ ਦੇ ਇਕ ਹੱਥ ਵਿਚ ਅਜੋਕੀ ਜ਼ਿੰਦਗੀ ਦਾ ਧੁਰਾ ਬਣ ਗਏ ਲੈਪਟਾਪ ਦਾ ਮਾਡਲ ਅਤੇ ਦੂਜੇ ਹੱਥ ਵਿਚ ਬੀਤੇ ਸਮੇਂ ਦੇ ਲੋਕ ਸੰਗੀਤ ਨਾਲ ਜੁੜੇ ਤੂੰਬੇ ਦਾ ਹੋਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਨਾਟਕ ਵਿਚ ਸਮੇਂ ਦੇ ਨਾਲ ਬਦਲ ਰਹੀਆਂ ਕਦਰਾਂ-ਕੀਮਤਾਂ ਨਾਲ ਦਰਪੇਸ਼ ਨਵੀਆਂ ਸਮੱਸਿਆਵਾਂ ਦਾ ਚਿਤਰਨ ਵੀ ਦੇਖਣ ਨੂੰ ਮਿਲੇਗਾ। ਨਾਟਕ ਦੇ ਅੰਤ ਵਿਚ ਲੈਪੀ ਬਾਬਾ ਤੂੰਬੇ ਵੱਲ ਇਸ਼ਾਰਾ ਕਰ ਕੇ ਕਹਿੰਦਾ ਹੈ ਕਿ ਬਣਨਾ ਚਾਹੁੰਦਾ ਸੀ ਇਹ ਅਤੇ ਦੂਜੇ ਹੱਥ ਵਿਚ ਫੜੇ ਲੈਪਟਾਪ ਦੇ ਮਾਡਲ ਵੱਲ ਦੇਖ ਕੇ ਕਹਿੰਦਾ ਹੈ ਬਣ ਗਏ ਇਹ ਤਾਂ ਇਸ ਸੰਵਾਦ ਦੇ ਡੂੰਘੇ ਅਰਥ ਸਮਝਣ ਵਾਲੇ ਹਨ। ਇਹ ਅੱਜ ਦੇ ਸਮੇਂ ਦੇ ਨੌਜਵਾਨਾਂ ਦੇ ਦੁਖਾਂਤ ਨੂੰ ਪੇਸ਼ ਕਰਦਾ ਹੈ ਕਿ ਉਨ੍ਹਾਂ ਨੇ ਸੁਪਨੇ ਕੁਝ ਹੋਰ ਲਏ ਹੁੰਦੇ ਹਨ, ਪਰ ਹਕੀਕਤ ਵਿਚ ਵਾਪਰ ਕੁਝ ਹੋਰ ਹੀ ਜਾਂਦਾ ਹੈ। ਨਾਟਕ ਦੇ ਪੰਜ ਪਾਤਰਾਂ ਨਾਲ ਵੀ ਇਹੋ ਹੁੰਦਾ ਹੈ। ਉਹ ਏਜੰਟ ਦੀ ਮੂੰਹ ਮੰਗੀ ਫੀਸ ਦੇ, ਅਮਰੀਕਾ ਜਾ ਕੇ ਚੰਗੀ ਕਮਾਈ ਕਰ, ਆਪਣਾ ਅਤੇ ਆਪਣੇ ਪਰਿਵਾਰ ਦਾ ਭਵਿੱਖ ਸੰਵਾਰਨਾ ਚਾਹੁੰਦੇ ਹਨ, ਪਰ ਹੁੰਦਾ ਇਸਦੇ ਉਲਟ ਹੈ। ਏਜੰਟ, ਉਨ੍ਹਾਂ ਨੂੰ ਇਰਾਕ ਭੇਜ ਦਿੰਦਾ ਹੈ, ਜਿੱਥੇ ਕੁਝ ਹੋਰ ਮੁਸੀਬਤਾਂ ਉਨ੍ਹਾਂ ਦਾ ਇੰਤਜ਼ਾਰ ਕਰ ਰਹੀਆਂ ਹਨ। ਉਹ ਕਿਸੇ ਵਿਦੇਸ਼ੀ ਕੁੜੀ (ਅਬੀਰ) ਦੀ ਸਹਾਇਤਾ ਨਾਲ 'ਬੰਧੂਆ ਮਜ਼ਦੂਰੀ' ਵਰਗੀ ਜ਼ਿੰਦਗੀ ਵਿਚੋਂ ਆਜ਼ਾਦ ਹੋਣ ਵਿਚ ਕਾਮਯਾਬ ਵੀ ਹੋ ਜਾਂਦੇ ਹਨ, ਪਰ ਨਵੀਂ ਥਾਂ 'ਤੇ ਵੀ ਬਦਕਿਸਮਤੀ ਉਨ੍ਹਾਂ ਦਾ ਪਿੱਛਾ ਨਹੀਂ ਛੱਡਦੀ। ਕੰਮ ਕਰਨ ਬਦਲੇ ਤਨਖਾਹ ਨਹੀਂ ਦਿੱਤੀ ਜਾਂਦੀ। ਕੁਝ ਦੇਰ ਬਾਅਦ ਉਨ੍ਹਾਂ ਦੇ ਪੁਰਾਣੇ ਮਾਲਕ ਵੀ ਉਨ੍ਹਾਂ ਨੂੰ ਲੱਭਦੇ-ਲੱਭਦੇ ਉਨ੍ਹਾਂ ਦੇ ਨਵੇਂ ਟਿਕਾਣੇ 'ਤੇ ਪਹੁੰਚ ਜਾਂਦੇ ਹਨ। ਤਿੰਨ ਜਣਿਆਂ ਨੂੰ ਤਾਂ ਉਹ ਗੋਲੀਆਂ ਨਾਲ ਭੁੰਨ ਦਿੰਦੇ ਹਨ, ਪਰ ਮਨੀ ਬਾਥਰੂਮ ਵਿਚ ਹੋਣ ਕਰਕੇ ਬਚ ਜਾਂਦਾ ਹੈ ਜਾਂ ਨਾਟਕਕਾਰ ਹੀ ਉਸਨੂੰ ਬਚਾ ਲੈਂਦਾ ਹੈ ਤਾਂ ਜੋ ਉਹ ਦੇਸ਼ ਪਰਤ ਕੇ ਆਪਣਾ ਦੁਖਾਂਤ ਬਿਆਨ ਕਰ ਸਕੇ। ਅਸਲ ਵਿਚ ਉਸਦਾ ਜਿਉਂਦੇ ਰਹਿਣਾ, ਨਾਟਕ ਦੀ ਕਹਾਣੀ ਨੂੰ ਅੰਜਾਮ ਤਕ ਪਹੁੰਚਾਉਣ ਲਈ ਜ਼ਰੂਰੀ ਵੀ ਸੀ।

ਇਸ ਨਾਟਕ ਵਿਚੋਂ ਦੁਖਾਂਤਕ ਨਾਟਕ ਦੀ ਝਲਕ ਵੀ ਪੈਂਦੀ ਹੈ। ਦੁਖਾਂਤ ਨਾਟਕ ਵਿਚ ਹੋਰ ਕਈ ਪੱਖਾਂ ਦੇ ਨਾਲ-ਨਾਲ ਪਾਤਰਾਂ ਦੀ ਗਲਤੀ ਨਾਲੋਂ ਉਨ੍ਹਾਂ ਨੂੰ ਮਿਲੀ ਸਜ਼ਾ ਬਹੁਤ ਜ਼ਿਆਦਾ ਹੁੰਦੀ ਹੈ। 'ਛੱਲਾ' ਵਿਚ ਵੀ ਪੰਜ ਪਾਤਰਾਂ ਦੀ ਗਲਤੀ ਏਨੀ ਹੀ ਸੀ ਕਿ ਉਹ ਧੋਖੇਬਾਜ਼ ਏਜੰਟ ਦੀਆਂ ਗੱਲਾਂ ਵਿਚ ਆ ਗਏ, ਜਿਸ ਕਾਰਨ ਵਿਦੇਸ਼ੀ ਧਰਤੀ 'ਤੇ ਪਹੁੰਚ ਕੇ ਉਨ੍ਹਾਂ ਨੂੰ ਗੁਲਾਮੀ ਵਾਲੀ ਜ਼ਿੰਦਗੀ ਬਤੀਤ ਕਰਨੀ ਪਈ। ਅਜਿਹੀ ਜ਼ਿੰਦਗੀ ਪ੍ਰਤੀ ਆਵਾਜ਼ ਉਠਾਉਣ ਕਰਕੇ ਇਕ ਪਾਤਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਬਾਅਦ ਵਿਚ ਤਿੰਨ ਹੋਰਾਂ ਨਾਲ ਵੀ ਇਹੋ ਭਾਣਾ ਵਰਤਿਆ। ਪੰਜਵਾਂ ਪਾਤਰ ਮਨੀ ਭਾਵੇਂ ਜਾਣ ਬਚਾ ਕੇ ਆਪਣੇ ਦੇਸ਼ ਤਾਂ ਪਰਤ ਆਇਆ, ਪਰ ਉਸ ਨੂੰ ਵੀ ਸਮੇਂ ਦੀ ਹਕੂਮਤ ਦੀ ਹਾਂ ਵਿਚ ਹਾਂ ਨਾ ਮਿਲਾਉਣ ਦੇ ਨਤੀਜੇ ਵਜੋਂ ਪੁਲਿਸ ਦੇ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ। ਪੁਲਿਸ ਦੀ ਕੈਦ ਤੋਂ ਰਿਹਾਅ ਹੋ ਕੇ ਜਦੋਂ ਆਪਣੇ ਪਰਿਵਾਰ ਕੋਲ ਪਹੁੰਚਿਆ ਤਾਂ ਉਸਦੀ ਗ਼ੈਰ-ਹਾਜ਼ਰੀ ਵਿਚ ਘਰ ਵਿਚ ਵਾਪਰੇ ਵਰਤਾਰਿਆਂ ਨੇ ਉਸਨੂੰ ਹੋਰ ਝੰਜੋੜ ਦਿੱਤਾ। ਇਸ ਤੋਂ ਵੱਧ ਦੁਖਾਂਤ ਹੋਰ ਕੀ ਵਾਪਰ ਸਕਦਾ ਹੈ?

ਇਸ ਨਾਟਕ ਦਾ ਕਥਾਨਕ ਦੋ ਐਕਟਾਂ ਦੇ ਤੇਈ ਦ੍ਰਿਸ਼ਾਂ ਵਿਚ ਫੈਲਿਆ ਹੋਇਆ ਹੈ। ਪਹਿਲੇ ਅੰਕ ਵਿਚ ਨੌਂ ਦ੍ਰਿਸ਼ ਹਨ ਅਤੇ ਦੂਜੇ ਵਿਚ ਚੌਦਾਂ। ਕਈ ਦ੍ਰਿਸ਼ ਫਲੈਸ਼ ਬੈਕ ਦੇ ਵੀ ਹਨ। ਫਲੈਸ਼ ਬੈਕ ਦ੍ਰਿਸ਼ਾਂ ਨੂੰ ਪੇਸ਼ ਕਰਨ ਸਮੇਂ ਅਤੇ ਬਾਅਦ ਵਿਚ ਪਹਿਲੇ ਹੀ ਦ੍ਰਿਸ਼ ਦੀ ਲਗਾਤਾਰਤਾ ਵਿਚ ਆਉਣ ਵੇਲੇ ਨਾਟਕਕਾਰ ਦੀ ਨਾਟਕੀ ਕਾਰਜ-ਕੁਸ਼ਲਤਾ ਪ੍ਰਸ਼ੰਸਾਯੋਗ ਹੈ। ਅਜਿਹੇ ਦ੍ਰਿਸ਼ਾਂ ਦਾ ਬਦਲਾਅ ਬਹੁਤ ਹੀ ਸਹਿਜ ਨਾਲ ਵਾਪਰਦਾ ਹੈ ਅਤੇ ਦਰਸਾਈ ਜਾ ਰਹੀ ਕਹਾਣੀ ਵੱਲ ਮੁੜਨ ਵੇਲੇ ਵੀ ਇਹ ਸਹਿਜਤਾ ਬਣੀ ਰਹਿੰਦੀ ਹੈ। ਪਾਠਕ ਕਥਾਨਕ ਤੋਂ ਟੁੱਟਦੇ ਨਹੀਂ ਬਲਕਿ ਜੁੜੇ ਰਹਿੰਦੇ ਹਨ। ਅਜਿਹੀ ਤਕਨੀਕ ਨਾਲ ਨਾਟਕ ਵਿਚ ਨਵੀਨਤਾ ਆਈ ਹੈ। ਨਾਟਕ ਦੇ ਵਾਰਤਾਲਾਪ ਚੁਸਤ ਹਨ ਅਤੇ ਕਈ ਥਾਂ ਪਾਠਕਾਂ ਨੂੰ ਆਪਣੇ ਵਹਾ ਵਿਚ ਵਹਾ ਕੇ ਵੀ ਲੈ ਜਾਂਦੇ ਹਨ। ਕੁਝ ਵਾਰਤਾਲਾਪ ਦੀ ਕਾਵਿਮਈ ਸ਼ੈਲੀ ਨੇ ਨਵਾਂ ਮਾਹੌਲ ਸਿਰਜਿਆ ਹੈ। ਇਸ ਪੱਖੋਂ ਮਨੀ ਦਾ ਇਹ ਵਾਰਤਾਲਾਪ ਦੇਖਿਆ ਜਾ ਸਕਦਾ ਹੈ:

ਸੁਪਨਿਆਂ ਨੂੰ ਅਰਘ ਚੜ੍ਹਾ ਸਕਾਂ, ਬਾਪੂ ਦੀ ਚਿੱਟੀ ਦਾੜ੍ਹੀ ਕਿਸੇ ਦੱਲੇ ਦੇ ਹੱਥ ਪੈਣੋ ਬਚਾ ਸਕਾਂ, ਬੇਬੇ ਦਾ ਬੀਕਾਨੇਰ ਤੋਂ ਖਹਿੜਾ ਛੁਡਾ ਸਕਾਂ...

ਜਦੋਂ ਮੁੜਨ ਜੋਗਾ ਕੁਝ ਹੋਇਆ ਪੱਲੇ, ਜਦ ਸੁਪਨਿਆਂ ਦੀ ਬਗੀਚੀ ਵਿਚ ਰੀਝਾਂ ਦਾ ਕੋਈ ਸੋਹਣਾ ਜਿਹਾ ਫੁੱਲ ਖਿੜਿਆ, ਜਦ ਤੇਰੀਆਂ ਅੱਖਾਂ ਵਿਚ ਹੰਝੂਆਂ ਦੀ ਥਾਂ ਹਾਸੇ ਦਾ ਚੰਬਾ ਮਹਿਕਿਆ...

ਸਾਰੇ ਨਾਟਕ ਵਿਚ ਹੀ ਅਜਿਹੇ ਕਾਵਿਕ ਵਾਰਤਾਲਾਪ ਪੜ੍ਹਨ ਨੂੰ ਮਿਲਦੇ ਹਨ। ਨਾਟਕ ਦੇ ਮੁੱਢ ਵਿਚ ਹੀ ਪਿਛੋਕੜ ਤੋਂ ਆ ਰਹੀਆਂ ਕਾਵਿਕ ਸਤਰਾਂ:

ਵਾਂਗ ਜਨੌਰਾਂ ਹੱਥੋਂ ਛੁੱਟਣ, ਸੁਪਨੇ ਤੇ ਪ੍ਰਛਾਵੇਂ/ ਪਰ ਕਿੱਥੇ ਜਾ ਪੁੱਜਣੀਆਂ ਨੇ, ਚਿੱਠੀਆਂ ਬਿਨ ਸਿਰਨਾਵੇਂ,

ਵੀ ਪਾਠਕਾਂ/ਦਰਸ਼ਕਾਂ ਨੂੰ ਮੰਤਰ-ਮੁਗਧ ਕਰਨ ਵਾਲੀਆਂ ਹਨ।

ਲੈਪੀ ਬਾਬਾ ਵਲੋਂ 'ਵਾਇਰਸ' ਸ਼ਬਦ ਦੀ ਵਰਤੋਂ ਵੀ ਡੂੰਘੇ ਅਰਥਾਂ ਵਾਲੀ ਹੈ। ਇਹ ਸ਼ਬਦ ਜ਼ਿੰਦਗੀ ਦੀਆਂ ਕਦਰਾਂ- ਕੀਮਤਾਂ ਵਿਚ ਆਏ ਨਿਘਾਰ, ਸਾਡੇ ਦੇਸ਼ ਦੇ ਹੀ ਨਹੀਂ ਸਗੋਂ ਸਮੁੱਚੇ ਸੰਸਾਰ ਦੇ ਨਕਾਰਾਤਮਕ ਵਰਤਾਰਿਆਂ ਨੂੰ ਦਰਸਾਉਂਦਾ ਹੈ, ਜਿਸ ਕਾਰਨ ਇਰਾਕ ਵਿਚ ਚਾਲੀ ਭਾਰਤੀਆਂ ਨੂੰ ਅਗਵਾ ਕਰ ਕੇ ਉਨ੍ਹਾਂ ਵਿਚੋਂ 39 ਨੂੰ ਕਤਲ ਕਰਨ ਵਰਗੀਆਂ ਦਰਦਨਾਕ ਘਟਨਾਵਾਂ ਵਾਪਰਦੀਆਂ ਹਨ। ਇਸ ਦੇ ਨਾਲ ਹੀ ਇਹ ਸ਼ਬਦ ਸਾਡੇ ਦੇਸ਼ ਦੇ ਸਰਕਾਰੀ ਤੰਤਰ ਵਿਚ ਆਈ ਇਖਲਾਕੀ ਗਿਰਾਵਟ ਨੂੰ ਵੀ ਰੂਪਮਾਨ ਕਰਦਾ ਹੈ, ਜਦੋਂ ਮਨੀ ਸਰਕਾਰੀ ਤੰਤਰ ਦੀ ਕਰੂਪਤਾ ਦਾ ਸ਼ਿਕਾਰ ਹੁੰਦਾ ਹੈ।

ਇਹ ਨਾਟਕ ਮੰਚ ਦੇ ਹਰ ਪਹਿਲੂ ਤੋਂ ਕਾਮਯਾਬ ਹੈ। ਤਕਰੀਬਨ ਸਾਰੇ ਹੀ ਪਾਤਰਾਂ ਕੋਲ ਆਪਣੀ ਕਲਾ ਦਿਖਾਉਣ ਦੇ ਮੌਕੇ ਹਨ; ਨਾਟਕ ਦੇ ਵਾਰਤਾਲਾਪ ਦਰਸ਼ਕਾਂ ਨੂੰ ਝੰਜੋੜਨ ਵਾਲੇ ਹਨ; ਰੌਸ਼ਨੀ ਵਿਉਂਤਕਾਰੀ ਲਈ ਵੀ ਕਈ ਮੌਕੇ ਹਨ; ਛੱਲਾ ਗੀਤ ਦੀ ਲੋਕ ਧੁਨ ਅਤੇ ਨਾਟਕਕਾਰ ਵਲੋਂ ਪੇਸ਼ ਕੀਤੇ ਜਾ ਰਹੇ ਮਾਹੌਲ ਮੁਤਾਬਿਕ ਸਿਰਜੇ ਨਵੇਂ ਬੰਦ ਕਹਾਣੀ ਦੇ ਪ੍ਰਭਾਵ ਨੂੰ ਤੀਖਣ ਕਰਦੇ ਹਨ; ਇਕ ਦੋ ਥਾਂ ਮਾਹੌਲ ਹਲਕਾ ਕਰਨ ਲਈ ਮਨੋਰੰਜਨ ਭਰਪੂਰ ਵਾਰਤਾਲਾਪ ਵਰਤੇ ਗਏ ਹਨ; ਫਲੈਸ਼ ਬੈਕ ਦ੍ਰਿਸ਼ਾਂ ਨਾਲ ਪ੍ਰਭਾਵ ਬਦਲੀ ਵੀ ਕੀਤੀ ਗਈ ਹੈ।

ਦੋ ਗੱਲਾਂ ਨਾਟਕ ਦੇ ਮੁੱਖ ਬੰਦ ਸੰਬੰਧੀ। ਸਤੀਸ਼ ਵਰਮਾ ਨੇ ਬੜੀ ਡੂੰਘਾਈ ਵਿਚ ਜਾ ਕੇ 'ਛੱਲਾ' ਨਾਟਕ ਦੀਆਂ ਗੁੱਝੀਆਂ ਅਤੇ ਪ੍ਰਗਟ ਪਰਤਾਂ ਦਾ ਵਿਸ਼ਲੇਸ਼ਣ ਕੀਤਾ ਹੈ। ਉਮਰ ਦੇ ਪੱਖੋਂ ਉਹ ਮੇਰਾ ਛੋਟਾ ਵੀਰ ਹੈ, ਰੰਗਮੰਚ 'ਤੇ ਅਸੀਂ ਇਕੱਠਿਆਂ ਨੇ ਹੀ ਕਦਮ ਧਰਿਆ ਸੀ, ਉਹ ਮੇਰਾ ਸੁਹਿਰਦ ਮਿੱਤਰ ਵੀ ਹੈ, ਪਰ ਸਾਹਿਤਕ ਪਿੜ ਵਿਚ ਉਸ ਦੀਆਂ ਪ੍ਰਾਪਤੀਆਂ ਦੇ ਉੱਚੇ ਮਿਨਾਰ ਨੂੰ ਦੇਖਣ ਲਈ ਮੈਨੂੰ ਆਪਣੀ ਦਸਤਾਰ 'ਤੇ ਹੱਥ ਰੱਖਣਾ ਪੈਂਦਾ ਹੈ। ਉਸਦੀ ਗੱਲ ਨੂੰ ਉਲਟਾਉਣ ਲਈ ਕਈ ਵਾਰ ਸੋਚਣਾ ਪੈਂਦਾ ਹੈ। ਇਸ ਨਾਟਕ ਦੇ ਪਾਤਰ ਨੂੰ ਉਹ 'ਮੁੱਖ ਪਾਤਰ' ਮੰਨਣ ਦੀ ਥਾਂ 'ਕੇਂਦਰੀ ਪਾਤਰ' ਮੰਨਦਾ ਹੈ, ਕਿਉਂਕਿ ਨਾਟਕ ਵਿਚ ਮਨੀ ਜੇਤੂ ਦੇ ਰੂਪ ਨਹੀਂ ਉਭਰਦਾ। ਪਰ ਮੇਰਾ ਮੱਤ ਹੈ ਕਿ ਮਨੀ ਸੰਘਰਸ਼ ਕਰਦਾ ਹੈ, ਮਾੜੇ ਹਾਲਾਤ ਵਿਚ ਵੀ ਦਿਲ ਨਹੀਂ ਛੱਡਦਾ ਅਤੇ ਨਾਟਕ ਦੇ ਅੰਤ ਵਿਚ ਜਦੋਂ ਉਹ ਆਪਣੀ ਜ਼ਮੀਰ ਵੇਚ ਕੇ ਸਰਕਾਰੀ ਅਦਾਰੇ (ਪੁਲਿਸ) ਦੀ ਬੋਲੀ ਬੋਲਣ ਤੋਂ ਇਨਕਾਰ ਕਰਦਾ ਹੈ ਤਾਂ ਉਹ ਆਤਮਕ ਤੌਰ 'ਤੇ ਜੇਤੂ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦਾ ਹੈ।

ਜਿੱਥੇ ਮੁੱਖ ਬੰਦ ਦੇ ਅਖੀਰ ਵਿਚ ਸਤੀਸ਼ ਕੁਮਾਰ ਵਰਮਾ ਨੇ ਆਪਣੇ ਸ਼ਾਗਿਰਦ ਡਾ. ਕੁਲਦੀਪ ਸਿੰਘ ਦੀਪ ਨੂੰ ਸੰਪੂਰਨ ਨਾਟਕ ਲਿਖਣ ਲਈ 'ਲੰਬੀ ਸ਼ਾਬਾਸ਼' ਦਿੱਤੀ ਹੈ, ਉਥੇ ਮੈਂ ਨਾਟਕਕਾਰ ਨੂੰ ਵਧੀਆ ਨਾਟਕ ਸਿਰਜਣ ਲਈ 'ਬਹੁਤ ਬਹੁਤ ਮੁਬਾਰਕਬਾਦ' ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਪੰਜਾਬੀ ਨਾਟ ਖੇਤਰ ਦਾ ਧਰੂ ਤਾਰਾ ਬਣ ਕੇ ਚਮਕੇ।

---

## ਦੀਪ ਦੇ ਨਾਮ

ਦੀਪ ਹਮੇਸ਼ਾ ਬੁੱਝਦੇ ਨਾਲੇ
ਜਗਦੇ ਰਹਿੰਦੇ ਆ,
ਸੂਰਜ ਚਾਨਣ ਵੰਡਦੇ ਨਾਲੇ
ਦਗਦੇ ਰਹਿੰਦੇ ਆ।
ਨਾ ਚਾਨਣ ਕਦੇ ਵੀ ਮਰਿਆ ਹੈ,
ਨਾ ਮਰੇਗਾ,
ਸੂਰਮਿਆਂ ਦੇ ਸਿਵੇ ਹਮੇਸ਼ਾ
ਮਘਦੇ ਰਹਿੰਦੇ ਆ।

ਵਿਚ ਦਿਲਾਂ ਦੇ ਬਲਦੇ ਭਾਂਬੜ,
ਬੁੱਝਦੇ ਨਈਂ ਹੁੰਦੇ,
ਦੀਪਾਂ ਉੱਤੇ ਸਦਾ ਪਤੰਗੇ
ਜਲਦੇ ਰਹਿੰਦੇ ਆ।

ਲੋਕ ਜਿਉਂਦਿਆਂ ਯੋਧਿਆਂ ਦੀ
ਕਦਰ ਨਹੀਂ ਪਾਉਂਦੇ,
ਮਰਿਆਂ ਪਿੱਛੋਂ ਕਬਰਾਂ ਵਿਚੋਂ
ਲੱਭਦੇ ਰਹਿੰਦੇ ਆ।

ਚੀਕਾਂ ਮਾਰ ਡਰਾ ਲੈਣਾ,
ਵਹਿਮ ਹੈ ਗਿੱਦੜਾਂ ਨੂੰ,
ਸ਼ੇਰ ਹਮੇਸ਼ਾ ਜੰਗਲਾਂ ਦੇ
ਵਿਚ ਗੱਜਦੇ ਰਹਿੰਦੇ ਆ।
ਡਾਣਸੀਵਾਲੀਆ ਰੋਕਿਆਂ,
ਕਦੇ ਵੀ ਰੁਕਦੇ ਨਾ,
ਹਵਾ, ਪਾਣੀ ਤੇ ਲਹੂ ਹਮੇਸ਼ਾ
ਵਗਦੇ ਰਹਿੰਦੇ ਆ।

***-ਕੁਲਵੀਰ ਸਿੰਘ ਡਾਨਸੀਵਾਲ***

---

## ਹਰ ਅੱਖ ਡੁੱਲ੍ਹੀ

ਹਰ ਅੱਖ ਡੁੱਲ੍ਹੀ ਅੱਜ ਹਰ ਦਿਲ ਰੋਇਆ।
ਤੇਰਾ ਜਾਣਾ ਸਹਿਣ ਨਹੀਂ ਹੋਇਆ।
ਲੱਖਾਂ ਸੀ ਤੇਰੇ 'ਤੇ ਮਾਣ ਪਏ ਕਰਦੇ
ਕਈਆਂ ਨੂੰ ਤੇਰੇ 'ਤੇ ਹਰਖ਼ ਵੀ ਹੋਣਾ।
ਦੁਨੀਆ ਭਾਵੇਂ ਕੁਝ ਵੀ ਆਖੇ,
ਪਰ ਤੂੰ ਮਿੱਟੀ ਦਾ ਪੁੱਤ ਸੀ ਸੋਹਣਾ।

ਮਾਂ ਦੇ ਹੱਕਾਂ ਲਈ ਲੜਦਾ-ਲੜਦਾ,
ਮਾਂ ਦੀ ਬੁੱਕਲ਼ 'ਚ ਜਾ ਸਮੋਇਆ,
ਹਰ ਅੱਖ ਡੁੱਲ੍ਹੀ ਅੱਜ ਹਰ ਦਿਲ ਰੋਇਆ।
ਤੇਰਾ ਜਾਣਾ ਸਹਿਣ ਨਹੀਂ ਹੋਇਆ।
ਦੁਨੀਆ 'ਤੇ ਬੰਦੇ ਥੋੜ੍ਹੇ ਹੀ ਜੰਮਦੇ,
ਕਹਿਣੀ-ਕਰਨੀ ਦੇ ਖਰੇ ਜੋ ਹੋਵਣ,
ਆਪਣੇ ਆਕੀਦੇ ਦੇ ਪੱਕੇ ਵੀ ਹੋਵਣ,
ਜੋਸ਼ ਤੇ ਹੋਸ਼ ਦੇ ਭਰੇ ਵੀ ਹੋਵਣ,
ਜੋ ਦਿੰਦੇ ਸੀ ਤੈਨੂੰ ਗ਼ੱਦਾਰਾਂ ਦੀ ਪਦਵੀ,
ਤੂੰ ਉਨ੍ਹਾਂ ਦੇ ਜਿੰਨਾ ਸਸਤਾ ਨਹੀਂ ਹੋਇਆ,
ਹਰ ਅੱਖ ਡੁੱਲ੍ਹੀ ਅੱਜ ਹਰ ਦਿਲ ਰੋਇਆ।
ਤੇਰਾ ਜਾਣਾ ਸਹਿਣ ਨਹੀਂ ਹੋਇਆ।

ਵੱਖਰਾ ਸੀ ਤੇਰਾ ਆਪਣਾ ਨਜ਼ਰੀਆ,
ਢਿੱਡੋਂ ਲੁਕਾਈ ਦਾ ਦਰਦ ਸੀ ਤੈਨੂੰ,
ਛੱਡ ਕੇ ਮਖ਼ਮਲਾਂ ਕੰਡਿਆਂ 'ਤੇ ਤੁਰਿਆ,
ਐਡੀ ਵੀ ਕਿਹੜੀ ਗ਼ਰਜ਼ ਸੀ ਤੈਨੂੰ,
ਇਤਿਹਾਸ ਕਰੇਗਾ ਤੇਰਾ ਨਿਤਾਰਾ,
ਤੂੰ ਕਿੰਨਾ ਕੁ ਤੁਰਿਆ ਤੇ ਕਿਥੇ ਖਲੋਇਆ।
ਹਰ ਅੱਖ ਡੁੱਲ੍ਹੀ ਅੱਜ ਹਰ ਦਿਲ ਰੋਇਆ।
ਤੇਰਾ ਜਾਣਾ ਸਹਿਣ ਨਹੀਂ ਹੋਇਆ।

***-ਸੁੱਖੀ ਧਾਲੀਵਾਲ***

---

## ਭਾਰਤੀ ਸਿਆਸਤ

ਸਿਆਸਤ ਵਿਚ ਸੱਚੇ ਮਨੋਂ
ਜੇ ਹੋਵੇ ਇਮਾਨਦਾਰੀ,
ਇਸ ਤੋਂ ਵਧੀਆ ਸ਼ਾਸਨ ਕਿਤੋਂ
ਆ ਨਹੀਂ ਸਕਦਾ।

ਇਹ ਬੰਦੇ ਪਿਛਲੱਗਾਂ ਦੇ
ਗਰੋਹ ਬਣਾਈ ਫਿਰਦੇ ,
ਲਾਰਿਆਂ ਤੋਂ ਬਿਨਾਂ ਭੀੜਾਂ ਨੂੰ
ਕੋਈ ਪ੍ਰਚਾਅ ਨਹੀਂ ਸਕਦਾ।

ਰੱਜੇ ਪੁੱਜੇ ਲੋਕ ਵੀ
ਬੇਸਬਰੇ ਹੋਏ ਰਹਿੰਦੇ,
ਬੁਰਕੀ ਵਾਲੀ ਕੁੱਤਾ-ਝਾਕ
ਬਣਾਈ ਰੱਖਦੇ।

ਦੱਬੇ-ਕੁਚਲੇ ਗ਼ਰੀਬਾਂ ਦੀ
ਵਾਰੀ ਨਾ ਪੈਂਦੀ,
ਸਮੱਸਿਆ ਉਨ੍ਹਾਂ ਦੀ
ਵਧਾਈ ਰੱਖਦੇ।

ਵੋਟ ਰਾਜ ਹੈ ਨੋਟ ਰਾਜ ਹੈ ਲੋਕਰਾਜ,
ਮਗਰਮੱਛ ਵਾਲੀ ਸੋਚ ਹੈ ਵੋਟ ਰਾਜ।
ਸਿਆਣੇ ਬਿਆਣੇ ਲੋਕ ਵੀ
ਪਾਗਲ ਹੋਏ ਫਿਰਨ,
ਵਿਕਾਸ ਦੇ ਨਾਮ 'ਤੇ ਵਿਨਾਸ਼ ਹੋਵੇ
ਖੋਟ ਰਾਜ।

ਭੋਲੀ-ਭਾਲੀ ਜਨਤਕ ਭੀੜ 'ਚ
ਵੰਡੀਆਂ ਪਾਉਣਾ,
ਸਿਆਸੀ ਲੋਕਾਂ ਦੀ ਹੁੰਦੀ ਮਜਬੂਰੀ।
ਇੱਕ ਵਾਰ ਹਕੂਮਤ ਵਾਲੀ ਕੁਰਸੀ
ਹੱਥ ਆ ਜਾਵੇ,
ਝੂਠੇ ਬੋਲ ਬੋਲ ਕੇ ਵਿਰੋਧੀਆਂ ਨੂੰ
ਠਿੱਬੀ ਲਾਉਣਾ ਜ਼ਰੂਰੀ।

***-ਅਮਰਜੀਤ ਸਿੰਘ ਤੂਰ***
***ਕਲਬੁਰਛਾਂ ਜ਼ਿਲ੍ਹਾ ਪਟਿਆਲਾ***
***ਫੋਨ: 98784-68639***

# ਇੰਝ ਨਾ ਕਰਿਓ

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਸੁਝਾਇਆ ਹੈ ਕਿ ਇਨਸਾਨ ਨੂੰ ਕਦੇ ਵੀ ਕੋਈ ਅਜਿਹਾ ਕਰਮ ਨਹੀਂ ਕਰਨਾ ਚਾਹੀਦਾ, ਜੋ ਕਿਸੇ ਦੀਆਂ ਭਾਵਨਾਵਾਂ ਨੂੰ ਜ਼ਖ਼ਮੀ ਕਰੇ, ਜਿਸ ਨਾਲ ਸਾਨੂੰ ਜਿਊਣ ਤੋਂ ਵੀ ਨਮੋਸ਼ੀ ਆਉਣ ਲੱਗ ਪਵੇ ਅਤੇ ਅਸੀਂ ਆਪਣੇ ਸਾਹਾਂ ਨੂੰ ਸਿਉਂਕਦੇ ਜ਼ਰਜ਼ਰੀ ਜ਼ਿੰਦਗੀ ਦਾ ਕਬਰਸਤਾਨ ਬਣ ਜਾਈਏ। ਸਗੋਂ ਕੁਝ ਅਜਿਹਾ ਕਰੀਏ ਕਿ ਸਾਡੇ ਜਾਣ ਤੋਂ ਬਾਅਦ ਵੀ ਲੋਕ ਸਾਡੀਆਂ ਕਥਨੀਆਂ, ਕਰਨੀਆਂ ਤੇ ਕੀਰਤੀਆਂ ਵਿਚਲੀਆਂ ਕਹਾਣੀਆਂ, ਕਥਾਵਾਂ ਅਤੇ ਕਾਰਨਾਮਿਆਂ ਦੀ ਕਰਮ-ਧਾਰਨਾ ਨੂੰ ਆਪਣੀ ਜੀਵਨ-ਜਾਚ ਦਾ ਮੂਲ-ਮੰਤਰ ਬਣਾਉਣ।**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਜ਼ਿੰਦਗੀ, ਜੀਵਨ ਨੂੰ ਨਵੀਆਂ ਤਸ਼ਬੀਹਾਂ, ਤਕਦੀਰਾਂ ਅਤੇ ਤਰਜੀਹਾਂ ਨਾਲ ਵਣਜਨ ਦਾ ਨਾਮ ਅਤੇ ਇਸ ਦੀ ਤਲੀ 'ਤੇ ਸੁਰਖ ਸਮਿਆਂ ਦੀ ਮਹਿੰਦੀ ਉਘਾੜਨ ਦਾ ਸ਼ੁਭ-ਕਰਮਨ।

ਜ਼ਿੰਦਗੀ ਨੂੰ ਆਪਣੇ ਰੰਗ ਵਿਚ ਰੰਗਦਿਆਂ ਅਤੇ ਇਸ ਦੀਆਂ ਤਹਿਆਂ ਵਿਚੋਂ ਸੂਰਜਈ ਕਿਰਨਾਂ ਦਾ ਜਲੌਅ ਪ੍ਰਗਟਦਾ ਰਹੇ ਤਾਂ ਜੀਵਨ ਨੂੰ ਸਾਹਾਂ ਦੀ ਸੁਗਾਤ ਕਿਹਾ ਜਾ ਸਕਦਾ ਹੈ ਵਰਨਾ ਇਹ ਸਾਹਾਂ ਨੂੰ ਮਿਲੇ ਸੰਤਾਪ ਦਾ ਹਰਖ਼ਨਾਮਾ ਹੁੰਦਾ ਹੈ।

ਜ਼ਿੰਦਗੀ ਵਿਚ ਅਸੀਂ ਬਹੁਤ ਕੁਝ ਅਜਿਹਾ ਕਰਨਾ ਲੋਚਦੇ ਹਾਂ ਜਿਹੜਾ ਅਸੀਂ ਕਰਨਾ ਚਾਹੁੰਦੇ ਹਾਂ ਪਰ ਵਕਤ ਦੇ ਮਾਰੇ ਜਾਂ ਹਾਲਾਤ ਦੇ ਝੰਭੇ ਹੋਣ ਕਰਕੇ ਅਜਿਹਾ ਕਰਨ ਤੋਂ ਨਾਕਾਮ ਰਹਿ ਜਾਂਦੇ ਹਾਂ। ਇਕ ਹਸਰਤ ਸਾਡੇ ਮਨ ਦੇ ਬੂਹੇ ਬੈਠੀ ਸਦਾ ਸਿਸਕਦੀ ਰਹਿੰਦੀ ਹੈ।

ਜੀਵਨ ਵਿਚ ਕੁਝ ਅਜਿਹੇ ਕੁ-ਕਾਰਜ ਹੁੰਦੇ ਹਨ ਜਿਹੜੇ ਅਸੀਂ ਇਸ ਲਈ ਕਰਦੇ ਹਾਂ ਤਾਂ ਕਿ ਕਿਸੇ ਦੇ ਹਾਸਿਆਂ ਵਿਚ ਹਉਕੇ ਉਗਾ ਸਕੀਏ, ਕਿਸੇ ਦੀਆਂ ਥੁੜ੍ਹਾਂ 'ਤੇ ਆਪਣੇ ਮਹਿਲ ਦੀਆਂ ਨੀਹਾਂ ਦੀ ਤਾਮੀਰਦਾਰੀ ਕਰ ਸਕੀਏ ਜਾਂ ਕਿਸੇ ਦੀਆਂ ਇਛਾਵਾਂ ਦੀ ਰਾਖ਼ ਵਿਚੋਂ ਆਪਣੀ ਲਾਲਸਾ ਨੂੰ ਪਨਪਣ ਲਾਈਏ। ਇਨ੍ਹਾਂ ਕੁਕਰਮਾਂ ਤੋਂ ਆਨਾਕਾਨੀ, ਜੀਵਨ ਦਾ ਸੁੱਚਮ ਅਤੇ ਕੁਕਰਮਾਂ ਵਿਚ ਖੁਦ ਨੂੰ ਲਬੇੜ ਲੈਣਾ, ਜੀਵਨ ਦੇ ਨਾਵੇਂ ਧੁਆਂਖੇ ਪਲਾਂ ਨੂੰ ਕਰਨਾ ਹੁੰਦਾ ਹੈ।

ਕਦੇ ਕੁਝ ਅਜਿਹਾ ਨਾ ਕਰੀਏ ਜੋ ਕਿਸੇ ਦੀਆਂ ਭਾਵਨਾਵਾਂ ਨੂੰ ਜ਼ਖ਼ਮੀ ਕਰੇ। ਕਿਸੇ ਦੇ ਪੈਰਾਂ ਵਿਚ ਉਗੇ ਸਫ਼ਰ ਲਈ ਖਾਈ-ਖੱਡਾ ਬਣੇ ਜਾਂ ਕਿਸੇ ਦੀ ਗਲਵੱਕੜੀ ਦੇ ਨਿੱਘ ਵਿਚ ਸੀਤ-ਲਹਿਰ ਪੈਦਾ ਕਰੇ।

ਕਾਨਿਆਂ ਦੀ ਛੱਤ ਹੇਠ ਅੰਬਰ ਵੰਨੀਂ ਝਾਕਦਿਆਂ ਅਤੇ ਤਾਰਿਆਂ ਨਾਲ ਗੱਲਾਂ ਕਰਦਿਆਂ ਵਿਚ ਕਦੇ ਖਲਲ ਨਾ ਪਾਓ ਕਿਉਂਕਿ ਇਹ ਝੁੱਗੀ ਵਿਚ ਰਹਿੰਦਿਆਂ ਲਈ ਵਰਦਾਨ ਹੁੰਦਾ ਹੈ ਕਿ ਉਹ ਅੰਬਰ ਜੇਡਾ ਸੁਪਨਾ ਲੈ ਸਕਦੇ ਹਨ। ਸੂਰਜ ਨੂੰ ਹਾਣੀ ਬਣਾ ਅਤੇ ਤਾਰਿਆਂ ਦੇ ਆੜੀ ਬਣ ਕੇ ਜ਼ਿੰਦਗੀ ਲਈ ਨਵੇਂ ਰਾਹਾਂ ਦੀ ਨਿਸ਼ਾਨਦੇਹੀ ਕਰ ਸਕਦੇ ਹਨ। ਵਰਨਾ ਮਹਿਲਾਂ ਵਿਚ ਰਹਿਣ ਵਾਲਿਆਂ ਨੂੰ ਤਾਂ ਕਦੇ ਟਿੱਕੀ ਰਾਤ ਵਿਚ ਤਾਰਿਆਂ ਦੇ ਝੁਰਮਟ ਨੂੰ ਦੇਖਣ ਅਤੇ ਤਾਰਿਆਂ ਦੀਆਂ ਬਾਤਾਂ ਪਾਉਣ ਦੀ ਵਿਹਲ ਹੀ ਨਹੀਂ ਹੁੰਦੀ।

ਕਿਸੇ ਬੱਚੇ ਦੇ ਮੋਢੇ 'ਤੇ ਪਾਏ ਪਾਟੇ ਝੋਲੇ ਵਿਚ ਪਈਆਂ ਕਿਤਾਬਾਂ ਅਤੇ ਕਲਮਾਂ ਨੂੰ ਦੇਖ ਕੇ ਕਦੇ ਨੱਕ-ਬੁੱਲ੍ਹ ਨਾ ਵੱਟੋ ਅਤੇ ਨਾ ਹੀ ਉਸਦੇ ਸਕੂਲ ਵੱਲ ਜਾਂਦੇ ਕਦਮਾਂ ਨੂੰ ਅਟਕਾਓ ਕਿਉਂਕਿ ਇਹ ਪਾਟੇ ਝੋਲਿਆਂ ਵਾਲੇ ਅਤੇ ਬੋਰੀਆਂ/ਟਾਟ 'ਤੇ ਬੈਠ ਕੇ ਅੱਖਰਾਂ ਨਾਲ ਸੰਵਾਦ ਰਚਾਉਣ ਵਾਲੇ ਹੀ ਨਵੇਂ ਰਾਹਾਂ ਦੇ ਢੂੰਢਾਊ ਹੁੰਦੇ ਹਨ। ਇਹ ਲੋਕ ਹੀ ਮੱਥਿਆਂ ਵਿਚ ਗਿਆਨ ਜੋਤ ਨੂੰ ਜਗਦੀ ਰੱਖਣ ਦਾ ਹੱਠ ਤੇ ਹੀਆ ਪਾਲਣ ਵਾਲੇ ਹਨ ਜਿਨ੍ਹਾਂ ਦੇ ਦੀਦਿਆਂ ਵਿਚ ਸੁਪਨੇ ਹੰਭਲਾ ਬਣਦੇ। ਇਨ੍ਹਾਂ ਸੁਪਨਿਆਂ ਦੀ ਪੂਰਤੀ ਵਿਚੋਂ ਆਪਣੇ ਹਿੱਸੇ ਦੀ ਗਿਆਨ ਧਾਰਨਾ ਪ੍ਰਾਪਤ ਕਰਦੇ ਅਤੇ ਪਹਿਲ-ਪਾਕੀਜ਼ਗੀ ਵਿਚੋਂ ਨਵੇਂ ਸਿਰਲੇਖਾਂ ਤੇ ਸਿਰਨਾਵਿਆਂ ਦੇ ਸਿਰਜਣਹਾਰੇ ਬਣਦੇ।

ਕਦੇ ਵੀ ਕਾਰ ਵਿਚ ਜਾਂਦਿਆਂ, ਨੰਗੇ ਪੈਰੀਂ ਤੁਰੇ ਜਾਂਦੇ ਅਤੇ ਪਰਨੇ ਦੀ ਕੰਨੀਂ ਨਾਲ ਆਪਣੇ ਬੱਚੇ ਨੂੰ ਛਾਂ ਕਰਦੇ ਬਾਪ ਨੂੰ ਹਰਾਕਤ ਨਾਲ ਨਾ ਦੇਖੋ। ਨਾ ਹੀ ਉਨ੍ਹਾਂ ਦੇ ਕੋਲ ਜਾ ਕੇ ਉਨ੍ਹਾਂ ਦੇ ਦੱਗਦੇ ਚਿਹਰਿਆਂ 'ਤੇ ਘੱਟਾ ਉਡਾਓ ਅਤੇ ਨਾ ਹੀ ਚਿੱਕੜ ਦੇ ਛੱਟੇ ਪਾਓ। ਇਹ ਦਾਗ ਉਨ੍ਹਾਂ ਲਈ ਸਿਰੜ ਦਾ ਸਿਰਨਾਵਾਂ ਬਣਨ ਵਿਚ ਸਹਾਈ ਹੋਣਗੇ। ਅਜਿਹੇ ਲੋਕ ਬਹੁਤ ਜਲਦੀ ਨੰਗੇ ਪੈਰੀਂ ਤੁਰਨ ਤੋਂ ਹਵਾਈ ਜਹਾਜ਼ ਦੇ ਯਾਤਰੀ ਬਣ ਜਾਂਦੇ ਨੇ ਅਤੇ ਕਿਸੇ 'ਤੇ ਚਿੱਕੜ ਉਛਾਲਣ ਵਾਲੇ ਰਾਹਾਂ ਦੀ ਰੋੜੀ ਬਣ ਕੇ ਠੇਡੇ ਖਾਣ ਜੋਗੇ ਹੀ ਰਹਿ ਜਾਂਦੇ ਹਨ।

ਕਦੇ ਵੀ ਬਿਨ ਬਾਹਾਂ ਜਾਂ ਪੈਰ, ਜ਼ਿੰਦਗੀ ਨੂੰ ਜਿਊਣਜੋਗਾ ਕਰਨ ਵਾਲੇ ਵਿਅਕਤੀ ਨੂੰ ਮੁਥਾਜ਼ ਨਾ ਸਮਝੋ। ਉਸਨੂੰ ਤਰਸ ਦਾ ਪਾਤਰ ਨਾ ਬਣਾਓ ਕਿਉਂਕਿ ਅਜਿਹੇ ਲੋਕਾਂ ਦੀਆਂ ਅਜਿਹੀਆਂ ਇੰਦਰੀਆਂ ਉਜਾਗਰ ਹੁੰਦੀਆਂ ਜਿਨ੍ਹਾਂ ਨਾਲ ਉਹ ਸਮਿਆਂ ਦਾ ਇਤਿਹਾਸ ਬਦਲਣ ਦੇ ਸਮਰੱਥ ਹੁੰਦੇ। ਇਹ ਲੋਕ ਸਰੀਰਕ ਅਪਾਹਜਤਾ ਨੂੰ ਔਗੁਣ ਨਹੀਂ ਸਗੋਂ ਆਪਣੀ ਤਾਕਤ ਬਣਾ ਕੇ ਖੁਦ ਨੂੰ ਸੰਪੂਰਨ ਸਮਝਣ ਵਾਲਿਆਂ ਨੂੰ ਨਿਤਾਣਾ ਬਣਾ ਦਿੰਦੇ। ਨਵੀਆਂ ਸਫ਼ਲਤਾਵਾਂ ਦਾ ਸ਼ਿਲਾਲੇਖ ਹੁੰਦੇ ਨੇ ਇਹ ਲੋਕ। ਅਪਾਹਜ ਲੋਕ ਹੀ ਹੱਥਾਂ ਦੀ ਬਜਾਏ ਆਪਣੇ ਪੈਰਾਂ ਨਾਲ ਹੁਨਰ ਪ੍ਰਗਟਾਉਂਦੇ ਹਨ। ਨੇਤਰਹੀਣ ਹੋ ਕੇ ਆਪਣੇ ਕਰਮ-ਧਰਮ ਨਾਲ ਲੋਕਾਂ ਦੇ ਰਾਹਾਂ ਵਿਚ ਚਾਨਣ ਤਰੌਂਕਦੇ ਹਨ।

ਕਿਸੇ ਮਾਂ ਮਹਿਟਰ ਨੂੰ ਕਦੇ ਵੀ ਤਾਅਨਾ ਨਾ ਮਾਰੋ। ਤੁਹਾਨੂੰ ਪਤਾ ਨਹੀਂ ਕਿ ਮਾਂ ਤੋਂ ਬਗੈਰ ਉਸਨੇ ਜ਼ਿੰਦਗੀ ਨੂੰ ਜਿਉਣਜੋਗਾ ਕਰਨਾ ਹੈ, ਜਿਊਂਦੇ ਜੀਅ ਤਿਲ-ਤਿਲ ਮਰਨਾ ਹੈ, ਮਮਤਾ ਦੀ ਅਣਹੋਂਦ ਨੂੰ ਹਰ ਸਾਹੇ ਜਰਨਾ ਅਤੇ ਮਾਂ ਦੇ ਖ਼ੁਆਬ ਨਾਲ ਆਪਣੀ ਚੁੱਪ ਨੂੰ ਭਰਨਾ ਹੈ। ਮਾਂ ਤੋਂ ਬਿਨਾਂ ਰੁੱਸ ਜਾਂਦੇ ਨੇ ਬਹੁਤ ਸਾਰੇ ਰਿਸ਼ਤੇ। ਗਵਾਚ ਜਾਂਦੇ ਨੇ ਚਾਅ ਤੇ ਲਾਡ। ਮਾਤਮ ਦਾ ਲਿਬਾਸ ਪਾਉਂਦਾ ਹੈ ਮਾਂ ਤੇ ਦਾਈਆ। ਗ੍ਰਸੀ ਜਾਂਦੀ ਏ ਰਿਆੜ। ਜ਼ਿੰਦਗੀ ਦੇ ਚੜ੍ਹਦੇ ਸੂਰਜ ਦੇ ਮੱਥੇ 'ਤੇ ਜਦ ਸ਼ਾਮ ਖੁਣੀ ਜਾਂਦੀ ਤਾਂ ਸਿਖਰ ਦੁਪਹਿਰਾਂ ਦਾ ਪ੍ਰਤਾਪ ਅਤੇ ਸੰਦਲੀ ਸਮਿਆਂ ਦੀ ਰਾਂਗਲੀ ਤਸਵੀਰ ਸਿਰਫ਼ ਕੰਧ 'ਤੇ ਲਟਕਣ ਜੋਗੀ ਹੀ ਰਹਿ ਜਾਂਦੀ।

ਕਦੇ ਨਫ਼ਰਤ ਨਾ ਕਰਿਓ ਬਾਪ ਦੀ ਛਾਂ ਤੋਂ ਵਿਰਵੇ ਹੋਏ ਉਸ ਅਲੂਏਂ ਜਿਹੇ ਜਵਾਕ ਨੂੰ ਜਿਸ ਦੇ ਸੜਦੇ ਪੈਰਾਂ ਅਤੇ ਲੂੰਹਦੀਆਂ ਧੁੱਪਾਂ ਲਈ ਕਿਸੇ ਨਹੀਂ ਛਾਂ ਬਣਨਾ। ਕੋਈ ਨਹੀਂ ਦਿਲ ਦੀਆਂ ਖ਼ੈਰਾਂ ਨਾਲ ਉਸਦੇ ਹਿੱਸੇ ਦਾ ਅੰਬਰ ਅਤੇ ਧਰਤ ਬਣਨ ਦਾ ਧਰਮ ਪਾਲੇਗਾ? ਪਰ ਇਹ ਬੱਚਾ ਵੱਡਾ ਹੋ ਕੇ ਬਾਪ ਦੇ ਦਰਦ ਨੂੰ ਬਾਖ਼ੂਬੀ ਜਾਣਦਾ ਹੈ। ਕਦੇ ਵੀ ਅਜਿਹੇ ਲੋਕਾਂ ਤੋਂ ਨਮੋਸ਼ੀ ਨਾ ਮੰਨੋ। ਉਨ੍ਹਾਂ ਨੂੰ ਗਲੇ ਲਗਾਓ। ਉਨ੍ਹਾਂ ਦੀ ਇਸ ਘਾਟ ਨੂੰ ਜੇਕਰ ਪੂਰੀ ਨਹੀਂ ਵੀ ਕਰ ਸਕਦੇ ਤਾਂ ਵੀ ਇਸ ਘਾਟ ਨੂੰ ਹਰ ਪਲ ਰੜਕਾਉਂਦੇ ਨਾ ਰਹੋ। ਉਸ ਦੀਆਂ ਰੀਝਾਂ ਨੂੰ ਤਪਾਉਂਦੇ ਨਾ ਰਹੋ। ਕਦੇ ਅਹਿਸਾਸ ਕਰਿਓ ਕਿ ਅਜਿਹੇ ਬੱਚੇ ਕਿੰਨਾ ਕੁਝ ਗਵਾ ਕੇ ਵੀ ਜਿਊਣ ਦਾ ਹੱਠ ਕਰਦੇ ਨੇ। ਉਨ੍ਹਾਂ ਦਾ ਖੁਦ ਨਾਲ ਕੀਤਾ ਇਹ ਪ੍ਰਣ ਹੀ ਹੁੰਦਾ ਕਿ ਉਹ ਅਜਿਹੇ ਜਿਉਣ ਵਿਚੋਂ ਵੀ ਯੁੱਗ ਜਿਊਣ ਦਾ ਵਰਦਾਨ ਹੁੰਦੇ। ਅਜਿਹੇ ਲੋਕ ਸਿਰਫ਼ ਖੁਦ ਹੀ ਨਹੀਂ ਜਿਉਂਦੇ, ਸਗੋਂ ਹੋਰਨਾਂ ਨੂੰ ਅਜਿਹੀਆਂ ਸਥਿਤੀਆਂ ਵਿਚੋਂ ਉਭਰਨ ਅਤੇ ਨਵਾਂ ਮੁਕਾਮ ਸਿਰਜਣ ਲਈ ਰੋਲ ਮਾਡਲ ਬਣਦੇ ਅਤੇ ਸਮਾਜ ਵਿਚ ਨਵੀਆਂ ਤਕਦੀਰਾਂ ਦੇ ਸਿਰਜਣਹਾਰੇ ਬਣਦੇ। ਉਹ ਆਪਣੇ ਪਿੱਤਰੀ ਊਣੇਪਣ ਨੂੰ ਭਰਪੂਰਤਾ ਦਾ ਨਾਮ ਦੇ ਕੇ ਨਵੀਂਆਂ ਪਹਿਲ-ਕਦਮੀਆਂ ਦਾ ਸ਼ੁਭ-ਆਰੰਭ ਹੁੰਦੇ।

ਭੈਣਾਂ ਭਰਾਂਵਾਂ ਤੋਂ ਵਿਛੜੇ ਜਾਂ ਉਨ੍ਹਾਂ ਦੀ ਅਣਹੋਂਦ ਵਿਚ ਖ਼ੁਦ ਨਾਲ ਹੀ ਚੁੱਪ-ਗੁਫ਼ਤਗੂ ਰਚਾਉਂਦੇ ਬੱਚਿਆਂ ਨੂੰ ਕਦੇ ਵੀ ਨਾ ਹਰਖ਼ੋ। ਖ਼ੁਦ ਹੀ ਖ਼ੁਦ ਨਾਲ ਲੜਦੇ, ਝਗੜਦੇ, ਰੁੱਸਦੇ ਤੇ ਫਿਰ ਆਪ ਹੀ ਮੰਨ ਕੇ ਇਸ ਘਾਟ ਨੂੰ ਵਰਾਉਣ ਦੇ ਆਹਰ ਵਿਚ ਹੀ ਜ਼ਿੰਦਗੀ ਨੂੰ ਖੋਟਾ ਕਰਨ ਦਾ ਹਰ ਯਤਨ ਕਰਦੇ। ਅਜਿਹੇ ਬੱਚਿਆਂ ਤੋਂ ਸਦਾ ਲਈ ਗਵਾਚ ਜਾਂਦੇ ਨੇ ਬਹੁਤ ਸਾਰੇ ਸੰਬੰਧ, ਸਾਂਝਾਂ ਅਤੇ ਸਾਥ। ਇਨ੍ਹਾਂ ਨੂੰ ਇਨ੍ਹਾਂ ਦੀ ਤੋਟ ਵੰਨੀਂ ਕਦੇ ਜਾਣ ਬੁੱਝ ਕੇ ਨਾ ਉਲਝਾਓ ਕਿਉਂਕਿ ਇਨ੍ਹਾਂ ਬੱਚਿਆਂ ਲਈ ਆਪਣੇ ਵੀਰੇ ਦਾ ਮੋਢਾ ਨਹੀਂ ਹੁੰਦੇ ਜਿੱਥੇ ਸਿਰ ਰੱਖ ਕੇ ਰੋ ਸਕਣ। ਨਾ ਹੀ ਵਖਤ ਵਿਚ ਆਪਣੇ ਅੰਮੀ ਜਾਏ ਨੂੰ ਮਦਦ ਲਈ ਹਾਕ ਮਾਰ ਸਕਦੇ। ਇਨ੍ਹਾਂ ਦੇ ਗੁੱਟ ਤੋਂ ਰੁੱਸ ਜਾਂਦੀ ਹੈ ਰੱਖੜੀ ਅਤੇ ਨਾ ਹੀ ਭੈਣ ਫੜਦੀ ਹੈ ਵਾਗ ਅਤੇ ਵੀਰੇ ਦੇ ਸ਼ਗਨ ਮਨਾਉਂਦੀ। ਸ਼ਗਨਾਂ ਦੀ ਰੋਂਦੀ ਰੁੱਤ ਵਿਚ ਕੌਣ ਗਾਵੇਗਾ ਵੀਰੇ ਦੀਆਂ ਘੋੜੀਆਂ ਤੇ ਸੁਹਾਗ। ਫਿਰ ਉਹ ਖੁਦ ਵਿਚੋਂ ਮਨਫ਼ੀ ਹੋਏ ਹਿੱਸੇ ਨੂੰ ਆਪਣੇ ਗਲ ਲਾਉਣ ਦਾ ਬਹੁਤ ਵਿਰਦ ਕਰਦਾ ਪਰ ਇਹ ਵਿਰਦ ਸਿਰਫ਼ ਹਿੱਕ ਵਿਚ ਜੰਮ ਕੇ ਹਰ ਸਾਹ ਵਿਚ ਇਕ ਪੀੜਾ ਧਰ ਦਿੰਦਾ। ਪੀੜਾ ਦੀ ਪੁਰਵਾਈ ਵਿਚ ਭਲਾ ਕੌਣ ਜ਼ਿੰਦਗੀ ਦੇ ਗੀਤ ਗਾ ਸਕਦਾ? ਕਦੇ ਉਨ੍ਹਾਂ ਦੇ ਕੋਇਆਂ ਵਿਚ ਉਗੇ ਹੋਏ ਹੰਝੂਆਂ ਵਿਚੋਂ ਉਗਦੀ ਸਤਰੰਗੀ ਨੂੰ ਜ਼ਰੂਰ ਨਮਸਕਾਰਨਾ ਜਿਹੜੀ ਹੰਝੂਆਂ ਵਿਚੋਂ ਵੀ ਜਿਊਣ ਦੇ ਰੰਗਾਂ ਨਾਲ ਜੀਵਨ ਨੂੰ ਮੁਖ਼ਾਤਬ ਹੁੰਦੀ ਹੈ।

ਚੌਰਾਹੇ ਵਿਚ ਜਿਸਮ ਦੀ ਨਿਲਾਮੀ ਲਈ ਮਜਬੂਰ ਕੀਤੇ ਗਏ ਉਸ ਹੱਡ-ਮਾਸ ਦੇ ਪਿੰਜਰ ਨੂੰ ਨਫ਼ਰਤ ਨਾ ਕਰੋ ਸਗੋਂ ਉਸਦੀ ਤਰਾਸਦੀ ਦੇ ਕਾਰਨਾਂ ਨੂੰ ਘੋਖੋ। ਇਨ੍ਹਾਂ ਦੀ ਪਛਾਣ ਕਰੋ ਅਤੇ ਇਨ੍ਹਾਂ ਨੂੰ ਦੂਰ ਕਰ ਕੇ, ਇਕ ਮਾਣਮੱਤੀ ਜ਼ਿੰਦਗੀ ਜਿਊਣ ਦਾ ਨਿਉਂਦਾ ਉਸਦੀ ਕਰਮਰੇਖਾ ਦੇ ਨਾਮ ਕਰੋ ਤਾਂ ਕਿ ਉਸਦੇ ਜਿਸਮ ਦੀਆਂ ਬੋਟੀਆਂ ਦਾ ਸਵਾਦ ਚੱਖਣ ਵਾਲਿਆਂ ਨੂੰ ਕੁਝ ਸ਼ਰਮ ਤਾਂ ਆਵੇ। ਉਹ ਸਿਰ 'ਤੇ ਚੁੰਨੀ ਲੈ ਕੇ ਰੂਹ-ਰੱਤੀਆਂ ਰਾਹਾਂ ਦੀ ਨਿਸ਼ਾਨਦੇਹੀ ਕਰ ਸਕੇ ਜਿਹੜੇ ਉਸ ਲਈ ਰੋਟੀ ਅਤੇ ਸਿਰ ਦੀ ਛੱਤ ਬਣਨ ਵਿਚ ਸਹਾਈ ਹੋਵੇ। ਉਹ ਵੀ ਆਪਣੇ ਘਰ ਦੇ ਦਰੀਂ ਖੜ੍ਹ ਕੇ



ਸਰਘੀ ਦੀ ਸਵੇਰ ਨੂੰ ਨਿਹਾਰੇ। ਉਤਰਦੀ ਸ਼ਾਮ ਵਿਚ ਸਿਰ ਦੇ ਸਾਈਂ ਦੀ ਉਡੀਕ ਕਰੇ। ਘਰ ਦੇ ਬੰਨੇਰੇ 'ਤੇ ਚਾਵਾਂ ਦੇ ਚਿਰਾਗ ਡੰਗੇ, ਜਿਨ੍ਹਾਂ ਦੀ ਰੌਸ਼ਨੀ ਵਿਚ ਉਸਦਾ ਘਰ ਭਰ ਜਾਵੇ। ਉਸਦੇ ਵਿਹੜੇ ਨੂੰ ਸੁਬਕ ਸੁਬਕ ਠੁਮਕਦੇ ਪੈਰਾਂ ਦੀ ਤੋਰ ਵਿਚ ਖੁਦ ਨੂੰ ਥਰਕਾਉਣ ਦਾ ਹੁਸਨ ਹਾਸਲ ਹੋਵੇ। ਉਹ ਆਪਣੇ ਬੱਚਿਆਂ ਨੂੰ ਸੁਪਨੇ ਦੇਣ ਦੇ ਯੋਗ ਹੋਵੇ। ਇਨ੍ਹਾਂ ਸੁਪਨਿਆਂ ਦੀ ਤਾਮੀਰਦਾਰੀ ਵਿਚ ਉਹ ਨਵੇਂ ਸਮਾਜ ਦੀ ਸਿਰਜਣਹਾਰੀ ਬਣ ਕੇ ਨਵੀਆਂ ਪੇਸ਼ਬੰਦੀਆਂ ਦਾ ਪੈਗ਼ਾਮ ਬਣਨ ਦੇ ਸਮਰੱਥ ਹੋਵੇ।

ਕਦੇ ਕਿਤਾਬਾਂ ਨੂੰ ਨਫਰਤ ਨਾ ਕਰੋ ਤਾਂ ਕਿ ਕਿਤਾਬਾਂ ਹੀ ਤੁਹਾਡੇ ਘਰ ਨੂੰ ਬੇਦਾਵਾ ਦੇ ਜਾਣ ਅਤੇ ਘਰ ਨੂੰ ਬੇਕਿਤਾਬੇ ਹੋ ਕੇ ਜਿਊਣ ਦਾ ਸਰਾਪ ਮਿਲ ਜਾਵੇ। ਬੇਕਿਤਾਬੇ ਘਰ ਵਿਚ ਕਿਵੇਂ ਪਨਾਹ ਲਵੇਗੀ ਅੱਖਰ ਜੋਤ? ਕਿਵੇਂ ਇਸ ਦੇ ਚੌਗਿਰਦੇ ਵਿਚ ਗਿਆਨ-ਦੀਪਕ ਨੇ ਚਾਨਣ-ਚੌਗਿਰਦਾ ਸਿਰਜਣਾ? ਕਿਤਾਬਾਂ ਦੇ ਸਾਥ ਵਿਚ ਰਹਿਣ ਵਾਲੇ ਲੋਕ ਜੀਵਨੀ ਸੂਤਰਧਾਰਾ ਦੇ ਪੈਗੰਬਰ ਜਿਨ੍ਹਾਂ ਨੇ ਜੀਵਨ ਦੇ ਸੁਹਜ, ਸੰਵੇਦਨਾ ਅਤੇ ਸਾਰਥਿਕਤਾ ਨੂੰ ਪਹਿਚਾਨਣ ਅਤੇ ਇਨ੍ਹਾਂ ਨੂੰ ਜੀਵਨ ਜਾਚ ਦਾ ਹਿੱਸਾ ਬਣਾਉਣ ਵਿਚ ਅਹਿਮ ਯੋਗਦਾਨ ਪਾਉਣਾ ਹੁੰਦਾ। ਜੀਵਨ ਦੀਆਂ ਕਦਰਾਂ-ਕੀਮਤਾਂ ਅਤੇ ਸਮਾਜਿਕ ਵਰਤਾਰਿਆਂ ਦਾ ਚਿੱਤਰਪੱਟ ਨੇ ਇਹ ਕਿਤਾਬਾਂ। ਇਨ੍ਹਾਂ ਦੇ ਅੱਖਰਾਂ ਵਿਚ ਉਨ੍ਹਾਂ ਅਰਥਾਂ ਦੇ ਦੀਵੇ ਜਗਦੇ ਨੇ ਜਿਨ੍ਹਾਂ ਨੇ ਪਰਿਵਾਰਕ ਰਿਸ਼ਤਿਆਂ ਲਈ ਪਾਕੀਜ਼ਗੀ ਅਤੇ ਪਕਿਆਈ ਬਣਨਾ ਹੁੰਦਾ। ਜਿਨ੍ਹਾਂ ਨੇ ਸੰਬੰਧਾਂ ਦੀ ਸਿਰਜਣਾ ਕਰਨੀ ਹੁੰਦੀ ਅਤੇ ਇਨ੍ਹਾਂ ਦੀ ਸਥਿਰਤਾ ਨੂੰ ਸਾਬਤ ਅਤੇ ਸਬੂਤਾ ਰੱਖਣਾ ਹੁੰਦਾ। ਇਹ ਤਾਂ ਤੁਹਾਡੀ ਜ਼ਮੀਰ ਦੀ ਜ਼ਿਆਰਤ ਵੀ ਕਰਦੀਆਂ। ਸੁੱਤੀਆਂ ਜ਼ਮੀਰਾਂ ਜਗਾਉਂਦੀਆਂ। ਮਰੀਆਂ ਜ਼ਮੀਰਾਂ ਨੂੰ ਜੀਵਨ-ਦਾਨ ਬਖਸ਼ਦੀਆਂ ਅਤੇ ਜ਼ਮੀਰ-ਹੀਣਾਂ ਨੂੰ ਜ਼ਮੀਰ ਦਾ ਵਰਦਾਨ ਦਿੰਦੀਆਂ। ਜ਼ਮੀਰ ਵਿਚੋਂ ਜਜ਼ਬਾਤ, ਜਜ਼ਬਾ ਅਤੇ ਜਨੂੰਨ ਨੂੰ ਜਗਾਉਣ ਵਿਚ ਬਹੁਤ ਅਹਿਮ ਨੇ ਇਹ ਕਿਤਾਬਾਂ। ਕਿਤਾਬਾਂ ਨੂੰ ਆਪਣੇ ਘਰ ਦਾ ਸਭਿਆਚਾਰ ਬਣਾਓ। ਕਿਤਾਬਾਂ ਦੇ ਖਾਮੋਸ਼ ਹੋਏ ਅੱਖਰਾਂ ਵਿਚ ਸਿਰਫ਼ ਹਉਕਿਆਂ ਅਤੇ ਵੈਰਾਗ ਦੀ ਧੁਖਧੁਖੀ ਘਰ ਨੂੰ ਵੀ ਧੁਖਣ ਲਾ ਦੇਵੇਗੀ। ਕਿਤਾਬਾਂ ਤੋਂ ਕਦੇ ਵੀ ਬੇਮੁਖ ਨਾ ਹੋਣਾ।

ਟੁੱਟੇ ਜਿਹੇ ਘਰ ਵਿਚ ਰਹਿੰਦੇ ਅਤੇ ਸਮਾਜ ਦੇ ਕਰੂਰ ਸੱਚ ਨੂੰ ਆਪਣੀਆਂ ਕਵਿਤਾਵਾਂ ਤੇ ਕਹਾਣੀਆਂ ਵਿਚ ਪ੍ਰਗਟਾਉਂਦੇ ਕਿਸੇ ਕਲਮਕਾਰ ਕੋਲੋਂ ਉਸਦੀ ਕਲਮ ਨਾ ਖੋਹੋ। ਕਲਮ ਨੂੰ ਸਾਹ ਲੈਣ ਦਿਓ। ਗਰੀਬ ਦੇ ਘਰ ਵਿਚ ਅਮੀਰਾਨਾ ਠਾਠ ਨਹੀਂ ਹੋਣਗੇ ਅਤੇ ਨਾ ਹੀ ਉਹ ਆਲੀਸ਼ਾਨ ਸਹੂਲਤਾਂ ਨਾਲ ਜਿਊਣ ਦਾ ਅਡੰਬਰ ਕਰ ਸਕਦਾ। ਉਹ ਆਪਣੀ ਜ਼ਿੰਦਗੀ ਨੂੰ ਆਪਣੇ ਮੂਲ ਰੰਗ ਵਿਚ ਜਿਊਂਦਿਆਂ, ਜੀਵਨ ਦੀ ਕਰੂਪਤਾ ਅਤੇ ਸਰੂਪਤਾ ਦੇ ਦਰਸ਼ ਕਰਵਾਉਣ ਦੇ ਕਰਮ ਵਿਚ ਆਪਣੀ ਕਲਮੀ ਸਾਧਨਾ ਨੂੰ ਜਾਰੀ ਰੱਖਦਾ ਹੈ। ਇਸ ਸਾਧਨਾ ਵਿਚੋਂ ਹੀ ਉਸਦੀ ਕਲਮ-ਕਿਰਤ ਨੂੰ ਆਪਣੀ ਹੋਂਦ ਦਾ ਅਹਿਸਾਸ ਤੇ ਮਾਣ ਹੁੰਦਾ। ਉਸਨੂੰ ਉਸਦੀ ਆਰਥਿਕ ਗਰੀਬੀ ਦਾ ਮਿਹਣਾ ਨਾ ਦਿਓ ਕਿਉਂਕਿ ਅਜਿਹੇ ਲੋਕ ਗਿਆਨ ਦਾ ਜ਼ਿਆਰਤਖਾਨਾ ਹੁੰਦੇ। ਉਨ੍ਹਾਂ ਦੀ ਅੱਖਰਾਂ ਦੀ ਜੋਤ ਨੇ ਉਨ੍ਹਾਂ ਦੀ ਮੌਤ ਤੋਂ ਬਾਅਦ ਵੀ ਜਗਦੇ ਰਹਿਣਾ। ਕਲਮਕਾਰ ਤਾਂ ਮਰਨ ਤੋਂ ਬਾਅਦ ਵੀ ਜਿਊਂਦੇ ਰਹਿੰਦੇ ਨੇ ਕਿਤਾਬਾਂ ਵਿਚ, ਅੱਖਰਾਂ ਵਿਚ, ਕਵਿਤਾਵਾਂ ਵਿਚ ਅਤੇ ਕਹਾਣੀਆਂ ਵਿਚ। ਇਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੇਧ ਮਿਲਦੀ ਹੈ ਨਵੀਆਂ ਪਹਿਲਕਦਮੀਆਂ ਕਰਨ ਦੀ। ਯਾਦ ਰੱਖਣਾ! ਤੁਸੀਂ ਸਿਰਫ਼ ਨਫ਼ਰਤ ਦੇ ਪਾਤਰ ਬਣ ਕੇ ਆਪਣੇ ਜੀਵਨ ਨੂੰ ਅਲਵਿਦਾ ਕਹਿ ਜਾਵੋਗੇ। ਕਿਸੇ ਨੇ ਤੁਹਾਨੂੰ ਕਦੇ ਵੀ ਯਾਦ ਨਹੀਂ ਕਰਨਾ। ਤੁਹਾਡੇ ਪਿਆਰਿਆਂ ਨੇ ਵੀ ਤੁਹਾਥੋਂ ਪੱਲਾ ਝਾੜ ਲੈਣਾ। ਇਹ ਤਾਂ ਕਲਮ-ਕਿਰਤੀਆਂ ਦੇ ਹਿੱਸੇ ਆਇਆ ਹੈ ਮਰਨ ਤੋਂ ਬਾਅਦ ਜਿਉਂਦੇ ਰਹਿਣ ਦਾ ਹੁਨਰ ਤੇ ਹਾਸਲ ਕਿਉਂਕਿ ਅੱਖਰ ਕਦੇ ਮਰਦੇ ਨਹੀਂ। ਇਨ੍ਹਾਂ ਨੂੰ ਮਾਰਨ ਵਾਲੇ ਖ਼ੁਦ ਬੜੀ ਜਲਦੀ ਆਪਣਾ ਨਾਮੋ-ਨਿਸ਼ਾਨ ਮਿਟਾ ਬਹਿੰਦੇ ਨੇ।

ਕਦੇ ਵੀ ਕਿਸੇ ਲਾਚਾਰ, ਲੂਲ੍ਹੇ/ਲੰਗੜੇ ਮੰਗਤੇ ਨੂੰ ਨਹੋਰਾ ਨਾ ਮਾਰੋ। ਉਸਦੀ ਔਕਾਤ ਨੂੰ ਕਦੇ ਨਾ ਨਿੰਦੋ ਕਿਉਂਕਿ ਮੰਗਤਾ ਹੋਣਾ ਸਭ ਤੋਂ ਵੱਡੀ ਨਮੋਸ਼ੀ। ਇਹ ਲੋਕ ਨਮੋਸ਼ੀ ਨੂੰ ਅੰਦਰ ਪੀ ਕੇ ਦੋ ਡੰਗ ਦੀ ਰੋਟੀ ਲਈ ਮੰਗਣ ਦੀ ਨੌਬਤ ਹੰਢਾਉਣ ਲਈ ਮਜਬੂਰ ਹਨ। ਨਾ ਹੀ ਇਨ੍ਹਾਂ ਨੂੰ ਖ਼ੈਰਾਤ ਦਿੰਦਿਆਂ ਇਨ੍ਹਾਂ ਦੇ ਝੁਕੇ ਹੋਏ ਨੈਣਾਂ ਵੰਨੀਂ ਝਾਕੋ ਕਿਉਂਕਿ ਤੁਹਾਡੀ ਦਰਿਆਦਿਲੀ ਨੇ ਉਨ੍ਹਾਂ ਵੱਲ ਦੇਖ ਕੇ ਬਰੇਤਾ ਬਣ ਜਾਣਾ। ਫਿਰ ਤੁਹਾਡੇ ਮਾਨਵੀ ਕਰਮ ਦੇ ਕੋਈ ਅਰਥ ਨਹੀਂ ਰਹਿਣੇ। ਇਨ੍ਹਾਂ ਦੀ ਮਦਦ ਕਰਨ ਲਈ ਖੁਦ ਦੀ ਖੁਦਦਾਰੀ ਨੂੰ ਆਪਣੇ ਵਿਚੋਂ ਅਲੋਪ ਕਰ ਕੇ ਕੁਝ ਮਦਦ ਕਰੋਗੇ ਤਾਂ ਤੁਸੀਂ ਖੁਦ ਸਾਹਵੇਂ ਕਦੇ ਵੀ ਸ਼ਰਮਸ਼ਾਰ ਨਹੀਂ ਹੋਵੇਗੇ।

ਮਾਪੇ ਬੜੇ ਚਾਵਾਂ ਨਾਲ ਆਪਣੇ ਬੱਚਿਆਂ ਨੂੰ ਜਨਮਦੇ, ਪਾਲਦੇ। ਨਵੇਂ ਅੰਬਰ ਨੂੰ ਗਾਹੁਣ ਲਈ ਖੰਭ ਵੀ ਦਿੰਦੇ ਅਤੇ ਨਵੀਆਂ ਉਡਾਣਾਂ ਦਾ ਸਿਰਨਾਵਾਂ ਹੀ ਉਨ੍ਹਾਂ ਦੇ ਸੁਪਨੇ ਦੇ ਨਾਵੇਂ ਵੀ ਕਰਦੇ। ਪਰ ਜਦ ਮਾਂ ਬਾਪ ਬੁੱਢੇ ਹੋਣ ਜਾਣ ਤਾਂ ਕਦੇ ਵੀ ਉਨ੍ਹਾਂ ਨੂੰ ਘਰ ਦੇ ਬੰਦ ਦਰਵਾਜ਼ਿਆਂ ਦੇ ਚੌਕੀਦਾਰ ਨਾ ਬਣਾਓ। ਨਾ ਹੀ ਮਾਪੇ ਨੂੰ ਬਜ਼ੁਰਗ-ਘਰ ਦੀ ਮੁਥਾਜ਼ੀ ਵਿਚ ਜਿਊਣ ਲਈ ਮਜਬੂਰ ਕਰੋ। ਬਹੁਤ ਔਖਾ ਹੁੰਦਾ ਹੈ ਮਾਪਿਆਂ ਦਾ ਆਪਣੀ ਸਲਤਨਤ ਵਿਚੋਂ ਦੇਸ਼-ਨਿਕਾਲਾ ਅਤੇ ਕਿਸੇ ਦੀ ਮੁਥਾਜ਼ੀ ਤੇ ਰਹਿਮਦਿਲੀ ਵਿਚ ਜੀਵਨ ਦੇ ਆਖਰੀ ਪਲਾਂ ਨੂੰ ਜਿਊਣ ਦੀ ਜ਼ਹਾਲਤ। ਇਹ ਮਜਬੂਰੀ ਕਈ ਵਾਰ ਆਪਣੀ ਅਰਥੀ ਨੂੰ ਮੋਢੇ 'ਤੇ ਰੱਖ ਕਬਰਾਂ ਵੱਲ ਨੂੰ ਵੀ ਤੁਰ ਪੈਂਦੀ। ਮਾਂ ਬਾਪ ਦੇ ਸਿਵੇ ਨੂੰ ਅਗਨੀ ਦਿਖਾਉਣ ਤੋਂ ਵੀ ਪਾਸਾ ਨਾ ਵੱਟਿਓ ਵਰਨਾ ਤੁਸੀਂ ਔਲਾਦ ਕਹਾਉਣ ਦਾ ਹੱਕ ਗਵਾ ਬੈਠੋਗੇ। ਫਿਰ ਸਾਰੀ ਉਮਰ ਸਿਵੇ ਦੇ ਸੇਕ ਵਿਚ ਆਪਣੇ ਆਪ ਨੂੰ ਲੂੰਹਦੇ, ਆਪਣੀ ਅਰਥੀ ਨੂੰ ਵੀ ਕਬਰਾਂ ਵਿਚ ਦਫ਼ਨਾਉਣ ਲਈ ਆਪ ਹੀ ਢੋਣਾ ਪੈਣਾ।

ਰੱਬ ਦਾ ਵਾਸਤਾ ਈ! ਕਦੇ ਵੀ ਕੁਝ ਅਜਿਹਾ ਨਾ ਕਰੋ ਕਿ ਜਿਊਣ ਤੋਂ ਵੀ ਨਮੋਸ਼ੀ ਆਉਣ ਲੱਗ ਪਵੇ ਅਤੇ ਅਸੀਂ ਆਪਣੇ ਸਾਹਾਂ ਨੂੰ ਸਿਉਂਕਦੇ ਜ਼ਰਜ਼ਰੀ ਜ਼ਿੰਦਗੀ ਦਾ ਕਬਰਸਤਾਨ ਬਣ ਜਾਈਏ। ਸਗੋਂ ਕੁਝ ਅਜਿਹਾ ਕਰੀਏ ਕਿ ਸਾਡੇ ਜਾਣ ਤੋਂ ਬਾਅਦ ਵੀ ਲੋਕ ਸਾਡੀਆਂ ਕਥਨੀਆਂ, ਕਰਨੀਆਂ ਤੇ ਕੀਰਤੀਆਂ ਵਿਚਲੀਆਂ ਕਹਾਣੀਆਂ, ਕਥਾਵਾਂ ਅਤੇ ਕਾਰਨਾਮਿਆਂ ਦੀ ਕਰਮ-ਧਾਰਨਾ ਨੂੰ ਆਪਣੀ ਜੀਵਨ-ਜਾਚ ਦਾ ਮੂਲ-ਮੰਤਰ ਬਣਾਉਣ।

---

## ਦਾੜ੍ਹੀ ਦਾ ਮੁੱਲ

ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਕਿ ਵੱਡੀ ਗਿਣਤੀ ਪੰਜਾਬੀ ਦਾੜ੍ਹੀ ਕਟਵਾਉਂਦੇ ਹਨ ਜਾਂ ਆਪ ਕੱਟਦੇ ਹਨ। ਇਹ ਹਰੇਕ ਦੇ ਆਪੋ-ਆਪਣੇ ਮਨ ਦੇ ਮੌਜ ਮੇਲੇ ਹਨ। ਮੈਂ ਵੀ ਦਾੜ੍ਹੀ ਕੱਟਣ ਵਾਲਿਆਂ 'ਚੋਂ ਇਕ ਹਾਂ। ਦਾੜ੍ਹੀ ਕੱਟਣ ਦੀ ਆਦਤ ਯੂਨੀਵਰਸਿਟੀ ਵਿਚ ਪੜ੍ਹਦੇ ਵੇਲੇ ਹੀ ਪੈ ਗਈ ਸੀ। ਅਸੀਂ ਦੋਸਤ ਆਪਸ ਵਿਚ ਵੀ ਕੱਟ ਲੈਂਦੇ ਸਾਂ। ਉਦੋਂ ਨਾਈ ਵੱਡੀ ਰਕਮ ਪੱਚੀ ਪੈਸੇ ਲੈਂਦਾ ਸੀ, ਫੇਰ ਅੱਠ ਆਨੇ, ਫੇਰ ਰੁਪਿਆ ਤੇ ਹੁਣ ਵਧਦਾ-ਵਧਦਾ ਇਹ ਰੇਟ ਸੈਂਕੜਿਆਂ ਤਕ ਪਹੁੰਚ ਗਿਆ ਹੈ। ਆਪਾਂ ਵੀਹ ਰੁਪਏ 'ਤੇ ਆ ਕੇ ਸਟਾਪ ਲਾ ਦਿੱਤਾ। ਕਿਸੇ ਨੇ ਮੈਨੂੰ ਦਾੜ੍ਹੀ ਕੱਟਣ ਆਲੀ ਕੰਬਾਇਨ ਅਮਰੀਕਾ ਤੋਂ ਲਿਆ ਕੇ ਦੇ ਦਿੱਤੀ। ਉਹੀ ਕਈ ਸਾਲ ਦੀ ਚੱਲ ਰਹੀ ਹੈ। ਦਾੜ੍ਹੀ ਭਾਵੇਂ ਹਰ ਵਾਰੀ ਕਰੜ ਬਰੜ ਹੀ ਕੱਟੀ ਗਈ ਜਾਂ ਕਈ ਵਾਰੀ ਥੱਲੇ ਤਕ ਰਗੜੀ ਗਈ। ਚੱਲ ਆਪਾਂ ਕਿਹੜੇ ਟੌਹਰੀ ਬੰਦੇ ਹਾਂ ! ਜਿਹਨੂੰ ਨਹੀਂ ਪਸੰਦ, ਨਾ ਸਹੀ। ਕੱਲ੍ਹ-ਪਰਸੋਂ ਕੰਬਾਇਨ ਚਲਾਉਣ ਲੱਗਾ ਤਾਂ ਐਵੇਂ ਦਿਲ ਕੀਤਾ ਕਿ ਚਲੋ ਅੱਜ ਨਾਈ ਕੋਲ ਹੀ ਚੱਲਦੇ ਹਾਂ। ਹੁਣ ਉਸ ਦਾੜ੍ਹੀ ਤਾਂ ਕੱਟਤੀ, ਪਰ ਠੀਕ ਜਾਂ ਨਹੀਂ ਪਤਾ ਨਾ ਲੱਗਾ। ਸਭ ਤੋਂ ਪਹਿਲਾਂ ਇਕ ਦੋਸਤ ਕੋਲ ਗਿਆ ਤੇ ਉਸਨੂੰ ਦਾੜ੍ਹੀ ਬਾਰੇ ਦੱਸਿਆ ਕਿ ਤਿੰਨ ਸੌ ਲੱਗ ਗਿਆ ਨਾਈ ਕੋਲ, ਕਹਿੰਦਾ ਆਹ ਬਣੀ ਗੱਲ, ਆਪ ਨਾਲੋਂ ਨਾਈ ਹਮੇਸ਼ਾਂ ਵਧੀਆ ਕੱਟੂ। ਘੰਟੇ ਕੁ ਬਆਦ ਕਿਸੇ ਹੋਰ ਨੂੰ ਕਿਹਾ ਕਿ ਵੀਹ ਰੁਪਏ ਲਏ ਕੁਰਸੀ ਵਾਲੇ ਨਾਈ ਨੇ। 'ਹੂੰ ਤਾਹੀਂ ਸਹੀ ਨਹੀਂ ਕੱਟ ਹੋਈ'। ਇਸ ਤਰ੍ਹਾਂ ਮੈਂ ਦੋ ਦਿਨ ਵੱਖ ਵੱਖ ਰੇਟ ਦੱਸ ਕੇ ਦਾੜ੍ਹੀ ਬਾਰੇ ਚੰਗੇ ਮਾੜੇ ਵਿਚਾਰ ਲੈਂਦਾ ਰਿਹਾ ਤੇ ਮਨੁੱਖ ਦਾ ਪੈਸੇ ਨਾਲ ਰਿਸ਼ਤਾ ਮਾਪਦਾ ਰਿਹਾ। ਸੱਚੀਂ ਦੱਸਾਂ ਹੁਣ ਤਾਂ ਮੈਨੂੰ ਵੀ ਭੁੱਲ ਗਿਆ ਕਿ ਨਾਈ ਨੂੰ ਨੋਟ ਮੈਂ ਵੀਹ ਦਾ ਦਿੱਤਾ ਸੀ ਕਿ ਪੰਜ ਸੌ ਦਾ। ਕੁਰਸੀ ਬਾਹਰ ਸੀ ਕਿ ਸ਼ੀਸ਼ੇ ਵਿਚੋਂ ਬਾਹਰ ਦਿਸਦਾ ਸੀ।

*-ਜਨਮੇਜਾ ਸਿੰਘ ਜੌਹਲ*

# ਲਾਰੇ ਵੰਡਦੇ ਲੀਡਰਾਂ ਦੇ ਰਾਹ ਦਾ ਸਪੀਡ ਬਰੇਕਰ ਬਣਨ ਲਈ ਲੋਕਾਂ ਨੂੰ ਤਿਆਰ ਕੀਤਾ ਜਾਣਾ ਚਾਹੀਦੈ

## ਸਿਆਸਤ ਦਾ ਪਿੜ



■ ਜਤਿੰਦਰ ਪਨੂੰ
ਫੋਨ: 91-98140-68455

ਸਾਡੇ ਵਿੰਹਦਿਆਂ-ਵਿੰਹਦਿਆਂ ਲੋਕਾਂ ਨੇ ਕਈ ਵਾਰ ਵੋਟਾਂ ਪਾਈਆਂ ਅਤੇ ਇਹ ਆਸ ਕੀਤੀ ਕਿ ਇਸ ਨਾਲ ਹਾਲਾਤ ਬਦਲਣ ਦਾ ਕੋਈ ਸਬੱਬ ਬਣ ਜਾਵੇਗਾ, ਪਰ ਬਹੁਤਾ ਫਰਕ ਪੈਂਦਾ ਨਹੀਂ ਦਿਸਿਆ। ਸਾਨੂੰ ਪਿੰਡਾਂ ਵਿਚ ਅੱਜ ਵੀ ਕਈ ਬਜ਼ੁਰਗ ਇਹ ਕਹਿਣ ਵਾਲੇ ਮਿਲ ਜਾਂਦੇ ਹਨ ਕਿ ਅੱਜ ਦੀ ਹਕੂਮਤ ਤੋਂ ਅੰਗਰੇਜ਼ਾਂ ਦਾ ਰਾਜ ਰਹਿੰਦਾ ਤਾਂ ਉਹ ਵੀ ਮਾੜਾ ਨਹੀਂ ਸੀ, ਉਸ ਵਿਚ ਏਨੇ ਵੱਡੇ ਪੱਧਰ ਦਾ ਭ੍ਰਿਸ਼ਟਾਚਾਰ ਨਹੀਂ ਸੀ ਹੁੰਦਾ। ਇਹ ਤਸਵੀਰ ਦਾ ਇੱਕ ਪਾਸਾ ਤਾਂ ਹੋ ਸਕਦਾ ਹੈ, ਸਾਰੀ ਤਸਵੀਰ ਦੀ ਵਿਆਖਿਆ ਏਨੇ ਸ਼ਬਦਾ ਵਿਚ ਨਹੀਂ ਹੋ ਸਕਦੀ। ਅੰਗਰੇਜ਼ੀ ਰਾਜ ਏਨਾ ਚੰਗਾ ਹੁੰਦਾ ਤਾਂ ਸਾਡੇ ਦੇਸ਼ਭਗਤਾਂ ਨੂੰ ਕੁਰਬਾਨੀਆਂ ਨਾ ਦੇਣੀਆਂ ਪੈਂਦੀਆਂ, ਫਾਂਸੀ ਦੇ ਰੱਸੇ ਨਾ ਚੁੰਮਣੇ ਪੈਂਦੇ ਅਤੇ ਆਪਣੇ ਘਰ-ਬਾਰ ਜ਼ਬਤ ਨਾ ਕਰਵਾਉਣੇ ਪੈਂਦੇ। ਏਨੇ ਮਹਿੰਗੇ ਮੁੱਲ ਮਿਲੀ ਆਜ਼ਾਦੀ ਤੋਂ ਸੱਤਰ ਸਾਲ ਬਾਅਦ ਵੀ ਜੇ ਕੋਈ ਅੰਗਰੇਜ਼ੀ ਰਾਜ ਬਾਰੇ ਏਦਾਂ ਦੇ ਵਿਚਾਰ ਰੱਖਦਾ ਹੈ ਤਾਂ ਕਸੂਰ ਉਸ ਦਾ ਨਹੀਂ, ਆਜ਼ਾਦੀ ਦੇ ਲਾਭਾਂ ਨੂੰ ਹੜੱਪਣ ਵਾਲੇ ਚੋਰਾਂ ਅਤੇ ਉਨ੍ਹਾਂ ਚੋਰਾਂ ਦੀ ਸਰਪ੍ਰਸਤੀ ਕਰਨ ਵਾਲੇ ਆਗੂਆਂ ਦਾ ਹੈ। ਹਾਲਾਤ ਹਰ ਵਾਰ ਪਹਿਲਾਂ ਨਾਲੋਂ ਵੱਧ ਖਰਾਬ ਹੋਣ ਦਾ ਰੋਸ ਲੋਕਾਂ ਦੇ ਮਨ ਵਿਚ ਇਸ ਲਈ ਉਪਜਦਾ ਹੈ ਕਿ ਜਾਇਜ਼ ਸ਼ਿਕਵਾ ਵੀ ਸੁਣਨ ਵਾਲਾ ਕੋਈ ਨਹੀਂ ਲੱਭ ਰਿਹਾ।

ਕਹਿਣ ਨੂੰ ਭਾਰਤ ਲੋਕਤੰਤਰ ਹੈ ਅਤੇ ਹਰ ਪੰਜ ਸਾਲਾਂ ਬਾਅਦ ਲੋਕਾਂ ਨੂੰ ਆਪਣੇ ਤੰਤਰ ਦੇ ਹਾਕਮ ਚੁਣਨ ਲਈ ਮੌਕਾ ਮਿਲਦਾ ਹੈ, ਪਰ ਜਦੋਂ ਹਰ ਪਾਸੇ ਚੋਰਾਂ ਦੇ ਗੈਂਗ ਉਨ੍ਹਾਂ ਨੂੰ ਆਪੋ-ਆਪਣੀ ਪਸੰਦ ਦਾ ਹਾਕਮ ਚੁਣਨ ਲਈ ਮਜਬੂਰ ਕਰਨ ਲਈ ਘੂਰਦੇ ਫਿਰਨ ਤਾਂ ਲੋਕਤੰਤਰ ਸਿਰਫ ਨਾਂਅ ਦਾ ਲੋਕਤੰਤਰ ਰਹਿ ਜਾਂਦਾ ਹੈ। ਹਰ ਹਾਕਮ ਨੂੰ ਆਪਣੇ ਨਾਲ ਲੱਠਮਾਰਾਂ ਦੇ ਗੈਂਗ ਇਸ ਵਾਸਤੇ ਰੱਖਣੇ ਪੈਂਦੇ ਹਨ ਕਿ ਜਿਨ੍ਹਾਂ ਲੋਕਾਂ ਨੂੰ ਝੂਠੇ ਸਬਜ਼ਬਾਗ ਵਿਖਾ ਕੇ ਵੋਟਾਂ ਲਈਆਂ ਹੁੰਦੀਆਂ ਹਨ, ਉਹ ਕਿਸੇ ਦਿਨ ਵੋਟਾਂ ਦਾ ਲੇਖਾ ਮੰਗਣ ਨਾ ਆਣ ਵੜਦੇ ਹੋਣ। ਭਾਰਤ ਦੀ ਕੋਈ ਪ੍ਰਮੁੱਖ ਧਿਰ ਵੀ ਏਦਾਂ ਦੀ ਨਹੀਂ, ਜਿਹੜੀ ਲੱਠਮਾਰਾਂ ਤੋਂ ਬਗੈਰ ਰਾਜ ਕਰਨ ਦਾ ਦਾਅਵਾ ਕਰ ਸਕੇ, ਸਗੋਂ ਕਈ ਵਾਰੀ ਏਦਾਂ ਲੱਗਦਾ ਹੈ ਕਿ ਮੁਕਾਬਲਾ ਵੋਟਾਂ ਦਾ ਨਹੀਂ, ਲੱਠਮਾਰਾਂ ਦੇ ਵੱਡੇ ਜਾਂ ਛੋਟੇ ਗੈਂਗਾਂ ਵੱਲੋਂ ਪੈਂਦੀ ਮਾਰ ਦਾ ਹੁੰਦਾ ਹੈ। 'ਜਿਸ ਕੀ ਲਾਠੀ, ਉਸ ਕੀ ਭੈਂਸ' ਦੇ ਮੁਹਾਵਰੇ ਵਾਂਗ ਜਿਸ ਦਾ ਲੱਠਮਾਰ ਗੈਂਗ ਵੱਡਾ ਹੈ, ਉਹ ਦੂਸਰਿਆਂ ਨੂੰ ਧੱਕੇ ਨਾਲ ਪਾਸੇ ਧੱਕਦਾ ਤੇ ਰਾਜ-ਭਾਗ ਦੇ ਗਲਿਆਰਿਆਂ ਤਕ ਜਾਣ ਵਾਲਾ ਰਾਹ ਮੱਲਣ ਦਾ ਯਤਨ ਕਰਦਾ ਹੈ। ਚੋਣ ਕਮਿਸ਼ਨ ਵਿਖਾਵੇ ਵਾਲਾ ਸ਼ੇਰ ਹੈ, ਜਿਹੜਾ ਕਦੇ-ਕਦੇ ਦਬਕਾ ਜਿਹਾ ਮਾਰਦਾ ਤੇ ਫਿਰ ਚੁੱਪ ਕਰ ਜਾਂਦਾ ਹੈ। ਹਰ ਚੋਣ ਵਿਚ ਕੁਝ ਉਮੀਦਵਾਰਾਂ ਵਿਰੁੱਧ ਚੋਣ ਜ਼ਾਬਤੇ ਦੀ ਉਲੰਘਣਾ ਦੇ ਕੇਸ ਦਰਜ ਹੁੰਦੇ ਹਨ, ਚੋਣਾਂ ਪਿੱਛੋਂ ਫਿਰ ਆਮ ਕਰਕੇ ਰੱਦ ਹੋ ਜਾਂਦੇ ਹਨ ਤੇ ਜਿਸ ਦੇ ਵਿਰੁੱਧ ਬਣਿਆ ਕੇਸ ਰੱਦ ਨਹੀਂ ਹੁੰਦਾ, ਉਹ ਚੋਣਾਂ ਜਿੱਤ ਚੁੱਕੇ ਹਾਕਮਾਂ ਦੀ ਦੁਸ਼ਮਣੀ ਕਰਕੇ ਨਹੀਂ ਹੁੰਦਾ।



ਅੱਜ-ਕੱਲ੍ਹ ਭਾਰਤ ਦੇ ਪੰਜ ਰਾਜਾਂ ਵਿਚਲੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਹੋ ਰਹੀਆਂ ਹਨ ਤਾਂ ਇਨ੍ਹਾਂ ਦੇ ਵਿਧਾਨ ਸਭਾ ਹਲਕਿਆਂ ਹੇਠ ਭਾਰਤੀ ਪਾਰਲੀਮੈਂਟ ਦੇ ਇੱਕ ਸੌ ਦੋ ਹਲਕੇ ਵੀ ਆਉਂਦੇ ਹਨ। ਆਮ ਬੋਲੀ ਵਿਚ ਕਿਹਾ ਜਾਂਦਾ ਹੈ ਕਿ ਇਹ ਪੰਜਾਂ ਰਾਜਾਂ ਦੀਆਂ ਚੋਣਾਂ ਤੋਂ ਵਧ ਕੇ ਪਾਰਲੀਮੈਂਟ ਦੀਆਂ ਮਿਨੀ ਚੋਣਾਂ ਹਨ। ਕਹਿਣ ਦਾ ਅਰਥ ਇਹੀ ਹੁੰਦਾ ਹੈ ਕਿ ਪਾਰਲੀਮੈਂਟ ਦੇ ਜਿਸ ਹੇਠਲ ਸਦਨ ਲੋਕ ਸਭਾ ਵਿਚ ਅੱਧੇ ਤੋਂ ਵੱਧ ਮੈਂਬਰਾਂ ਦੀ ਹਮਾਇਤ ਦੇ ਨਾਲ ਅਗਲਾ ਪ੍ਰਧਾਨ ਮੰਤਰੀ ਚੁਣਿਆ ਜਾਣਾ ਹੈ, ਇਨ੍ਹਾਂ ਪੰਜ ਰਾਜਾਂ ਦੀਆਂ ਚੋਣਾਂ ਵਿਚ ਉਨ੍ਹਾਂ ਵਿਚੋਂ ਇੱਕ ਸੌ ਦੋ ਮੈਂਬਰਾਂ ਦੀ ਜਿੱਤ-ਹਾਰ ਦਾ ਅੰਦਾਜ਼ਾ ਹੋ ਸਕਦਾ ਹੈ। ਇਸ ਨੂੰ ਪਾਰਲੀਮੈਂਟ ਦਾ ਸੈਮੀ-ਫਾਈਨਲ ਵੀ ਕਿਹਾ ਜਾਂਦਾ ਹੈ। ਇਸੇ ਲਈ ਭਾਰਤ ਦਾ ਪ੍ਰਧਾਨ ਮੰਤਰੀ ਅਤੇ ਉਸ ਦੀ ਪੂਰੀ ਟੀਮ ਇਨ੍ਹਾਂ ਚੋਣਾਂ ਵਿਚ ਵਿਧਾਨ ਸਭਾ ਦਾ ਦੰਗਲ ਸਮਝ ਕੇ ਨਹੀਂ, ਪਾਰਲੀਮੈਂਟ ਚੋਣਾਂ ਦਾ ਅਗੇਤਾ ਮੈਚ ਸਮਝ ਕੇ ਸਾਰਾ ਤਾਣ ਲਾਉਣ ਲਈ ਘਰ-ਘਰ ਤੁਰੀ ਫਿਰਦੀ ਨਜ਼ਰ ਪੈਂਦੀ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਆਗੂਆਂ ਦਾ ਇਸ ਗੱਲ ਉੱਤੇ ਜ਼ੋਰ ਘੱਟ ਹੁੰਦਾ ਹੈ ਕਿ ਉਹ ਆਪਣੇ ਲੋਕਾਂ ਨੂੰ ਇਸ ਤਰ੍ਹਾਂ ਪੈਰਾਂ ਸਿਰ ਖੜ੍ਹਾ ਕਰ ਦੇਣਗੇ ਕਿ ਉਨ੍ਹਾਂ ਨੂੰ ਅੱਗੇ ਤੋਂ ਕਿਸੇ ਦੀ ਝਾਕ ਨਾ ਰੱਖਣੀ ਪਵੇ, ਬਹੁਤਾ ਜ਼ੋਰ ਇਸ ਗੱਲ ਉੱਤੇ ਹੁੰਦਾ ਹੈ ਕਿ ਸਾਨੂੰ ਜਿਤਾਉਗੇ ਤਾਂ ਅਸੀਂ ਆਹ-ਆਹ ਚੀਜ਼ਾਂ ਤੁਹਾਨੂੰ ਮੁਫਤ ਦਿਆ ਕਰਾਂਗੇ। ਲੋਕਾਂ ਨੂੰ ਮੁਫਤ ਦੇ ਮਾਲ ਦੀ ਝਾਕ ਲਾ ਕੇ ਉਨ੍ਹਾਂ ਦੀਆਂ ਵੋਟਾਂ ਲੈਣ ਵਾਲਿਆਂ ਨੂੰ ਪਤਾ ਹੈ ਕਿ ਜਿਸ ਦਿਨ ਇਹ ਲੋਕ ਕਮਾ ਕੇ ਖਾਣ ਜੋਗੇ ਹੋ ਗਏ, ਉਨ੍ਹਾਂ ਦੇ ਲਾਰਿਆਂ ਦਾ ਇਨ੍ਹਾਂ ਉੱਤੇ ਅਸਰ ਨਹੀਂ ਹੋਣਾ, ਇਸ ਲਈ ਏਦਾਂ ਦੀ ਸਥਿਤੀ ਪੈਦਾ ਹੀ ਨਹੀਂ ਹੋਣ ਦੇਣਗੇ ਕਿ ਲੋਕ ਪੈਰਾਂ ਸਿਰ ਖੜ੍ਹੇ ਹੋ ਜਾਣ ਤੇ ਉਨ੍ਹਾਂ ਤੋਂ ਝਾਕ ਰੱਖਣੀ ਛੱਡ ਦੇਣ। ਕੋਲਕਾਤਾ ਵਿਚ ਈਸਾਈਆਂ ਦੇ ਇੱਕ ਮਿਸ਼ਨ ਦੀ ਇੱਕ ਸਤਿਕਾਰਤ ਭਗਤਣੀ ਨੇ ਕੁਝ ਸਾਲ ਪਹਿਲਾਂ ਕਿਹਾ ਸੀ ਕਿ ਈਸ਼ਵਰ ਬੜਾ ਦਿਆਲੂ ਹੋਣ ਕਰਕੇ ਕੁਝ ਲੋਕਾਂ ਨੂੰ ਇਸ ਲਈ ਗਰੀਬ ਰੱਖਦਾ ਹੈ ਕਿ ਜਿਨ੍ਹਾਂ ਸਾਡੇ ਵਰਗਿਆਂ ਕੋਲ ਸਮਰੱਥਾ ਹੈ, ਅਸੀਂ ਉਨ੍ਹਾਂ ਗਰੀਬ ਲੋਕਾਂ ਲਈ ਦਾਨ ਪੁੰਨ ਕਰ ਕੇ ਆਪਣੇ ਜੀਵਨ ਨੂੰ ਸਫਲ ਕਰ ਸਕੀਏ। ਜੇ ਸਚਮੁੱਚ ਏਦਾਂ ਦਾ ਈਸ਼ਵਰ ਹੈ, ਜਿਸ ਨੂੰ ਸਮਰੱਥਾ ਵਾਲਿਆਂ ਦਾ ਭਲਾ ਕਰਨ ਲਈ ਪੁੰਨ ਦੇ ਕਾਰਜ ਕਰਨ ਦਾ ਮੌਕਾ ਦੇਣ ਵਾਸਤੇ ਕੁਝ ਲੋਕ ਗਰੀਬ ਵੀ ਰੱਖਣੇ ਪੈਂਦੇ ਹਨ ਤਾਂ ਉਸ ਈਸ਼ਵਰ ਨੂੰ ਸਿਰਫ ਕੁਝ ਲੋਕਾਂ ਲਈ ਭਾਵੇਂ ਦਿਆਲੂ ਮੰਨ ਲਈਏ, ਜਿਨ੍ਹਾਂ ਲੋਕਾਂ ਨੂੰ ਉਹ ਗਰੀਬ ਰੱਖਦਾ ਹੈ, ਉਨ੍ਹਾਂ ਵਿਚਾਰਿਆਂ ਲਈ ਦਿਆਲੂ ਨਹੀਂ ਕਿਹਾ ਜਾ ਸਕਦਾ। ਭਾਰਤ ਦੇ ਲੋਕਤੰਤਰ ਦੇ ਆਗੂ ਵੀ ਆਪਣੇ ਲੋਕਾਂ ਨੂੰ ਇਸ ਕਰਕੇ ਗਰੀਬ ਜਿਹੇ ਬਣਾ ਕੇ ਰੱਖਦੇ ਹਨ ਕਿ ਅਗਲੀ ਵਾਰੀ ਫਿਰ ਮੁਫਤ ਦਾ ਆਟਾ-ਦਾਲ ਤੇ ਹੋਰ ਸਹੂਲਤਾਂ ਦਾ ਲਾਰਾ ਲਾ ਕੇ ਉਨ੍ਹਾਂ ਦੀਆਂ ਵੋਟਾਂ ਲਈਆਂ ਜਾ ਸਕਣ। ਇਹ ਵੀ ਉਸ ਰੱਬ ਵਰਗੇ 'ਦਿਆਲੂ' ਹੀ ਹਨ।

ਭਾਰਤੀ ਲੋਕਤੰਤਰ ਵਿਚ ਲੋਕਾਂ ਦੇ ਸੇਵਕ ਅਖਵਾਉਣ ਵਾਲੇ ਆਗੂ ਵੀ ਉਸ ਈਸਾਈ ਭਗਤਣੀ ਦੇ ਰੱਬ ਵਰਗੇ ਹਨ, ਜਿਹੜੇ ਆਪਣੇ ਲੋਕਾਂ ਤੋਂ ਸਿਰਫ ਵੋਟਾਂ ਲੈਂਦੇ ਹਨ ਅਤੇ ਉਨ੍ਹਾਂ ਨੂੰ ਏਦਾਂ ਦੇ ਹਾਲਾਤ ਦੀ ਮਾਰ ਦੇ ਮਾਰੇ ਹੋਏ ਰੱਖਦੇ ਹਨ ਕਿ ਆਪਣੇ ਸਿਰ ਗੁਜ਼ਾਰਾ ਨਾ ਕਰ ਸਕਣ ਤੇ ਇਨ੍ਹਾਂ ਵੱਲ ਝਾਕਦੇ ਰਹਿਣ। ਇਸ ਵਾਰ ਦੀਆਂ ਚੋਣਾਂ ਦੇ ਦਿਨਾਂ ਵਿਚ ਅਸੀਂ ਇੱਕ ਵਾਰ ਫਿਰ ਇਹੋ ਹੁੰਦਾ ਵੇਖਿਆ ਹੈ। ਹਰ ਪਾਰਟੀ ਨੇ ਇਹ ਐਲਾਨ ਕਰਨ ਦਾ ਮੁਕਾਬਲਾ ਜਿੱਤਣ ਦੀ ਹੋੜ ਲਾ ਰੱਖੀ ਸੀ ਕਿ ਅਸੀਂ ਦੂਸਰਿਆਂ ਤੋਂ ਐਨਾ ਕੁਝ ਵੱਧ ਲੋਕਾਂ ਨੂੰ ਮੁਫਤ ਦਿਆ ਕਰਾਂਗੇ। ਜਦੋਂ ਸਰਕਾਰ ਅਜੇ ਬਣਨੀ ਸੀ ਤੇ ਉਸ ਦੇ ਲਈ ਵੋਟਾਂ ਵੀ ਅਜੇ ਨਹੀਂ ਸੀ ਪਈਆਂ, ਜਿਹੜਾ ਸਰਕਾਰੀ ਖਜ਼ਾਨਾ ਜਿੱਤਣ ਦੇ ਬਾਅਦ ਕਿਸੇ ਧਿਰ ਦੇ ਕੰਟਰੋਲ ਵਿਚ ਆਉਣਾ ਹੁੰਦਾ ਹੈ, ਉਸ ਨੂੰ ਰਾਜਿਆਂ ਵਾਂਗ ਵੰਡਣ ਅਤੇ ਆਪਣੇ ਚਹੇਤਿਆਂ ਦੇ ਲਈ ਮੌਜਾਂ ਲੁੱਟਣ ਦਾ ਸਬੱਬ ਬਣਾਉਣ ਦਾ ਐਲਾਨ ਹਰ ਪਾਰਟੀ ਕਰ ਰਹੀ ਸੀ। ਇਹ ਖਜ਼ਾਨਾ ਕਿਸੇ ਵੀ ਆਗੂ ਦੇ ਬਾਪ ਦੀ ਕਿਰਤ-ਕਮਾਈ ਜਾਂ ਕਿਸੇ ਹੋਰ ਦੀ ਮਾਂ ਦੇ ਹੱਥੀਂ ਕੱਤਿਆ ਹੋਇਆ ਸੂਤ ਵੇਚ ਕੇ ਨਹੀਂ ਭਰਦਾ, ਲੋਕਾਂ ਵੱਲੋਂ ਦਿੱਤੇ ਟੈਕਸਾਂ ਨਾਲ ਭਰਦਾ ਹੈ ਅਤੇ ਜਿਨ੍ਹਾਂ ਦੀ ਖੂਨ-ਪਸੀਨੇ ਦੀ ਕਮਾਈ ਵਿਚੋਂ ਖਜ਼ਾਨਾ ਭਰਦਾ ਹੈ, ਉਨ੍ਹਾਂ ਮੂਹਰੇ ਛੋਟਾਂ ਉਲੱਦਣ ਦਾ ਐਲਾਨ ਕਰ ਕੇ ਇਹ ਲੀਡਰ ਹਾਤਮਤਾਈ ਦੀ ਔਲਾਦ ਬਣਨ ਦੇ ਮੌਕੇ ਭਾਲਦੇ ਹਨ। ਭਾਰਤੀ ਲੋਕਤੰਤਰ ਦਾ ਇਹ ਸਭ ਤੋਂ ਹਾਸੋਹੀਣਾ ਤੇ ਕੋਝਾ ਪੱਖ ਹੈ ਕਿ ਜਿਨ੍ਹਾਂ ਲੋਕਾਂ ਦਾ ਖੂਨ ਨਿਚੋੜ ਕੇ ਪੈਸਾ ਆਇਆ, ਉਨ੍ਹਾਂ ਲਈ ਇਸ ਵਿਚੋਂ ਚਾਰ ਮੁੱਠਾਂ ਵੰਡਣ ਨੂੰ ਇਹ ਲੋਕ ਟੂਣਾ ਜਿਹਾ ਕਰਨ ਵਾਂਗ ਸਮਝਦੇ ਹਨ, ਤਾਂ ਕਿ ਅਗਲੀ ਵਾਰ ਮੁੜ ਲਾਰਿਆਂ ਦਾ ਲਾਲੀਪਾਪ ਮੰਗਣ ਜੋਗੇ ਉਨ੍ਹਾਂ ਨੂੰ ਕਰੀ ਰੱਖਣ। ਇਹ ਕੰਮ ਬੰਦ ਹੋਣਾ ਚਾਹੀਦਾ ਹੈ। ਇਸ ਵਾਰ ਪੰਜਾਬ ਦੇ ਲੋਕ ਜੇ ਇਸ ਤਰ੍ਹਾਂ ਨਹੀਂ ਕਰ ਸਕੇ ਤਾਂ ਇੱਕ ਲਹਿਰ ਚਲਾਈ ਜਾਣੀ ਚਾਹੀਦੀ ਹੈ, ਜਿਹੜੀ ਅਗਲੀ ਵਾਰ ਤਕ ਪੰਜਾਬ ਦੇ ਲੋਕਾਂ ਨੂੰ ਇਸ ਲਾਇਕ ਕਰ ਸਕੇ ਕਿ ਲਾਰੇ ਵੰਡਦੇ ਆਗੂਆਂ ਦੇ ਮੂਹਰੇ ਉਹ ਸਪੀਡ ਬਰੇਕਰ ਬਣ ਸਕਣ।

# ਆਖਰੀ ਮਹਾਰਾਣੀ

ਬੀਤੇ ਸਾਲ 2021 ਵਿਚ ਚਿਤਰਾ ਬੈਨਰਜੀ ਦਿਵਾਕਰੂਨੀ ਦੀ ਮਹਾਰਾਣੀ ਜਿੰਦਾਂ ਉਪਰ 360 ਪੰਨਿਆਂ ਦੀ ਕਿਤਾਬ *Last Queen* ਆਈ ਹੈ, ਜਿਸਨੂੰ ਉਸ ਨੇ 'ਨਾਵਲ' ਕਿਹਾ ਹੈ। ਹਾਰਪਰ-ਕੋਲਿਨਜ਼ ਵਲੋਂ ਨੋਇਡਾ ਤੋਂ ਛਾਪੀ, ਇਸ ਕਿਤਾਬ ਦੇ ਵੱਖ ਵੱਖ ਐਡੀਸ਼ਨਾਂ ਦੀ ਕੀਮਤ 220 ਰੁਪਏ ਤੋਂ ਲੈ ਕੇ 599 ਰੁਪਏ ਤਕ ਹੈ। ਦਿਲਚਸਪ ਤੱਥ ਇਹ ਹੈ ਕਿ ਅੰਗਰੇਜ਼ੀ ਕਿਤਾਬ ਛਪਣ ਸਾਰ ਨਾਲ ਦੀ ਨਾਲ ਡਾ. ਤਰਸ਼ਿੰਦਰ ਕੌਰ ਵੱਲੋਂ ਪੰਜਾਬੀ ਅਨੁਵਾਦ ਛਪ ਗਿਆ, ਜਿਸ ਦੇ ਪ੍ਰਕਾਸ਼ਕ ਚੇਤਨਾ ਅਦਾਰਾ ਹਨ।

ਪੰਜਾਬੀ ਅਨੁਵਾਦ ਵਿਚ ਕੁਝ ਗਲਤੀਆਂ ਹਨ, ਜੋ ਨਜ਼ਰੰਦਾਜ਼ ਹੋ ਜਾਣਗੀਆਂ ਪਰ ਮੂਲ

ਹਰਪਾਲ ਸਿੰਘ ਪੰਨੂ
ਫੋਨ: 94642-51454

ਲੇਖਕ ਨੇ ਕੁੱਝ ਖਤਰਨਾਕ ਕਥਨ ਭੁਲੇਖੇ ਨਾਲ ਨਹੀਂ ਕੀਤੇ ਜਾਣਬੁੱਝ ਕੇ ਕੀਤੇ ਹਨ। ਇਸ ਦੇ ਦੋ ਕਾਰਨ ਹੋ ਸਕਦੇ ਹਨ। ਪਹਿਲਾ ਇਹ ਕਿ ਸਭ ਵਰਗਾਂ ਵਲੋਂ ਸਲਾਹੀ ਜਾਂਦੀ ਸਰਕਾਰ ਖਾਲਸਾ ਨੂੰ ਬਦਨਾਮ ਕਰਨਾ ਤੇ ਦੂਜਾ ਕਿਤਾਬ ਦੀ ਵਿਕਰੀ ਵਿਚ ਵਾਧਾ ਕਰਨ ਦੀ ਮਨਸ਼ਾ ਨਾਲ ਸਨਸਨੀ, ਵਿਸਫੋਟ, ਹੈਰਤੰਗੇਜ਼ੀ ਦਾ ਮਾਹੌਲ ਸਿਰਜਣਾ।

ਇਰਵਿਨ ਸਟੋਨ ਦੇ ਦੋ ਨਾਵਲ *ਐਗਨੀ ਐਂਡ ਐਕਸਟੈਸੀ* (ਮਾਈਕਲੇਂਜਲੋ) ਅਤੇ *ਲਸਟ ਫਾਰ ਲਾਈਫ* (ਵਾਂ ਗਾਗ) ਦੋ ਮਹਾਨ ਕਲਾਕਾਰਾਂ ਉੱਪਰ ਲਿਖੇ ਸ਼ਾਨਦਾਰ ਨਾਵਲ ਹਨ। ਵਿਲੀਅਮ ਡੇਲਰਿੰਪਲ ਵਲੋਂ ਮੁਗਲ ਬਾਦਸ਼ਾਹਾਂ ਉਪਰ ਲਿਖੇ ਨਾਵਲ ਬੁਹਤ ਪੜ੍ਹੇ ਅਤੇ ਸਲਾਹੇ ਗਏ। ਇਤਿਹਾਸਕਾਰ ਜਿੰਨੀ ਮਰਜ਼ੀ ਮਿਹਨਤ ਕਰ ਕੇ ਤੱਥ ਜੁਟਾਵੇ, ਉਸ ਦੀ ਲਿਖਤ ਵਿਚ ਕੁੱਝ ਖੱਪੇ ਰਹਿ ਜਾਂਦੇ ਹਨ, ਕੁੱਝ ਘਟਨਾਵਾਂ ਦੀ ਵਿਆਖਿਆ ਨਹੀਂ ਹੁੰਦੀ। ਤੱਥ, ਅੰਕੜਿਆਂ ਦੀ ਥਾਂ ਲੇਖਕ ਕਲਪਨਾ ਦਾ ਸਹਾਰਾ ਲੈ ਕੇ ਜਦੋਂ ਰਹਿ ਗਈਆਂ ਖਾਲੀ ਥਾਵਾਂ ਭਰਨ ਦਾ ਯਤਨ ਕਰਦਾ ਹੈ ਤਦ ਇਤਿਹਾਸਕ ਨਾਵਲ ਦਾ ਜਨਮ ਹੁੰਦਾ ਹੈ।

ਇਤਿਹਾਸਕ ਨਾਵਲ ਦੀ ਖੂਬੀ ਇਹ ਹੁੰਦੀ ਹੈ ਕਿ ਇਹ ਅਣਦਿਸਦੇ, ਅਣਬੀਤੇ ਸਮੇਂ ਨੂੰ ਸਾਕਾਰ ਕਰਦਾ ਹੈ, ਉਲਝੀਆਂ ਤੰਦਾਂ ਸੁਲਝਾਉਂਦਾ ਹੈ। ਇੱਕ ਉਦਾਹਰਨ ਦੇਣੀ ਵਾਜਬ ਹੋਏਗੀ। ਬਾਬਾ ਬੰਦਾ ਸਿੰਘ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਲੰਮਾ ਸਮਾਂ ਘੇਰਾ ਪਿਆ ਰਿਹਾ ਤੇ ਆਖਰ ਫੜੇ ਗਏ, ਸ਼ਹੀਦ ਹੋ ਗਏ। ਉਹ ਗੜ੍ਹੀ ਦੁਆਲੇ ਪਿਆ ਘੇਰਾ ਤੋੜ ਕੇ ਨਿਕਲ ਕਿਉਂ ਨਹੀਂ ਗਏ? ਪਿਆ ਹੋਇਆ ਘੇਰਾ ਤੋੜ ਕੇ ਗੁਰੂ ਗੋਬਿੰਦ ਸਿੰਘ ਵੀ ਨਿਕਲਦੇ ਰਹੇ ਸਨ। ਕੀ ਬਾਬਾ ਜੀ ਨੂੰ ਇਹ ਲੱਗਾ ਕਿ ਸਾਥ ਛੱਡ ਕੇ ਗਏ ਸਿੰਘ ਹੋਰ ਸੈਨਾ ਲਿਆ ਕੇ ਘੇਰਾਬੰਦੀ ਤੋੜ ਦੇਣਗੇ? ਜਾਂ ਕੀ ਉਨ੍ਹਾਂ ਦਾ ਖਿਆਲ ਸੀ ਦਿੱਲੀ ਬੈਠੇ ਮਾਤਾ ਸੁੰਦਰੀ ਜੀ ਅਪਣਾ ਰਸੂਖ ਵਰਤ ਕੇ ਘੇਰਾਬੰਦੀ ਚੁਕਵਾ ਦੇਣਗੇ? ਖੁਦ ਘੇਰਾ ਤੋੜ ਕੇ ਬਾਹਰ ਨਿਕਲ ਜਾਂਦੇ ਤਦ ਅਜਿਹਾ ਕਰਦਿਆਂ ਵੱਧ ਤੋਂ ਵੱਧ ਨੁਕਸਾਨ ਇਹ ਹੋਣਾ ਸੀ ਕਿ ਸਾਰੇ ਕਤਲ ਹੋ ਜਾਂਦੇ, ਹੋ ਸਕਦੈ ਕੁੱਝ ਬਚ ਕੇ ਵੀ ਨਿਕਲ ਜਾਂਦੇ। ਫੜੇ ਜਾਣ ਪਿੱਛੋਂ ਤਾਂ ਸਾਰੇ ਕਤਲ ਕਰ ਦਿੱਤੇ ਗਏ। ਇਤਿਹਾਸ ਇਸ ਦਾ ਜਵਾਬ ਨਹੀਂ ਦਿੰਦਾ। ਕੋਈ ਦਿੱਬਦ੍ਰਿਸ਼ਟੀ ਵਾਲਾ ਗਲਪਕਾਰ ਇਸਦਾ ਉਤਰ ਲੱਭ ਸਕਦਾ ਹੈ।




ਚਿਤਰਾ ਬੈਨਰਜੀ ਨੂੰ ਵਧੀਕ ਕਲਪਨਾ ਕਰਨ ਦੀ ਜ਼ਰੂਰਤ ਨਹੀਂ ਸੀ ਕਿਉਂਕਿ ਜਿੰਦਾਂ ਬਾਰੇ ਬਹੁਤ ਸਾਰੇ ਸਰੋਤ ਮੌਜੂਦ ਹਨ। ਸਬੂਤ ਹੋਣ ਦੇ ਬਾਵਜੂਦ ਅਜਿਹੇ ਤੱਥ ਘੜਨੇ ਜਿਹੜੇ ਨਾਇਕ ਨੂੰ ਬਦਨਾਮ ਕਰਨ ਅਤੇ ਅਣਜਾਣ ਲੋਕਾਂ ਨੂੰ ਵੀ ਝੂਠੇ ਲੱਗਣ, ਸਸਤੀ ਸ਼ੁਹਰਤ ਤਾਂ ਦਿਵਾ ਸਕਦੇ ਹਨ, ਗੰਭੀਰ ਪਾਠਕਾਂ ਅੱਗੇ ਥਿਰ ਨਹੀਂ ਰਹਿੰਦੇ।

ਅੰਗਰੇਜ਼ਾਂ ਦਾ ਪੰਜਾਬ ਉਪਰ 1849 ਵਿਚ ਜਦੋਂ ਮੁਕੰਮਲ ਕਬਜ਼ਾ ਹੋ ਗਿਆ ਉਦੋਂ ਤਕ ਮਹਾਰਾਜਾ ਦਲੀਪ ਸਿੰਘ ਨੂੰ ਛੱਡ ਕੇ ਰਣਜੀਤ ਸਿੰਘ ਦੇ ਬਾਕੀ ਸਾਰੇ ਸ਼ਹਿਜ਼ਾਦੇ ਖਾਨਾਜੰਗੀ ਵਿਚ ਕਤਲ ਹੋ ਚੁੱਕੇ ਸਨ। ਸਰਕਾਰ ਖਾਲਸੇ ਦਾ ਇੱਕੋ ਇੱਕ ਵਾਰਿਸ ਕਿਤੇ ਪੰਥ ਵਿਚ ਆਦਰਯੋਗ ਥਾਂ ਨਾ ਬਣਾ ਲਵੇ, ਅੰਗਰੇਜ਼ਾਂ ਨੇ ਉਸ ਵਿਰੁੱਧ ਅਫਵਾਹਾਂ ਫੈਲਾਈਆਂ ਕਿ ਜਿੰਦਾਂ ਨਾਲ ਵਿਆਹ ਕਰਨ ਵੇਲੇ ਤਕ ਮਹਾਰਾਜਾ ਰਣਜੀਤ ਸਿੰਘ ਵਿਚ ਮਰਦਾਨਗੀ ਨਹੀਂ ਰਹੀ ਸੀ। ਦਲੀਪ ਸਿੰਘ, ਮਹਿਲ ਦੇ ਮਾਸ਼ਕੀ ਗੁੱਲੂ ਦੀ ਨਾਜਾਇਜ਼ ਔਲਾਦ ਸੀ। ਪਰ ਇਹ ਅਫਵਾਹ ਕਾਮਯਾਬ ਹੋਈ ਨਹੀਂ। ਜੇ ਹੋ ਜਾਂਦੀ ਤਦ ਦਲੀਪ ਸਿੰਘ ਨੂੰ ਸਾਰੀ ਉਮਰ ਬੰਦੀ ਬਣਾ ਕੇ, ਵਜ਼ੀਫਾ ਦੇ ਕੇ ਇੰਗਲੈਂਡ ਵਿਚ ਰੱਖਣ ਦੀ ਲੋੜ ਈ ਨਾ ਪੈਂਦੀ। ਹਰਾਮੀਆਂ ਦੀ ਕੌਣ ਇੱਜ਼ਤ ਕਰਦਾ ਹੈ?

ਹਥਲੀ ਕਿਤਾਬ ਵਿਚ ਚਿਤ੍ਰਾ ਦਾਅਵਾ ਕਰਦੀ ਹੈ ਇੱਕ ਵੀ ਸ਼ਹਿਜ਼ਾਦਾ ਰਣਜੀਤ ਸਿੰਘ ਦਾ ਤੁਖਮ ਨਹੀਂ ਸੀ, ਸਾਰੇ ਹਰਾਮੀ ਸਨ ਤੇ ਰਣਜੀਤ ਸਿੰਘ ਇਸ ਤੱਥ ਤੋਂ ਵਾਕਫ ਸੀ। ਲਿਖਿਆ ਹੈ, "ਸਰਕਾਰ (ਯਾਨਿ ਕਿ ਰਣਜੀਤ ਸਿੰਘ) ਦੇ ਆਪਣੇ ਪਰਿਵਾਰ ਨਾਲ ਸਬੰਧ ਗੁੰਝਲਦਾਰ ਹਨ। ਉਨ੍ਹਾਂ ਦੀਆਂ ਕਈ ਪਤਨੀਆਂ ਤੇ ਕਿੰਨੇ ਹੀ ਪੁੱਤਰ ਹਨ। ਉਹ ਉਨ੍ਹਾਂ ਵਿਚੋਂ ਕੁੱਝ ਨੂੰ ਹੀ ਅਪਣੇ ਮੰਨਦੇ ਹਨ।" ਕੰਵਰ ਸ਼ੇਰ ਸਿੰਘ ਬਾਰੇ ਫਕੀਰ ਅਜ਼ੀਜ਼ੁਦੀਨ ਤੋਂ ਅਖਵਾਇਆ, "ਉਸ ਦੀ ਸ਼ਕਲ ਰਣਜੀਤ ਸਿੰਘ ਨਾਲ ਨਹੀਂ ਮਿਲਦੀ। ਕੁੱਝ ਵੀ ਹੋਵੇ ਹੁਣ ਪੰਜਾਬ ਖਾਤਰ ਸਰਕਾਰ ਨੇ ਉਸ ਨੂੰ ਆਪਣਾ ਪੁੱਤਰ ਮੰਨ ਲਿਆ।'

ਜੇ ਇਸ ਕਿਤਾਬ ਦੇ ਨੁਕਸ ਛਾਂਟਦੇ ਹਾਂ ਤਦ ਲੇਖਿਕਾ ਕਹੇਗੀ, 'ਇਹ ਤਾਂ ਨਾਵਲ ਹੈ, ਮੈਂ ਕਿਹੜਾ ਇਤਿਹਾਸ ਲਿਖਿਆ ਹੈ?' ਰਣਜੀਤ ਸਿੰਘ ਨੂੰ ਬਦਨਾਮ ਕਰਨ ਵਾਲੀ ਇਹੋ ਜਿਹੀ ਭਾਸ਼ਾ ਪਹਿਲਾਂ ਬਲਦੇਵ ਸਿੰਘ ਸੜਕਨਾਮਾ ਨੇ *ਸੂਰਜ ਦੀ ਅੱਖ* ਵਿਚ ਵਰਤੀ ਸੀ, ਹੁਣ ਚਿਤ੍ਰਾ ਨੇ। *ਸੂਰਜ ਦੀ ਅੱਖ* ਵਿਚਲਾ ਰਣਜੀਤ ਸਿੰਘ ਆਪਣੇ ਸਰਦਾਰਾਂ ਸਮੇਤ ਹਾਥੀਆਂ ਘੋੜਿਆਂ 'ਤੇ ਸਵਾਰ ਹੋ ਕੇ ਲਾਹੌਰ ਦੀਆਂ ਗਲੀਆਂ ਵਿਚ ਹੋਲੀ ਖੇਡਦਾ ਹੈ, ਰੰਗ ਮੁੱਕ ਜਾਣ 'ਤੇ ਸਾਰੇ ਜਣੇ ਲੋਕਾਂ 'ਤੇ ਚਿੱਕੜ ਸੁੱਟਣ ਲਗਦੇ ਹਨ।

ਜਿੰਦਾਂ ਅਤੇ ਜਵਾਹਰ ਸਿੰਘ ਦਾ ਪਿਤਾ ਮੰਨਾ ਸਿੰਘ ਔਲਖ ਮਹਿਲ ਦੇ ਸ਼ਿਕਾਰੀ ਕੁੱਤੇਖਾਨੇ ਅਤੇ ਸ਼ਾਹੀ ਅਸਤਬਲ ਦਾ ਓਵਰਸੀਅਰ ਹੈ ਪਰ ਲੇਖਿਕਾ ਉਸ ਦਾ ਹੁਲੀਆ ਇਸ ਤਰ੍ਹਾਂ ਬਿਆਨ ਕਰਦੀ ਹੈ ਜਿਵੇਂ ਉਹ ਗੋਹੇ ਦੀ ਟੋਕਰੀ ਢੋਂਦਾ ਸਫਾਈ ਸੇਵਕ ਹੋਵੇ। ਆਪਣੇ ਪਿਤਾ ਨੂੰ ਦੋਵੇਂ ਬੱਚੇ ਨਾਮ ਲੈ ਕੇ, ਮੰਨਾ ਕਹਿ ਕੇ ਬੁਲਾਉਂਦੇ ਹਨ। ਜਿਸ ਸ਼ਾਮ ਵਿਆਹੀ ਹੋਈ ਜਿੰਦਾਂ ਲਾਹੌਰ ਮਹਿਲ ਵਿਚ ਪਹਿਲੀ ਰਾਤ ਕਟਦੀ ਹੈ ਉਹ ਕਮਰਾ ਬਦਬੂਦਾਰ ਹੈ। ਸਵੇਰੇ ਸਫਾਈ ਕਰਨ ਵੇਲੇ ਨੌਕਰਾਣੀ ਨੇ ਮਰੀ ਹੋਈ ਚੂਹੀ ਕੱਢੀ। ਜਿੰਦਾਂ ਅਤੇ ਜਵਾਹਰ ਸਿੰਘ ਸਕੂਲ ਵਿਚ ਪੜ੍ਹਦੇ ਦਿਖਾਏ ਹਨ, ਜਦਕਿ ਸਕੂਲ ਅੰਗਰੇਜ਼ਾਂ ਨੇ ਸ਼ੁਰੂ ਕੀਤੇ ਸਨ। ਜੁੱਤੀ ਨਹੀਂ, ਜਿੰਦਾਂ ਅਤੇ ਜਵਾਹਰ ਚੱਪਲਾਂ ਪਹਿਨਦੇ ਹਨ। ਪਿਉ ਆਪਣੀ ਧੀ ਬਾਰੇ ਗੱਲ ਕਰਦਿਆਂ ਫੂਹੜ ਸ਼ਬਦਾਵਲੀ ਵਰਤਦਾ ਹੈ, ਉਸ ਨੂੰ ਅੱਖ ਮਾਰਦਾ ਹੈ, ਪੇਟ 'ਤੇ ਠੁੱਡਾ ਮਾਰਨ ਲਗਦਾ ਹੈ ਤਾਂ ਮਾਂ ਇਹ ਕਹਿ ਕੇ ਹਟਾਉਂਦੀ ਹੈ, "ਰੁਕ ਜਾ। ਇਹ ਹੁਣ ਪੂਰੀ ਜਨਾਨੀ ਐ, ਇਹਦੇ ਜਣਨ ਅੰਗਾਂ 'ਤੇ ਸੱਟ ਵੱਜ ਜਾਊ।" ਪੰਜਵੇਂ ਅਧਿਆਇ ਦੇ ਪਹਿਲੇ ਅੱਧ ਤਕ ਲੈਲਾ ਘੋੜਾ ਹੈ, ਪਿਛਲੇ ਅੱਧ ਵਿਚ ਘੋੜੀ ਬਣ ਗਈ ਹੈ। ਮੰਨਾ ਸਿੰਘ ਨੂੰ ਵੀ ਨਹੀਂ ਪਤਾ ਇਹ ਘੋੜਾ ਹੈ ਕਿ ਘੋੜੀ। ਹਾਲਾਂ ਕਿ ਪਹਿਲੀ ਤੱਕਣੀ ਵਿਚ ਹੀ ਜਿੰਦਾਂ ਮਹਾਰਾਜੇ ਨੂੰ ਚੰਗੀ ਲੱਗੀ ਪਰ ਮੰਨਾ ਸਿੰਘ ਮਹਾਰਾਜੇ ਨਾਲ ਇਸ ਲਹਿਜ਼ੇ ਛੇਵੇਂ ਅਧਿਆਇ ਵਿਚ ਜਿੰਦਾਂ ਬਾਰੇ ਗੱਲਾਂ ਕਰਦਾ ਹੈ ਜਿਵੇਂ ਕੋਠੇ ਵਾਲੀ ਦਾ ਦੱਲਾ।

ਰਣਜੀਤ ਸਿੰਘ ਨਾਲ ਜਿੰਦਾਂ ਦਾ ਮਿਲਾਪ ਦਿਖਾਉਂਦਿਆਂ ਹਲਕੇ ਕਾਮੁਕ ਇਸ਼ਾਰੇ ਕੀਤੇ ਹਨ ਅਤੇ ਅਸ਼ਲੀਲ ਭਾਸ਼ਾ ਵਰਤੀ ਹੈ। ਮਹਾਰਾਜੇ ਦੀ ਮੌਤ ਬਾਅਦ ਜਿੰਦਾਂ ਲਾਲ ਸਿੰਘ ਨਾਲ ਸ਼ਰ੍ਹੇਆਮ ਇਸ਼ਕ ਕਰਦੀ ਹੈ, ਗਰਭਵਤੀ ਹੁੰਦੀ ਹੈ ਤੇ ਗਰਭਪਾਤ ਕਰਾਉਂਦੀ ਹੈ।

ਲੇਖਕ ਨੂੰ ਪੰਜਾਬੀ ਕਲਚਰ ਦੀ ਭੋਰਾ ਜਾਣਕਾਰੀ ਨਹੀਂ ਹੈ। ਰਣਜੀਤ ਸਿੰਘ ਨਾ ਫਕੀਰ ਸੀ, ਨਾ ਫਰਿਸ਼ਤਾ। ਉਸ ਬਾਰੇ ਤਾਂ ਸੱਚੀਆਂ ਗੱਲਾਂ ਕਰੀ ਜਾਉ ਤਦ ਬਥੇਰੀ ਬਦਨਾਮੀ ਹੋ ਸਕਦੀ ਹੈ, ਉਸ ਨੂੰ ਬਦਨਾਮ ਕਰਨ ਲਈ ਮਨਘੜਤ ਕਹਾਣੀਆਂ ਪਾਉਣ ਦੀ ਕੀ ਲੋੜ? ਬਕੌਲ ਸੱਯਦ ਵਾਰਿਸ ਸ਼ਾਹ:

ਮਾਫ ਕਰਨਾ ਜੀ ਅਸਾਂ ਨਿਮਾਣਿਆਂ ਨੂੰ,
ਕੌਣ ਜੰਮਿਆ ਜੋ ਗੁਨਾਹਗਾਰ ਨਾਹੀਂ॥

# ਮੇਰਾ ਗੁਨਾਹ ਮਾਫ਼ ਕਰੀਂ, ਮੇਰੇ ਅੱਲਾ!

## ਮਾਨਸ ਤੋਂ ਦੇਵਤਾ

***ਦਿੱਲੀ ਵੱਸਦੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਆਪਣੀਆਂ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਬਣਾਈ ਹੈ। ਕੁਝ ਸਾਲ ਪਹਿਲਾਂ ਆਏ ਉਨ੍ਹਾਂ ਦੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਜੋ ਪ੍ਰਸਿੱਧ ਲਿਖਾਰੀ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਸੀ, ਨਾਲ ਵੀ ਉਨ੍ਹਾਂ ਸਾਹਤਿਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਅੱਜ ਕੱਲ੍ਹ ਉਹ ਬਹੁਤਾ ਧਿਆਨ ਵਾਰਤਕ ਵੱਲ ਲਾ ਰਹੇ ਹਨ। ਅਸੀਂ ਉਨ੍ਹਾਂ ਦੀ ਵਾਰਤਕ ਦੀ ਇਕ ਵੰਨਗੀ 'ਮਾਨਸ ਤੋਂ ਦੇਵਤਾ' ਦੇ ਰੂਪ ਵਿਚ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਕੁਝ ਅਸਾਧਾਰਨ ਸ਼ਖਸੀਅਤਾਂ ਦੇ ਦਿਲਚਸਪ ਅਤੇ ਨਿਆਰੇ ਸ਼ਬਦ ਚਿੱਤਰ ਉਲੀਕੇ ਹਨ।***

ਮੇਰੇ ਬਚਪਨ ਵੇਲੇ ਪਿੰਡਾਂ ਵਿਚ ਗਊਆਂ ਦੇ ਵੱਗ ਛਿੜਦੇ ਸਨ। ਉਸ ਜ਼ਮਾਨੇ ਵਿਚ ਪੇਂਡੂ ਘਰਾਂ ਵਿਚ ਤੰਦਰੁਸਤੀ ਦਾ ਮੁੱਖ ਆਧਾਰ ਦੁੱਧ, ਦਹੀਂ, ਮਖਣੀ ਤੇ ਘਿਓ ਹੀ ਸੀ। ਕੋਲੈਸਟਰੋਲ, ਜੋ ਹੁਣ, ਕੀ ਪੇਂਡੂ ਤੇ ਕੀ ਸ਼ਹਿਰੀ, ਹਰ ਬੰਦੇ ਦੀਆਂ ਲਹੂ-ਨਾੜੀਆਂ ਵਿਚ ਵੜੀ ਬੈਠੀ ਦੱਸੀ ਜਾਂਦੀ ਹੈ, ਸ਼ਹਿਰਾਂ ਵਿਚ ਤਾਂ ਭਾਵੇਂ ਮਾੜਾ-ਮੋਟਾ ਪ੍ਰਵੇਸ਼ ਕਰ ਚੁੱਕੀ ਹੋਵੇ, ਪਿੰਡਾਂ ਦੇ ਲੋਕਾਂ ਦੀ ਸਖ਼ਤ ਸਰੀਰਕ ਮਿਹਨਤ-ਮੁਸ਼ੱਕਤ ਤੇ ਸਰਗਰਮ ਰਹਿਤਲ ਤੋਂ ਡਰਦੀ ਫਿਰਨੀ ਦੇ ਅੰਦਰ ਨਹੀਂ ਸੀ ਆਉਂਦੀ। ਜਿਸ ਉਮਰ ਵਿਚ ਬੰਦੇ ਨੂੰ ਹੁਣ ਡਾਕਟਰ ਅਣਚੋਪੜੀ ਰੋਟੀ ਖਾਣ ਲਾ ਦਿੰਦੇ ਹਨ, ਉਸ ਉਮਰ ਨੂੰ ਪਹੁੰਚਿਆ ਹਰ ਪੇਂਡੂ ਬਜ਼ੁਰਗ ਆਪਣੇ ਪਰਿਵਾਰ ਨੂੰ ਆਖਦਾ, "ਬਈ ਸਿਆਲ ਆ ਗਿਆ। ਮੈਨੂੰ ਤਾਂ ਵੇਲੇ-ਸਿਰ ਪੰਸੇਰੀ ਘਿਓ



**ਗੁਰਬਚਨ ਸਿੰਘ ਭੁੱਲਰ**
**ਫੋਨ: +807-636-3058**

ਵਿਚ ਅਲਸੀ, ਮੇਥੇ, ਜਮਾਇਣ ਤੇ ਹੋਰ ਸਭ ਸਮਗਰੀ ਪਾ ਕੇ ਪਿੰਨੀਆਂ ਬਣਾ ਦਿਓ।" ਉਹ ਗਰਮ-ਗਰਮ ਅਣਘਾਲੇ ਦੁੱਧ ਨਾਲ ਪਿੰਨੀ ਛਕਦਾ ਤਾਂ 'ਬਲੌਕੇਜ' ਹੋਣ ਦੀ ਥਾਂ ਨਾੜਾਂ ਵਿਚ ਲਹੂ ਖੇਤ ਵਾਲੇ ਹਲਟ ਦੇ ਪਾਣੀ ਵਾਂਗ ਬੇਰੋਕ ਵਗ ਤੁਰਦਾ!

ਘਰ-ਘਰ ਮੱਝਾਂ-ਗਊਆਂ ਹੁੰਦੀਆਂ ਸਨ। ਆਮ ਕਰਕੇ ਵੱਗ ਮੱਝਾਂ ਦੇ ਨਹੀਂ, ਗਊਆਂ ਦੇ ਹੀ ਛਿੜਦੇ। ਸ਼ਾਇਦ ਇਹਦਾ ਕਾਰਨ ਤੁਰਨ-ਫਿਰਨ ਦੇ ਪੱਖੋਂ ਗਊਆਂ ਦੇ ਮੁਕਾਬਲੇ ਮੱਝਾਂ ਦਾ ਬਹੁਤ ਸੁਸਤ ਚਾਲ ਵਾਲੀਆਂ ਹੋਣਾ ਸੀ। ਗਊਆਂ ਏਨੀਆਂ ਚੁਸਤ ਹੁੰਦੀਆਂ ਕਿ ਉਨ੍ਹਾਂ ਦੀ ਭੱਜ-ਭਜਾਈ ਨੂੰ ਤਾਂ ਲਲਕਾਰੇ ਮਾਰ ਕੇ ਤੇ ਡਾਂਗ ਦਿਖਾ ਕੇ ਮੱਠੀ ਕਰਨਾ ਪੈਂਦਾ।

ਪਿੰਡ ਦੇ ਬਾਹਰ ਕੋਈ ਖੁੱਲ੍ਹੀ ਥਾਂ ਗਊਆਂ ਇਕੱਠੀਆਂ ਕਰਨ ਲਈ ਮਿਥ ਲਈ ਜਾਂਦੀ। ਸਵੇਰੇ-ਸਵੇਰੇ ਲੋਕ ਆਪਣੀਆਂ ਗਊਆਂ ਉਥੇ ਛੱਡ ਆਉਂਦੇ। ਰੋਜ਼ ਦੀ ਆਦਤ ਪਈ ਹੋਣ ਕਰਕੇ ਉਹ ਬਿਨਾਂ ਕਿਸੇ ਸੰਗਲ-ਰੱਸੇ ਤੋਂ ਆਰਾਮ ਨਾਲ ਖਲੋਤੀਆਂ ਰਹਿੰਦੀਆਂ। ਕੋਈ ਨਾ ਕੋਈ ਬੰਦਾ ਪੁੰਨ ਦਾ ਕੰਮ ਸਮਝ ਕੇ ਪਹਾੜੀ ਲੂਣ, ਜਿਸ ਨੂੰ ਉਹਦੀਆਂ ਸਭ ਖਾਣਾਂ ਪਾਕਿਸਤਾਨ ਦੇ ਇਲਾਕੇ ਵਿਚ ਹੋਣ ਕਾਰਨ ਹੁਣ ਪਾਕਿਸਤਾਨੀ ਲੂਣ ਕਿਹਾ ਜਾਂਦਾ ਹੈ, ਦਾ ਵੱਡਾ ਸਾਰਾ ਡਲਾ ਉਥੇ ਇਕ ਪਾਸੇ ਕਿਸੇ ਪਿੱਪਲ-ਬੋਹੜ ਦੀ ਜੜ੍ਹ ਕੋਲ ਰੱਖ ਦਿੰਦਾ। ਇਸ ਲੂਣ ਦੇ ਬਾਰਾਂ-ਪੰਦਰਾਂ ਸੇਰ ਦੇ ਡਲੇ ਮਿਲਣੇ ਆਮ ਗੱਲ ਸੀ। ਕੋਈ ਗਊ ਆਉਂਦੀ ਤੇ ਡਲੇ ਉੱਤੇ ਲੰਮੀ ਜੀਭ ਮਾਰ ਕੇ ਵਾਪਸ ਜਾ ਖਲੋਂਦੀ। ਕਹਿੰਦੇ ਸਨ, ਇਉਂ ਲੂਣ ਚੱਟਣ ਨਾਲ ਉਨ੍ਹਾਂ ਦਾ ਹਾਜ਼ਮਾ ਠੀਕ ਰਹਿੰਦਾ ਹੈ।

ਜਦੋਂ ਵਾਗੀ ਨੂੰ ਲਗਦਾ, ਗਊਆਂ ਲਗਭਗ ਸਭ ਆ ਗਈਆਂ ਹਨ, ਉਹ ਉਨ੍ਹਾਂ ਨੂੰ ਤੋਰ ਲੈਂਦਾ। ਹੁਣ ਵਾਂਗ ਚੱਪਾ-ਚੱਪਾ ਭੋਇੰ ਓਦੋਂ ਵਾਹੀ ਹੇਠ ਨਹੀਂ ਸੀ ਆਈ। ਹਰੇਕ ਪਿੰਡ ਵਿਚ ਭੋਇੰ ਦੇ ਨਿੱਜੀ ਜਾਂ ਸਾਂਝੇ ਅਨੇਕ ਟੋਟੇ ਕੁਦਰਤ ਦੀ ਕਿਰਪਾ ਨਾਲ਼ ਹਰੇ-ਕਚੂਰ ਘਾਹ-ਬੂਟ ਦੇ ਭਰੇ ਹੋਏ ਹੁੰਦੇ। ਇਹਦੇ ਨਾਲ ਹੀ ਤੁਰਨ-ਫਿਰਨ ਤੇ ਮੂੰਹ ਮਾਰਨ ਵਾਸਤੇ ਅਗਲੀ ਫ਼ਸਲ ਬੀਜਣ ਖ਼ਾਤਰ ਖਾਲੀ ਛੱਡੇ ਹੋਏ ਖੇਤ ਹੁੰਦੇ। ਵਾਗੀ ਅਜਿਹੇ ਥਾਈਂ ਉਨ੍ਹਾਂ ਨੂੰ ਰੋਕਦਾ-ਚਾਰਦਾ ਪਿਛਲੇ ਪਹਿਰ ਤੱਕ ਲਈਂ ਫਿਰਦਾ।

ਮੁੜਨ ਦਾ ਵੇਲਾ ਹੋਇਆ ਦੇਖ ਉਹ ਉਨ੍ਹਾਂ ਨੂੰ ਪਿੰਡ ਦੇ ਰਾਹ ਪਾ ਲੈਂਦਾ ਤੇ ਘਰੋ-ਘਰ ਪਹੁੰਚਦੀਆਂ ਕਰ ਦਿੰਦਾ। ਸਗੋਂ ਵਾਗੀ ਨੇ ਉਨ੍ਹਾਂ ਨੂੰ ਘਰ ਕੀ ਪੁਜਦੀਆਂ ਕਰਨਾ ਸੀ, ਪਿੰਡ ਦੇ ਨੇੜੇ ਆ ਕੇ ਉਹ ਦਿਨ-ਭਰ ਦੀ ਆਗਿਆਪਾਲਤਾ ਛੱਡ ਕੇ ਵਾਗੀ ਤੋਂ ਬਾਗ਼ੀ ਹੋ ਜਾਂਦੀਆਂ ਅਤੇ ਉਹਦੀ ਡਾਂਗ ਤੇ ਲਲਕਾਰ ਭੁੱਲ ਕੇ ਆਪੇ ਹੀ ਘਰਾਂ ਵੱਲ ਭੱਜ ਲੈਂਦੀਆਂ। ਖਾਸ ਕਰਕੇ ਥੱਕਣ ਦੇ ਡਰੋਂ ਜਾਂ ਗਊ ਨਾਲ਼ ਬਾਹਰ ਜਾ ਕੇ ਦੁੱਧ ਚੁੰਘ ਜਾਣ ਦੇ ਡਰੋਂ ਘਰ ਰੱਖੇ ਵੱਛੇ-ਵੱਛੀ ਵਾਲੀ ਗਾਂ ਦਾ ਭੱਜਣਾ ਤਾਂ ਮਸ਼ਹੂਰ ਸੀ। ਜੇ ਕੋਈ ਬੰਦਾ ਕਾਹਲੀ-ਕਾਹਲੀ ਘਰ ਨੂੰ ਜਾ ਰਿਹਾ ਹੁੰਦਾ, ਕੋਈ ਨਾ ਕੋਈ ਟਿੱਚਰ ਕਰਦਾ, "ਕੀ ਗੱਲ? ਖ਼ੈਰ ਹੈ, ਵੱਛਰੂ ਵਾਲੀ ਗਾਂ ਵਾਂਗੂੰ ਘਰ ਨੂੰ ਭੱਜਿਆ ਜਾਨੈਂ?"

ਪਿੰਡਾਂ ਵਿਚ ਘੜੀਆਂ-ਘੰਟੇ ਆਮ ਨਹੀਂ ਸਨ ਹੁੰਦੇ। ਘੜੀ ਜਾਂ ਤਾਂ ਪੈਨਸ਼ਨੀਏ ਫ਼ੌਜੀਆਂ ਕੋਲ ਹੁੰਦੀ ਜਾਂ ਫੇਰ ਮੀਰਾਬ ਕੋਲ ਜੋ ਪਿੰਡ ਦਾ ਹੀ ਕੋਈ ਬੰਦਾ ਹੁੰਦਾ ਅਤੇ ਘੱਟ-ਵੱਧ ਜ਼ਮੀਨ ਦੇ ਹਿਸਾਬ ਨਾਲ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਵੰਡ ਕਰਦਾ। ਮੀਰਾਬ ਅਸਲ ਵਿਚ ਮੀਰ-ਆਬ ਦਾ ਸਰਲ ਬਣਾਇਆ ਰੂਪ ਸੀ, ਭਾਵ ਪਾਣੀ ਦਾ ਅਧਿਕਾਰੀ। ਆਮ ਲੋਕ ਸਮਾਂ ਕਿਸੇ-ਨਾ-ਕਿਸੇ ਘਟਨਾ ਨਾਲ ਜੋੜ ਕੇ ਹੀ ਦਸਦੇ। ਜਿਸ ਵੇਲ਼ੇ ਵੱਗ ਪਿੰਡ ਮੁੜਦਾ, ਉਹਨੂੰ ਵੱਗਾਂ-ਵੇਲ਼ਾ ਆਖਦੇ। ਕੋਈ ਕੁੱਕੜ ਦੀ ਪਹਿਲੀ ਬਾਂਗ, ਦੂਜੀ ਬਾਂਗ ਦਾ ਵੇਲ਼ਾ ਹੁੰਦਾ। ਕੋਈ ਚਿੜੀਆਂ ਦੇ ਚੂਕਣ ਦਾ ਵੇਲ਼ਾ ਹੁੰਦਾ, ਜਿਸ ਦਾ ਜ਼ਿਕਰ ਆਪਣੇ ਵਾਰਿਸ ਸ਼ਾਹ ਨੇ ਕੀਤਾ ਹੈ, "ਚਿੜੀ ਚੂਹਕਦੀ ਨਾਲ ਜਾਂ ਟੁਰੇ ਪਾਂਧੀ, ਪਈਆਂ ਦੁੱਧ ਦੇ ਵਿਚ ਮਧਾਣੀਆਂ ਨੀ।" ਇਉਂ ਹੀ ਤੌੜੀਆਂ ਵੇਲ਼ਾ, ਭੱਠੀਆਂ ਵੇਲ਼ਾ, ਦੀਵੇ-ਬੱਤੀ ਦਾ ਵੇਲ਼ਾ ਤੇ ਹੋਰ ਵੇਲ਼ੇ ਹੁੰਦੇ।

ਸਮਾਜਿਕ-ਸਭਿਆਚਾਰਕ ਪੱਖੋਂ ਚੇਤੇ ਰੱਖਣ ਵਾਲੀ ਇਕ ਅਹਿਮ ਤੇ ਦਿਲਚਸਪ ਗੱਲ ਇਹ ਹੈ ਕਿ ਵਾਗੀ ਆਮ ਕਰ ਕੇ ਮੁਸਲਮਾਨ ਭਰਾ ਹੀ ਹੁੰਦੇ ਅਤੇ ਉਹ ਵੱਗ ਦੀਆਂ ਗਊਆਂ ਨੂੰ ਬੜੇ ਪਿਆਰ ਨਾਲ ਰੋਹੀਆਂ-ਬੰਨਿਆਂ ਵਿਚ ਫੇਰ-ਚਾਰ ਕੇ ਲਿਆਉਂਦੇ। ਭਾਵੇਂ ਏਨੇ ਡੰਗਰਾਂ ਨੂੰ ਕਾਬੂ ਵਿਚ ਰੱਖਣ ਵਾਸਤੇ ਤੇ ਕਿਸਾਨਾਂ ਦੀਆਂ ਪੈਲ਼ੀਆਂ ਵਿਚ ਵੜਨੋਂ ਰੋਕਣ ਵਾਸਤੇ ਉਨ੍ਹਾਂ ਕੋਲ ਲੰਮੀ ਡਾਂਗ ਹੁੰਦੀ, ਉਹ ਵਾਹ ਲਗਦੀ ਗਊਆਂ ਉੱਤੇ ਇਹਦੀ ਵਰਤੋਂ ਨਹੀਂ ਸਨ ਕਰਦੇ। ਪਸ਼ੂ ਵੀ ਉਨ੍ਹਾਂ ਦੀ ਲਲਕਾਰ ਤੇ ਝਾੜ-ਝੰਬ ਨੂੰ ਹੀ ਸਮਝ ਜਾਂਦੇ ਸਨ।

ਸਾਡੇ ਪਿੰਡ ਨਿੱਕਾ ਵਾਗੀ ਵੱਗ ਛੇੜਦਾ ਹੁੰਦਾ ਸੀ। ਧਰਮ ਦੇ ਪੱਖੋਂ ਉਹ ਮੁਸਲਮਾਨ ਸੀ। ਉਹਦਾ ਘਰ ਥੋੜ੍ਹਾ ਜਿਹਾ ਹਟਵਾਂ ਸਾਡੇ ਘਰ ਦੇ ਲਗਭਗ ਸਾਹਮਣੇ ਹੀ ਸੀ। ਉਹਦੀ ਮਾਂ, ਹਾਤੋ ਅੰਮਾ, ਬਹੁਤ ਸਿਆਣੀ ਤੇ ਅਨੁਭਵੀ ਦਾਈ ਸੀ। ਮੈਂ ਤੇ ਮੇਰੇ ਹਾਣੀ ਅਤੇ ਸਾਥੋਂ ਪਹਿਲੇ ਤੇ ਪਿਛਲੇ ਅਨੇਕ ਕੁੜੀਆਂ-ਮੁੰਡੇ ਉਹਦੀ ਦਾਈਗੀਰੀ ਨੇ ਹੀ ਇਸ ਸੰਸਾਰ ਵਿਚ ਲਿਆਂਦੇ ਸਨ।

ਹਰੇਕ ਵਾਗੀ ਨੂੰ ਗਊ ਸੁਆਉਣ ਦਾ ਤਜਰਬਾ ਹੋ ਜਾਣਾ ਕੁਦਰਤੀ ਸੀ। ਦਰਜਨਾਂ ਗਊਆਂ ਵਿਚੋਂ ਕਦੀ ਨਾ ਕਦੀ ਵੱਗ ਵਿਚ ਗਈ ਕਿਸੇ ਗਊ ਦੇ ਵੱਛਰੂ ਪੈਦਾ ਹੋ ਹੀ ਜਾਂਦਾ। ਇਹ ਕਾਰਜ ਵਾਗੀ ਹੀ ਨਿਭਾਉਂਦੇ। ਜਦੋਂ ਵੱਗ ਪਿੰਡ ਮੁੜਦਾ, ਨਵਾਂ ਜਨਮਿਆ ਵੱਛੀ-ਵੱਛਾ ਬੜੇ ਲਾਡ ਨਾਲ ਵਾਗੀ ਨੇ ਮੋਢਿਆਂ ਉੱਤੇ ਚੁੱਕਿਆ ਹੁੰਦਾ ਤੇ ਗਾਂ ਉਹਦੀਆਂ ਅੱਡੀਆਂ ਮਿਧਦੀ ਮਗਰ-ਮਗਰ ਤੁਰੀ ਆਉਂਦੀ। ਘਰ-ਵਾਲੇ ਖ਼ੁਸ਼ ਹੋ ਕੇ ਆਪਣੀ ਇੱਛਾ ਅਨੁਸਾਰ ਉਹਨੂੰ ਗੁੜ, ਆਟਾ, ਖੱਦਰ-ਖੇਸ ਤੇ ਰੁਪਈਆ-ਧੇਲੀ ਦੇ ਦਿੰਦੇ।

ਕਈ ਵਾਰ ਪੈਦਾ ਹੋਣ ਵਾਲ਼ਾ ਵੱਛਰੂ ਆਪਣੇ ਹੀ ਨਾੜੂਏ ਵਿਚ ਉਲਝਿਆ ਹੋਇਆ ਹੁੰਦਾ। ਬਹੁਤੇ ਵਾਗੀ ਪੁਸ਼ਤ-ਦਰ-ਪੁਸ਼ਤ ਦੀ ਸਿਖਲਾਈ ਅਤੇ ਅਭਿਆਸ ਸਦਕਾ ਅਜਿਹੀ ਹਾਲਤ ਨਾਲ ਸਿੱਝਣ ਦੇ ਸਮਰੱਥ ਵੀ ਹੋ ਜਾਂਦੇ। ਉਹ ਗਊ ਦੇ ਸਰੀਰ ਦੇ ਅੰਦਰ ਹੱਥ ਪਾ ਕੇ ਸਹਿਜੇ-ਸਹਿਜੇ ਵੱਛਰੂ ਦੁਆਲਿਉਂ ਨਾੜੂਆ ਲਾਹੁੰਦੇ ਤੇ ਗਾਂ-ਵੱਛਰੂ, ਦੋਵਾਂ ਦੀ ਜਾਨ ਬਚਾ ਲੈਂਦੇ।

ਘਰੇ ਬੈਠੇ ਗੱਲਾਂ ਕਰਦਿਆਂ ਇਕ ਦਿਨ ਨਿੱਕੇ ਵਾਗੀ ਤੋਂ ਤੁਰੀ ਗੱਲ ਇਕ ਅਜਿਹੇ ਵਾਗੀ ਤੱਕ ਪੁੱਜ ਗਈ ਜਿਸ ਬਾਰੇ ਜਾਣ ਕੇ ਮੈਂ ਜਿੰਨਾ ਹੈਰਾਨ ਓਦੋਂ ਹੋਇਆ ਸੀ, ਓਨਾ ਹੀ ਅੱਜ ਵੀ ਹਾਂ। ਤੇ ਉਸ ਸਾਹਮਣੇ ਜਿੰਨਾ ਸਿਰ ਓਦੋਂ ਝੁਕਿਆ ਸੀ, ਅੱਜ ਵੀ ਓਨਾ ਹੀ ਝੁਕਦਾ ਹੈ। ਇਹ ਪਿੰਡ ਬੀਲ੍ਹਾ ਦਾ ਵਾਗੀ ਵਲੀ ਖਾਂ ਸੀ। ਨਹਿਰ ਸਰਹੰਦ ਦੇ ਕਿਨਾਰੇ ਸ਼ਹਿਣੇ ਤੋਂ ਉਤਾਂਹ ਦੇ ਇਸ ਪਿੰਡ ਵਿਚ ਮੇਰਾ ਵੱਡਾ ਭਾਈ ਵਿਆਹਿਆ ਹੋਇਆ ਸੀ ਅਤੇ ਵਲੀ ਖਾਂ ਦੀ ਇਹ ਅਨੋਖੀ ਕਹਾਣੀ ਮੇਰੀ ਭਾਬੀ ਨੇ ਸੁਣਾਈ ਸੀ।

ਵਾਗੀ ਹੋਣ ਕਰਕੇ ਉਹਨੂੰ ਵੱਛੀਆਂ-ਵੱਛੇ ਇਸ ਦੁਨੀਆ ਵਿਚ ਲਿਆਉਣ ਦਾ ਲੰਮਾ ਪੁਸ਼ਤੈਨੀ ਅਨੁਭਵ ਸੀ। ਸੁਭਾਵਿਕ ਸੀ ਕਿ ਇਸ ਵਿਚ ਜਨਮ ਸਮੇਂ ਨਾੜੂਏ ਵਿਚ ਉਲਝੇ ਵੱਛੀਆਂ-ਵੱਛੇ ਵੀ ਸ਼ਾਮਲ ਸਨ। ਮਨੁੱਖ ਅਤੇ ਪਸ਼ੂਆਂ ਦੀ ਸਰੀਰਕ ਬਣਤਰ ਤਾਂ ਆਖ਼ਰ ਇਕੋ ਹੀ ਹੈ। ਜਿਹੋ ਜਿਹੇ ਉਲਝੇਵੇਂ ਦੀ ਗੱਲ ਅਸੀਂ ਗਊਆਂ ਦੀ ਕੀਤੀ ਹੈ, ਕੁਦਰਤੀ ਹੈ, ਇਹੋ ਜਿਹੇ ਉਲਝੇਵੇਂ ਜ਼ੱਚਗੀ ਵੇਲੇ ਕੁਛ ਇਸਤਰੀਆਂ ਨੂੰ ਵੀ ਪੈ ਜਾਂਦੇ ਹਨ। ਹੁਣ ਅਜਿਹੀਆਂ ਮੁਸ਼ਕਿਲਾਂ ਵੇਲੇ ਸਹਾਈ ਹੋਣ ਲਈ ਉੱਚੀ ਤੋਂ ਉੱਚੀ ਸਿਖਲਾਈ ਅਤੇ ਯੋਗਤਾ ਵਾਲੀਆਂ ਗਾਇਨਾਕਾਲੋਜਿਸਟ ਡਾਕਟਰ ਹਨ। ਨੇੜੇ-ਨੇੜੇ ਸਰਕਾਰੀ ਜਾਂ ਨਿੱਜੀ ਹਸਪਤਾਲ ਹਨ। ਪਿੰਡਾਂ ਨੂੰ ਉਨ੍ਹਾਂ ਨਾਲ ਜੋੜਨ ਵਾਸਤੇ ਸੜਕਾਂ ਹਨ ਅਤੇ ਮਰੀਜ਼ ਨੂੰ ਲੈ ਕੇ ਜਾਣ ਲਈ ਕਾਰਾਂ ਤੇ ਐਂਬੂਲੈਂਸਾਂ ਹਨ।

ਜਿਸ ਜ਼ਮਾਨੇ ਦੀ ਗੱਲ ਮੈਂ ਕਰਨ ਲੱਗਿਆ ਹਾਂ, ਦੂਰ-ਦੂਰ ਤਕ ਗਾਇਨਾਕਾਲੋਜਿਸਟ ਤਾਂ ਕੀ, ਸਾਧਾਰਨ ਡਾਕਟਰ ਵੀ ਨਹੀਂ ਸਨ ਹੁੰਦੇ। ਨਾ ਸੜਕਾਂ ਸਨ ਤੇ ਨਾ ਗੱਡੀਆਂ। ਲਗਭਗ ਹਰੇਕ ਪਿੰਡ ਵਿਚ ਜਾਂ ਗੁਆਂਢੀ ਪਿੰਡ ਵਿਚ ਕੋਈ ਨਾ ਕੋਈ ਵੈਦ-ਹਕੀਮ ਹੁੰਦਾ ਸੀ। ਲੋਕਾਂ ਵਾਸਤੇ ਉਹੋ ਹੀ ਧਨੰਤਰ ਵੈਦ ਹੁੰਦਾ! ਮੈਨੂੰ ਵਿਗੜੀ ਹੋਈ ਬਿਮਾਰੀ ਵਾਲੇ ਸਭ ਪੇਂਡੂ ਮਰੀਜ਼ ਬਲ੍ਹਦ ਜੁੜੇ ਗੱਡਿਆਂ ਵਿਚ ਮੰਜਾ ਰੱਖ ਕੇ ਸ਼ਹਿਰ ਲਿਜਾਏ ਜਾਂਦੇ ਹੀ ਚੇਤੇ ਹਨ। ਪਿੰਡ ਬੀਲ੍ਹੇ ਤੋਂ ਵੀ ਸ਼ਹਿਰ ਬਹੁਤ ਦੂਰ-ਦੂਰ ਸਨ।

ਇਕ ਵਾਰ ਭਾਣਾ ਕੀ ਵਰਤਿਆ, ਵਲੀ ਖਾਂ ਦੇ ਆਪਣਿਆਂ ਵਿਚ ਜ਼ਹਿਮਤ ਡਿੱਗੀ ਇਕ ਇਸਤਰੀ ਉਲਝ ਗਈ। ਨੇੜੇ ਪਹੁੰਚ ਵਿਚ ਨਾ ਕੋਈ ਸ਼ਹਿਰ, ਨਾ ਹਸਪਤਾਲ ਤੇ ਨਾ ਡਾਕਟਰ। ਜ਼ਿੰਦਗੀ ਤੇ ਮੌਤ ਵਿਚਕਾਰ ਝੂਲਦੇ ਮਾਂ ਤੇ ਬੱਚਾ ਕਿਸੇ ਸਮੇਂ ਵੀ ਮੌਤ ਵੱਲ ਤਿਲ੍ਹਕ ਸਕਦੇ ਸਨ। ਬੇਵਸੀ ਤੇ ਬੇਚੈਨੀ ਵਿਚ ਹੱਥ ਮਲ਼ਦੇ ਘਰ-ਵਾਲਿਆਂ ਨੇ ਕਿਹਾ, "ਵਲੀ, ਤੈਨੂੰ ਗਊਆਂ ਦਾ ਪਤਾ ਹੈ। ਤੂੰ ਹੀ ਦੇਖ ਭਾਈ, ਕਰ ਕੋਈ ਹੀਲਾ। ਕੀ ਪਤਾ ਅੱਲ੍ਹਾ ਨੇ ਇਨ੍ਹਾਂ ਦੋਵਾਂ ਦੀ ਜ਼ਿੰਦਗੀ ਤੇਰੇ ਹੱਥੋਂ ਹੀ ਬਚਣੀ ਲਿਖੀ ਹੋਈ ਹੋਵੇ!"

ਪਹਿਲਾਂ ਵਲੀ ਦਾ ਝਿਜਕਣਾ ਸੁਭਾਵਿਕ ਸੀ। ਫੇਰ ਉਹਨੇ ਜੱਚਾ ਦਾ ਕਸ਼ਟ ਦੇਖ ਕੇ ਮਨ ਪੱਕਾ ਕੀਤਾ ਅਤੇ ਅੱਲਾ ਦੀ ਮਿਹਰ ਨਾਲ ਉਹਦੇ ਸਦਕਾ ਮਾਂ ਨੇ ਜਾਨਲੇਵਾ ਸੰਕਟ ਵਿਚੋਂ ਨਿਕਲ ਕੇ ਸੁਖ ਦਾ ਸਾਹ ਲਿਆ ਅਤੇ ਬੱਚੇ ਨੇ ਓਪਰੀ ਦੁਨੀਆ ਵਿਚ ਆ ਕੇ ਪਹਿਲੀ ਚੀਕ ਮਾਰੀ!

ਸਭ ਨੇ ਖ਼ੁਸ਼ ਹੋ ਕੇ ਕਿਹਾ, "ਵਾਹ ਬਈ ਵਲੀ, ਵਾਹ! ਤੇਰੀਆਂ ਉਂਗਲਾਂ ਵਿਚ ਤਾਂ ਅੱਲਾ ਨੇ ਜ਼ਿੰਦਗੀ ਦੇਣ ਵਾਲੀ ਬਰਕਤ ਬਖ਼ਸ਼ੀ ਹੈ!"

ਗੱਲ ਹੀ ਫੈਲਣ ਵਾਲੀ ਸੀ, ਦੂਰ-ਨੇੜੇ ਫੈਲ ਗਈ।

ਜਦੋਂ ਕੋਈ ਬਹੂ-ਬੇਟੀ ਉਲਝ ਜਾਂਦੀ, ਬੇਵੱਸ ਘਰ-ਵਾਲੇ ਬੇਨਤੀ ਕਰਦੇ, "ਚੱਲ ਭਾਈ ਵਲੀ ਖਾਂ, ਸੰਕਟ ਦੂਰ ਕਰ! ਬਣ ਜੀਵਨ-ਦਾਤਾ!"

ਅਜਿਹੇ ਵੇਲੇ ਜਣੇਪੇ ਵਾਲ਼ੇ ਘਰ ਪਹੁੰਚ ਕੇ ਉਹ ਅੱਖਾਂ ਉੱਤੇ ਪੱਟੀ ਬੰਨ੍ਹਾਉਂਦਾ ਤੇ ਆਖਦਾ, "ਮੈਨੂੰ ਮੰਜੇ ਕੋਲ ਲੈ ਚੱਲੋ।" ਫੇਰ ਉਹ ਜ਼ੱਚਾ ਨੂੰ ਆਖਦਾ, "ਧੀਏ, ਮੈਂ ਵੀ ਪਿਛਲੇ ਜਨਮ ਕੋਈ ਗੁਨਾਹ ਕੀਤਾ ਹੈ, ਜੋ ਅੱਜ ਆਪਣੀ ਹੀ ਬੇਟੀ ਦੇ ਸਰੀਰ ਨੂੰ ਛੂਹਣਾ ਪੈ ਰਿਹਾ ਹੈ। ਤੇ ਤੂੰ ਵੀ ਪਿਛਲੇ ਜਨਮ ਕੋਈ ਗੁਨਾਹ ਕੀਤਾ ਹੈ ਜੋ ਤੈਨੂੰ ਆਪਣੇ ਅੱਬਾ ਸਮਾਨ ਵਲੀ ਤੋਂ ਸਰੀਰ ਨੂੰ ਹੱਥ ਲੁਆਉਣਾ ਪੈ ਰਿਹਾ ਹੈ। ਰੱਬ ਆਪਣੇ ਦੋਵਾਂ ਦੇ ਗੁਨਾਹ ਬਖ਼ਸ਼ੇ!"

ਉਹ ਮਾਹਿਰ ਗਾਇਨਾਕਾਲੋਜਿਸਟ ਵਾਂਗ ਮਾਂ ਦੇ ਸਰੀਰ ਵਿਚ ਉਂਗਲਾਂ ਪਾ ਕੇ ਬੱਚੇ ਦੁਆਲਿਉਂ ਹੌਲ਼ੀ ਹੌਲ਼ੀ ਨਾੜੂਆ ਉਤਾਰਦਾ ਤੇ ਉਹਨੂੰ ਇਸ ਸੰਸਾਰ ਵਿਚ ਲੈ ਆਉਂਦਾ। ਬੱਚੇ ਨੂੰ ਦਾਈ ਦੇ ਹੱਥ ਸੌਂਪ ਕੇ ਉਹ ਉਥੇ ਹੀ ਗੋਡਣੀਏਂ ਹੁੰਦਾ, ਦੋਵੇਂ ਹੱਥ ਦੁਆ ਵਿਚ ਉੱਚੇ ਚੁਕਦਾ ਅਤੇ ਆਖਦਾ, "ਇਸ ਨਿੱਕੀ ਜਿਹੀ ਜਾਨ ਨੂੰ ਦੁਨੀਆ ਵਿਚ ਸਹੀ-ਸਲਾਮਤ ਲਿਆਉਣ ਦਾ ਸਬਾਬ ਦੇਖਦਿਆਂ ਇਹਦੀ ਮਾਂ ਦੇ ਅੰਗਾਂ ਨੂੰ ਹੱਥ ਲਾਉਣ ਦਾ ਮੇਰਾ ਗੁਨਾਹ ਮਾਫ਼ ਕਰੀਂ, ਮੇਰੇ ਅੱਲਾ!"

ਇਉਂ ਕਿੰਨੀਆਂ ਹੀ ਇਸਤਰੀਆਂ ਦੀਆਂ ਜਾਨਾਂ ਉਸ ਹੱਥੋਂ ਬਚੀਆਂ ਅਤੇ ਕਿੰਨੀਆਂ ਹੀ ਨਵੀਆਂ ਜਾਨਾਂ ਉਸ ਸਦਕਾ ਇਸ ਦੁਨੀਆ ਵਿਚ ਆ ਸਕੀਆਂ! ਦੇਸ਼ ਦੀ ਵੰਡ ਵੇਲੇ ਜਦੋਂ ਪੰਜਾਬੀ ਆਪਣੇ ਹੀ ਕਹਿਰ ਦੇ ਸ਼ਿਕਾਰ ਹੋਏ, ਵਲੀ ਦੀ ਇਹੋ ਜੀਵਨ-ਦਾਤੀ ਸਿਫ਼ਤ ਉਹਦੀ ਤੇ ਉਹਦੇ ਪਰਿਵਾਰ ਦੀ ਢਾਲ ਬਣੀ। ਪਤਾ ਲਗਿਆ ਹੈ, ਉਹ ਸੰਤਾਲੀ ਦੇ ਘੱਲੂਘਾਰੇ ਤੋਂ ਪੰਦਰਾਂ-ਵੀਹ ਸਾਲ ਮਗਰੋਂ ਤੱਕ ਜਿਉਂਦਾ ਰਿਹਾ। ਉਹਦਾ ਪਰਿਵਾਰ ਅੱਜ ਵੀ ਪਿੰਡ ਬੀਲ੍ਹੇ ਹੀ ਰਹਿੰਦਾ ਹੈ।

# ਪੰਜਾਬ ਦੇ ਗੌਰਵਮਈ ਵਿਰਸੇ ਨੂੰ ਸਮਰਪਿਤ 'ਸੱਧਰਾਂ ਦੀ ਫੁਲਕਾਰੀ' ਲੋਕ ਅਰਪਣ

ਦਵਿੰਦਰ ਕੌਰ ਢਿੱਲੋਂ ਵਲੋਂ ਰਚਿਤ 'ਸੱਧਰਾਂ ਦੀ ਫੁਲਕਾਰੀ' ਗੀਤ ਅਤੇ ਕਾਵਿ-ਸੰਗ੍ਰਹਿ ਲੰਘੀ 12 ਫਰਵਰੀ ਨੂੰ ਚੰਡੀਗੜ੍ਹ ਦੇ ਸੈਕਟਰ 27 ਦੇ ਰਾਮਗੜ੍ਹੀਆ ਭਵਨ ਵਿਚ ਵਿਦਵਾਨ ਲੋਕਾਂ ਦੀ ਸਜੀ ਮਹਿਫ਼ਲ ਵਿਚ ਰਿਲੀਜ਼ ਕੀਤੀ ਗਈ।

ਮਹਿਫ਼ਲ ਦਾ ਆਗਾਜ਼ ਕਿਤਾਬ ਵਿਚ ਲਿਖੇ ਗੀਤ 'ਪਲਕਾਂ ਦੇ ਬੂਹੇ ਬੰਦ ਨਾ ਕਰੀਂ...' ਨੂੰ ਬੁਲੰਦ ਆਵਾਜ਼ 'ਚ ਗਾ ਕੇ ਹਰਿੰਦਰ ਹਰਜੀ ਨੇ ਕੀਤਾ। ਇਸ ਮੌਕੇ ਸੇਵੀ ਰਿਆਤ ਜੀ, ਦਰਸ਼ਨ ਸਿੰਘ ਸਿੱਧੂ, ਮਲਕੀਅਤ ਬਸਰਾ ਨੇ ਕਿਤਾਬ ਲਈ ਕਵਿਤਾਵਾਂ ਪੜ੍ਹੀਆਂ। ਗੀਤ ਤੇ ਕਵਿਤਾਵਾਂ ਦੇ ਬੋਲਾਂ ਨੇ ਪੰਡਾਲ ਵਿਚ ਬੈਠੇ ਅਦੀਬ ਦੋਸਤਾਂ ਦੀਆਂ ਰੂਹਾਂ ਨੂੰ ਸ਼ਰਸ਼ਾਰ ਕੀਤਾ। ਦੇਵ ਥਰੀਕੇ ਜੀ ਨੂੰ ਯਾਦ ਕਰਦਿਆਂ ਉਨ੍ਹਾਂ ਵਲੋਂ ਲਿਖਿਆ ਗੀਤ ਸ਼ਾਇਰ ਬਲਵਿੰਦਰ ਢਿੱਲੋਂ ਨੇ ਪੇਸ਼ ਕੀਤਾ।

ਮਹਿਫ਼ਲ ਦੀ ਪ੍ਰਧਾਨਗੀ ਪਰਮਿੰਦਰ ਕੌਰ ਪੰਮੀ (ਪੰਮੀ ਸਿੱਧੂ, ਸੰਧੂ) ਨੇ ਕੀਤੀ ਤੇ ਮੁੱਖ ਮਹਿਮਾਨ ਵਜੋਂ ਜਸਟਿਸ ਦਿਲਖੁਸ਼ ਤੇ ਅਮਰਜੀਤ ਖੁਰਲ ਪ੍ਰਧਾਨਗੀ ਮੰਡਲ 'ਚ ਸ਼ਾਮਲ ਸਨ। 'ਸੱਧਰਾਂ ਦੀ ਫੁਲਕਾਰੀ' ਕਿਤਾਬ ਬਾਰੇ ਪੇਪਰ ਪੜ੍ਹਨ ਦੀ ਜ਼ਿੰਮੇਵਾਰੀ ਮਨਜੀਤ ਕੌਰ ਮੀਤ, ਪਰਮਜੀਤ ਪਰਮ ਤੇ ਡਾ. ਅਵਤਾਰ ਸਿੰਘ ਪਤੰਗ ਨੇ ਨਿਭਾਈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਗੁਰਦਰਸ਼ਨ ਸਿੰਘ ਮਾਵੀ ਨੇ ਨਿਭਾਈ। ਆਏ ਮਹਿਮਾਨਾਂ ਦੀ ਆਓ ਭਗਤ ਤੇ ਚਾਹ ਪਾਣੀ ਦਾ ਪ੍ਰਬੰਧ ਢਿੱਲੋਂ ਪਰਿਵਾਰ ਨੇ ਕੀਤਾ। ਮੁੱਖ ਮਹਿਮਾਨਾਂ ਨੂੰ ਸਨਮਾਨਿਤ ਕਰਨ ਦਾ ਕਾਰਜ ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੇ ਪ੍ਰਧਾਨ ਸੇਵੀ ਰਿਆਤ ਜੀ ਨੇ ਨਿਭਾਇਆ।

ਇਸ ਮਹਿਫ਼ਲ ਵਿਚ ਦਰਸ਼ਨ ਤਿਓਣਾ, ਪੀ.ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਦੇ ਪ੍ਰਧਾਨ ਪਰਵੀਨ ਸੰਧੂ, ਅਲਗੋਜ਼ਾ ਵਾਦਕ ਕਰਮਜੀਤ ਸਿੰਘ ਬੱਗਾ, ਮਲਕੀਅਤ ਬਸ਼ਰਾਂ,




ਡਾ. ਸੁਨੀਤਾ ਰਾਣੀ, ਸੰਤੋਸ਼ ਗਰਗ, ਡਾ. ਰਜਿੰਦਰ ਰੇਣੂੰ, ਬਲਵਿੰਦਰ ਢਿੱਲੋਂ, ਮਲਕੀਤ ਨਾਗਰਾ, ਰਾਜ ਹਰੀਕੇ, ਗ਼ਜ਼ਲਗੋ ਅਮਰਜੀਤ ਕੌਰ ਮੋਰਿੰਡਾ, ਜਸ ਅਟਵਾਲ, ਡਾ. ਪੰਨਾ ਲਾਲ ਮੁਸਤਾਬਾਦੀ, ਬਲਕਾਰ ਸਿੱਧੂ, ਜਗਦੀਪ ਨੂਰਾਨੀ, ਦੀਪਕ ਚਨਾਰਥਲ, ਹਰਬੰਸ ਸਿੰਘ ਢਿੱਲੋਂ, ਸੁਖਬੀਰਪਾਲ ਕੌਰ ਨੀਨਾ, ਸ਼ਾਇਰ ਭਟੀ ਆਦਿ ਹਾਜ਼ਰ ਸਨ।

ਇਸ ਮੌਕੇ ਸੀਨੀਅਰ ਪੱਤਰਕਾਰ ਅਜੈਬ ਔਜਲਾ, ਧੀਮਾਨ ਚੈਨਲ, ਵਿਜਨ ਪੰਜਾਬ ਚੈਨਲ, ਇਕਨੂਰ ਚੈਨਲ ਦੇ ਪੱਤਰਕਾਰਾਂ ਨੇ ਵੀ ਸ਼ਿਰਕਤ ਕੀਤੀ। ਸਾਹਿਤ ਵਿਗਿਆਨ ਕੇਂਦਰ ਤੇ ਦਵਿੰਦਰ ਕੌਰ ਦੇ ਉਦਮ ਸਦਕਾ ਸ਼ਿਰਕਤ ਕਰਨ ਵਾਲੇ ਸਾਰੇ ਲੇਖਕਾਂ/ ਲੇਖਿਕਾਵਾਂ ਨੂੰ ਸਨਮਾਨ ਚਿੰਨ੍ਹ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ। ਦਵਿੰਦਰ ਕੌਰ ਢਿੱਲੋਂ ਨੇ ਆਪਣੇ ਪਤੀ ਹਰਬੰਸ ਸਿੰਘ ਢਿੱਲੋਂ ਦਾ ਉਨ੍ਹਾਂ ਦੇ ਸਾਥ ਲਈ ਧੰਨਵਾਦ ਕੀਤਾ।

***-ਸ਼ਾਇਰ ਭੱਟੀ***
***ਫੋਨ: 98729-89193***

# ਦਿਲਬਾਗ ਸਿੰਘ ਘਰਿਆਲਾ ਦੀਆਂ ਖੇਡ ਪੁਸਤਕਾਂ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਦਿਲਬਾਗ ਸਿੰਘ ਘਰਿਆਲਾ ਚੜ੍ਹਦੀ ਜੁਆਨੀ 'ਚ ਖਿਡਾਰੀ ਰਿਹਾ, ਢਲਦੀ 'ਚ ਖੇਡ ਲੇਖਕ ਬਣ ਗਿਆ। ਰਾਂਝੇ ਨੇ ਬਾਰਾਂ ਸਾਲ ਮੱਝਾਂ ਚਰਾਈਆਂ, ਦਿਲਬਾਗ ਨੂੰ ਖਿਡਾਰੀਆਂ ਬਾਰੇ ਲਿਖਦਿਆਂ ਬਾਰਾਂ ਸਾਲ ਹੋ ਗਏ। ਐਨਾ ਜ਼ਫਰ ਜਾਲ ਕੇ ਨਾ ਰਾਂਝੇ ਨੂੰ ਹੀਰ ਸਲੇਟੀ ਮਿਲੀ, ਨਾ ਦਿਲਬਾਗ ਨੂੰ ਕਿਤਾਬਾਂ ਦੀ ਰਾਇਲਟੀ। ਉਲਟਾ ਕਿਤਾਬਾਂ ਛਪਵਾਉਣ ਲਈ ਪੱਲਿਓਂ ਪੈਸੇ ਦੇਣੇ ਪਏ। ਪਰ ਇਸ਼ਕ, ਇਸ਼ਕ ਹੀ ਹੁੰਦੈ! ਜਿਵੇਂ ਰਾਂਝੇ ਨੂੰ ਮੱਝਾਂ ਚਾਰਦਿਆਂ ਵੰਝਲੀ ਵਜਾਉਣ ਦਾ ਸੁਆਦ ਆਇਆ ਉਵੇਂ ਦਿਲਬਾਗ ਨੂੰ ਖਿਡਾਰੀਆਂ ਬਾਰੇ ਲਿਖਦਿਆਂ ਖੇਡ ਮੇਲਿਆਂ 'ਚ ਕੁਮੈਂਟਰੀ ਕਰਨ ਦਾ ਆਨੰਦ ਆ ਰਿਹੈ। ਉਹ ਹੁੱਬ ਕੇ ਦੱਸਦੈ ਕਿ ਉਸਨੂੰ ਮਾਣ-ਸਨਮਾਨ ਵਿਚ ਚਾਂਦੀ ਦੇ ਕੜੇ ਨਾਲ 100 ਰੁਪਏ, 2 ਸੋਨੇ ਦੀਆਂ ਮੁੰਦਰੀਆਂ, 11000 ਹਜ਼ਾਰ ਦੀ ਨਕਦ ਰਾਸ਼ੀ ਅਤੇ ਟਰਾਫੀਆਂ ਮਿਲੀਆਂ ਹਨ। ਮੇਰੀ ਮੰਨੋ ਤਾਂ ਉਹ ਇੰਜ ਹੀ ਕੁਮੈਂਟਰੀ ਕਰਦਾ ਰਹੇ। ਜਿਵੇਂ ਰਾਂਝੇ ਨੂੰ ਅਖ਼ੀਰ 'ਚ ਹੀਰ ਮਿਲ ਗਈ ਸੀ ਉਵੇਂ ਉਸ ਨੂੰ ਵੀ ਕਿਸੇ ਦਿਨ ਕੁਮੈਂਟਰੀ ਕਰਨ 'ਚ ਕਾਰ ਮਿਲ ਜਾਵੇਗੀ। ਜੇ ਕਬੱਡੀ ਦੇ ਹੋਰਨਾਂ ਕੁਮੈਂਟੇਟਰਾਂ ਨੂੰ ਕਾਰਾਂ ਮਿਲੀ ਜਾਂਦੀਆਂ ਤਾਂ ਉਸ ਨੇ ਕਿਹੜਾ ਰੱਬ ਦੇ ਮਾਂਹ ਮਾਰੇ ਨੇ?

ਉਸ ਦੀਆਂ ਛੇ ਪੁਸਤਕਾਂ 'ਚੋਂ ਚਾਰ ਖੇਡਾਂ ਖਿਡਾਰੀਆਂ ਬਾਰੇ ਹਨ। ਪਹਿਲੀ ਪੁਸਤਕ ਦਾ ਨਾਂ 'ਪੰਜਾਬ ਦੇ ਸ਼ੇਰ ਪੁੱਤ' ਹੈ, ਜਿਸ ਵਿਚ 36 ਖਿਡਾਰੀਆਂ ਦੇ ਰੇਖਾ ਚਿੱਤਰ ਹਨ। ਇਹ ਪੁਸਤਕ ਪਹਿਲੀ ਵਾਰ 2008 ਵਿਚ ਛਪੀ ਸੀ, ਜਿਸ ਨੂੰ ਪ੍ਰੇਮ ਸਹਿਤ ਭੇਟ ਕਰਦਿਆਂ ਛਾਪਿਆ ਗਿਆ: ਪ੍ਰਿੰਸੀਪਲ ਸਰਵਣ ਸਿੰਘ ਜੀ ਢੁੱਡੀਕੇ ਨੂੰ ਜਿਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਮੈਂ ਲਿਖਣ ਲਈ ਪ੍ਰੇਰਿਤ ਹੋਇਆ। ਉਨ੍ਹਾਂ ਖਿਡਾਰੀਆਂ ਨੂੰ ਜਿਹੜੇ ਦੇਸ਼ ਵਾਸਤੇ ਜੂਝਦੇ ਹਨ। ਉਨ੍ਹਾਂ ਕੋਚਾਂ ਨੂੰ ਜਿਹੜੇ ਖਿਡਾਰੀਆਂ ਨੂੰ ਸੱਚੇ ਦਿਲੋਂ ਤਿਆਰ ਕਰਦੇ ਹਨ। ਉਨ੍ਹਾਂ ਦਰਸ਼ਕਾਂ ਨੂੰ ਜਿਹੜੇ ਖਿਡਾਰੀਆਂ ਦੀ ਹੌਂਸਲਾ ਅਫ਼ਜ਼ਾਈ ਕਰਦੇ ਹਨ। ਉਨ੍ਹਾਂ ਪਾਠਕਾਂ ਨੂੰ ਜੋ ਖੇਡ ਸਾਹਿਤ ਪੜ੍ਹਦੇ ਹਨ।

ਉਸ ਦੀ ਦੂਜੀ ਪੁਸਤਕ ਹੈ 'ਖੇਡ ਮੈਦਾਨ ਦੇ ਹੀਰੇ' ਜਿਸ ਦਾ ਮੁਖਬੰਦ ਡਾ. ਬਿਕਰਮ ਸਿੰਘ ਘੁੰਮਣ, ਸਾਬਕਾ ਡੀਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਲਿਖਿਆ: ਪੰਜਾਬੀ ਇਤਿਹਾਸ ਸਿਰਜਣਾ ਜਾਣਦੇ ਹਨ ਪਰ ਇਤਿਹਾਸ ਸਾਂਭਣ ਵਾਲੇ ਪਾਸਿਓਂ ਮੁੱਢ ਤੋਂ ਹੀ ਅਵੇਸਲੇ ਰਹੇ ਹਨ। ਪੰਜਾਬੀਆਂ ਵੱਲੋਂ ਹਰ ਖੇਤਰ ਵਿਚ ਪਾਏ ਯੋਗਦਾਨ ਦਾ ਇਤਿਹਾਸ ਵਿਚ ਜ਼ਿਕਰ ਨਾਂ-ਮਾਤਰ ਹੈ। ਸਾਡੇ ਸੰਤਾਂ ਮਹਾਂਪੁਰਸ਼ਾਂ, ਰਾਜਿਆਂ ਮਹਾਰਾਜਿਆਂ, ਦੇਸ਼ ਭਗਤਾਂ, ਸ਼ਹੀਦਾਂ, ਜਰਨੈਲਾਂ, ਸਾਹਿਤਕਾਰਾਂ, ਕਲਾਕਾਰਾਂ, ਸਮਾਜ ਸੁਧਾਰਕਾਂ, ਗਿਆਨੀਆਂ, ਵਿਗਿਆਨੀਆਂ, ਖਿਡਾਰੀਆਂ, ਹੋਰ ਤਾਂ ਹੋਰ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਸਮਾਚਾਰਾਂ ਦਾ ਵੀ ਪ੍ਰਮਾਣਿਕ ਇਤਿਹਾਸ ਉਪਲੱਬਧ ਨਹੀਂ... ਮੈਨੂੰ ਪੂਰੀ ਉਮੀਦ ਹੈ ਕਿ ਇਸ ਪੁਸਤਕ ਨਾਲ ਪੰਜਾਬੀ ਦੇ ਖੇਡ ਸਾਹਿਤ ਵਿਚ ਭਰਪੂਰ ਵਾਧਾ ਹੋਵੇਗਾ। ਮੇਰੀ ਖੇਡ ਪ੍ਰੇਮੀਆਂ, ਖੇਡ ਪ੍ਰਮੋਟਰਾਂ, ਖੇਡ ਅਕਾਦਮੀਆਂ, ਖੇਡ ਵਿਭਾਗਾਂ, ਸੂਬਾਈ ਤੇ ਰਾਸ਼ਟਰੀ ਸਰਕਾਰਾਂ ਨੂੰ ਪੁਰਜ਼ੋਰ ਅਪੀਲ ਹੈ ਕਿ ਉਹ ਆਪਣੇ ਸਾਲਾਨਾ ਖੇਡ ਬਜਟ ਵਿਚੋਂ ਕੁਝ ਹਿੱਸਾ ਖੇਡ ਸਾਹਿਤ ਦੇ ਵਿਕਾਸ, ਖੇਡ ਸਾਹਿਤ ਦੀਆਂ ਲਾਇਬ੍ਰੇਰੀਆਂ ਸਥਾਪਿਤ ਕਰਨ ਅਤੇ ਖੇਡ-ਵਾਈਜ਼ ਖਿਡਾਰੀਆਂ ਦੇ ਜੀਵਨ ਸਮਾਚਾਰਾਂ, ਪ੍ਰਾਪਤੀਆਂ ਅਤੇ ਇਤਿਹਾਸ ਨੂੰ ਇਕੱਤਰ ਕਰ ਕੇ ਪ੍ਰਕਾਸ਼ਿਤ ਕਰਵਾਉਣ ਅਤੇ ਖਿਡਾਰੀਆਂ ਦੀਆਂ ਡਾਕੂਮੈਂਟਰੀ ਫ਼ਿਲਮਾਂ ਤਿਆਰ ਕਰਵਾਉਣ ਉਤੇ ਖ਼ਰਚ ਕਰਨ।

ਦਿਲਬਾਗ ਸਿੰਘ ਦੀ ਤੀਜੀ ਖੇਡ ਪੁਸਤਕ ਦਾ ਨਾਂ 'ਪੰਜਾਬ ਦੇ ਓਲੰਪੀਅਨ ਖਿਡਾਰੀ' ਹੈ, ਜਿਸ ਵਿਚ 22 ਓਲੰਪੀਅਨਾਂ ਦੇ ਰੇਖਾ ਚਿੱਤਰ ਹਨ। ਉਸ ਦੇ ਮੁੱਖ ਸ਼ਬਦ ਵੀ ਡਾ. ਘੁੰਮਣ ਨੇ ਹੀ ਲਿਖੇ ਹਨ: ਦਿਲਬਾਗ ਸਿੰਘ ਘਰਿਆਲਾ ਨੇ ਇਸ ਤੋਂ ਪਹਿਲਾਂ ਖਿਡਾਰੀਆਂ ਦੇ ਰੇਖਾ ਚਿੱਤਰਾਂ ਦੀਆਂ ਦੋ ਪੁਸਤਕਾਂ, ਇਕ ਖੇਡ ਮੈਗਜ਼ੀਨ 'ਖੇਡਾਂ ਦੀ ਫੁਲਵਾੜੀ' ਅਤੇ ਦੋ ਬਾਲ-ਸਾਹਿਤ ਦੀਆਂ ਪੁਸਤਕਾਂ 'ਟਾਹਲੀ ਮੇਰੇ ਬੱਚੇ' ਤੇ 'ਮਾਂ ਦੀ ਮਮਤਾ' ਲਿਖੀਆਂ। ਦਿਲਬਾਗ ਸਿੰਘ ਦਾ ਖਿਡਾਰੀਆਂ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਇਕੱਤਰ ਕਰਨ ਅਤੇ ਉਸ ਨੂੰ ਪਾਠਕਾਂ ਨਾਲ ਸਾਂਝੀ ਕਰਨ ਦਾ ਇਹ ਸ਼ੌਕ, ਹੁਣ ਸਿਰ ਚੜ੍ਹ ਕੇ ਬੋਲ ਰਿਹਾ ਹੈ। ਉਹ ਆਰਥਿਕ ਤੰਗੀਆਂ ਦੇ ਬਾਵਜੂਦ ਦੂਰ-ਦੁਰਾਡੇ ਖੇਡ ਮੇਲਿਆਂ ਵਿਚ ਸ਼ਾਮਲ ਹੋਣ ਅਤੇ ਖਿਡਾਰੀਆਂ ਨਾਲ ਮੁਲਾਕਾਤਾਂ ਕਰਨ ਤੋਂ ਕਦੇ ਘੌਲ ਨਹੀਂ ਕਰਦਾ। ਉਸ ਦੀਆਂ ਇਹ ਖੇਡ ਰਚਨਾਵਾਂ ਖੇਡਾਂ ਤੇ ਖਿਡਾਰੀਆਂ ਸੰਬੰਧੀ ਕੇਵਲ ਸਾਧਾਰਨ ਜਾਣਕਾਰੀ ਹੀ ਨਹੀਂ ਦੇਂਦੀਆਂ ਸਗੋਂ ਗੰਭੀਰ ਚਿੰਤਨ ਤੇ ਵਿਸ਼ਲੇਸ਼ਣ ਵੀ ਪੇਸ਼ ਕਰਦੀਆਂ ਹਨ।

ਉਸ ਦੀ ਚੌਥੀ ਖੇਡ ਪੁਸਤਕ 'ਪੰਜਾਬ ਦੇ ਮੱਲ' ਹੈ, ਜੋ 2018 ਵਿਚ ਛਪੀ। ਉਸ ਵਿਚ ਪੁਰਾਣੇ ਪਹਿਲਵਾਨ ਮਹਾਂਬਲੀ ਕਿੱਕਰ ਸਿੰਘ ਤੋਂ ਲੈ ਕੇ ਨਵੇਂ ਹੋਣਹਾਰ ਪਹਿਲਵਾਨ 'ਜੱਸਾ ਪੱਟੀ ਵਾਲਾ' ਤਕ ਮਾਝੇ ਤੇ ਮਸ਼ਹੂਰ ਪਹਿਲਵਾਨਾਂ ਅਤੇ ਕਬੱਡੀ ਖਿਡਾਰੀਆਂ ਬਾਰੇ 25 ਰੇਖਾ ਚਿੱਤਰ ਹਨ। ਪੁਸਤਕ ਦੇ ਮੁੱਢਲੇ ਸ਼ਬਦਾਂ ਵਿਚ ਪ੍ਰੋ. ਦਰਸ਼ਨ



ਦਿਲਬਾਗ ਸਿੰਘ ਘਰਿਆਲਾ

ਸਿੰਘ ਭੁੱਲਰ ਨੇ ਲਿਖਿਆ ਹੈ: ਦਿਲਬਾਗ ਸਿੰਘ ਆਪ ਵੀ ਜਵਾਨੀ ਸਮੇਂ ਕਬੱਡੀ ਤੇ ਫੁੱਟਬਾਲ ਖੇਡਿਆ। ਉਹ ਵੱਖ-ਵੱਖ ਖੇਡਾਂ ਦੇ ਨਵੇਂ ਤੇ ਪੁਰਾਣੇ ਖਿਡਾਰੀਆਂ ਦੇ ਰੇਖਾ ਚਿੱਤਰ ਲਿਖ ਕੇ ਪਾਠਕਾਂ ਤਕ ਪਹੁੰਚਾਉਣ ਦਾ ਯਤਨ ਕਰਦਾ ਰਹਿੰਦਾ ਹੈ। ਉਸ ਦੁਆਰਾ ਹਰ ਖਿਡਾਰੀ ਨੂੰ ਦਿੱਤੇ ਗਏ ਸਿਰਲੇਖ ਬੜੇ ਦਿਲ ਟੁੰਬਵੇਂ ਹੁੰਦੇ ਹਨ। ਸਿਰਲੇਖ ਪੜ੍ਹ ਕੇ ਹੀ ਪਾਠਕ ਦੇ ਮਨ ਵਿਚ ਉਸ ਖਿਡਾਰੀ ਬਾਰੇ ਜਾਨਣ ਦੀ ਉਤਸੁਕਤਾ ਪੈਦਾ ਹੋ ਜਾਂਦੀ ਹੈ। ਹੁਣ ਉਹ ਪੁਸਤਕਾਂ ਲਿਖਣ ਦੇ ਨਾਲ-ਨਾਲ ਅਖ਼ਬਾਰਾਂ ਵਿਚ ਹਫ਼ਤਾਵਾਰੀ ਕਾਲਮ ਵੀ ਲਿਖਣ ਲੱਗ ਪਿਆ ਹੈ।

ਪੰਜਾਬ ਦੇ ਮੱਲਾਂ ਦੀ ਭੂਮਿਕਾ ਦਿਲਬਾਗ ਸਿੰਘ ਨੇ ਇੰਜ ਬੰਨ੍ਹੀ ਹੈ: 'ਦੁਨੀਆ ਵਿਚ ਸਭ ਤੋਂ ਜ਼ਿਆਦਾ ਖੇਡੀ ਜਾਣ ਵਾਲੀ ਖੇਡ ਹੈ ਫੁੱਟਬਾਲ। ਫੁੱਟਬਾਲ ਦੀ ਮਕਬੂਲੀਅਤ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਅੱਜ ਦੀ ਤਾਰੀਖ਼ ਵਿਚ ਸੰਯੁਕਤ ਰਾਸ਼ਟਰ ਸੰਘ ਦੇ 193 ਦੇਸ਼ ਮੈਂਬਰ ਹਨ ਪਰ ਫੁੱਟਬਾਲ ਦੀ ਵਿਸ਼ਵ ਫੈਡਰੇਸ਼ਨ 'ਫੀਫਾ' ਦੇ 214 ਦੇਸ਼ ਐਸੋਸੀਏਟ ਮੈਂਬਰ ਹਨ... ਸਰਕਲ ਸਟਾਈਲ ਕਬੱਡੀ ਹੁਣ ਵਾਹਣਾਂ ਤੇ ਰੌੜਾਂ ਦੀ ਖੇਡ ਨਹੀਂ ਰਹੀ, ਇਹ ਸਕਾਈਡੋਮ ਵਰਗੇ ਮਹਿੰਗੇ ਤੇ ਵੱਡੇ ਇਨਡੋਰ ਸਟੇਡੀਅਮਾਂ ਦੀ ਖੇਡ ਬਣ ਗਈ ਹੈ। ਇਸ ਦੇ ਵਰਲਡ ਕੱਪਾਂ ਤੇ ਵਰਲਡ ਲੀਗਾਂ ਨੇ ਕਬੱਡੀ ਦੇ ਸੁੱਤੇ ਭਾਗ ਜਗਾ ਦਿੱਤੇ ਹਨ। ਹੁਣ ਕਈ ਖਿਡਾਰੀ ਕਰੋੜਾਂ ਵਿਚ ਖੇਡਣ ਲੱਗੇ ਹਨ, ਮਹਿੰਗੀਆਂ ਗੱਡੀਆਂ ਤੇ ਹਵਾਈ ਜਹਾਜ਼ਾਂ ਵਿਚ ਝੂਟੇ ਲੈਂਦੇ ਹਨ। ਪੰਜਾਬ ਵਿਚ ਕਰੋੜਾਂ ਦੇ ਵਰਲਡ ਕਬੱਡੀ ਕੱਪ ਹੋ ਰਹੇ ਹਨ ਤੇ ਦਸ-ਦਸ ਲੱਖ ਰੁਪਏ ਦੀ ਕੁਸ਼ਤੀ ਹੋ ਰਹੀ ਹੈ। ਫੋਰਡ ਟਰੈਕਟਰ, ਆਲਟੋ ਕਾਰਾਂ ਤੇ ਨੁਕਰੇ ਘੋੜੇ, ਕਬੱਡੀ ਤੇ ਕੁਸ਼ਤੀਆਂ ਦੇ ਜੇਤੂਆਂ ਨੂੰ ਦਿੱਤੇ ਜਾ ਰਹੇ ਹਨ। ਮੈਂ ਇਸ ਪੁਸਤਕ ਵਿਚ 23 ਖਿਡਾਰੀਆਂ ਬਾਰੇ ਜਾਣਕਾਰੀ ਦੇ ਰਿਹਾਂ। ਇਸ ਵਿਚ 11 ਚੋਟੀ ਦੇ ਮੱਲ ਤੇ 11 ਕਬੱਡੀ ਦੇ ਧਨੰਤਰ ਖਿਡਾਰੀ ਹਨ। ਇਕ ਲੇਖ ਪੰਜਾਬ ਦੇ ਮਸ਼ਹੂਰ ਖੇਡ ਮੇਲਿਆਂ ਬਾਰੇ, ਇਕ ਰੇਖਾ ਚਿੱਤਰ ਹਾਕੀ ਦੇ ਬਾਦਸ਼ਾਹ ਪ੍ਰਿਥੀਪਾਲ ਸਿੰਘ ਦਾ ਤੇ ਇਕ ਲੇਖ ਵਿਚ ਸਰਕਲ ਸਟਾਈਲ ਕਬੱਡੀ ਲਈ ਸੁਝਾਅ ਦਿੱਤੇ ਹਨ।'

ਦਿਲਬਾਗ ਸਿੰਘ ਦੀਆਂ ਖਿਡਾਰੀਆਂ ਬਾਰੇ ਲਿਖੀਆਂ ਰਚਨਾਵਾਂ ਪੜ੍ਹਦਿਆਂ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਪਾਠਕ ਖ਼ੁਦ ਖੇਡ ਰਿਹਾ ਹੋਵੇ ਜਾਂ ਖੇਡ ਸਟੇਡੀਅਮ ਵਿਚ ਬੈਠਾ ਆਪਣੀਆਂ ਅੱਖਾਂ ਨਾਲ ਪ੍ਰਤੱਖ ਨਜ਼ਾਰੇ ਤੱਕ ਰਿਹਾ ਹੋਵੇ। ਜਿਹੜਾ ਵੀ ਇਕ ਵਾਰ ਉਸ ਦੀ ਪੁਸਤਕ ਪੜ੍ਹਨ ਲੱਗ ਪਵੇ ਮਜ਼ਾਲ ਕਿ ਉਹ ਅੱਧ ਵਿਚਾਲੇ ਛੱਡ ਦੇਵੇ। ਉਸ ਦੀ ਠੇਠ ਮਝੈਲੀ ਬੋਲੀ ਮੱਲੋ-ਮੱਲੀ ਪਾਠਕ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ। ਉਹ ਸਰਲ ਪੇਂਡੂ ਭਾਸ਼ਾ ਵਿਚ ਲਿਖਦਾ ਹੈ ਜਿਸ ਕਰਕੇ ਪਾਠਕ ਸੌਖੀ ਤਰ੍ਹਾਂ ਸਮਝਦੇ ਤੇ ਪਸੰਦ ਕਰਦੇ ਹਨ। ਖਿਡਾਰੀਆਂ ਬਾਰੇ ਲਿਖਣ ਦੇ ਨਾਲ-ਨਾਲ ਉਸ ਵੱਲੋਂ ਬਤੌਰ ਆਫੀਸ਼ਲ ਖੇਡ ਮੈਦਾਨਾਂ ਵਿਚ ਦਿੱਤੇ ਜਾਂਦੇ ਨਿਰਪੱਖ ਫੈਸਲਿਆਂ ਕਰਕੇ ਵੀ ਖਿਡਾਰੀ ਤੇ ਖੇਡ ਪ੍ਰੇਮੀ ਉਸ ਦੀ ਦਿਲੋਂ ਇੱਜ਼ਤ ਕਰਦੇ ਹਨ।

ਉਹਦਾ ਜਨਮ ਸ.ਹਰਬੰਸ ਸਿੰਘ ਭੁੱਲਰ ਦੇ ਘਰ ਮਾਤਾ ਕੁਲਵੰਤ ਕੌਰ ਦੀ ਕੁੱਖੋਂ 10 ਮਾਰਚ, 1975 ਨੂੰ ਪਿੰਡ ਘਰਿਆਲਾ, ਪੱਟੀ, ਜ਼ਿਲ੍ਹਾ ਤਰਨਤਾਰਨ ਵਿਚ ਹੋਇਆ। ਉਸ ਦੀ ਵਿਦਿਅਕ ਯੋਗਤਾ ਬੀ.ਏ. ਬੀ ਲਿਬ. ਹੈ। ਰਿਹਾਇਸ਼ ਹੁਣ ਅੰਮ੍ਰਿਤਸਰ ਵਿਚ ਹੈ। ਉਥੋਂ ਹੀ ਉਹ ਰੋਜ਼ ਮਾਝੇ ਦੇ ਮਸ਼ਹੂਰ ਪਿੰਡ ਸੁਰ ਸਿੰਘ ਦੇ ਸਕੂਲ ਵਿਚ ਪੜ੍ਹਾਉਣ ਜਾਂਦਾ ਹੈ ਜਿੱਥੇ ਕਦੇ ਲੰਮੀਆਂ ਕਹਾਣੀਆਂ ਦਾ ਚੈਂਪੀਅਨ ਵਰਿਆਮ ਸਿੰਘ ਸੰਧੂ ਪੜ੍ਹਦਾ ਤੇ ਪੜ੍ਹਾਉਂਦਾ ਰਿਹਾ ਸੀ। ਉਸ ਦੇ ਦੋਵੇਂ ਪੁੱਤਰ ਕੈਨੇਡਾ ਵਿਚ ਪੜ੍ਹਦੇ ਤੇ ਕੰਮ ਕਰਦੇ ਹਨ। ਲੱਗਦੈ ਕਿਸੇ ਦਿਨ ਉਹ ਵੀ ਕੈਨੇਡਾ ਤੁਰ ਜਾਵੇਗਾ।

ਉਹ ਤੋਰੇ ਫੇਰੇ ਵਾਲਾ ਖੇਡ ਲੇਖਕ ਹੈ। ਖੇਡ ਮੈਦਾਨ ਉਸ ਦੀ ਇਬਾਦਤਗਾਹ ਹੈ। ਦਿਨ ਦੇ ਕਾਰਜ ਆਰੰਭ ਕਰਨ ਤੋਂ ਪਹਿਲਾਂ ਗੁਰਸ਼ਬਦਾਂ ਨਾਲ ਆਰਾਧਨਾ ਕਰਨੀ ਅਤੇ ਅਰਦਾਸ ਵਿਚੋਂ ਬਰਕਤਾਂ ਦੀ ਪ੍ਰਾਪਤੀ ਉਸ ਦਾ ਨਿੱਤਨੇਮ ਹੈ। ਉਹ ਬੀਰ ਰਸੀ ਕਿਤਾਬਾਂ ਪੜ੍ਹਨੀਆਂ ਪਸੰਦ ਕਰਦਾ ਹੈ। ਸਪੋਰਟਸ ਨੂੰ ਉਤਸ਼ਾਹਿਤ ਕਰਨ ਵਾਲਾ ਸਾਹਿਤ ਪੜ੍ਹਨਾ ਲਿਖਣਾ ਉਸ ਦੀ ਤਰਜੀਹ ਹੈ। ਮਿੱਤਰਾਂ ਦੀ ਰੌਣਕ ਉਸ ਦੇ ਹਿਰਦੇ ਦਾ ਸਕੂਨ ਹੈ। ਮਝੈਲ ਮਿੱਤਰ ਮੰਡਲੀ 'ਚ ਬੈਠ ਕੇ ਹੱਸਣਾ ਅਤੇ ਜ਼ਿੰਦਗੀ ਦੀਆਂ ਉਸਾਰੂ ਲੀਹਾਂ ਸੰਬੰਧੀ ਵਿਚਾਰਾਂ ਕਰਨ ਵਿਚ ਉਸ ਦੀ ਦਿਲਚਸਪੀ ਹੈ। ਬਾਲ ਜਗਤ ਨੂੰ ਸਿੱਖਿਆਦਾਇਕ ਕਹਾਣੀਆਂ ਰਾਹੀਂ ਜੀਵਨ ਸੇਧਾਂ ਦੇਣੀਆਂ ਉਸ ਦੀ ਰੂਹ ਦਾ ਸਕੂਨ ਹੈ। ਲਓ ਪੜ੍ਹੋ ਉਹਦਾ ਉਲੀਕਿਆ ਇਕ ਰੇਖਾ ਚਿੱਤਰ:

ਪਹਿਲਵਾਨ ਜੱਸਾ ਪੱਟੀ ਵਾਲਾ

ਕੁਸ਼ਤੀ ਦੀ ਦੁਨੀਆ ਵਿਚ ਇਕ ਨਵਾਂ ਸੂਰਜ ਚੜ੍ਹਿਆ ਹੈ ਜੋ ਦਿਨ-ਬ-ਦਿਨ ਉਚਾਈਆਂ ਛੂੰਹਦਾ ਜਾ ਰਿਹਾ ਹੈ। ਤਕੜੇ ਤੋਂ ਤਕੜੇ ਪਹਿਲਵਾਨਾਂ ਨੂੰ ਚਿੱਤ ਕਰਦਿਆਂ ਕੁਸ਼ਤੀ ਅਖਾੜੇ ਵਿਚ ਆਪਣਾ ਕੱਦ ਹੋਰ ਉੱਚਾ ਕਰਦਾ ਉਹ ਭਾਰਤ ਦੇ ਚੋਟੀ ਦੇ ਪਹਿਲਵਾਨਾਂ ਵਿਚ ਬਹੁਤ ਸ਼ੁਮਾਰ ਹੋ ਗਿਆ ਹੈ। ਉਸ ਦੀ ਮੰਗ ਦਿਨੋਂ-ਦਿਨ ਵਧਦੀ ਜਾ ਰਹੀ ਹੈ। ਦੇਸ਼ ਦੇ ਕੋਨੇ-ਕੋਨੇ 'ਚੋਂ ਸੱਦੇ ਆਉਣੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਇਸ ਨੌਜਵਾਨ ਦਾ ਸਿੱਕਾ ਬਹੁਤ ਜਲਦੀ ਪੂਰੇ ਭਾਰਤ ਵਿਚ ਚੱਲਣ ਵਾਲਾ ਹੈ। ਜਦੋਂ ਇਹ ਸਾਬਤ ਸੂਰਤ ਨੌਜਵਾਨ ਸਿਰ 'ਤੇ ਪਟਕਾ ਬੰਨ੍ਹੀ ਅਖਾੜੇ ਵਿਚ ਉੱਤਰਦਾ ਹੈ ਤਾਂ ਕੁਸ਼ਤੀ ਪ੍ਰੇਮੀਆਂ ਦਾ ਲਗਾਅ ਮੱਲੋ-ਮੱਲੀ ਇਸ ਗੁਰਸਿੱਖ ਮੱਲ ਨਾਲ ਜੁੜ ਜਾਂਦਾ ਹੈ।

6 ਫੁੱਟ ਕੱਦ, 275 ਪੌਂਡ ਭਾਰ, 46 ਇੰਚ ਛਾਤੀ, 18 ਇੰਚ ਡੌਲੇ ਤੇ 30 ਇੰਚੀ ਪੱਟਾਂ ਵਾਲਾ ਇਹ ਦਰਸ਼ਨੀ ਚੋਬਰ ਕਿਸੇ ਦਰਸ਼ਨੀ ਮਾਡਲ ਤੋਂ ਘੱਟ ਨਹੀਂ। ਇਸ ਦੇ ਸਰੀਰ ਦੀ ਸੁਡੌਲਤਾ ਵੇਖਿਆਂ ਲੱਗਦਾ ਹੈ ਕਿ ਰੱਬ ਪੂਰੀ ਤਰ੍ਹਾਂ ਮਿਹਰਬਾਨ ਹੈ ਇਸ 'ਤੇ। ਇਉਂ ਲੱਗਦੈ ਜਿਵੇਂ ਰੱਬ ਨੇ ਵਿਹਲੇ ਬਹਿ ਕੇ ਅਜਿਹਾ ਜੁੱਸਾ ਘੜਿਆ ਹੋਵੇ। ਥੱਬੇ-ਥੱਬੇ ਦੇ ਪੱਟ ਤੇ ਗੁੰਦਵਾਂ ਸਰੀਰ ਵੇਖਿਆਂ ਭੁੱਖ ਲੱਥਦੀ ਹੈ।ਸੱਜੇ ਪੱਟ 'ਤੇ ਥਾਪੀ ਮਾਰ ਜਦੋਂ ਇਹ ਗੱਭਰੂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਲਾਉਂਦਾ ਅਖਾੜੇ 'ਚ ਉਤਰਦਾ ਹੈ ਤਾਂ ਦਰਸ਼ਕਾਂ ਦੀਆਂ ਨਜ਼ਰਾਂ ਉਸ ਦੇ ਮਿਹਨਤ ਨਾਲ ਕਮਾਏ ਦਰਸ਼ਨੀ ਜੁੱਸੇ ਤੋਂ ਤਿਲ੍ਹਕ-ਤਿਲ੍ਹਕ ਜਾਂਦੀਆਂ ਹਨ। ਉਸਦੇ ਸੁਡੌਲ ਪੱਟਾਂ 'ਤੇ ਪੈਂਦੀਆਂ ਛੱਲੀਆਂ ਤੇ ਡੌਲਿਆਂ 'ਤੇ ਨੱਚਦੇ ਮੋਰਾਂ ਦੀ ਚਰਚਾ ਲੋਕ-ਬੁੱਲ੍ਹਾਂ 'ਤੇ ਉਦੋਂ ਹੀ ਹੋਣ ਲੱਗ ਪੈਂਦੀ ਹੈ। ਦਰਸ਼ਕ ਸ਼ਰਤਾਂ ਲਾਉਂਦੇ ਹਨ ਉਸ ਦੀਆਂ ਕੁਸ਼ਤੀਆਂ 'ਤੇ।




ਕਿਤਾਬ ਪੰਜਾਬ ਦੇ ਮੱਲ ਦਾ ਮੁਖੜਾ

ਉਸ ਦਾ ਪੂਰਾ ਨਾਂ ਹੈ ਜਸਕੰਵਰ ਸਿੰਘ ਉਰਫ ਜੱਸਾ ਪੱਟੀ ਵਾਲਾ। ਉਹਦਾ ਜਨਮ 15 ਜੁਲਾਈ, 1993 ਨੂੰ ਆਪਣੇ ਸਮੇਂ ਦੇ ਪ੍ਰਸਿੱਧ ਪਹਿਲਵਾਨ ਸਲਵਿੰਦਰ ਸਿੰਘ ਉਰਫ਼ ਛਿੰਦਾ ਪੱਟੀ ਵਾਲਾ ਅਤੇ ਮਾਤਾ ਪਰਮਿੰਦਰ ਕੌਰ ਦੇ ਘਰ ਪਿੰਡ ਚੂਸਲੇਵੜ ਤਹਿਸੀਲ ਪੱਟੀ ਵਿਚ ਹੋਇਆ। ਜੱਸੇ ਨੂੰ ਗੁੜ੍ਹਤੀ ਹੀ ਕੁਸ਼ਤੀ ਦੀ ਮਿਲੀ ਸੀ। ਜੱਸੇ ਦੀ ਮਾਤਾ ਜੀ ਦੱਸਦੇ ਹਨ ਕਿ ਜਦੋਂ ਇਸ ਦਾ ਜਨਮ ਹੋਇਆ ਤਾਂ ਇਹਦੇ ਪਿਤਾ ਜੀ ਨੇ ਅਖਾੜੇ ਦੀ ਮਿੱਟੀ ਲਿਆ ਕੇ ਇਸ ਦੇ ਮੱਥੇ ਨੂੰ ਲਾਈ। ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਜੋ ਕਮੀ ਮੇਰੇ ਤੋਂ ਕੁਸ਼ਤੀ ਵਿਚ ਰਹਿ ਗਈ ਉਹ ਮੇਰਾ ਪੁੱਤਰ ਪੂਰੀ ਕਰੇ। ਪੂਰੇ 21 ਸਾਲਾਂ ਬਾਅਦ ਉਹ ਸਮਾਂ ਆ ਗਿਆ ਜੋ ਉਸ ਦੇ ਪਿਤਾ ਨੇ ਸੁਪਨਾ ਦੇਖਿਆ ਸੀ। ਉਸ ਦੀ ਦਿਲੀ ਤਮੰਨਾ ਸੀ ਕਿ ਮੇਰਾ ਪੁੱਤ ਦੁਨੀਆ ਦਾ ਰੁਸਤਮ ਬਣੇ। ਉਸ ਦਾ ਕਹਿਣਾ ਹੈ ਕਿ ਹੁਣ ਉਹ ਦਿਨ ਦੂਰ ਨਹੀਂ ਜਦੋਂ ਮੇਰਾ ਪੁੱਤ ਭਾਰਤ ਦੇਸ਼ ਲਈ ਨਾਮਣਾ ਖੱਟੇਗਾ। ਦੁਨੀਆ ਵਿਚ ਭਾਰਤੀ ਕੁਸ਼ਤੀ ਦਾ ਝੰਡਾ ਬੁਲੰਦ ਕਰੇਗਾ।

ਜੱਸੇ ਨੇ ਦਸ ਸਾਲ ਦੀ ਉਮਰੇ ਕੁਸ਼ਤੀ ਲੜਨੀ ਸ਼ੁਰੂ ਕਰ ਲਈ। ਉਹ ਬਾਬਾ ਕਾਹਨ ਸਿੰਘ ਪਿੰਦੀ ਅਖਾੜੇ ਵਿੱਚ ਜ਼ੋਰ ਅਜਮਾਈ ਕਰਨ ਲੱਗਾ। ਨਿੱਕੀਆਂ ਨਿੱਕੀਆਂ ਕਸਰਤਾਂ ਕਰਦਾ ਅੱਗੇ ਵਧਣ ਲੱਗਾ। ਉਹ ਉਸਤਾਦ ਵੱਲੋਂ ਦੱਸੇ ਦਾਅ ਪੇਚਾਂ ਨੂੰ ਪੂਰੀ ਤਰ੍ਹਾਂ ਸਮਝਦਾ ਤੇ ਵਰਤੋਂ ਵਿਚ ਲਿਆਉਂਦਾ। ਬਹੁਤ ਜਲਦੀ ਜੱਸੇ ਦੀ ਕੀਤੀ ਮਿਹਨਤ ਮੂੰਹੋਂ ਬੋਲਣ ਲੱਗੀ। ਉਸ ਦਾ ਕਹਿਣਾ ਹੈ ਕਿ ਮੈਂ ਅੱਜ ਜਿਸ ਮੁਕਾਮ 'ਤੇ ਪੁੱਜਾ ਹਾਂ ਇਹ ਆਪਣੇ ਉਸਤਾਦ ਗੁਰੂ ਭਾਨ ਸਿੰਘ ਦੀ ਬਦੌਲਤ ਹਾਂ। ਉਹ ਅੱਜ ਪੰਜਾਬ ਹੀ ਨਹੀਂ ਭਾਰਤ ਦੇ ਚੋਟੀ ਦੇ ਮੱਲਾਂ ਵਿਚ ਗਿਣਿਆ ਜਾਣ ਲੱਗਾ ਹੈ। ਉਹ ਆਪਣੇ ਉਸਤਾਦ ਨੂੰ ਹਮੇਸ਼ਾ ਆਪਣੇ ਨਾਲ ਰੱਖਦਾ ਹੈ। ਪਿਛਲੇ ਸਾਲ ਉਸ ਨੇ ਆਪਣੇ ਗੁਰੂ ਨੂੰ ਆਉਣ ਜਾਣ ਲਈ ਇੱਕ ਬੁਲਟ ਮੋਟਰਸਾਈਕਲ ਭੇਟ ਕੀਤਾ।

ਜੱਸੇ ਦੇ ਘਰ ਦਾ ਮਾਹੌਲ ਹੀ ਕੁਸ਼ਤੀ ਵਾਲਾ ਸੀ। ਉੱਠਦਿਆਂ ਬਹਿੰਦਿਆਂ, ਖਾਂਦਿਆਂ ਪੀਂਦਿਆਂ ਗੱਲਾਂ ਹੀ ਕੁਸ਼ਤੀ ਦੇ ਦਾਅ ਪੇਚਾਂ ਦੀਆਂ ਹੁੰਦੀਆਂ ਸਨ। ਵੱਡੇ-ਵੱਡੇ ਮੱਲਾਂ ਦਾ ਘਰ ਆਉਣਾ-ਜਾਣਾ ਸੀ ਜਿਨ੍ਹਾਂ ਦਾ ਅਸਰ ਉਸ 'ਤੇ ਪੈਣਾ ਸੁਭਾਵਿਕ ਸੀ। ਜੱਸੇ ਦਾ ਵੱਡਾ ਭਰਾ ਜਸਕਰਨ ਸਿੰਘ ਵੀ ਪਹਿਲਾਂ ਜ਼ੋਰ ਕਰਦਾ ਸੀ ਪਰ ਬਾਅਦ 'ਚ ਉਹ ਪੱਕੇ ਤੌਰ 'ਤੇ ਕੈਨੇਡਾ ਜਾ ਵੱਸਿਆ। ਉਸ ਤੋਂ ਬਾਅਦ ਜੱਸੇ ਨੇ ਪਿਤਾ ਜੀ ਦੇ ਸੁਪਨੇ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ 'ਤੇ ਚੁੱਕ ਲਈ। ਛੋਟੀ ਉਮਰ ਵਿਚ ਹੀ ਆਪਣੇ ਤੋਂ ਵੱਧ ਭਾਰ ਵਾਲੇ ਮੁੰਡਿਆਂ ਨਾਲ ਜ਼ੋਰ ਕਰਦਾ ਸੀ। ਨਿੱਤ ਸਵੇਰੇ ਸ਼ਾਮ ਅਭਿਆਸ ਕਰਨਾ ਉਸ ਦਾ ਨਿੱਤਨੇਮ ਸੀ।

ਉਸ ਨੇ 2006 ਵਿਚ 13 ਸਾਲ ਦੀ ਉਮਰੇ ਪਹਿਲੀ ਕੁਸ਼ਤੀ ਲੜੀ। ਉਹਦੇ ਮੁਕਾਬਲੇ ਵਾਲਾ ਪਹਿਲਵਾਨ 16-17 ਸਾਲ ਦਾ ਸੀ। ਜੱਸੇ ਦੀ ਕੁਸ਼ਤੀ ਵੇਖ ਸਾਰੇ ਹੈਰਾਨ ਰਹਿ ਗਏ! ਪੰਜ ਮਿੰਟਾਂ ਵਿਚ ਹੀ ਜੱਸੇ ਨੇ ਐਸਾ ਦਾਅ ਮਾਰਿਆ ਕਿ ਵੱਡੇ ਪਹਿਲਵਾਨ ਨੂੰ ਅਸਮਾਨ ਵਿਖਾ ਦਿੱਤਾ। ਪਹਿਲਵਾਨ ਸਲਵਿੰਦਰ ਸਿੰਘ ਦੱਸਦੇ ਹਨ ਕਿ ਉਹ ਉਸ ਕੁਸ਼ਤੀ ਸਮੇਂ ਉੱਥੇ ਮੌਜੂਦ ਸੀ ਤੇ ਉਹ ਸੀਨ ਆਪਣੀਆਂ ਅੱਖਾਂ ਨਾਲ ਤੱਕਿਆ। ਪੁੱਤ ਦੀ ਜਿੱਤ ਵੇਖ ਕੇ ਮੇਰਾ ਸੇਰ ਲਹੂ ਵਧ ਗਿਆ ਤੇ ਛਾਤੀ ਦੋ ਇੰਚ ਚੌੜੀ ਹੋ ਗਈ। ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਕਿ ਰੱਬਾ ਬੂਟੇ 'ਤੇ ਬੂਟਾ ਲਾ ਦਿੱਤਾ ਈ, ਹੁਣ ਇਸ ਦੀ ਪਾਲਣਾ ਵੀ ਤੂੰ ਕਰੀਂ।

ਜੱਸਾ ਆਪਣੀ ਤਿਆਰੀ ਬਾਰੇ ਦੱਸਦਾ ਹੈ: 'ਮੈਂ ਰੋਜ਼ਾਨਾ ਢਾਈ ਘੰਟੇ ਸਵੇਰੇ ਜਿੰਮ 'ਚ ਕਸਰਤ ਕਰਦਾ ਹਾਂ। ਜਿਸ ਦਿਨ ਕੁਸ਼ਤੀ ਨਾ ਹੋਵੇ ਸ਼ਾਮ ਨੂੰ ਦੋ ਘੰਟੇ ਅਖਾੜੇ 'ਚ ਜ਼ੋਰ ਕਰਦਾ ਹਾਂ। ਜਦੋਂ ਮੁਕਾਬਲਿਆਂ ਦਾ ਸਮਾਂ ਨੇੜੇ ਹੋਵੇ ਤਾਂ ਦਿਨ 'ਚ ਤਿੰਨ ਟਾਈਮ ਮਿਹਨਤ ਕਰਨੀ ਪੈਂਦੀ ਹੈ।' ਉਸ ਦੀ ਖ਼ੁਰਾਕ ਵਿਚ ਦੁੱਧ, ਘਿਉ, ਬਦਾਮ, ਸ਼ਰਦਾਈ, ਜੂਸ, ਫਲ ਤੇ ਹਰੀਆਂ ਸਬਜ਼ੀਆਂ ਦੀ ਵਰਤੋਂ ਹੁੰਦੀ ਹੈ। ਉਸ ਦਾ ਕਹਿਣਾ ਹੈ ਕਿ ਉਸ ਦੀ ਖ਼ੁਰਾਕ ਦੀ ਜ਼ਿੰਮੇਵਾਰੀ ਉਸ ਦੇ ਮਾਤਾ ਜੀ ਦੀ ਹੈ। ਉਨ੍ਹਾਂ ਚਾਰਟ ਤਿਆਰ ਕੀਤਾ ਹੈ, ਉਸ ਅਨੁਸਾਰ ਹੀ ਉਹ ਖ਼ੁਰਾਕ ਲੈਂਦਾ ਹੈ।

ਜੱਸੇ ਦੀ ਚੜ੍ਹਤ ਦਾ ਅੰਦਾਜ਼ਾ ਇਸ ਤੋਂ ਹੀ ਹੋ ਗਿਆ ਜਦ ਉਸਨੇ ਪਹਿਲੀ ਇਨਾਮੀ ਕੁਸ਼ਤੀ ਸਾਢੇ ਸੱਤ ਮਿੰਟ ਵਿਚ ਹੀ ਬਾਈ ਫਾਲ ਜਿੱਤ ਲਈ। ਉਸਨੇ ਸਕੂਲਾਂ ਦੀਆਂ ਨੈਸ਼ਨਲ ਖੇਡਾਂ ਵਿਚੋਂ ਮੈਡਲ ਜਿੱਤਣ ਬਾਅਦ 2015 ਵਿਚ ਆਲ ਇੰਡੀਆ ਇੰਟਰਵਰਸਿਟੀ ਤੋਂ ਬਰਾਂਜ਼ ਮੈਡਲ ਤੇ 2016 ਵਿਚ ਗੋਲਡ ਮੈਡਲ ਜਿੱਤਿਆ। ਉਸਨੇ 2015 ਦੀਆਂ ਸੀਨੀਅਰ ਨੈਸ਼ਨਲ ਗੇਮਜ਼ ਵਿਚ ਵੀ ਭਾਗ ਲਿਆ। ਇਸੇ ਸਾਲ ਜੂਨੀਅਰ ਨੈਸ਼ਨਲ ਗੇਮਜ਼ ਕੇਰਲਾ ਵਿਚ 97 ਕਿਲੋ ਪਲੱਸ ਭਾਰ 'ਚੋਂ ਤੀਸਰੀ ਪੁਜ਼ੀਸ਼ਨ ਹਾਸਲ ਕੀਤੀ। ਉਸਨੇ ਪੰਜਾਬ ਦੀਆਂ ਮਸ਼ਹੂਰ ਛਿੰਝਾਂ ਰੂਪੋਵਾਲ, ਨੂਰਮਹਿਲ, ਕੋਟ ਬਾਦਲ ਖਾਂ, ਕਿਰਲਗੜ੍ਹ, ਭਾਗੋਵਾਲ, ਗੰਗਤ, ਦਿਲਾਵਰਪੁਰ, ਬੈਂਸਾਂ, ਖਿਜਰਾਬਾਦ, ਕੁਰਾਲੀ, ਰੱਖੜਾ, ਮਰੌੜ ਨੇੜੇ ਨਾਭਾ, ਰੌਣੀ ਖੰਨਾ, ਸਮਰਾਲਾ, ਜੱਬੋਮਾਜਰਾ, ਘਰਿਆਲਾ, ਸੁਲਤਾਨਵਿੰਡ, ਝਬਾਲ, ਬੱਚੀਵਿੰਡ ਆਦਿ ਵਿਚ ਕੁਸ਼ਤੀ ਲੜੀ।

ਉਹ ਪੰਜਾਬ ਤੋਂ ਬਾਹਰ ਹਰਿਆਣਾ, ਹਿਮਾਚਲ, ਚੰਡੀਗੜ੍ਹ, ਜੰਮੂ ਕਸ਼ਮੀਰ, ਮਹਾਰਾਸ਼ਟਰ, ਦਿੱਲੀ ਤੇ ਹੋਰ ਕਈ ਸ਼ਹਿਰਾਂ ਵਿਚ ਕੁਸ਼ਤੀ ਕਲਾ ਦਾ ਸ਼ਾਨਦਾਰ ਨਮੂਨਾ ਪੇਸ਼ ਕਰ ਚੁੱਕਾ ਹੈ। ਜੱਸਾ ਦੱਸਦਾ ਹੈ, 'ਮੈਨੂੰ ਪਹਿਲੀ ਵਾਰ ਪਿੰਡ ਭੋਡੇ ਸਪਰਾਏ ਜਲੰਧਰ ਵਿਚ ਗੁਰਜ 'ਤੇ ਕੁਸ਼ਤੀ ਲੜਨ ਦਾ ਮੌਕਾ ਮਿਲਿਆ। ਮੈਨੂੰ ਬਹੁਤ ਖ਼ੁਸ਼ੀ ਹੋਈ ਉਸ ਗੁਰਜ ਨੂੰ ਜਿੱਤਣ ਨਾਲ। ਮੈਂ ਅਨੇਕਾਂ ਵੱਡੇ ਤੋਂ ਵੱਡੇ ਇਨਾਮ ਜਿੱਤੇ ਤੇ ਸੈਂਕੜੇ ਗੁਰਜਾਂ ਵੀ ਜਿੱਤ ਲਈਆਂ ਪਰ ਮੈਨੂੰ ਉਹ ਪਹਿਲੀ ਗੁਰਜ ਬੜੀ ਪਿਆਰੀ ਤੇ ਖ਼ਾਸ ਲੱਗਦੀ ਹੈ।' ਉਹ ਆਪਣੀਆਂ ਕੁਸ਼ਤੀਆਂ ਬਾਰੇ ਗੱਲ ਕਰਦਿਆਂ ਅੱਖਾਂ ਵਿਚ ਚਮਕ ਲਿਆਉਂਦਿਆਂ ਕਹਿੰਦਾ ਹੈ ਕਿ ਮੈਂ ਉਮਰ ਵਿਚ ਭਾਵੇਂ ਦੂਸਰੇ ਪਹਿਲਵਾਨਾਂ ਤੋਂ ਛੋਟਾ ਹਾਂ ਪਰ ਮੇਰੀ ਕੁਸ਼ਤੀਆਂ ਦੀ ਲਿਸਟ ਬਹੁਤ ਲੰਮੇਰੀ ਹੈ। ਮੈਂ ਕੁਸ਼ਤੀ ਦੇ ਪਿੜ ਵਿਚ ਅਜੇ ਹਜ਼ਾਰਾਂ ਮੀਲਾਂ ਦਾ ਪੰਧ ਤੈਅ ਕਰਨਾ ਹੈ।

(ਬਾਕੀ ਸਫਾ 27 'ਤੇ)

# ਲਾਹੌਰ ਦਾ ਕੰਜਰ ਮੁਹੱਲਾ-ਹੀਰਾ ਮੰਡੀ ਤੇ ਸ਼ਾਹੀ ਮੁਹੱਲਾ

ਇਤਿਹਾਸ ਨਾਮਾ

***'ਸਰੀ, ਕੈਨੇਡਾ ਵਾਸੀ ਸੰਤੋਖ ਸਿੰਘ ਮੰਡੇਰ ਪਿਛਲੇ 30 ਸਾਲਾਂ ਤੋਂ ਲਗਾਤਾਰ ਲਾਹੌਰ ਆ-ਜਾ ਰਿਹਾ ਹੈ। ਪਾਕਿਸਤਾਨ ਦੇ ਖੇਡ ਮੇਲੇ, ਵਿਆਹਾਂ ਤੇ ਧਾਰਮਿਕ ਸਮਾਗਮਾਂ ਵਿਚ ਉਸਦਾ ਆਉਣ-ਜਾਣ ਆਮ ਹੈ। ਲਾਹੌਰ ਦੇ ਰੰਗੀਨ ਤੇ ਹੁਸੀਨ ਸ਼ਾਹੀ ਮੁਹੱਲੇ ਵਿਚ ਉਹ ਸ਼ੇਰਾਂ ਵਾਲੇ 'ਬੱਗੀ ਪਹਿਲਵਾਨ, ਚਾਂਦ ਪਹਿਲਵਾਨ', ਟੀਪੂ ਟਰੱਕਾਂ ਵਾਲਾ ਤੇ ਖਲੀਫਾ ਨਸੀਰ ਪਹਿਲਵਾਨ ਉਰਫ ਸ਼ੀਰੋ ਨਾਲ ਲਾਹੌਰ ਦੀ ਹੀਰਾ ਮੰਡੀ ਵੀ ਜਾਂਦਾ-ਆਉਂਦਾ ਰਿਹਾ ਹੈ। ਲਾਹੌਰ ਦੇ ਸ਼ਾਹੀ ਮੁਹੱਲੇ ਤੇ ਹੀਰਾ ਮੰਡੀ ਬਾਰੇ ਇਹ ਦਿਲਚਸਪ ਲੇਖ ਵੀ ਉਥੋਂ ਦੀ ਹੀ ਉਪਜ ਹੈ, ਜਿਸਦੀ ਪਹਿਲੀ ਕਿਸ਼ਤ ਪਾਠਕਾਂ ਲਈ ਹਾਜ਼ਰ ਹੈ।'***

ਲਾਹੌਰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਰਾਜਧਾਨੀ ਅਤੇ ਹੁਣ ਬਰੇ ਸਗੀਰ (ਉਪ ਮਹਾਂਦੀਪ) ਦਾ ਬਹੁਤ ਹੀ ਖੂਬਸੂਰਤ ਇਤਿਹਾਸਕ ਸ਼ਹਿਰ ਹੈ, ਜਿਸ ਨੇ ਅਨੇਕਾਂ ਰੰਗ ਤਮਾਸ਼ੇ ਦੇਖੇ ਹਨ। ਲਾਹੌਰ ਦੇ ਵਸਨੀਕਾਂ ਤੇ ਧਾੜਵੀਆਂ ਦੇ ਆਨੰਦ ਮੰਗਲ ਲਈ ਇਥੋਂ ਦਾ ਰੰਗਲਾ ਕੰਜਰ ਮੁਹੱਲਾ, ਹੀਰਾ ਮੰਡੀ ਉਰਫ ਸ਼ਾਹੀ ਮੁਹੱਲਾ ਤੇ ਟਿੱਬੀ ਗਲੀ ਵੀ ਇਸਦੇ ਨਾਲ ਹੀ ਚਲਦੇ ਰਹੇ ਹਨ। ਲਾਹੌਰ ਬਾਰੇ ਮਸ਼ਹੂਰ ਕਹਾਵਤ ਹੈ ਕਿ 'ਜਿਸ ਨੇ ਲਾਹੌਰ ਨਹੀਂ ਦੇਖਿਆ, ਉਹ ਜੰਮਿਆ ਈ ਨਈਂ'। ਜਿਵੇਂ ਭਾਰਤ ਵਿਚ 'ਰੈੱਡ ਲਾਈਟ ਡਿਸਟਰਿਕ' ਦਿੱਲੀ ਦੀ ਜੀ.ਬੀ. ਰੋਡ, ਕਲਕੱਤੇ ਦੀ ਸੋਨਾ ਗਾਚੀ (ਰੰਡੀ ਪਾੜਾ), ਬੰਬਈ ਦਾ ਲਾਲ ਬਾਜ਼ਾਰ, ਹੈਦਰਾਬਾਦ ਦਾ ਗਾਚੀ ਬਾਉਲੀ, ਥਾਈਲੈਂਡ ਦੀ ਪੱਤੀਆ ਬੀਚ, ਰੰਗੂਨ ਦੀ ਸੂਲੀ

ਸੰਤੋਖ ਸਿੰਘ ਮੰਡੇਰ-ਸਰੀ
ਫੋਨ: 604-505-7000

ਰੋਡ, ਟੋਕੀਓ ਦਾ ਕਾਬੂਕਿਛੋ, ਗਰੀਸ ਦਾ ਸਾਲੋਨਿਕਾ, ਇਰਾਕੀ ਸ਼ਹਿਰਾਂ ਦੇ ਬਾਹਰ ਖਾਵਾਲੀਆ, ਡੈਨਮਾਰਕ ਵਿਚ ਕੋਪਨਹੈਗਨ ਦਾ ਵੈਸਟਰਬਰੋ, ਜਰਮਨ ਦੇ ਸ਼ਹਿਰ ਹੈਮਬਰਗ ਦਾ ਸੇਂਟ ਪਾਲੀ, ਲੰਡਨ ਦਾ ਪਿਕਾਡਲੀ ਸਰਕਸ, ਕੰਜਰਘਾਟ ਲਈ ਮਸ਼ਹੂਰ ਰਹੇ ਹਨ, ਇਸੇ ਤਰ੍ਹਾਂ ਲਾਹੌਰ ਦੀ ਹੀਰਾ ਮੰਡੀ, ਸ਼ਾਹੀ ਮੁਹੱਲਾ ਤੇ ਟਿੱਬੀ ਗਲੀ ਵੀ ਹਰ ਜਵਾਨ ਦਿਲ ਦੀ ਧੜਕਨ ਰਹੇ ਹਨ। ਕਲਕੱਤੇ ਦਾ 'ਸੋਨਾ ਗਾਚੀ' ਵੇਸਵਾ ਗਮਨੀ ਜਾਂ ਜਿਸਮ ਫਰੋਸ਼ੀ ਵਿਚ ਏਸ਼ੀਆ ਵਿਚ ਕੰਜਰਘਾਟ ਦਾ ਸਭ ਤੋਂ ਵੱਡਾ ਗੜ੍ਹ ਹੈ। ਸੰਨ 1972 ਵਿਚ ਜਵਾਨੀ ਸਮੇਂ ਪੰਜਾਬ ਯੂਨੀਵਰਸਿਟੀ ਦੀ ਕਬੱਡੀ ਟੀਮ ਵਲੋਂ ਆਲ ਇੰਡੀਆ ਇੰਟਰ ਯੂਨੀਵਰਸਿਟੀ ਕਬੱਡੀ ਮੁਕਾਬਲਿਆਂ ਵਿਚ ਭਾਗ ਲੈਣ ਸਮੇਂ ਅਸੀਂ ਵੀ ਦੇਖਣ-ਦੇਖਣ ਦੇ ਚਾਅ ਵਿਚ ਹੀ ਕਲਕੱਤੇ ਦੇ 'ਰੈੱਡ ਲਾਈਟ ਡਿਸਟਰਿਕ' ਸੋਨਾ ਗਾਚੀ ਵਿਚ ਜੇਬਾਂ ਸਾਫ ਕਰਾਈਆਂ ਸਨ।

ਸੰਸਾਰ ਭਰ ਵਿਚ ਇੰਟਰਨੈੱਟ ਦੀਆ ਸੇਵਾਵਾਂ ਦੇ ਆਉਣ ਨਾਲ 'ਗੂਗਲ ਬਾਬਾ' ਨੇ ਇਸ ਕੰਜਰਘਾਟ ਧੰਦੇ ਦੀ ਅਹਿਮ ਜਾਣਕਾਰੀ ਵਿਚ ਹੋਰ ਵੀ ਵਾਧਾ ਕਰ ਦਿੱਤਾ ਹੈ। 'ਗੂਗਲ ਬਾਬਾ' ਦੇ ਭਰੋਸੇਯੋਗ ਸੂਤਰਾਂ ਅਨੁਸਾਰ ਸੰਸਾਰ ਭਰ ਵਿਚ ਕਾਮਕੋਠੇ, ਕਾਮਿਕ ਪੀਪ ਸ਼ੋਅ ਤੇ ਕਾਮੁਕ ਦੁਕਾਨਾਂ ਲਈ ਯੂਰਪ ਮਹਾਂਦੀਪ ਦੇ ਨਾਮੀ ਸ਼ਹਿਰ ਸਭ ਤੋਂ ਉਪਰ ਹਨ। ਯੂਰਪ ਦੇ ਇਤਿਹਾਸਕ ਤੇ ਖੂਬਸੂਰਤ ਸ਼ਹਿਰ ਐਮਸਟਰਡਮ-ਨੀਦਰਲੈਂਡ ਦੇ 'ਡੀ ਵਾਲੇਨ' ਦਾ ਨਾਂ ਸਭ ਤੋਂ ਵੱਧ ਮਸ਼ਹੂਰ ਹੈ। ਬੈਲਜੀਅਮ ਦੀ ਰਾਜਧਾਨੀ ਐਂਟਰੋਪ ਦਾ 'ਵਿਲਾ ਟਿੰਟੋ' ਵੀ ਕਿਸੇ ਗੱਲੋਂ ਘੱਟ ਨਹੀਂ। ਫਰਾਂਸ ਦੇ ਸ਼ਹਿਰ ਕਲੋਨ ਵਿਚਲੇ 'ਪਾਸਚਾ' ਵਿਚੋਂ ਜੋ ਵੀ ਜਵਾਨ ਮਰਦ ਲੰਘਦਾ ਹੈ, ਉਹ ਪਾਣੀ ਦੇ ਘੜੇ ਭਰ ਕੇ ਲੈ ਜਾਂਦਾ ਹੈ। ਏਸ਼ੀਆ ਦਾ ਸ਼ਹਿਰ ਬੈਂਕਾਕ ਵੀ ਕਿਸੇ ਨਾਲੋਂ ਘੱਟ ਨਹੀਂ, ਇਥੋਂ ਦਾ 'ਪਾਤਪੌਂਗ' ਧੰਦੇ ਦਾ ਬੜਾ ਨਾਮੀ ਇਲਾਕਾ ਹੈ। ਜਰਮਨ ਦਾ ਸਮੁੰਦਰੀ ਤੱਟੀ ਸ਼ਹਿਰ ਹੈਮਬਰਗ ਜੋ ਸਮੁੰਦਰੀ ਜਹਾਜ਼ਾਂ ਦਾ ਘਰ ਹੈ, ਦਾ 'ਰੀਪਰਬਾਹਨ' ਸਮੁੰਦਰੀ ਸਫਰ ਦੇ ਥੱਕੇ-ਟੁੱਟੇ ਮੁਸਾਫਰਾਂ ਨੂੰ ਤਰੋ-ਤਾਜ਼ਾ ਕਰਦਾ ਹੈ। ਉਤਰੀ ਅਮਰੀਕਾ ਵਿਚ ਸੈਰ-ਸਪਾਟੇ ਲਈ ਗਰਮ ਮੁਲਕ ਮੈਕਸੀਕੋ ਬੜਾ ਕੜਾਕੇਦਾਰ ਹੈ, ਇਥੋਂ ਦੀ ਰਾਜਧਾਨੀ ਸ਼ਹਿਰ ਮੈਕਸੀਕੋ ਦਾ 'ਜੋਨਾ ਨੋਰਟੀ' ਬੰਦੇ ਦੇ ਪਟਾਖੇ ਪੁਆ ਦਿੰਦਾ ਹੈ। ਬੈਂਕਾਕ ਦਾ ਹੀ 'ਸੋਈ ਕੋਬੁਆਏ' ਵੀ ਬੰਦੇ ਨੂੰ ਨੱਚਣ ਲਾ ਦਿੰਦਾ ਹੈ। ਯੂਰਪ ਦੇ ਨਾਮੀ ਸ਼ਹਿਰ ਪੈਰਿਸ ਦਾ 'ਪਿਗਾਲੀ', ਸਿੰਗਾਪੁਰ ਦਾ 'ਗੇਲੈਂਗ', ਜਾਪਾਨੀ 'ਕਾਬੋਕਿਛੋ' ਤੇ ਫਿਰ ਪੈਰਿਸ ਦਾ 'ਰੂਈ ਸੇਂਟ ਡੀਨਸ' ਵੀ ਆਪੋ-ਆਪਣੀ ਜਗ੍ਹਾ ਬੜੇ ਹਰਾਮ ਦੇ ਕੰਜਰਘਾਟ ਤੇ ਨਾਮੀ 'ਚੱਕਲਾ ਘਰ' ਹਨ।

ਲਾਹੌਰ ਦੀ ਹੀਰਾ ਮੰਡੀ ਤੇ ਸ਼ਾਹੀ ਮੁਹੱਲਾ ਲਾਹੌਰ ਦੇ ਸ਼ਾਹੀ ਕਿਲੇ, ਮੜ੍ਹੀ (ਸਮਾਧ) ਮਹਾਰਾਜਾ ਰਣਜੀਤ ਸਿੰਘ, ਗੁਰਦੁਆਰਾ ਡੇਹਰਾ ਸਾਹਿਬ ਤੇ ਸ਼ਾਹੀ ਮਸਜਿਦ ਦੇ ਪਿੱਛੇ, ਪੱਛਮ ਵੱਲ ਅੰਦਰੂਨ ਲਾਹੌਰ ਵਿਚ ਸਥਿਤ ਹਨ, ਜਿਸ ਨੂੰ ਅੱਜ-ਕੱਲ੍ਹ 'ਵਾਲਿਡ ਸਿਟੀ' (ਦੀਵਾਰੀ ਸ਼ਹਿਰ) ਵੀ ਕਿਹਾ ਜਾਂਦਾ ਹੈ। ਵਾਲਿਡ ਸਿਟੀ ਜਾਂ ਅੰਦਰੂਨ ਸ਼ਹਿਰ ਲਾਹੌਰ ਦੇ 13 ਦਰਵਾਜ਼ੇ ਹਨ, ਜਿਨ੍ਹਾਂ ਵਿਚੋਂ ਕੁਝ ਢਹਿ-ਢੇਰੀ ਹੋ ਗਏ ਹਨ। ਟਕਸਾਲੀ ਗੇਟ, ਰੋਸ਼ਨਾਈ ਗੇਟ, ਮਸਤੀ ਗੇਟ, ਕਸ਼ਮੀਰੀ ਗੇਟ, ਸ਼ੇਰਾਂਵਾਲਾ ਗੇਟ, ਯੱਕੀ ਗੇਟ, ਅਕਬਰੀ ਗੇਟ, ਦਿੱਲੀ ਦਰਵਾਜ਼ਾ, ਮੋਚੀ ਗੇਟ, ਸ਼ਾਲਮੀ (ਸ਼ਾਹ ਆਲਮ) ਗੇਟ, ਲੁਹਾਰੀ ਗੇਟ, ਮੋਰੀ ਗੇਟ ਤੇ ਭਾਟੀ ਗੇਟ ਬੜੇ ਮਜ਼ਬੂਤ ਤੇ ਸਖ਼ਤ ਦਰਵਾਜ਼ੇ ਸਨ। ਇਹ ਸਾਰੇ ਦਰਵਾਜ਼ੇ ਪਰਜਾ ਦੀ ਹਿਫਾਜ਼ਤ ਲਈ ਰਾਤ ਸਮੇਂ ਬੰਦ ਕਰ ਦਿੱਤੇ ਜਾਂਦੇ ਸਨ ਅਤੇ ਹਥਿਆਰਬੰਦ ਸਿਪਾਹੀਆਂ ਦਾ ਪਹਿਰਾ ਹੁੰਦਾ ਸੀ, ਸਿਰਫ ਮੋਰੀ ਦਰਵਾਜ਼ਾ ਹੀ ਕੋਈ ਮੁਸੀਬਤ ਪੈਣ 'ਤੇ ਖੁੱਲ੍ਹਦਾ ਸੀ। ਰਾਵੀ ਦਰਿਆ ਇਕ ਸਮੇਂ ਲਾਹੌਰ ਦੇ ਸ਼ਾਹੀ ਕਿਲੇ ਨਾਲ ਵਗਦਾ ਸੀ, ਜੋ ਹੁਣ ਕਈ ਮੀਲ ਪਿੱਛੇ ਹਟ ਗਿਆ ਹੈ।

ਮੀਨਾਰੇ ਪਾਕਿਸਤਾਨ ਤੇ ਮਿੰਟੋ ਪਾਰਕ ਜੋ ਸ਼ਾਹੀ ਕਿਲੇ ਤੇ ਗੁਰਦੁਆਰਾ ਡੇਹਰਾ ਸਾਹਿਬ ਦੇ ਬਿਲਕੁਲ ਸਾਹਮਣੇ ਹੈ, ਹੁਣ ਗਰੇਟਰ ਇਕਬਾਲ ਪਾਰਕ ਵਿਚ ਤਬਦੀਲ ਹੋ ਗਏ ਹਨ, ਜੋ ਵਜ਼ੀਰੇ ਆਲਾ ਪੰਜਾਬ, ਜਨਾਬ ਸ਼ਹਿਬਾਜ਼ ਸ਼ਰੀਫ ਦੀ ਮਿਹਰਬਾਨੀ ਸਦਕਾ ਲਾਹੌਰ ਦਾ ਬਹੁਤ ਸ਼ਾਨਦਾਰ ਜਨਤਕ ਸੈਰ ਸਪਾਟੇ ਦਾ ਸਥਾਨ ਬਣ ਗਿਆ ਹੈ। ਲਾਹੌਰ ਵਿਚ ਸਿੱਖ ਰਾਜ ਸਮੇਂ ਇਸ ਖੁੱਲ੍ਹੇ-ਡੁੱਲ੍ਹੇ ਪਾਰਕ ਵਿਚ 'ਸ਼ੇਰੇ ਪੰਜਾਬ' ਸ਼ਾਹੀ ਫੌਜਾਂ ਦੀ ਪਰੇਡ ਦੇਖਿਆ ਕਰਦੇ ਸਨ। ਲਾਹੌਰ ਸ਼ਹਿਰ ਦੀ ਮਾਲ ਰੋਡ ਵਲੋਂ ਆਈਏ ਤਾਂ ਦਾਤਾ ਗੰਜ ਦਰਬਾਰ ਲੰਘ ਕੇ ਰਾਵੀ ਰੋਡ ਉਪਰ ਸੱਜੇ ਹੱਥ ਟਕਸਾਲੀ ਗੇਟ ਤੋਂ ਅੰਦਰ, ਹੀਰਾ ਮੰਡੀ, ਸ਼ਾਹੀ ਮੁਹੱਲਾ ਤੇ ਟਿੱਬੀ ਗਲੀ ਸ਼ੁਰੂ ਹੋ ਜਾਂਦੀ ਹੈ। ਇਸ ਤਿਕੋਨ ਵਿਚ ਚਾਰ ਪਹੀਆਂ ਵਾਲੀਆਂ ਚਿੱਟੀਆਂ ਸ਼ਾਨਦਾਰ ਘੋੜਿਆਂ ਦੀਆਂ ਬੱਘੀਆਂ ਖੜ੍ਹੀਆਂ ਹੁੰਦੀਆਂ ਹਨ। ਟਕਸਾਲੀ ਗੇਟ ਤੋਂ ਅੰਦਰ ਵੜ ਕੇ ਸ਼ਾਹੀ ਮੁਹੱਲਾ ਸ਼ੁਰੂ ਹੋ ਜਾਂਦਾ ਹੈ, ਜਿਸ ਦੇ ਅੱਗੋਂ ਕਈ ਬਾਜ਼ਾਰ ਜਾਂ ਗਲੀਆਂ ਹਨ। ਟਕਸਾਲੀ ਗੇਟ ਅੰਦਰ ਲਾਹੌਰ ਤੇ ਸ਼ੁਰਕਪੁਰ ਦੀ ਸ਼ਾਨਦਾਰ ਕਢਾਈ ਵਾਲੇ ਖੁੱਸੇ ਤੇ ਚੱਪਲਾਂ ਦਾ ਬਹੁਤ ਵੱਡਾ ਜੁੱਤੀਆਂ ਦਾ ਅਤੇ ਹੋਰ ਸੰਗੀਤਕ ਸਾਮਾਨ ਤਬਲੇ, ਢੋਲ, ਵਾਜੇ ਦਾ ਬਾਜ਼ਾਰ ਵੀ ਹੈ। ਰਾਵੀ ਰੋਡ ਤੋਂ ਲੋਹੇ ਦੇ ਮਜ਼ਬੂਤ ਫਲਾਈਓਵਰ ਰਾਹੀਂ ਟਕਸਾਲੀ ਗੇਟ ਦੇ ਖੱਬੇ ਹੱਥ ਪੈਦਲ ਜਾਂ ਸੜਕ ਤੋਂ 'ਚਾਇਨੀ ਚਿੰਗਜੀ' ਆਟੋ ਰਿਕਸ਼ਾ ਰਾਹੀਂ ਸ਼ਾਹੀ ਮੁਹੱਲੇ ਵਿਚ ਪ੍ਰਵੇਸ਼ ਕੀਤਾ ਜਾ ਸਕਦਾ ਹੈ। ਟਕਸਾਲੀ ਗੇਟ ਦੇ ਸ਼ੁਰੂ ਵਿਚ ਖੱਬੇ ਹੱਥ ਸ਼ਾਹੀ ਮਸਜਿਦ ਵਾਲੇ ਪਾਸੇ ਫੋਰਟ ਰੋਡ ਉਪਰ ਰੋਸ਼ਨਾਈ ਦਰਵਾਜ਼ੇ ਤਕ 'ਸ਼ਾਹੀ ਮੁਹੱਲਾ ਫੂਡ ਸਟਰੀਟ' ਵੀ ਹੈ, ਜੋ ਲਾਹੌਰ ਦੀ ਪਹਿਲੀ 'ਗਵਾਲ ਮੰਡੀ ਫੂਡ ਸਟਰੀਟ' ਦੀ ਤਰਜ਼ ਉਪਰ ਲਾਹੌਰ ਦੇ ਸਰਕਾਰੀ ਅਧਿਕਾਰੀ ਜਨਾਬ ਕਾਮਰਾਨ ਲਸ਼ਾਰੀ ਨੇ ਲਾਹੌਰ ਵਿਚ 'ਟੂਰਿਜ਼ਮ' ਨੂੰ ਪ੍ਰਫੁੱਲਿਤ ਕਰਨ ਲਈ ਤਾਮੀਰ ਕਰਵਾਈ ਅਤੇ ਜਨਵਰੀ 2012 ਵਿਚ ਪੰਜਾਬ ਦੇ ਵਜ਼ੀਰੇਆਲਾ ਦੇ ਪੁੱਤਰ ਜਨਾਬ ਹਮਜ਼ਾ ਸ਼ਹਿਬਾਜ਼ ਸ਼ਰੀਫ ਨੇ ਇਸ ਦਾ ਉਦਘਾਟਨ ਕੀਤਾ ਸੀ। ਇਸੇ ਫੂਡ ਸਟਰੀਟ ਵਿਚ 'ਹਵੇਲੀ' ਨਾਂ ਦਾ ਇਕ ਸ਼ਾਨਦਾਰ ਰੈਸਟੋਰੈਂਟ ਵੀ ਹੈ, ਜੋ ਇਕ ਰਈਸ ਹਿੰਦੂ ਦੀ ਪੁਰਾਣੀ ਸ਼ਾਹੀ ਹਵੇਲੀ ਵਿਚ ਚੱਲ ਰਿਹਾ ਹੈ। ਟਕਸਾਲੀ ਗੇਟ ਅੰਦਰ ਸ਼ਾਹੀ ਮੁਹੱਲੇ ਵਿਚ ਉਚਾ ਚੇਤ ਰਾਮ ਰੋਡ, ਨੀਚਾ ਚੇਤ ਰਾਮ ਰੋਡ, ਬਾਜ਼ਾਰ ਸ਼ੇਖੂਪੁਰੀਆਂ, ਕੂਚਾ ਸ਼ਬਾਜ਼ ਖਾਨ, ਠੱਠੀ ਮੁਹੱਲਾ ਬਾਜ਼ਾਰ, ਲੈਰਗੀ ਮੰਡੀ, ਹੈਦਰੀ ਸਟਰੀਟ, ਫੋਰਟ ਰੋਡ, ਕਾਲੀ ਬੇਰੀ ਬਾਜ਼ਾਰ, ਬਾਜ਼ਾਰ ਥਾਣਾ ਟਿੱਬੀ, ਗਾਡੀ ਮੁਹੱਲਾ, ਟਿੱਬੀ ਗਲੀ, ਬਾਜ਼ਾਰ ਬਾਰੂਦ ਖਾਨਾ, ਸਾਰੇ ਕੰਜਰਾਂ ਦੇ ਰੈਣ ਬਸੇਰੇ ਸਨ।

ਅੰਦਰੂਨ ਲਾਹੌਰ 'ਵਾਲਿਡ ਸਿਟੀ' ਦੇ ਬਾਜ਼ਾਰ ਬਾਰੂਦ ਖਾਨਾ ਚੌਕ ਵਿਚ, ਸਿਟੀ ਸਿਨੇਮਾ ਦੇ ਨਾਲ 18ਵੀਂ ਸਦੀ ਵਿਚ 250 ਸਾਲ ਪਹਿਲਾਂ, ਸ਼ਾਹੀ ਸਿੱਖ ਫੌਜਾਂ ਦੇ ਕਮਾਂਡਿੰਗ ਜਨਰਲ ਲਈ ਬਣੀ ਇਹ ਪੁਰਾਣੀ ਸ਼ਾਨਦਾਰ ਹਵੇਲੀ, ਲਾਹੌਰ ਇਲਾਕੇ ਦੀ ਖਾਸੋ-ਖਾਸ ਸ਼ਖ਼ਸੀਅਤ, ਰਈਸ ਮੀਆਂ ਸਲਾਹੁਦੀਨ ਦੀ ਸ਼ਾਨਦਾਰ ਤੇ ਖੂਬਸੂਰਤ ਖਾਨਦਾਨੀ ਜੱਦੀ ਪੁਸ਼ਤੀ ਰਿਹਾਇਸ਼ ਵਾਲੀ 'ਹਵੇਲੀ ਬਾਰੂਦ ਖਾਨਾ' ਸਥਿਤ ਹੈ, ਜਿਸ ਵਿਚ ਲਾਹੌਰ ਦਾ ਬਸੰਤ ਉਤਸਵ, 'ਮਹਿਫਲੇ ਮੌਸਕੀ' ਤੇ ਪਾਕਿਸਤਾਨ ਟੈਲੀਵਿਜਨ (ਪੀ ਟੀ ਸੀ) ਦੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਮੇਲੇ, ਰੰਗਾਰੰਗ ਪ੍ਰੋਗਰਾਮ ਤੇ ਸਾਹਿਤਕ ਸਭਾਵਾਂ ਹੁੰਦੀਆਂ ਰਹਿੰਦੀਆਂ ਹਨ। ਸੰਨ 1870 ਵਿਚ ਅੰਗਰੇਜ਼ਾਂ ਦੇ ਰਾਜਕਾਲ ਵਿਚ, ਵਡੇਰੇ ਮੀਆਂ ਕਰੀਮ ਬਖ਼ਸ਼ ਨੂੰ ਇਹ 'ਬਾਰੂਦ ਖਾਨਾ ਹਵੇਲੀ' ਉਨ੍ਹਾਂ ਦੀ ਇਕ ਹੋਰ ਨੇੜੇ ਦੀ ਜੱਦੀ ਜਾਇਦਾਦ ਬਦਲੇ ਅੰਗਰੇਜ਼ ਸਰਕਾਰ ਵਲੋਂ ਕਾਨੂੰਨੀ ਤੌਰ 'ਤੇ ਦਿੱਤੀ ਗਈ ਸੀ। ਹਵੇਲੀ ਬਾਰੂਦ ਖਾਨਾ ਲਾਹੌਰ ਦੇ ਵਰਤਮਾਨ ਮਾਲਿਕ, ਰਈਸ ਜਨਾਬ ਮੀਆਂ ਸਲਾਹੁਦੀਨ ਤੇ ਸਰੀ-ਕੈਨੇਡਾ ਵਾਸੀ, ਸਿੱਖ ਧਰਮ ਦੇ ਪਵਿੱਤਰ ਗੰਗਾ ਸਾਗਰ ਦੇ ਵਾਰਿਸ, ਜਨਾਬ ਰਾਏ ਅਜ਼ੀਜ਼ ਉਲਾ ਸਾਹਿਬ, ਲਾਹੌਰ ਦੇ ਮਸ਼ਹੂਰ ਵਿਦਿਅਕ ਅਦਾਰੇ 'ਐਚੀਸੰਨ ਕਾਲਜ' ਦੇ 1960 ਤੋਂ 1970 ਦੌਰ ਦੇ ਪੁਰਾਣੇ ਸਕੂਲੀ ਸਾਥੀ ਹਨ। ਇਸ ਸਮੇਂ ਕਾਲਜ ਦੇ ਪ੍ਰਿੰਸੀਪਲ ਜਨਾਬ ਅਬਦੁਲ ਅਲੀ ਖਾਨ ਸਨ, ਜੋ ਸਰਹੱਦੀ ਗਾਂਧੀ ਅਬਦੁਲ ਗੁਫ਼ਾਰ ਖਾਨ ਦੇ ਪੁੱਤਰ ਸਨ। ਲਾਹੌਰ ਦਾ ਐਚੀਸੰਨ ਚੀਫ਼ਜ਼ ਕਾਲਜ ਜੋ ਹੁਣ ਐਚੀਸੰਨ ਕਾਲਜ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਸੰਨ 1886 ਵਿਚ, ਪੰਜਾਬ ਦੇ ਅੰਗਰੇਜ਼ ਲੈਫਟੀਨੈਂਟ ਗਵਰਨਰ, ਚਾਰਲਸ ਉਮਫਰਸਟੋਨ ਐਚੀਸੰਨ ਨੇ ਲਾਹੌਰ ਦੀ ਮਾਲ ਰੋਡ ਉਪਰ 176 ਏਕੜ ਵਿਚ ਉੱਚ ਦਰਜੇ ਦੀ ਮਿਆਰੀ ਵਿਦਿਆ ਲਈ ਅੰਗਰੇਜ਼ ਸਰਕਾਰ ਵਲੋਂ ਪੰਜਾਬੀਆਂ ਲਈ ਲਾਹੌਰ ਸ਼ਹਿਰ ਵਿਚ ਤਾਮੀਰ ਕਰਵਾਇਆ ਸੀ। ਲਾਹੌਰ ਦੇ ਐਚੀਸੰਨ ਕਾਲਜ ਦਾ ਨਕਸ਼ਾ ਉਸ ਸਮੇਂ ਦੇ ਉਘੇ ਸਿੱਖ ਆਰਕੀਟੈਕਟ ਭਾਈ ਰਾਮ ਸਿੰਘ ਨੇ ਤਿਆਰ ਕੀਤਾ ਸੀ ਅਤੇ ਇਸ ਦੀ ਇਮਾਰਤ, ਪੰਜਾਬ ਦੇ ਪ੍ਰਸਿੱਧ ਇਮਾਰਤਸਾਜ਼ (ਬਿਲਡਰ) ਸਰ ਗੰਗਾ ਰਾਮ ਤੇ ਸਾਥੀਆਂ ਨੇ ਬੜੀ ਮਿਹਨਤ ਨਾਲ ਬਣਵਾਈ ਸੀ। ਲਾਹੌਰ ਦੇ ਐਚੀਸੰਨ ਕਾਲਜ ਵਿਚ, ਸਭ ਧਰਮਾਂ ਦੇ ਵਿਦਿਆਰਥੀਆਂ ਦੀ ਸ਼ਰਧਾ ਤੇ ਮਾਨਤਾ ਲਈ ਗੁਰਦੁਆਰਾ, ਮੰਦਰ ਤੇ ਮਸਜਿਦ ਕਾਲਜ ਦੇ ਖੁੱਲ੍ਹੇ ਵਿਹੜੇ ਵਿਚ ਅੱਜ ਵੀ ਮੌਜੂਦ ਹਨ।

ਲਾਹੌਰ ਦੇ ਸ਼ਾਹੀ ਮੁਹੱਲਾ, ਹੀਰਾ ਮੰਡੀ ਵਿਚ ਸਭ ਤੋਂ ਵੱਧ ਕੰਜਰੀਆਂ ਤੇ ਤਵਾਇਫਾਂ ਉਚਾ ਚੇਤ ਰਾਮ ਰੋਡ ਤੇ ਨੀਚਾ ਚੇਤ ਰਾਮ ਰੋਡ ਦੇ ਤੰਗ ਤੇ ਭੀੜੇ ਚੁਬਾਰਿਆਂ ਵਿਚ ਹੁੰਦੀਆਂ ਸਨ। 'ਚੌਕ ਪੀਰ ਹਜ਼ਰਤ ਬਾਬਾ ਨੌਗਜ਼ਾ' ਭਾਂਤ ਭਾਂਤ ਦੇ ਤਾਜ਼ੇ, ਭਾਫਾਂ ਛੱਡਦੇ, ਜ਼ਾਇਕੇਦਾਰ ਤੇ ਮਸਾਲੇਦਾਰ ਲਾਹੌਰੀ ਖਾਣਿਆਂ ਦਾ ਗੜ੍ਹ ਹੈ। ਫਜ਼ਲਹੱਕ ਉਰਫ 'ਫੱਜਾ' ਦੇ ਫਰਜ਼ੰਦ, ਚੌਧਰੀ ਲਿਆਕਤ ਅਲੀ ਦੇ ਖਾਨਦਾਨੀ 'ਫੱਜੇ ਦੇ ਸਿਰੀ ਪਾਵੇ' ਸਾਰੇ ਪਾਕਿਸਤਾਨ ਵਿਚ ਬੜੇ ਮਸ਼ਹੂਰ ਹਨ, ਜੋ ਦਿਨ ਰਾਤ ਪੱਕਦੇ ਰਹਿੰਦੇ ਹਨ। ਸੰਨ 1992 ਵਿਚ ਲਾਹੌਰ ਸ਼ਹਿਰ ਨਾਲ ਪਹਿਲੀ ਮੁਲਾਕਾਤ ਸਮੇਂ ਮੈਨੂੰ ਵੀ, ਰਾਏਕੋਟ ਦੇ ਨਵਾਬ, ਕਮਾਲੀਆ ਤੇ ਚੀਚਾਵਤਨੀ ਦੇ ਜ਼ਿਮੀਂਦਾਰ, ਮਾਡਲ ਟਾਊਨ ਲਾਹੌਰ ਦੇ ਵਸਨੀਕ, ਜਨਾਬ ਰਾਏ ਅਜ਼ੀਜ਼ ਉਲਾ ਸਾਹਿਬ, ਆਪਣੀ ਚਿੱਟੀ ਟੋਇਟਾ ਕਰੋਲਾ ਕਾਰ ਵਿਚ ਪਹਿਲੀ ਵਾਰ 'ਫੱਜੇ ਦੇ ਪਾਵੇ' ਖਵਾਉਣ ਲਈ ਲੈ ਕੇ ਗਏ ਸਨ। ਜਿਵੇਂ ਗੁਜਰਾਂਵਾਲਾ ਦੇ ਚਿੜੇ, ਪਿਸ਼ਾਵਰ ਦੀ ਨਮਕ ਮੰਡੀ ਦਾ ਚੱਪਲ ਕਬਾਬ, ਕਰਾਚੀ ਦੀ ਸਟੂਡੈਂਟ ਬਿਰਿਆਨੀ, ਮੁਲਤਾਨ ਦਾ ਸੋਹਨ ਹਲਵਾ, ਇਸਲਾਮਾਬਾਦ ਦਾ ਅਫ਼ਗਾਨੀ ਬਰਗਰ ਤੇ ਹੈਦਰਾਬਾਦ ਦੇ ਹਾਜ਼ੀ ਦੀ ਰਾਬੜੀ ਮਸ਼ਹੂਰ ਹਨ। ਇਵੇਂ ਖਾਣ-ਪੀਣ ਦੇ ਸ਼ੌਕੀਨ ਲੋਕ ਦੂਰ-ਦੂਰ ਦੇ ਸ਼ਹਿਰਾਂ ਤੋਂ ਲਾਹੌਰ 'ਫੱਜੇ ਦੇ ਪਾਵੇ' ਮੁਰਗ ਚਨੇ, ਯੱਖਨੀ ਪਲਾਓ ਤੇ ਮੁਹੰਮਦ ਦੀ ਨਿਹਾਰੀ ਖਾਣ ਲਈ ਆਉਂਦੇ ਹਨ। ਲਾਹੌਰੀ ਹਲਵਾ ਪੂਰੀ ਦਾ ਵੀ ਆਪਣਾ ਹੀ ਜ਼ਾਇਕਾ ਹੈ। ਟਿੱਬੀ ਗਲੀ ਦੇ ਹਮੀਦੇ ਦੀ ਦੁੱਧ, ਦਹੀਂ ਤੇ ਖੋਏ ਦੇ ਪੇੜਿਆਂ ਵਾਲੀ ਲੱਸੀ ਦੀ ਦੁਕਾਨ ਅੰਦਰੂਨ ਲਾਹੌਰ ਦੀ ਸ਼ਾਨ ਹੈ। ਹਮੀਦੇ ਦੀ ਦੁੱਧ ਵਾਲੀ ਕੜਾਹੀ ਲਾਹੌਰ ਦੀ ਸਭ ਤੋਂ ਵੱਡੀ



ਕੜਾਹੀ ਵਜੋਂ ਵੀ ਜਾਣੀ ਜਾਂਦੀ ਹੈ, ਜਿੱਥੇ ਦਿਨ ਰਾਤ ਭਾਈ ਫੇਰੂ ਦੇ ਗੁੱਜਰਾਂ ਦਾ ਦੁੱਧ ਕੜ੍ਹਦਾ ਰਹਿੰਦਾ ਹੈ। ਸ਼ਾਹੀ ਮੁਹੱਲੇ ਦੀਆਂ ਬਾਈਆਂ ਤਾਂ ਕਦੀ ਕਦੀ ਹੀ ਕੜਾਹੀ ਦੇ ਕੜ੍ਹੇ ਦੁੱਧ ਦਾ ਗਲਾਸ ਛਕਦੀਆਂ ਹਨ, ਪਰ ਖੋਏ ਦੇ ਪੇੜਿਆਂ ਵਾਲੀ ਲਾਜਵਾਬ ਸੁਆਦਲੀ ਮਿੱਠੀ ਤੇ ਠੰਢੀ ਠਾਰ ਪੰਜਾਬੀ ਲੱਸੀ ਲਈ ਗਰਮੀ, ਸਰਦੀ ਵਿਚ ਲੱਸੀ ਪੀਣ ਵਾਲੇ, ਸੁਆਦਾਂ ਦੇ ਮਾਰੇ ਲਾਹੌਰੀਆਂ ਦੀ ਲਾਈਨ ਲੱਗੀ ਰਹਿੰਦੀ ਹੈ। ਲਾਹੌਰ ਸ਼ਹਿਰ ਦੇ ਹਰ ਮੁਹੱਲੇ, ਗਲੀ ਤੇ ਬਾਜ਼ਾਰ ਵਿਚ ਬੇਕਰੀ ਦੀ ਫਰੈਂਚਾਈਜ਼ (ਨਾਮੀ ਕੰਪਨੀ ਦੇ ਪਦਾਰਥ) 'ਗੋਰਮੇ' ਤੇ 'ਕੇਕ ਬੇਕਸ' ਦੇ ਸੁਆਦਲੇ ਤੇ ਭਾਂਤ-ਭਾਂਤ ਦੇ ਬਿਸਕੁਟਾਂ ਦਾ ਵੀ ਬੜਾ ਮਿਆਰੀ ਨਾਂ ਹੈ।

ਲਾਹੌਰੀ ਖਾਣ ਦੇ ਬੇਹੱਦ ਸ਼ੌਕੀਨ ਹਨ, ਜਿਸ ਦੀ ਮਿਸਾਲ ਲਾਹੌਰ ਦੇ 'ਪੌਸ਼ ਇਲਾਕੇ' ਜੌਹਰ ਟਾਊਨ ਵਿਚ ਮੇਰੇ ਬਹੁਤ ਕਰੀਬੀ ਦੋਸਤ ਦਿਲਦਾਰ, ਅਨਾਰਕਲੀ ਹਲਕੇ ਦੇ ਕੌਂਸਲਰ ਹਾਜ਼ੀ ਇਸ਼ਾਕ ਦੇ ਸ਼ਾਨਦਾਰ ਤਿੰਨ ਮੰਜ਼ਲੇ 'ਯਾਸਰ ਬਰੋਸਟ ਰੈਸਟੋਰੈਂਟ' ਦੀ ਹੈ, ਜਿੱਥੇ ਲਾਹੌਰੀ ਪਰਿਵਾਰ ਸ਼ਾਮ ਨੂੰ ਬਾਲ ਬੱਚਿਆਂ ਨਾਲ ਕਈ ਕਈ ਹਜ਼ਾਰ ਰੁਪਏ ਦਾ ਖਾਣਾ ਖਾ ਜਾਂਦੇ ਹਨ। ਪੰਜਾਬੀ ਲੋਕ ਦੁਨੀਆ ਭਰ ਵਿਚ 'ਖਾਣ ਪੀਣ' ਕਰਦੇ ਹਨ ਪਰ ਪਾਕਿਸਤਾਨ ਵਿਚ ਸਭ ਲੋਕ ਸਿਰਫ 'ਖਾਣ' ਹੀ ਕਰਦੇ ਹਨ ਕਿਉਂਕਿ ਪਾਕਿਸਤਾਨ ਵਿਚ 'ਪੀਣਾ' ਯਾਨੀ ਸ਼ਰਾਬ ਪੀਣੀ ਜੁਰਮ ਹੈ। ਪੂਰੇ ਪਾਕਿਸਤਾਨ ਦੇ ਪਿੰਡਾਂ ਸ਼ਹਿਰਾਂ ਵਿਚ ਅੰਦਰ ਬਾਹਰ ਕੋਈ ਸ਼ਰਾਬ ਦਾ ਠੇਕਾ ਵੀ ਨਹੀਂ ਹੈ। ਮੁਲਕ ਅੰਦਰ ਵੱਡੇ ਸ਼ਹਿਰਾਂ ਦੇ ਪੰਜ ਤਾਰਾ ਹੋਟਲਾਂ ਵਿਚ ਪਾਕਿਸਤਾਨ ਘੁੰਮਣ ਫਿਰਨ ਆਏ ਬਾਹਰਲੇ ਮੁਲਕਾਂ ਦੇ ਵਸਨੀਕਾਂ ਨੂੰ 'ਫੌਰਨਰ ਪਾਸਪੋਰਟ' ਨਾਲ ਦੋ ਬੋਤਲਾਂ ਵਿਸਕੀ ਦੀਆਂ ਮਿਲ ਜਾਂਦੀਆਂ ਹਨ ਪਰ ਹੋਟਲ ਵਿਚ ਬੈਠ ਕੇ ਪੀਣ ਦੀ ਇਜਾਜ਼ਤ ਬਿਲਕੁਲ ਨਹੀਂ ਹੈ। ਮੁਸਲਮਾਨ ਪੰਜਾਬੀ ਜੱਟ, ਵਿਰਕ, ਚੀਮੇ, ਚੱਠੇ, ਰੰਧਾਵੇ, ਗਿੱਲ, ਘੁੰਮਣ ਸਭ ਦਰਿਆ ਰਾਵੀ, ਝਨਾਂ ਤੇ ਜੇਹਲਮ ਦੇ ਕਿਨਾਰੇ ਸਰਕੜੇ ਦੇ ਕਾਨਿਆਂ ਦੀ ਓਟ ਵਿਚ ਪੀਣ ਜੋਗੀ ਦੇਸੀ ਦਾਰੂ (ਸ਼ਰਾਬ) ਕੱਢ ਹੀ ਲੈਂਦੇ ਹਨ, ਜਿਸ ਨਾਲ ਉਨ੍ਹਾਂ ਦਾ 'ਖਾਣ ਪੀਣ' ਵੀ 'ਅੱਲ੍ਹਾ ਦੇ ਫਜ਼ਲ' ਨਾਲ ਵਧੀਆ ਤੇ ਨਮਕੀਨ ਹੋ ਜਾਂਦਾ ਹੈ।

ਬੁੱਲ੍ਹਾ ਕਰਕੇ ਹਾਰ ਸ਼ਿੰਗਾਰ ਨੱਚੇ,
ਪੱਥਰ ਪਿਘਲ ਕੇ ਕਿਉਂ ਨਾ ਹੋਣ ਪਾਣੀ!
ਜਦੋਂ ਸਾਹਮਣੇ ਯਾਰ ਦਾ ਯਾਰ ਨੱਚੇ।
ਉਨੇ ਨੱਚਣਾ ਕੀ,
ਜੋ ਬੇਸੁਰ ਤੇ ਬੇਤਾਲ ਨੱਚੇ!

ਬੁੱਲ੍ਹਾ ਇਕ ਦੇ ਅੱਗੇ ਨੱਚਿਆ ਸੀ,
ਅੱਗੇ ਬੁੱਲ੍ਹੇ ਦੇ ਕਈ ਹਜ਼ਾਰ ਨੱਚੇ,
ਅੱਗੇ ਬੁੱਲ੍ਹੇ ਦੇ ਕਈ ਹਜ਼ਾਰ ਨੱਚੇ।।
ਪੈਰਾਂ ਵਿਚ ਘੁੰਗਰੂ ਤੇ ਤਨ ਉਤੇ ਘੱਗਰੀ,
ਨੱਕ ਵਿਚ ਨੱਥਲੀ ਤੇ ਪੀਰ ਵਾਲੀ ਨਗਰੀ!
ਭਾਂਬੜ ਸੀ ਕੇੜਾ, ਜੇੜਾ ਦਿਲ ਵਿਚ ਮੱਚਿਆ,
ਲੱਗੀ ਵਾਲੇ ਜਾਣਦੇ ਨੇ!
ਬੁੱਲ੍ਹਾ ਕਿਉਂ ਸੀ ਨੱਚਿਆ?
ਬੁੱਲ੍ਹਾ ਕਿਉਂ ਸੀ ਨੱਚਿਆ।।

ਵਿਸ਼ਵ ਭਰ ਵਿਚ ਕੰਜਰਪੁਣਾ, ਸਦੀਆਂ ਤੋਂ ਇਨਸਾਨ ਦੀ ਹਰ ਕੌਮ, ਨਸਲ ਤੇ ਰੰਗ ਦਾ ਸਭ ਤੋਂ ਵੱਧ ਪਸੰਦੀਦਾ, ਮਨਪ੍ਰਚਾਵੇ ਦਾ ਪੁਰਾਣਾ ਤੇ ਚਹੇਤਾ ਕਿੱਤਾ ਰਿਹਾ ਹੈ। ਲਾਹੌਰ ਦੇ ਸ਼ਾਹੀ ਮੁਹੱਲੇ ਵਿਚ ਨੱਚਣ ਗਾਉਣ ਵਾਲੀਆਂ ਜਵਾਨ ਕੁੜੀਆਂ ਤੇ ਅੱਧਖੜ ਉਮਰ ਦੀਆਂ ਔਰਤਾਂ ਨੂੰ ਤਵਾਇਫ, ਕੰਜਰੀ, ਗਸ਼ਤੀ, ਪੀਸ, ਨੱਚਣਵਾਲੀ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਦੇ ਆਦਮੀਆਂ ਜਾਂ ਮਾਲਕਾਂ ਨੂੰ ਕੰਜਰ ਜਾਂ ਦੱਲੇ ਕਿਹਾ ਜਾਂਦਾ ਹੈ। ਨੱਚਣ ਗਾਉਣ ਵਾਲੀਆਂ ਹੁਸੀਨ ਕੁੜੀਆਂ ਵਿਚ ਚਾਰ ਸਿਫਤਾਂ ਹੁਸਨ, ਨਾਜ਼, ਆਵਾਜ਼ ਤੇ ਰਕਸ ਦਾ ਹੋਣਾ ਬਹੁਤ ਜ਼ਰੂਰੀ ਹੈ। ਹੀਰਾ ਮੰਡੀ ਦੇ ਦੋ ਛੋਟੇ-ਛੋਟੇ ਕਮਰਿਆਂ ਦੇ ਜਿਸ ਛੋਟੇ ਜਿਹੇ ਘਰ ਵਿਚ ਇਹ ਤੇ ਇਨ੍ਹਾਂ ਦਾ ਪਰਿਵਾਰ ਰਹਿੰਦਾ ਹੈ, ਉਸ ਨੂੰ 'ਕੋਠਾ' ਜਾਂ 'ਚੁਬਾਰਾ' ਕਿਹਾ ਜਾਂਦਾ ਹੈ ਅਤੇ ਇਨ੍ਹਾਂ ਕੋਠਿਆਂ ਨੂੰ ਇਨ੍ਹਾਂ ਦੀਆਂ ਆਗੂ ਜਾਂ ਵਡੇਰੀਆਂ ਔਰਤਾਂ ਹੀ ਚਲਾਉਂਦੀਆਂ ਹਨ। ਕੋਠੇ ਦੀ ਭਾਲ ਵਿਚ ਆਏ ਮਰਦਾਂ ਜਾਂ ਗਾਹਕਾਂ ਨਾਲ ਟੈਲੀਫੋਨ ਉਪਰ ਰਾਬਤਾ ਤੇ ਲੈਣ-ਦੇਣ ਇਹ ਔਰਤਾਂ ਹੀ ਮੁਕੱਰਰ ਕਰਦੀਆਂ ਹਨ। ਇਸ ਕੋਠੇ ਨੂੰ ਚਲਾਉਣ ਵਾਲੀ ਔਰਤ ਨੂੰ ਬਾਈ ਕਿਹਾ ਜਾਂਦਾ ਹੈ। ਉਸਤਾਦ ਮਹਿਮੂਦ ਸਦੀਕ ਉਰਫ ਮਹਿਮੂਦ ਜਾਂ ਮੂਦਾ ਕੰਜਰ ਸ਼ਾਹੀ ਮੁਹੱਲੇ ਦਾ ਲਾਣੇਦਾਰ ਸੀ, ਜਿਸ ਦੀ ਸ਼ਾਹੀ ਮੁਹੱਲੇ, ਟਿੱਬੀ ਠਾਣਾ ਤੇ ਸਰਕਾਰੇ-ਦਰਬਾਰੇ ਗੱਲ ਸੁਣੀ ਜਾਂਦੀ ਸੀ। ਸ਼ਾਹੀ ਮੁਹੱਲੇ ਦੇ ਬਹੁਤੇ ਪਰਿਵਾਰ ਮਰਾਸੀ ਜਾਤ ਨਾਲ ਸਬੰਧ ਰੱਖਦੇ ਹਨ, ਜਿਨ੍ਹਾਂ ਦਾ ਨੱਚਣਾ-ਗਾਉਣਾ, ਵਜਾਉਣਾ ਤੇ ਹਸਾਉਣਾ ਜੱਦੀ ਪੁਸ਼ਤੀ ਕਿੱਤਾ ਹੈ। ਇਸ ਕੰਮ ਵਿਚ ਤਬਲਾ, ਢੋਲ, ਹਾਰਮੋਨੀਅਮ, ਪੇਟੀ ਬਾਜਾ ਤੇ ਹੋਰ ਸੰਗੀਤਕ ਸਾਜ ਵਜਾਉਣ ਵਾਲੇ ਮਰਦ ਹੁੰਦੇ ਹਨ। ਸ਼ਾਹੀ ਮੁਹੱਲੇ ਦੀਆਂ ਨੱਚਣ ਵਾਲੀਆਂ ਵਿਚ ਜ਼ਿਆਦਾਤਰ ਅੱਲ੍ਹੜ ਹੁਸੀਨ ਕੁੜੀਆਂ ਅਤੇ ਉਨ੍ਹਾਂ ਦੀਆਂ ਉਸਤਾਦ ਮਾਵਾਂ ਹੀ ਹੁੰਦੀਆਂ ਹਨ ਪਰ ਕਦੀ-ਕਦੀ ਕੋਈ ਖੂਬਸੂਰਤ ਖੁਸਰਾ ਵੀ ਵਿਚ ਫਿਟ ਹੋ ਜਾਂਦਾ ਹੈ। ਲਾਹੌਰ ਦੇ ਸ਼ਾਹੀ ਮੁਹੱਲੇ ਦੀ ਸਭ ਤੋਂ ਮਸ਼ਹੂਰ ਮੁਜਰਾ ਕਰਨ ਵਾਲੀ ਤਵਾਇਫ ਨਰਗਿਸ ਦੇ ਫਨ, ਅਦਾਵਾਂ ਤੇ ਸਰੀਰ ਦੀਆਂ ਗੋਲਾਈਆਂ ਦਾ ਮੁਕਾਬਲਾ ਹੋਰ ਕਿਸੇ ਕੋਲੋਂ ਨਹੀਂ ਹੋ ਸਕਿਆ। ਪਾਕਿਸਤਾਨ ਦੇ ਆਮ ਸ਼ਹਿਰਾਂ ਵਿਚ ਰਾਤ ਨੂੰ ਇਧਰ-ਉਧਰ ਹੱਥ ਮਾਰਨ ਨੂੰ 'ਭੂੰਡੀ ਕਰਨਾ' ਕਿਹਾ ਜਾਂਦਾ ਹੈ।

ਸੰਨ 2013 ਵਿਚ ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਪੰਜਾਬ ਵਿਚ ਚੌਥੇ ਵਿਸ਼ਵ ਕਬੱਡੀ ਕੱਪ ਦਾ ਪ੍ਰਬੰਧ ਕੀਤਾ ਤੇ ਇਸ ਦਾ ਉਦਘਾਟਨ ਬਠਿੰਡਾ ਸ਼ਹਿਰ ਵਿਚ ਹੋਇਆ। ਵਿਸ਼ਵ ਕਬੱਡੀ ਕੱਪ ਦੇ ਪ੍ਰਬੰਧਕ ਸ. ਸੁਖਬੀਰ ਸਿੰਘ ਬਾਦਲ ਦੀ ਬੜੀ ਤਮੰਨਾ ਸੀ ਕਿ ਲਾਹੌਰ ਦੀ ਨਰਗਿਸ ਦਾ ਮੁਜਰਾ, ਬਠਿੰਡੇ ਵਿਚ ਮਾਲਵੇ ਦੇ ਸ਼ੌਕੀਨਾਂ ਨੂੰ ਦਿਖਾਇਆ ਜਾਵੇ। ਮੈਂ ਉਚੇਚਾ ਲਾਹੌਰ ਇਸ ਕੰਮ ਲਈ ਗਿਆ ਪਰ ਰਮਜ਼ਾਨ ਦੇ ਮਹੀਨੇ ਵਾਲਾ 'ਰੋਜ਼ਿਆਂ ਦਾ ਤਿਉਹਾਰ' ਵਿਚ ਆਉਣ ਕਰਕੇ ਗੱਲ ਸਿਰੇ ਨਾ ਚੜ੍ਹ ਸਕੀ। ਫਿਰ ਇਸ ਕੰਮ ਲਈ ਬੰਬਈ ਫਿਲਮ ਨਗਰੀ ਤੋਂ ਮਸ਼ਹੂਰ ਫਿਲਮ ਐਕਟਰੈੱਸ ਪ੍ਰਿਅੰਕਾ ਚੋਪੜਾ ਨੂੰ ਬਠਿੰਡੇ ਦੀ ਸਟੇਜ ਉਪਰ ਨਚਾਇਆ ਗਿਆ।

ਹੀਰਾ ਮੰਡੀ ਤੇ ਸ਼ਾਹੀ ਮੁਹੱਲੇ ਵਿਚ ਬੈਠਣ ਤੇ ਮੁਜਰਾ ਪਾਰਟੀਆਂ ਨੂੰ ਬਾਹਰ ਹੋਰ ਸ਼ਹਿਰਾਂ ਵਿਚ ਮੁਜਰਾ ਕਰਨ ਲਈ ਲਿਜਾਣ ਦੀ ਵੱਖੋ-ਵੱਖ ਕੀਮਤ ਹੁੰਦੀ ਹੈ। ਹੀਰਾ ਮੰਡੀ ਦੀ ਇਕ ਤਵਾਇਫ ਦੇ ਕੋਠੇ ਵਿਚ ਬੈਠਣ ਜਾਂ ਰਾਤ ਰਹਿਣ ਦੀ ਕੀਮਤ 500 ਤੋਂ 5000 ਰੁਪਏ ਤਕ ਹੋ ਸਕਦੀ ਹੈ। ਇਨ੍ਹਾਂ ਹੁਸੀਨ ਜਵਾਨ ਕੁੜੀਆਂ ਨੇ ਸਸਤਾ ਮੇਕਅੱਪ ਥੱਪਿਆ ਹੁੰਦਾ ਹੈ ਤੇ ਰਾਤ ਭਰ ਨੱਚ-ਨੱਚ ਕੇ ਪਸੀਨੇ ਦੀ ਬੋ ਕਾਰਨ ਇਨ੍ਹਾਂ ਕੋਲ ਖੜ੍ਹਨ ਨੂੰ ਵੀ ਜੀਅ ਨਹੀਂ ਕਰਦਾ, ਗਾਹਕ ਪੈਸੇ ਦੇ ਕੇ ਫਸ ਜਾਂਦਾ ਹੈ। ਹੀਰਾ ਮੰਡੀ ਦੇ ਇਕ ਕੋਠੇ ਦੀ ਨਾਇਕਾ 'ਮੁਸਰਤੀ ਬਾਈ' ਨਾਲ ਸ਼ਾਲਮੀ ਦੇ ਸ਼ੇਰਾਂ ਵਾਲੇ ਭਲਵਾਨਾਂ ਨਾਲ ਜਾਣ ਕਰਕੇ ਮੇਰੀ ਵੀ ਨੇੜਤਾ

**(ਬਾਕੀ ਅਗਲੇ ਸਫੇ 'ਤੇ)**

# ਵਰਤੋਂ ਕੰਪਿਊਟਰ ਦੀ

## ਕੀਤੇ ਕਾਰਜ ਨੂੰ ਸੰਭਾਲਣਾ

ਇਹ ਸਹੀ ਹੈ ਕਿ ਜਿਤਨਾ ਕੋਈ ਕੰਮ ਕਰਨਾ ਜ਼ਰੂਰੀ ਹੈ, ਕੀਤੇ ਨੂੰ ਸੰਭਾਲਣਾ ਉਸ ਤੋਂ ਵੀ ਵੱਧ ਜ਼ਰੂਰੀ ਹੈ। ਜੇ ਕੀਤਾ ਸਾਂਭਿਆ ਨਹੀਂ ਤਾਂ ਜਿਹੋ ਜਿਹਾ ਕੀਤਾ, ਜਿਹੋ ਜਿਹਾ ਨਾ ਕੀਤਾ। ਕੰਪਿਊਟਰ ਦੀ ਤਾਂ ਇਹ ਵੱਡੀ ਕਮਜ਼ੋਰੀ ਹੈ ਕਿ ਜੇ ਕੀਤਾ ਕੰਮ ਸਮੇਂ ਸਿਰ ਸਾਂਭਿਆ ਨਹੀਂ ਤਾਂ ਉਹ ਮੁੜ ਕੇ ਹੱਥ ਨਹੀਂ ਆਉਂਦਾ ਭਾਵੇਂ ਲੱਖ ਹੱਥ ਪੱਲਾ ਮਾਰ ਲਵੋ। ਪ੍ਰੋਗਰਾਮਰਾਂ ਨੇ ਇਸ ਸਮੱਸਿਆ ਦਾ ਹੱਲ ਲੱਭਣ ਦੇ ਪੂਰੇ ਯਤਨ ਕੀਤੇ ਹਨ ਅਤੇ ਕਿਸੇ ਹੱਦ ਤੀਕਰ ਉਹ ਸਫਲ ਵੀ ਹੋਏ ਹਨ ਪਰ ਪੂਰੇ ਨਹੀਂ।

**ਕਿਰਪਾਲ ਸਿੰਘ ਪੰਨੂੰ**
**ਫੋਨ: 365-994-8850,**
**ਡਾ. ਰਾਜਵਿੰਦਰ ਸਿੰਘ**
**ਫੋਨ: 94633-27683**

ਜੇ ਕੇਵਲ 'ਸੇਵ' ਦੀ ਕਮਾਂਡ ਵੀ ਦੇ ਦਿੱਤੀ ਜਾਵੇ ਤਾਂ ਬਾਕੀ ਦੀਆਂ ਲੋੜਾਂ ਕੰਪਿਊਟਰ ਆਪੇ ਹੀ ਪੂਰੀਆਂ ਕਰ ਲੈਂਦਾ ਹੈ। ਸੇਵ ਕਰਨ ਲਈ ਫੋਲਡਰ (ਬਸਤਾ) ਅਤੇ ਫਾਈਲ (ਮਿਸਲ) ਦੀ ਲੋੜ ਪੈਂਦੀ ਹੈ। ਸੋ ਚੰਗਾ ਹੈ ਕਿ ਪਹਿਲੋਂ ਇਨ੍ਹਾਂ ਦੋਹਾਂ ਦੀ ਜਾਣਕਾਰੀ ਸਾਂਝੀ ਕਰ ਲਈ ਜਾਵੇ।

**ਫੋਲਡਰ:** ਇਸ ਦਾ ਆਈਕੋਨ ਆਮ ਪੇਪਰ ਫਾਈਲ ਵਰਗਾ ਅਤੇ ਪੀਲ਼ੇ ਰੰਗ ਦਾ ਹੁੰਦਾ ਹੈ। ਨਾਲ਼ ਇਸ ਦਾ ਨਾਮ ਵੀ ਲਿਖਿਆ ਹੁੰਦਾ ਹੈ। ਚਾਹੇ




ਫੋਲਡਰ ਹੋਵੇ ਤੇ ਚਾਹੇ ਫਾਈਲ ਉਸਦਾ ਨਾਂ ਇਸ ਪ੍ਰਕਾਰ ਦਾ ਰੱਖਿਆ ਜਾਵੇ ਕਿ ਨਾਂ ਪੜ੍ਹਦਿਆਂ ਹੀ ਉਸ ਵਿਚ ਲਿਖੇ ਦਾ ਸਾਰ ਸਾਹਮਣੇ ਆ ਜਾਵੇ। ਇਕੋ ਪ੍ਰਕਾਰ ਦੇ ਵਿਸ਼ਿਆਂ ਵਾਲ਼ੀਆਂ ਫਾਈਲਾਂ ਇੱਕ ਫੋਲਡਰ ਵਿਚ ਰੱਖੀਆਂ ਜਾਂਦੀਆਂ ਹਨ। ਫੋਲਡਰ ਦੀ ਸਮਰੱਥਾ: (ਕ) ਫੋਲਡਰ ਵਿਚ ਅਨੇਕ ਫਾਈਲਾਂ ਰੱਖੀਆਂ ਜਾ ਸਕਦੀਆਂ ਹਨ। ਪਰ ਇੱਕ ਫੋਲਡਰ ਵਿਚ ਦਸ ਕੁ ਫਾਈਲਾਂ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। (ਖ) ਫੋਲਡਰ ਵਿਚ ਅਨੇਕ ਫੋਲਡ ਰੱਖੇ ਜਾ ਸਕਦੇ ਹਨ। ਇਹ ਵੀ ਇੱਕ ਫੋਲਡਰ ਵਿਚ ਦਸ ਕੁ ਫੋਲਡਰ ਹੀ ਠੀਕ ਰਹਿੰਦੇ ਹਨ। ਫੋਲਡਰ ਦੀ ਸੀਮਾ: (ਕ) ਫੋਲਡਰ ਨੂੰ ਈਮੇਲ ਨਹੀਂ ਕੀਤਾ ਜਾ ਸਕਦਾ। ਜੇ ਕਰਨਾ ਹੀ ਹੋਵੇ ਤਾਂ ਪਹਿਲਾਂ ਇਸ ਨੂੰ ਜ਼ਿੱਪ ਕਰਨਾ ਹੁੰਦਾ ਹੈ। (ਖ) ਫੋਲਡਰ ਦਾ ਕੇਵਲ ਨਾਂ ਹੀ ਲਿਖ ਸਕਦੇ ਹਾਂ ਇਸ ਵਿਚ ਦਸਤਾਵੇਜ਼ ਨਹੀਂ ਲਿਖਿਆ ਜਾ ਸਕਦਾ। ਲਿਖਣ ਵਾਸਤੇ ਫਾਈਲ ਹੈ।

**ਫਾਈਲ:** ਇਸ ਦਾ ਆਈਕੋਨ ਆਮ ਪੇਪਰ ਵਰਗਾ ਅਤੇ ਨੀਲੇ ਰੰਗ ਦਾ ਹੁੰਦਾ ਹੈ ਅਤੇ ਨਾਲ਼ ਇਸ ਦਾ ਨਾਂ ਲਿਖਿਆ ਹੁੰਦਾ ਹੈ। ਸਮਰੱਥਾ: (ਕ) ਫਾਈਲ ਇੱਕ ਪੰਨੇ ਤੋਂ ਲੈ ਕੇ ਅਨੇਕ ਪੰਨਿਆਂ ਦੀ ਲਿਖੀ ਹੋਈ ਹੋ ਸਕਦੀ ਹੈ। (ਖ) ਇਸ ਨੂੰ ਸਿੱਧਾ ਹੀ ਈ-ਮੇਲ ਕੀਤਾ ਜਾ ਸਕਦਾ ਹੈ। ਸੀਮਾ: (ਕ) ਇੱਕ ਫਾਈਲ ਵਿਚ ਦੂਜੀ ਫਾਈਲ ਜਾਂ ਫੋਲਡਰ ਨਹੀਂ ਪਾਇਆ ਜਾ ਸਕਦਾ।

ਲੋੜ ਪੈਣ ਉੱਤੇ **ਫੋਲਡਰ ਜਾਂ ਫਾਈਲ ਬਣਾਉਣੀ ਕਿਵੇਂ ਹੈ?** ਜਿੱਥੇ ਨਵਾਂ ਫੋਲਡਰ ਬਣਾਉਣਾ ਹੋਵੇ, ਉਸ ਦੇ ਉੱਪਰਲੇ ਤੁਹਾਡੇ ਖੱਬੇ ਭਾਗ ਵਿਚ ਦੇਖੋ। ਕਿਤੇ ਨਾ ਕਿਤੇ ਨਵਾਂ ਫੋਲਡਰ




ਬਣਾਉਣ ਦੀ ਕਮਾਂਡ ਹੋਵੇਗੀ। ਜਿਵੇਂ ਕਿ ਜੇ ਤੁਸੀਂ ਕੋਈ ਫੋਲਡਰ ਖੋਲ੍ਹਿਆ ਹੋਵੇਗਾ ਤਾਂ ਉਸ ਦੇ ਨਿਊ




ਕਮਾਂਡ ਸੈੱਟ ਵਿਚ ਨਿਊ ਫੋਲਡਰ ਦਾ ਆਈਕੋਨ ਹੋਵੇਗਾ (ਦੇਖੋ ਖੱਬੀ ਤਸਵੀਰ)। ਜੇ ਤੁਸੀਂ ਸੇਵ ਐਜ਼ ਦੀ ਕਮਾਂਡ ਦਿੱਤੀ ਹੋਵੇਗੀ ਤਾਂ ਉਸਦੇ ਡਾਇਲੌਗ ਬੌਕਸ ਵਿਚ ਔਰਗੇਨਾਈਜ਼ ਨੇੜੇ 'ਨਿਊ ਫੋਲਡਰ' ਦਾ ਕਮਾਂਡ ਬਟਨ ਹੋਵੇਗਾ। (ਦੇਖੋ ਸੱਜੀ ਤਸਵੀਰ) ਉਸਨੂੰ ਕਲਿੱਕ ਕਰਨ ਨਾਲ਼ ਠੀਕ ਥਾਂ ਉੱਤੇ ਨਵਾਂ ਫੋਲਡਰ ਬਣ ਜਾਏਗਾ। ਜੇ 'ਨਿਊ ਫੋਲਡਰ' ਦੀ ਕਮਾਂਡ ਕਿਧਰੇ ਵੀ ਨਾ ਹੋਵੇ ਤਾਂ ਇਹ ਕਰੋ:

ਜਿੱਥੇ ਨਵਾਂ ਫੋਲਡ ਬਣਾਉਣਾ ਹੋਵੇ ਉੱਥੇ ਖਾਲੀ ਥਾਂ ਵਿਚ ਰਾਈਟ ਕਲਿੱਕ ਕਰੋ। ਇੱਕ ਨਵੀਂ ਵਿੰਡੋ ਖੁੱਲ੍ਹ ਜਾਏਗੀ। ਮਾਊਸ ਨੂੰ 'ਨਿਊ' ਕਮਾਂਡ ਉੱਤੇ ਲੈ ਜਾਓ। ਸੱਜੇ ਜਾਂ ਖੱਬੇ ਇੱਕ ਹੋਰ ਵਿੰਡੋ ਖੁੱਲ੍ਹ ਜਾਏਗੀ। ਉਸ ਵਿਚ ਮਾਊਸ ਲਿਜਾ ਕੇ ਪੀਲ਼ੇ ਰੰਗ ਦੀ ਫੋਲਡਰ ਵਾਲ਼ੀ ਕਮਾਂਡ ਨੂੰ ਕਲਿੱਕ ਕਰੋ। ਖਾਲੀ ਥਾਂ ਉੱਤੇ ਇੱਕ ਨਿਊ ਫੋਲਡਰ ਬਣ ਜਾਏਗਾ। ਕਰਸਰ ਵੀ ਸਹੀ ਥਾਂ ਉੱਤੇ ਹੋਵੇਗਾ। ਉਸਦਾ ਨਾਂ ਟਾਈਪ ਕਰ ਕੇ, ਨਾਂ ਤੋਂ ਬਾਹਰ ਕਲਿੱਕ ਕਰ ਦਿਓ। ਨਾਂ ਪੱਕਾ ਹੋ ਜਾਏਗਾ। **ਚਿਤਾਵਨੀ;** ਕਿ ਫੋਲਡਰ ਆਈਕੋਨ ਕਲਿੱਕ ਕਰਨ ਤੋਂ ਲੈ ਕੇ ਨਾਂ ਟਾਈਪ ਕਰਨ ਤੱਕ ਮਾਊਸ ਨੂੰ ਨਹੀਂ ਛੇੜਨਾ। ਨਹੀਂ ਤਾਂ ਤੁਹਾਡਾ ਕੰਮ ਵਧ ਜਾਏਗਾ। ਨਵੀਂ ਫਾਈਲ ਬਣਾਉਣ ਲਈ ਵੀ ਫੋਲਡਰ ਵਾਲ਼ੀ ਹੀ ਵਿਧੀ ਅਪਣਾਉਣੀ ਹੈ। ਇਸ ਵਿਚ ਕੇਵਲ ਫੋਲਡਰ ਦੇ ਆਈਕੋਨ ਦੀ ਥਾਂ ਨੀਲੇ ਰੰਗ ਦੀ 'ਮਾਈਕਰੋਸੌਫਟ ਵਰਡ ਡਾਕੂਮੈਂਟ' ਦੀ ਕਮਾਂਡ ਨੂੰ ਕਲਿੱਕ ਕਰਨਾ ਹੈ। ਸੂਚਨਾ 1; ਫੋਲਡਰ ਜਾਂ ਫਾਈਲ ਨੂੰ ਕਲਿੱਕ ਕਰਨ ਵੇਲ਼ੇ ਜ਼ਰੂਰੀ ਨਹੀਂ ਕਿ ਉਸਨੂੰ ਐਨ੍ਹ ਉਸਦੇ ਉੱਪਰ ਲੈ ਕੇ ਜਾਣਾਹੈ। ਸਗੋਂ ਉਸਦੇ ਨੇੜੇ ਮਾਊਸ ਲੈ ਜਾਣ ਉੱਤੇ ਜੋ ਇੱਕ ਚਿੱਟੇ ਰੰਗ ਦੀ ਚੌਬਾਹੀ (ਰਕਟੈਂਗਲ) ਬਣਦੀ ਹੈ, ਉਸ ਵਿਚ ਕਿਸੇ ਥਾਂ 'ਤੇ ਵੀ ਕਲਿੱਕ ਕਰ ਦੇਣ ਨਾਲ਼ ਕਮਾਂਡ ਪੂਰੀ ਹੋ ਜਾਇਗੀ। ਸੂਚਨਾ 2; ਨਿਊ ਵਾਲ਼ੇ ਬੌਕਸ ਤੋਂ ਸੱਜੇ ਬੌਕਸ ਵਿਚ ਜਾਣ ਲਈ ਜੇ ਆਰਾਮ ਨਾਲ਼ ਭਾਵ ਧੀਰੇ ਜਾਣਾ ਹੈ ਤਾਂ ਤੀਰਾਂ ਦੇ ਨਾਲ਼-ਨਾਲ਼ ਰਾਸਤਾ ਅਪਣਾਓ। ਦੂਜੀ ਵਿਧੀ ਹੈ ਕਿ ਨਿਊ ਤੋਂ ਇੱਕਦਮ ਮਾਊਸ ਤੀਰ ਨੂੰ ਸੱਜੇ ਬੌਕਸ ਦੇ ਬੰਦ ਹੋਣ ਤੋਂ ਪਹਿਲੋਂ ਉਸ ਵਿਚ ਲੈ ਜਾਓ। ਸਿੱਖੇ ਹੋਏ ਇਹੋ ਵਿਧੀ ਅਪਨਾਉਂਦੇ ਹਨ।

**ਫੋਲਡਰ ਫਾਈਲ ਨੂੰ ਡੀਲੀਟ ਕਰਨਾ:**




ਜਿਸ ਫੋਲਡਰ ਜਾਂ ਫਾਈਲ ਨੂੰ ਡੀਲੀਟ ਕਰਨਾ ਹੋਵੇ ਉਸਨੂੰ ਕਲਿੱਕ ਕਰੋ ਅਤੇ ਕੀਅਬੋਰਡ ਤੋਂ ਡੀਲੀਟ ਦੀ ਕਮਾਂਡ ਦੇਵੋ ਉਹ ਡੀਲੀਟ ਹੋ ਜਾਇਗਾ। ਡੀਲੀਟ ਕੀਤਾ ਮਸੌਦਾ ਰੀਸਾਈਕਲ ਬਿਨ ਵਿਚ ਚਲਿਆ ਜਾਂਦਾ ਹੈ ਅਤੇ ਜੇ ਲੋੜ ਪਵੇ ਤਾਂ ਉਸਨੂੰ ਵਾਪਸ ਵੀ ਲਿਆਂਦਾ ਜਾ ਸਕਦਾ ਹੈ।

ਚੰਗਾ ਤਾਂ ਇਹ ਹੈ ਕਿ ਕੋਈ ਵੀ ਕੰਪਿਊਟਰੀ ਕਾਰਜ ਆਰੰਭ ਕਰਨੇ ਵੇਲ਼ੇ ਖਾਲੀ ਪੰਨੇ ਨੂੰ ਹੀ ਸੰਭਾਲ਼ ਲਿਆ ਜਾਵੇ। ਫਿਰ ਹਰ ਪੰਜ ਸੱਤ ਮਿੰਟ ਪਿੱਛੋਂ ਸੰਖੇਪ ਕੀਅ 'ਕੰਟਰੋਲ + ਐੱਸ' ਨਾਲ਼ ਉਸਨੂੰ 'ਸੇਵ' ਕਰਦੇ ਰਹਿਣਾ ਚਾਹੀਦਾ ਹੈ। ਸੇਵ ਨਾ ਕੀਤਾ ਹੋਇਆ ਗੁਆਚਿਆ ਕਾਰਜ ਬੜਾ ਦੁੱਖ ਦਿੰਦਾ ਹੈ ਅਤੇ ਲੱਖ ਯਤਨ ਕਰਨ ਉੱਤੇ ਵੀ ਮੁੜ ਉਸੇ ਮੌਲਕ ਰੂਪ ਵਿਚ ਚੇਤੇ ਦੇ ਵਿਹੜੇ ਨਹੀਂ ਵੜਦਾ।

ਕੰਪਿਊਟਰ ਵਿਚ 'ਸੇਵ' ਕਰਨ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ। ਇਹ ਦੋ ਤਰ੍ਹਾਂ ਨਾਲ਼ ਕੀਤਾ ਜਾਂਦਾ ਹੈ। ਪਹਿਲਾ 'ਸੇਵ ਐਜ' ਕਮਾਂਡ ਨਾਲ਼। ਜਦੋਂ ਵੀ ਡਾਕੂਮੈਂਟ ਪਹਿਲੀ ਵੇਰ ਸੇਵ ਕੀਤਾ ਜਾਂਦਾ ਹੈ ਉਹ 'ਸੇਵ ਐਜ਼' ਕਮਾਂਡ ਨਾਲ਼ ਹੀ ਹੁੰਦਾ ਹੈ। ਕਮਾਂਡ ਭਾਵੇਂ ਸੇਵ ਦੀ ਦਿੱਤੀ ਜਾਵੇ ਜਾਂ ਸੇਵ ਐਜ਼ ਦੀ। ਇਹ ਕਮਾਂਡ ਪੂਰੀ ਕਰਨ ਤੋਂ ਪਹਿਲੋਂ ਕੰਪਿਊਟਰ ਤਿੰਨ ਮੱਦਾਂ ਮੰਗਦਾ ਹੈ। ੳ) ਇਸ ਡਾਕੂਮੈਂਟ ਨੂੰ ਕਿਸ ਫੋਲਡਰ ਵਿਚ ਰੱਖਣਾ ਹੈ? ਇਸ ਹਾਲਤ ਵਿਚ ਪ੍ਰੋਜੈਕਟ ਕਮ (ਪਿਊਟਰ) ਜੋ ਲਾਲ ਰੰਗ ਵਿਚ 2 ਨੰਬਰ ਲਕੀਰ ਤੋਂ ਉੱਪਰ ਹੈ। ਅ) ਇਸ ਫਈਲ ਦਾ ਨਾਂ ਕੀ ਰੱਖਣਾ ਹੈ? ਜੋ ਲਾਲ ਰੰਗ ਵਿਚ 4 ਦੀ ਲਕੀਰ ਦੇ ਉੱਪਰ ਹੈ। ੲ) ਇਹ ਡਾਕੂਮੈਂਟ ਕਿਸ ਪ੍ਰਕਾਰ (ਟਾਈਪ) ਦਾ ਹੈ? ਜੋ ਲਾਲ ਰੰਗ ਵਿਚ 5 ਦੀ ਲਕੀਰ ਦੇ ਉੱਪਰ ਹੈ। ਇਨ੍ਹਾਂ ਵਿਚੋਂ ਵੀ ਬਹੁਤੀ ਵੇਰ ੳ ਅਤੇ ਅ ਮੱਦ ਦੀ ਹੀ ਲੋੜ ਪੈਂਦੀ ਹੈ। ੲ ਮੱਦ ਦੀ ਤਾਂ ਹੀ ਲੋੜ ਪੈਂਦੀ ਹੈ ਜੇ ਡਾਕੂਮੈਂਟ ਦੀ ਪ੍ਰਕਾਰ (ਟਾਈਪ) ਬਦਲੀ ਕਰਨੀ ਹੋਵੇ।

ਇਨ੍ਹਾਂ ਦੀ ਤਸਵੀਰ ਦੇਖੋ ਅਤੇ ਸਮਝੋ। ਕੇਸਰੀ ਰੰਗ ਵਿਚ 1. 'ਸੇਵ ਐਜ਼' ਇਸ ਡਾਇਲੌਗ ਬੌਕਸ ਦਾ ਨਾਮ ਹੈ। 3. ਨਵਾਂ ਫੋਲਡਰ ਬਣਾਉਣ ਦੀ ਕਮਾਂਡ ਹੈ ਅਤੇ 6. ਵਿੰਡੋ ਦੇ ਕਾਰਵਾਈ ਪੂਰੀ ਕਰਨ ਲਈ ਇਸ ਕਮਾਂਡ ਨੂੰ ਕਲਿੱਕ ਕੀਤਾ ਜਾਂਦਾ ਹੈ। ਜਦੋਂ 'ਸੇਵ ਐਜ਼' ਵਿਚ ਫਾਈਲ ਦਾ ਨਾਮਕਰਨ ਪੂਰਾ ਹੋ ਜਾਵੇ ਫਿਰ ਉਸ ਵਿਚ ਕਿਸੇ ਵੀ ਵਾਧੇ ਘਾਟੇ ਪਿੱਛੋਂ 'ਕੰਟਰੋਲ + ਐੱਸ' ਦੀ ਸੰਖੇਪ-ਰਾਹੀ ਕੀਅ ਦੱਬ ਕੇ ਕੇਵਲ 'ਸੇਵ' ਕੀਤਾ ਜਾਂਦਾ ਹੈ। 'ਸੇਵ' ਕਮਾਂਡ ਵਿਚ ਫਾਈਲ ਦਾ ਨਾਮਕਰਨ ਪਹਿਲਾਂ ਹੀ ਕੀਤਾ ਹੁੰਦਾ ਹੈ ਅਤੇ 'ਸੇਵ ਐਜ਼' ਵਿਚ ਪਹਿਲਾਂ ਨਾਮਕਰਨ ਕੀਤਾ ਜਾਂਦਾ ਹੈ ਫਿਰ 'ਸੇਵ' ਕੀਤਾ ਜਾਂਦਾ ਹੈ। ਜੇ ਫਾਈਲ ਨੂੰ ਕਿਸੇ ਹੋਰ ਫੋਲਡਰ ਵਿਚ ਜਾਂ ਕਿਸੇ ਹੋਰ ਨਾਂ ਥੱਲੇ ਸੇਵ ਕਰਨਾ ਹੋਵੇ ਤਾਂ ਵੀ 'ਸੇਵ ਐਜ਼' ਦੀ ਕਮਾਂਡ ਦਿੱਤੀ ਜਾਂਦੀ ਹੈ। ਯਾਦ ਰਹੇ ਵਿੰਡੋ ਦੀਆਂ ਕਮਾਂਡਾਂ ਉੱਤੇ ਅੱਗੇ-ਪਿੱਛੇ ਜਾਣ ਲਈ 'ਟੈਬ ਕੀਅ' ਦੀ ਵਰਤੋਂ ਕੀਤੀ ਜਾਂਦੀ ਹੈ।

**ਸੂਚਨਾ:** ਕਈ ਵੇਰ ਇਹ ਵੀ ਦੇਖਿਆ ਗਿਆ ਹੈ ਕਿ ਸੇਵ ਕੀਤੀ ਫਾਈਲ ਨਹੀਂ ਲੱਭਦੀ। ਉਸ ਵੇਲ਼ੇ ਡਾਕੂਮੈਂਟ ਜਾਂ ਮਾਈ ਡਾਕੀਮੈਂਟ ਫੋਲਡਰ ਵਿਚ ਜਾ ਕੇ ਢੂੰਡੋ। ਉੱਥੇ ਤੁਹਾਡੀ ਰਚਨਾ ਦੇ ਪਹਿਲੇ ਸ਼ਬਦਾਂ ਦੇ ਨਾਂ ਥੱਲੇ ਸੇਵ ਕੀਤੀ ਹੋਈ ਮਿਲ਼ ਜਾਇਗੀ। ਕੰਪਿਊਟਰ ਵਿਚ ਇਹ ਪ੍ਰਬੰਧ ਕੀਤਾ ਗਿਆ ਹੈ ਕਿ ਜੇ ਵਰਤੋਂਕਾਰ ਸੇਵ ਕਮਾਂਡ ਨੂੰ ਫੋਲਡਰ ਤੇ ਫਾਈਲ ਨਾ ਦੱਸਿਆ ਜਾਏ ਤਾਂ ਉਹ 'ਬਾਈ ਡੀਫਾਲਟ' ਡਾਕੂਮੈਂਟ ਫੋਲਡਰ ਵਿਚ ਪਹਿਲੇ ਅੱਖਰਾਂ ਨਾਲ਼ ਸੇਵ ਕਰ ਦਿੱਤੀ ਜਾਂਦੀ ਹੈ।

**(ਚਲਦਾ)**

## ਲਾਹੌਰ ਦਾ ਕੰਜਰ ਮੁਹੱਲਾ-ਹੀਰਾ ਮੰਡੀ ਤੇ ਸ਼ਾਹੀ ਮੁਹੱਲਾ

ਵਧ ਗਈ। ਇਨ੍ਹਾਂ ਦੋ-ਦੋ ਬੰਦਿਆਂ ਵਰਗੇ ਮੋਟੇ ਤੇ ਚੌੜੇ ਭਲਵਾਨਾਂ ਦਾ ਉੱਚਾ ਚੇਤ ਰਾਮ ਤੇ ਨੀਚਾ ਚੇਤ ਰਾਮ ਦੇ ਬਾਜ਼ਾਰਾਂ ਵਿਚ ਇੰਨਾ ਦਬਦਬਾ ਸੀ ਕਿ ਜਿਸ ਕੋਠੇ ਅੱਗੋਂ ਇਹ ਭਾਰੀ ਹਥਿਆਰਾਂ ਨਾਲ ਲੈਸ ਟੋਲਾ ਲੰਘਦਾ ਬੱਚੇ, ਬਜ਼ੁਰਗ ਤੇ ਔਰਤਾਂ ਗੁਲਾਬ ਦੇ ਫੁੱਲਾਂ ਦੀਆਂ ਪੱਤੀਆਂ ਦੀ ਵਰਖਾ ਕਰਦੇ। ਮੁਹੱਲੇ ਦੇ ਕੰਜਰ ਤੇ ਖੁਸਰੇ ਅੱਗੇ ਨੱਚਦੇ ਜਾਂਦੇ। ਭਲਵਾਨਾਂ ਦੇ ਆਜ਼ਾਦ ਪਾਕਿਸਤਾਨ ਗੁੱਡਜ਼ ਟਰਾਂਸਪੋਰਟ ਦੇ 'ਸ਼ਾਲਮੀ ਡੇਰੇ' ਉਪਰ ਜਾਂ ਬਾਹਰ ਅੰਦਰ ਨਿੱਕੇ ਮੋਟੇ ਮੁਜਰਾ ਪ੍ਰੋਗਰਾਮਾਂ ਵਿਚ ਚਾਂਦ ਪਹਿਲਵਾਨ ਨਾਲ ਅਸੀਂ ਵੀ ਮੁਸਰਤੀ ਦੀਆਂ ਨੱਚਣ ਵਾਲੀਆਂ ਨੂੰ ਪਹਿਲ ਦੇਣੀ ਸ਼ੁਰੂ ਕਰ ਦਿੱਤੀ। ਇਹ ਸਿਲਸਿਲਾ ਕਈ ਸਾਲ ਚੱਲਦਾ ਰਿਹਾ ਤੇ ਅਸੀਂ ਸ਼ੌਕ ਸ਼ੌਕ ਵਿਚ ਕਈ ਵਾਰ ਆਪਣੇ ਆਪ ਨੂੰ ਮਾਂਜਾ ਵੀ ਲਗਵਾਇਆ। ਗੁਜਰਾਂਵਾਲਾ, ਸਿਆਲਕੋਟ, ਲਾਇਲਪੁਰ, ਰਾਵਲਪਿੰਡੀ, ਬਹਾਵਲਪੁਰ ਸ਼ਹਿਰਾਂ ਤੋ ਸਰਦਾਰ ਜੀ ਤੇ ਚਾਂਦ ਪਹਿਲਵਾਨ ਨੂੰ ਫੋਨ ਆਉਂਦੇ 'ਕੋਈ ਅੱਛੀ ਜਿਹੀ ਵਾਜਿਬ ਮੁਜਰਾ ਪਾਰਟੀ' ਪ੍ਰੋਗਰਾਮ ਲਈ ਹੀਰਾ ਮੰਡੀ ਵਿਚੋਂ ਬੁੱਕ ਕਰ ਦਿਓ? ਮੁਸਰਤੀ ਬਾਈ ਨੇ ਇਕ ਫੋਨ ਕਾਲ ਉਪਰ ਬਿਨਾਂ ਕਿਸੇ ਪੈਸੇ ਧੇਲੇ ਦੇ ਲੈਣ-ਦੇਣ ਤੇ ਪੱਕ ਠੱਕ ਦੇ ਕਰਾਰ ਤੋਂ ਪਹਿਲਾਂ ਹੀ ਦੋ ਅੱਵਲ ਦਰਜੇ ਦੀਆਂ ਕੁੜੀਆਂ ਤੇ ਤਿੰਨ ਮਾਠੇ ਦਰਜੇ ਦੀਆਂ ਛੋਰਾਂ ਆਪਣੇ ਸਾਜ਼ਿੰਦਿਆਂ ਦੇ ਲਾਮ ਲਸ਼ਕਰ ਨੂੰ ਨਾਲ ਲੈ ਕੇ ਪ੍ਰੋਗਰਾਮ ਵਾਲੇ ਸ਼ਹਿਰ ਪਹੁੰਚ ਜਾਣਾ। ਸਾਰੀ ਰਾਤ ਮੁਜਰਾ ਚੱਲਦਾ ਰਹਿੰਦਾ ਅਤੇ ਨੱਚਣ ਵਾਲੀਆਂ ਦੇ ਸਿਰਾਂ ਉਪਰ, ਰੁਪਏ ਅਸਮਾਨੀ ਬਰਫ ਵਾਂਗ ਹੌਲੀ-ਹੌਲੀ ਕਿਰਦੇ ਰਹਿੰਦੇ।

ਲਾਹੌਰ ਦਾ ਸ਼ਾਹੀ ਮੁਹੱਲਾ ਤੇ ਹੀਰਾ ਮੰਡੀ ਕਦੋਂ ਤੇ ਕਿਵੇਂ ਹੋਂਦ ਵਿਚ ਆਏ, ਇਸ ਬਾਰੇ ਵੱਖੋ-ਵੱਖਰੇ ਪ੍ਰਮਾਣ ਮਿਲਦੇ ਹਨ। ਰਾਵੀ ਦਰਿਆ ਦਾ ਵਹਿਣ ਜਿੱਥੇ ਲਾਹੌਰ ਵਿਚ ਮਰੋੜਾ ਲੈਂਦਾ ਸੀ, ਉਥੇ ਪਾਣੀ ਨਾਲ ਧਰੀਕੀ ਪਹਾੜਾਂ ਦੀ ਮਿੱਟੀ ਚੜ੍ਹਦੀ ਰਹੀ ਤੇ ਘਾਟੀ ਬਣ ਗਈ, ਜੋ ਹੁਣ 'ਟਿੱਬੀ' ਦੇ ਨਾਮ ਨਾਲ ਮਸ਼ਹੂਰ ਹੈ। ਰਾਵੀ ਦਰਿਆ ਦੇ ਇਲਾਕੇ ਦੇ ਜਾਬਰ ਲੋਕ 'ਭੱਟਿਆਂ' ਨੇ ਇਸ ਘਾਟੀ ਉਪਰ ਮੱਲ ਮਾਰ ਲਈ ਤੇ ਲੋਹਾਵਰ (ਲਾਹੌਰ) ਦੇ ਰਾਖੇ ਬਣ ਬੈਠੇ। ਭੱਟੀਆਂ ਨੇ ਹੋਕਾ ਫੇਰ ਦਿੱਤਾ ਜਿਹੜਾ ਵੀ ਉੱਤਰ ਦਿਸ਼ਾ ਵਲੋਂ ਆ ਕੇ ਦੱਖਣ ਦਿਸ਼ਾ ਵੱਲ ਨੂੰ ਜਾਵੇ ਉਹ ਕੁਝ ਨਜ਼ਰਾਨਾ ਇੱਥੇ ਵੀ ਭਰੇ ਨਹੀਂ ਤਾਂ ਲੁੱਟ ਮਾਰ ਹੋਵੇਗੀ। ਲਾਹੌਰ ਦੀ ਸਾਰੀ ਰਈਅਤ (ਪ੍ਰਜਾ) ਵੀ ਭੱਟੀਆਂ ਨਾਲ ਡਟ ਗਈ। ਉਤਰ ਦਿਸ਼ਾ ਵਲੋਂ ਆਉਣ ਵਾਲੇ ਇਸ ਦੇਸ ਨੂੰ 'ਹਿੰਦ' ਕਹਿੰਦੇ ਰਹੇ, ਜਿੱਥੇ ਲਾਹੌਰ ਇਕ ਫੌਜੀ ਚੌਕੀ ਤੇ ਮਹਿਸੂਲ ਚੁੰਗੀ ਬਣ ਗਿਆ ਅਤੇ ਨਾਲੋ-ਨਾਲ ਉਨ੍ਹਾਂ ਹਿੰਦ ਦੇਸ ਦੀ ਹੱਦ ਵੀ ਮਿੱਥ ਦਿੱਤੀ। ਤੁਰਕਾਂ, ਮੁਗਲਾਂ ਤੇ ਪਠਾਣਾਂ ਵਲੋਂ ਹਿੰਦ ਦੇਸ ਦੀ ਜ਼ਬਾਨ ਨੂੰ 'ਹਿੰਦਵੀ' ਆਖਿਆ ਜਾਣ ਲੱਗਾ। ਇਸ ਲਾਹੌਰ ਸ਼ਹਿਰ ਦੀਆਂ ਹੱਟੀਆਂ, ਚੋਹਟੇ, ਗੰਜ, ਮੰਡੀਆਂ ਲੁੱਟਣ ਮੰਗੋਲ ਵੀ ਆਏ, ਤੈਮੂਰੀ ਫੌਜਾਂ ਵੀ ਪਈਆਂ, ਤੁਰਕਾਂ ਪਠਾਣਾਂ ਵੀ ਉਜਾੜੇ ਪਾਏ, ਘੱਟ ਗੱਖੜਾਂ ਵੀ ਨਾ ਕੀਤੀ। ਇਸ ਰੌਲੇ ਗੌਲੇ ਵਿਚ ਲਗਭਗ 23 ਸਾਲ ਸੰਨ 1163 ਤੋਂ 1186 ਤਕ ਮਹਿਮੂਦ ਗਜ਼ਨਵੀ ਲਾਹੌਰ ਆਬਾਦ ਹੋ ਗਿਆ ਤੇ ਇੱਥੇ ਰਾਜ ਕੀਤਾ। ਸੰਨ 1398 ਵਿਚ ਤੈਮੂਰ ਬਾਦਸ਼ਾਹ ਤੇ 1524 ਵਿਚ ਮੁਗਲ ਬਾਦਸ਼ਾਹ ਬਾਬਰ ਦੇ ਆਉਣ ਨਾਲ 'ਮੁਗਲਾਂ ਦੇ ਸੁਨਹਿਰੀ ਦੌਰ' ਦਾ ਆਰੰਭ ਹੁੰਦਾ ਹੈ, ਜੋ ਸ਼ਾਹਜਹਾਂ ਦੇ ਰਾਜਕਾਲ 1628 ਤੋਂ 1658 ਤਕ ਚਲਦਾ ਹੈ।

ਕੱਟੜ ਮੁਸਲਮਾਨ ਔਰੰਗਜ਼ੇਬ ਦੇ ਦੌਰ, ਸੰਨ 1707 ਵਿਚ ਮੁਗਲ ਬਾਦਸ਼ਾਹਤ ਢਹਿ-ਢੇਰੀ ਹੋਣੀ ਸ਼ੁਰੂ ਹੋ ਗਈ ਸੀ। 18ਵੀਂ ਸਦੀ ਵਿਚ ਇਰਾਨ ਦੇ ਬਾਦਸ਼ਾਹ, ਨਾਦਰ ਸ਼ਾਹ ਨੇ ਦਿੱਲੀ ਦਰਬਾਰ ਤੇ ਲਾਹੌਰ ਕਿਲੇ ਉਪਰ ਕਬਜ਼ਾ ਕਰ ਲਿਆ ਸੀ। ਸਿੱਖ ਬਾਦਸ਼ਾਹ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ 1799 ਤੋਂ 1839 ਤਕ ਲਗਪਗ 40 ਸਾਲ ਲਾਹੌਰ ਵਿਚ 'ਖਾਲਸਈ ਰਾਜ' ਦਾ ਝੰਡਾ ਬੁਲੰਦ ਕੀਤਾ। ਉਤਰ ਵਲੋਂ ਮੁਗਲਈ, ਤੁਰਕਈ ਤੇ ਪਠਾਣੀ ਲਸ਼ਕਰਾਂ ਦੀ ਆਵਾਜਾਈ ਤੇ ਹਾਕਮਾਂ ਦੇ ਅਦਲ-ਬਦਲ ਕਾਰਨ, ਲਾਹੌਰ ਦੀਆਂ ਜਾਤਾਂ, ਖਾਨਦਾਨਾਂ ਤੇ ਕਬੀਲਿਆਂ ਵਿਚ ਬਹੁਤ ਮਿਲਗੋਭਾ ਹੋ ਗਿਆ ਸੀ। ਉਜੜ-ਉਜੜ ਕੇ ਵਸਦੇ ਲਾਹੌਰ ਸ਼ਹਿਰ ਵਿਚ ਨਿਮਾਨਤਾ ਵਸਨੀਕ ਹੋਈ ਤੇ ਉਜੜਦੇ ਵਸਦੇ ਲਾਹੌਰ ਵਿਚ ਉਡਦੀ ਧੂੜ ਨਾਲ ਅਣਖ ਵੀ ਉਡ ਗਈ ਸੀ। ਇੱਜ਼ਤਦਾਰ ਮੁਹੱਲੇ ਦੜ ਵੱਟ ਗਏ ਪਰ ਟਿੱਬੀ ਉਤੇ ਇੱਜ਼ਤਾਂ ਲੁੱਟੀਆਂ ਜਾਦੀਆਂ ਰਹੀਆਂ। ਟਿੱਬੀ ਵਿਚ ਰਾਜਪੂਤ ਲਾਹੌਰਨਾਂ ਜਵਾਨ ਹੋਈਆਂ, ਜਿਨ੍ਹਾਂ ਨੇ ਅੱਗੋਂ ਤੁਰਕਾਂ ਦੀਆਂ ਧੀਆਂ ਜੰਮੀਆਂ, ਤੁਰਕਾਂ ਦੀਆਂ ਕੁੱਖ ਵਿਚ ਪਠਾਣੀਆਂ ਪਲੀਆਂ। ਮੁਸਾਫਰਾਂ ਤੇ ਪਾਂਧੀਆਂ ਦੀ ਆਵਾਜਾਈ ਨੂੰ ਮੁੱਖ ਰੱਖ ਕੇ ਸਰਕਾਰ ਟਿੱਬੀ ਉਪਰ ਸਰਾਂ ਛੱਤ ਦਿੱਤੀ, ਜਿੱਥੇ ਯਾਤਰੀ ਤੇ ਵਪਾਰੀ ਰਾਤ ਨੂੰ ਅੱਖ ਝਪਕਦੇ ਤੇ ਮਹਿਸੂਲ ਚੁੰਗੀ ਦੇ ਕੇ ਅੱਗੇ ਵਪਾਰ ਲਈ ਦੱਖਣ ਵੱਲ ਵਧ ਜਾਂਦੇ। ਰਾਹੀਆਂ-ਪਾਂਧੀਆਂ ਦੀ ਸੇਵਾ ਚਾਕਰੀ, ਟਹਿਲ ਟਕੋਰ ਤੇ ਮਨਪ੍ਰਚਾਵੇ ਲਈ ਸ਼ਹਿਰ ਤੇ ਆਂਢ-ਗੁਆਂਢ ਦੇ ਪਿੰਡਾਂ ਦੀਆਂ ਸੋਹਣੀਆਂ ਨਖਰੀਲੀਆਂ ਜਵਾਨ ਕੁੜੀਆਂ ਦੀ ਭਰਤੀ ਸ਼ੁਰੂ ਹੋਈ ਜੋ ਮੁੱਠੀਆਂ ਭਰਨ, ਮਾਲਸ਼ ਕਰਨ, ਨੱਚਣ-ਗਾਉਣ ਤੇ ਵਿਕਣ ਦਾ ਕੰਮ ਧੰਦਾ ਕਰਦੀਆਂ, ਜਿੱਥੋਂ ਲਾਹੌਰ ਦੇ ਸ਼ਾਹੀ ਮੁਹੱਲੇ ਦਾ ਮੁੱਢ ਬੱਝਿਆ ਸੀ।

ਹਿੰਦ ਦੇਸ ਵਿਚ ਮੁਗ਼ਲਾਂ ਦਾ ਦੌਰ ਸ਼ੁਰੂ ਹੋਇਆ, ਚੁਗੱਤਾ ਸ਼ਾਹੀ, ਅਕਬਰ ਬਾਦਸ਼ਾਹ ਦਾ ਵੇਲਾ ਸੀ, ਜਿਸ ਨੇ ਲਾਹੌਰ ਦੇ ਸ਼ਾਹੀ ਕਿਲੇ ਵਿਚ ਦਰਬਾਰ ਲਾਇਆ। ਸ਼ਾਹੀ ਕਿਲੇ ਦੇ ਪੈਰਾਂ ਵਿਚ ਸ਼ਹਿਰ ਵਾਲੇ ਪਾਸੇ ਹਜ਼ਾਰੀ ਦਰਬਾਰੀ ਅਸ਼ਰਫਾਂ ਦਾ ਇਲਾਕਾ ਜਿੱਥੇ ਤੁਰਾਨੀ ਬੇਗ ਤੇ ਪਠਾਣੀ ਖਾਨ ਰਹਿੰਦੇ ਸਨ। ਖਾਨਾਂ ਤੇ ਬੇਗਾਂ ਦੀ ਇਸ ਆਬਾਦੀ ਵਿਚ ਆਮ ਲਾਹੌਰੀਆਂ ਦਾ ਦਾਖਲਾ ਬਿਲਕੁਲ ਬੰਦ ਸੀ। ਇਸ ਕਰਕੇ ਇਸ ਜਗ੍ਹਾ ਦਾ ਆਵਾਮੀ ਨਾਮ 'ਸ਼ਾਹੀ ਮੁਹੱਲਾ' ਪੈ ਗਿਆ ਸੀ। ਸ਼ਾਹੀ ਮੁਹੱਲੇ ਦੇ ਨੇੜੇ ਹੀ ਟਕਸਾਲ ਤੇ ਕੋਤਵਾਲ ਦੀ ਦੂਜੀ ਬਾਹੀ ਦਾ ਬਾਜ਼ਾਰ ਸੀ, ਜਿੱਥੇ ਜ਼ਰਵਾਲ ਖੱਤਰੀਆਂ ਦੇ ਦੋ ਹੱਟੇ, ਹਰ ਚੌਹੱਟੇ ਉਤੇ 'ਬਾਲਾ ਖਾਨਾ' ਜਿਨ੍ਹਾਂ ਵਿਚ ਰਾਜਪੂਤ ਰਾਜੇ ਤੇ ਦੀਵਾਨ (ਮੀਰ ਮੁਨਸ਼ੀ ਤੇ ਮੀਰ ਬਖ਼ਸ਼ੀ) ਵੱਸਦੇ ਸਨ। ਲਾਹੌਰ ਦੇ ਸ਼ਾਹੀ ਮੁਹੱਲੇ ਦੇ ਪੁੱਠੇ ਹੱਥ (ਖੱਬੇ ਹੱਥ) ਟਕਸਾਲ ਤੇ ਬਾਜ਼ਾਰ, ਜਿੱਥੇ ਥੱਲੇ ਹੱਟੀਆਂ ਵਿਚ ਘਰੇਲੂ ਸਾਮਾਨ ਵਿਕਦਾ ਤੇ ਉਪਰ ਬਾਲਾਖਾਨੇ ਵਿਚ ਹੁਸਨ ਤੇ ਜਵਾਨੀ ਦਾ ਮੁੱਲ ਪੈਂਦਾ ਸੀ। ਤੁਰਾਨੀ ਅਸ਼ਰਾਫਾਂ ਦਾ ਰੀਤ ਰਿਵਾਜ ਸੀ ਕਿ 'ਸ਼ਾਹੀ ਮੁਹੱਲੇ' ਵਿਚ ਘਰਵਾਲੀ (ਬੇਗਮ, ਖਾਨਮ) ਰੱਖਦੇ ਤੇ ਬਾਲਾ ਖਾਨੇ ਵਿਚ ਸਜੀ ਸਜਾਈ ਖੂਬਸੂਰਤ ਇਰਾਨੀ ਬਾਈ ਹੁੰਦੀ ਸੀ। ਤੁਰਾਨੀ ਸਰਦਾਰਾਂ ਤੇ ਪਠਾਣੀ ਖਾਨਾਂ ਵਿਚ ਬਾਲਾ ਖਾਨੇ ਲਈ ਮੁਕਾਬਲੇਬਾਜ਼ੀ ਵੀ ਹੁੰਦੀ ਰਹਿੰਦੀ ਕਿ ਕਿਹੜਾ 'ਬਾਲਾ ਖਾਨਾ' ਮੁਅੱਲਾ (ਉਚਾ) ਹੈ। ਮੁਅੱਲਾ ਤੇ ਆਲਾ ਦੀ ਪਛਾਣ ਤੇ ਮੁਕਾਬਲਾ ਬਾਜ਼ਾਰ ਵਿਚ ਹੋਣ ਕਰਕੇ ਇਹ ਬਾਜ਼ਾਰੇ ਹੁਸਨ ਜੋ ਅੱਜ ਕੱਲ੍ਹ ਸ਼ਾਹੀ ਮੁਹੱਲਾ ਤੇ ਹੀਰਾ ਮੰਡੀ ਹੈ, ਵੱਸਿਆ ਸੀ। ਬਾਲਾ ਖਾਨਾ ਦੀ ਇਹ ਬਾਈ ਕਈ ਵਾਰ ਬੀਵੀ ਬਣ ਕੇ ਖਾਤੂਨੇ ਖਾਨਾ-ਘਰਵਾਲੀ ਵੀ ਹੋ ਜਾਂਦੀ ਸੀ। ਮੁਗ਼ਲ ਸ਼ਹਿਜ਼ਾਦਾ, ਮਿਰਜ਼ਾ ਨੂਰਉਦੀਨ ਬੇਗ ਮੁਹੰਮਦ ਖਾਨ ਸਲੀਮ, ਜੋ ਮਗਰੋਂ ਮੁਗ਼ਲ ਬਾਦਸ਼ਾਹ ਜਹਾਂਗੀਰ ਬਣਿਆ ਨੇ ਲਾਹੌਰ ਵਿਚ ਕਾਸਮ ਖਾਨ ਦੇ ਬਾਗ ਵਿਚ ਖਾਸਾਂ ਲਈ ਲੱਗੇ ਮੀਨਾ ਬਾਜ਼ਾਰ ਵਿਚ ਬਾਜ਼ਾਰੇ ਹੁਸਨ ਤੋਂ ਆਇਆ ਮਾਲ, ਮੇਹਰ-ਉਲ-ਨਿਸਾ ਨੂੰ ਦੇਖਿਆ ਤਾਂ ਸ਼ਹਿਜਾਦੇ ਨੇ ਉਸ ਨੂੰ 'ਨੂਰ ਜਹਾਂ' ਆਖਿਆ ਸੀ।

**(ਚਲਦਾ)**

ਕਹਾਣੀ

# ਕੈਨੇਡਾ ਦੀ ਟਿਕਟ

**ਸੁਰਿੰਦਰ ਗੀਤ ਦੀ ਕਹਾਣੀ 'ਕੈਨੇਡਾ ਦੀ ਟਿਕਟ' ਜਾਤੀ ਹੀ ਨਹੀਂ, ਜਮਾਤੀ ਪਾੜਿਆਂ ਦੀ ਬਾਤ ਵੀ ਪਾਉਂਦੀ ਹੈ। ਕੈਨੇਡਾ ਲਈ ਪਾਗਲ ਹੋਏ ਵੱਖ-ਵੱਖ ਪਾਤਰ ਵੱਖ-ਵੱਖ ਤਰ੍ਹਾਂ ਦਾ ਪਾਗਲਪਨ ਹੰਢਾਉਂਦੇ ਹਨ। ਇਨ੍ਹਾਂ ਪਾਤਰਾਂ ਦੇ ਮਨਾਂ ਅੰਦਰ ਸਵਾਰਥ ਦੀਆਂ ਗੰਢਾਂ ਬਹੁਤ ਪੀਢੀਆਂ ਬੱਝੀਆਂ ਹੋਈਆਂ ਹਨ।**

ਰਾਖੀ ਨੂੰ ਹੋਸ਼ ਆ ਗਈ ਤੇ ਸਭ ਨੇ ਸੁੱਖ ਦਾ ਸਾਹ ਲਿਆ।

ਉਹ ਇਸ ਪਿੰਡ ਦੀ ਨੂੰਹ ਸੀ। ਜਦੋਂ ਵਿਆਹੀ ਆਈ ਸੀ ਤਾਂ ਸਾਰੇ ਪਿੰਡ ਵਿਚ ਉਸ ਦੇ ਸੁਹੱਪਣ ਦੀ ਚਰਚਾ ਸੀ। ਜਿਵੇਂ-ਜਿਵੇਂ ਉਸ ਬਾਰੇ ਪਤਾ ਲੱਗਿਆ, ਪਿੰਡ ਦੀਆਂ ਜ਼ਿੰਮੀਦਾਰ ਔਰਤਾਂ ਨੇ ਵੀ ਕਿਸੇ ਨਾ ਕਿਸੇ ਬਹਾਨੇ ਵਿਹੜੇ ਜਾ ਕੇ ਉਸ ਨੂੰ ਦੇਖਿਆ।

ਅੰਮਾ ਭਾਗੋ ਕਹਿਣ ਲੱਗੀ, 'ਅੜਿਆ ਬਲਾਂ ਸੋਹਣੀ ਐ। ਲੱਗਦੀ ਨੀ ਉਹ ਏਸ ਜਾਤ ਦੀ। ਉਹ ਤਾਂ ਜੱਟੀਆਂ ਤੋਂ ਵੀ ਸੋਹਣੀ ਹੈ। ਨੀ ਗੋਰਾ ਚਿੱਟਾ ਰੰਗ, ਉਚੀ-ਲੰਮੀ, ਚਿੱਤ ਕਰਦਾ ਦੇਖੀ ਜਾਈਏ। ਮੈਂ ਤਾਂ ਪੂਰੇ ਦਸ ਰੁਪਏ ਸ਼ਗਨ ਦਿੱਤਾ।'

ਚਾਚੀ ਮਿੰਦਰ ਕੁਰ ਵਿਚੋਂ ਹੀ ਬੋਲ ਪਈ, 'ਇਕੱਲੀ ਸ਼ਕਲ ਦੀ ਹੀ ਸੋਹਣੀ ਨੀ। ਤੁਸੀਂ ਤਾਂ ਭੈਣੇ ਜਾਣ ਲੱਗੀਆਂ ਨੇ ਮੈਨੂੰ ਦੱਸਿਆ ਨਹੀਂ। ਹਾਰ ਕੇ ਮੈਂ ਇਕੱਲੀ ਹੀ ਸ਼ਗਨ ਦੇਣ ਚਲੀ ਗਈ। ਨੀ ਉਹਨੇ ਤਾਂ ਮਿੰਟਾਂ 'ਚ ਭਾਂਡੇ ਮਾਂਜ ਕੇ ਰੱਖ'ਤੇ। ਚੁੰਨੀ ਦੀ ਬੁੱਕਲ ਇਉਂ ਮਾਰਦੀ ਆ ਜਿਵੇਂ ਮਹਾਰਾਣੀ ਹੋਵੇ। ਹਾਂਜੀ-ਹਾਂਜੀ ਕਰਦੀ ਦੇ ਮੂੰਹੋਂ ਫੁੱਲ ਕਿਰਦੇ ਐਂ।'



**ਸੁਰਿੰਦਰ ਗੀਤ**
**ਫੋਨ: 403 605 3734**

'ਭਾਬੀ ਆਪਣੇ ਪਿੰਡ 'ਚ ਉਹਦੇ ਵਰਗੇ ਦੰਦ ਨੀ ਕਿਸੇ ਦੇ। ਜਿਵੇਂ ਚਿੱਟੇ ਮੋਤੀਆਂ ਦੀ ਲੜੀ ਹੋਵੇ।' ਕਾਲਜ ਤੋਂ ਆਈ ਕਮਲ ਨੇ ਸਾਈਕਲ ਖੜ੍ਹਾ ਕਰਦਿਆਂ ਕਿਹਾ।

'ਹਾਂ ਅੰਮਾ ਜੀ! ਚਰਨੇ ਚਮਿਆਰ ਦੀ ਤਾਂ ਕਿਸਮਤ ਹੀ ਨਰਾਲੀ ਐ। ਆਪ ਤਾਂ ਨਜ਼ਰ ਵਟੂ ਹੀ ਲਗਦੈ! ਵਹੁਟੀ ਹੀਰ ਵਰਗੀ ਲੈ ਆਇਆ!'

ਵਿਚੋਂ ਹੀ ਕਮਲ ਨਾਲ ਆਈ ਪਾੜ੍ਹੀ ਕੁੜੀ ਬਿੰਦਰ ਬੋਲ ਪਈ, 'ਤਾਈ! ਉਹ ਹੀਰ ਵਰਗੀ ਨਹੀਂ, ਹੀਰ ਹੀ ਹੈ ਪਰ ਚਰਨਾ ਰਾਂਝਾ ਨਹੀਂ।'

'ਆਹੋ ਪੁੱਤ! ਉਹਨੂੰ ਤਾਂ ਪੋਸਤ ਭੁੱਕੀ ਤੋਂ ਵਿਹਲ ਨਹੀਂ। ਕਮਾਈ ਘੱਟ ਕਰਦਾ ਆ ਤੇ ਖਰਚ ਵੱਧ ਕਰਦਾ ਹੈ। ਇਹਨੂੰ ਵਿਚਾਰੀ ਨੂੰ ਹੀ ਪਸ਼ੂਆਂ ਦੀਆਂ ਖੱਲਾਂ ਲਾਹੁਣੀਆਂ ਪੈਣੀਆਂ ਜਾਂ ਜੱਟਾਂ ਦਾ ਗੋਹਾ ਕੂੜਾ ਕਰਨਾ ਪੈਣਾ ਹੈ।' ਅੰਮਾ ਨੇ ਖਿਚਵਾਂ ਸਾਹ ਲੈਂਦਿਆਂ ਕਿਹਾ।

ਮੱਥਾ ਟੇਕਦੀ ਅੰਮਾ ਜੀ ਕਹਿ ਕੇ ਸਿਰ ਤੋਂ ਖਾਲੀ ਟੋਕਰਾ ਥੱਲੇ ਕਰਦਿਆਂ ਭਾਬੀ ਕਮਲਜੀਤ ਬੋਲੀ, 'ਅੰਮਾ ਜੀ, ਏਸ ਪਿੰਡ 'ਚ ਸਾਰੀਆਂ ਹੀ ਸੋਹਣੀਆਂ ਆਉਂਦੀਆਂ। ਤੁਹਾਡੇ ਮੁੰਡੇ ਹੀ ਕਾਣੇ-ਮੀਣੇ ਆ। ਪਤਾ ਨੀ ਕਿਹੜੇ ਮੋਤੀ ਪੁੰਨ ਕੀਤੇ ਆ ਤੁਹਾਡੇ ਪਿੰਡ ਦੇ ਮੁੰਡਿਆਂ ਨੇ ਤੇ ਮੁੰਡਿਆਂ ਦੀਆਂ ਮਾਂਵਾਂ ਨੇ।'

ਅੰਮਾ ਭਾਗੋ ਨੇ ਭਾਬੀ ਕਮਲਜੀਤ ਨੂੰ ਆਸੀਸ ਦਿੱਤੀ ਤੇ ਬੋਲੀ, 'ਬਹੂ! ਗੱਲ ਤਾਂ ਤੇਰੀ ਸੱਚੀ ਆ। ਮੈਂ ਤਾਂ ਆਪ ਬਲਾਂ ਸੋਹਣੀ ਸੀ ਜਦੋਂ ਵਿਆਹੀ ਆਈ ਸੀ।'

ਸਾਰੀਆਂ ਖਿੜ-ਖਿੜਾ ਕੇ ਹੱਸਣ ਲੱਗ ਪਈਆਂ।

'ਨੀ! ਉਹਦਾ ਤਾਂ ਨਾਂ ਹੀ ਬਾਹਲਾ ਸੋਹਣਾ ਹੈ।' ਤਾਈ ਅਮਰੋ ਵਿਚੋਂ ਹੀ ਬੋਲ ਪਈ।

ਪਾੜ੍ਹੀ ਕੁੜੀ ਬੋਲੀ, 'ਤਾਈ! ਸ਼ਹਿਰਾਂ 'ਚ ਏਸੇ ਤਰ੍ਹਾਂ ਦੇ ਨਾਂ ਰੱਖਦੇ ਨੇ। ਰਾਖੀ ਨਾਂ ਹੈ ਉਸ ਦਾ। ਐਵੇਂ ਨਾ ਰੱਖੀ ਰੱਖੀ ਕਹਿਣ ਲੱਗ ਜਾਇਓ।'

ਸਾਰੀਆਂ ਨੂੰ ਰਾਖੀ ਨਾਂ ਬਹੁਤ ਹੀ ਸੋਹਣਾ ਲੱਗਦਾ ਸੀ।

ਚਰਨਾ ਆਪਣੀ ਵਹੁਟੀ ਨੂੰ ਲੁਕੋ-ਲੁਕੋ ਕੇ ਰੱਖਦਾ। ਉਸ ਨੂੰ ਪਤਾ ਸੀ ਕਿ ਰਾਖੀ ਦੇ ਹੁਸਨ ਦੇ ਚਰਚੇ ਸਾਰੇ ਪਿੰਡ ਵਿਚ ਹਨ। ਉਹ ਗੁਜ਼ਾਰੇ ਲਈ ਕੁਝ ਕੰਮ ਵੀ ਜ਼ਿਆਦਾ ਕਰਨ ਲੱਗ ਪਿਆ। ਆਪਣੀ ਬੇਬੇ ਨੂੰ ਇਕ ਦਿਨ ਚਰਨੇ ਨੇ ਆਖ ਹੀ ਦਿੱਤਾ, 'ਬੇਬੇ, ਤੂੰ ਆਪ ਹੀ ਔਖੀ-ਸੌਖੀ ਹੋ ਕੇ ਹੱਟੀ ਤੋਂ ਸੌਦਾ-ਪੱਤਾ ਲੈ ਆਇਆ ਕਰ, ਰਾਖੀ ਨੂੰ ਨਾ ਭੇਜਿਆ ਕਰ। ਪਿੰਡ ਦੀ ਮੰਡੀਰ ਨੇ ਤਾਂ ਦੇਖਣਾ ਹੀ ਹੈ, ਸਾਲੇ ਬੁੱਢੇ ਵੀ ਅੱਖਾਂ ਪਾੜ-ਪਾੜ ਵਿੰਹਦੇ ਆ। ਹੀਰ-ਹੀਰ ਕਰਦੇ ਰਹਿੰਦੇ ਆ।'

ਰਾਖੀ ਘੱਟ-ਵੱਧ ਹੀ ਘਰੋਂ ਨਿਕਲਦੀ। ਗਰੀਬੀ-ਦਾਵੇ ਦਾ ਚੁੱਲ੍ਹਾ-ਚੌਂਕਾ ਸਾਂਭ ਛੱਡਦੀ, ਵਿਹੜੇ 'ਚ ਬਹੁਕਰ ਮਾਰ ਲੈਂਦੀ, ਲੀੜੇ ਧੋ ਲੈਂਦੀ ਤੇ ਵਿਹਲੇ ਵੇਲੇ ਪੀੜ੍ਹੀਆਂ ਬੁਣ ਲੈਂਦੀ। ਛੋਟੀਆਂ-ਛੋਟੀਆਂ ਬੈਠਣ ਵਾਲੀਆਂ ਪੀੜ੍ਹੀਆਂ ਚਰਨਾ ਮੋਗੇ ਜਾ ਕੇ ਵੇਚ ਆਉਂਦਾ।

ਤੇ ਫਿਰ ਅਚਾਨਕ ਚਰਨੇ ਦੀ ਬੇਬੇ ਬਿਮਾਰ ਪੈ ਗਈ। ਚਰਨਾ ਆਪਣੀ ਮਾਂ ਨੂੰ ਆਪਣੇ ਮਾਮੇ ਕੋਲ ਲੈ ਗਿਆ। ਚਰਨੇ ਦਾ ਮਾਮਾ ਲੁਧਿਆਣੇ ਰਹਿੰਦਾ ਸੀ। ਉਨ੍ਹਾਂ ਸੋਚਿਆ, ਉਥੇ ਉਸ ਦੀ ਦਵਾ-ਦਾਰੂ ਚੰਗੀ ਹੋ ਜਾਊ। ਸ਼ਹਿਰ 'ਚ ਚਰਨਾ ਤੇ ਰਾਖੀ ਕਿਸੇ ਫੈਕਟਰੀ ਵਿਚ ਕੰਮ ਕਰ ਲੈਣਗੇ। ਚਰਨੇ ਦਾ ਮਾਮਾ ਆਪ ਵੀ ਤਾਂ ਧਾਗਿਆਂ ਆਲੀ ਫੈਕਟਰੀ ਵਿਚ ਕੰਮ ਕਰਦਾ ਸੀ। ਓਥੇ ਹੀ ਫੋਰਮੈਨ ਨੂੰ ਕਹਿ-ਕਹਾ ਕੇ ਦੋਨਾਂ ਨੂੰ ਲਵਾ ਲਵੇਗਾ।

ਤਿੰਨੇ ਜਣੇ ਲੁਧਿਆਣੇ ਚਲੇ ਗਏ। ਛੋਟਾ ਜਿਹਾ ਕਿਰਾਏ ਦਾ ਕਮਰਾ ਮਿਲ ਗਿਆ। ਬੇਬੇ ਦੀ ਦਵਾ ਦਾਰੂ ਚਲਦੀ ਰਹੀ। ਬੇਬੇ ਚਾਰ ਪੰਜ ਸਾਲਾਂ ਦੀ ਭਿਅੰਕਰ ਬਿਮਾਰੀ ਭੋਗ ਕੇ ਰੱਬ ਨੂੰ ਪਿਆਰੀ ਹੋ ਗਈ। ਉਹ ਬੇਸ਼ਕ ਸ਼ਹਿਰ 'ਚ ਜਾ ਵਸੀ ਸੀ ਪਰ ਉਸ ਦਾ ਓਥੇ ਜੀਅ ਨਹੀਂ ਸੀ ਲੱਗਿਆ। ਉਹ ਹਰ ਵੇਲੇ ਪਿੰਡ ਦੀਆਂ ਰਾਹਾਂ ਵੱਲ ਦੇਖਦੀ ਰਹਿੰਦੀ ਤੇ ਮਰਨ ਤੋਂ ਪਹਿਲਾਂ ਚਰਨੇ ਨੂੰ ਕਹਿ ਗਈ ਕਿ ਮੇਰਾ ਸਸਕਾਰ ਪਿੰਡ ਕਰੀਂ। ਏਥੋਂ ਦੇ ਮੁਰਦਿਆਂ ਨੇ ਮੈਨੂੰ ਆਪਣੇ ਸੰਗ ਨੀ ਰਲਾਉਣਾ।

ਸੋ ਬੇਬੇ ਨਾਲ ਕੀਤੇ ਵਾਅਦੇ ਅਨੁਸਾਰ ਚਰਨਾ ਬੇਬੇ ਦੀ ਲਾਸ਼ ਪਿੰਡ ਲੈ ਆਇਆ। ਭੋਗ ਤੋਂ ਬਾਅਦ ਚਰਨੇ ਦਾ ਵੀ ਜੀਅ ਨਾ ਕੀਤਾ ਪਿੰਡ ਛੱਡ ਕੇ ਜਾਣ ਨੂੰ। ਜਿੰਨਾ ਕੁ ਸ਼ਹਿਰ 'ਚੋਂ ਕਮਾਇਆ ਸੀ, ਉਹ ਬੇਬੇ ਦੀ ਦਵਾ ਦਾਰੂ 'ਤੇ ਲੱਗ ਗਿਆ। ਰਾਖੀ ਦੇ ਕੁੜੀ ਹੋਈ ਅਤੇ ਹੋਣ ਸਾਰ ਹੀ ਮੁੱਕ ਗਈ। ਉਸ ਤੋਂ ਬਾਅਦ ਉਸ ਦੀ ਕੁੱਖ ਹਰੀ ਨਾ ਹੋਈ। ਡਾਕਟਰ ਨੇ ਜਵਾਬ ਦੇ ਦਿੱਤਾ ਕਿ ਹੁਣ ਉਹ ਕਦੇ ਵੀ ਮਾਂ ਨਹੀਂ ਬਣ ਸਕਦੀ। ਸ਼ਹਿਰ ਜਾਣਾ ਵੀ ਕਾਹਦੇ ਲਈ ਸੀ।

ਭੋਗ ਤੋਂ ਬਾਅਦ ਇਕ ਦਿਨ ਰਾਖੀ ਪਿੰਡ ਦੀ ਹੱਟੀ 'ਤੇ ਖੜੀ ਸੀ। ਬਚਿੱਤਰ ਸਿੰਘ ਦੀ ਨਿਗਾਹ ਰਾਖੀ 'ਤੇ ਪੈ ਗਈ। ਬਚਿੱਤਰ ਸਿਉਂ ਪਿੰਡ ਦਾ ਮੋਟਾ ਜ਼ਿਮੀਦਾਰ ਸੀ। ਜ਼ਮੀਨ ਜਾਇਦਾਦ ਖੁੱਲ੍ਹੀ ਸੀ। ਵੱਡਾ ਮੁੰਡਾ ਕਈ ਸਾਲਾਂ ਤੋਂ ਕੈਨੇਡਾ ਰਹਿੰਦਾ ਸੀ। ਬਚਿੱਤਰ ਸਿਉਂ ਆਪ ਵੀ ਕਈ ਸਾਲਾਂ ਤੋਂ ਕੈਨੇਡਾ ਜਾਣ-ਜਾਣ ਕਰਦਾ ਸੀ। ਬਚਿੱਤਰ ਸਿੰਘ ਦੇ ਕੈਨੇਡਾ ਰਹਿੰਦੇ ਪੁੱਤ ਨੇ ਆਪਣੇ ਪਿਉ ਬਚਿੱਤਰ ਸਿੰਘ, ਮਾਂ, ਛੋਟੇ ਭਰਾ ਤੇ ਇਕ ਭੈਣ ਦਾ ਅਪਲਾਈ ਕੀਤਾ ਹੋਇਆ ਸੀ।

ਰਾਖੀ ਨੂੰ ਦੇਖਦਿਆਂ ਹੀ ਬਚਿੱਤਰ ਸਿੰਘ ਦਾ ਮਨ ਹਰਾਮੀ ਹੋ ਗਿਆ। ਮਨ 'ਚ ਖਿਆਲ ਆਇਆ ਕਿ ਕਿਉਂ ਨਾ ਇਸ ਨੂੰ ਤੇ ਇਹਦੇ ਆਦਮੀ ਨੂੰ ਘਰ ਵਿਚ ਨੌਕਰ ਰੱਖ ਲਿਆ ਜਾਵੇ। ਪਹਿਲਾਂ ਇਨ੍ਹਾਂ ਦੀ ਬੁੜ੍ਹੀ ਅੜਿੱਕਾ ਸੀ। ਹੁਣ ਤਾਂ ਮੈਦਾਨ ਸਾਫ ਹੈ। ਮਰ ਗਈ ਮਗਰੋਂ ਲੱਥੀ। ਸੋ, ਉਸ ਨੇ ਬਿਨਾਂ ਵਕਤ ਗਵਾਏ ਚਰਨੇ ਦੇ ਘਰ ਦਾ ਦਰਵਾਜਾ ਜਾ ਖੜਕਾਇਆ। ਮਨ ਹਰਾਮੀ ਸੀ, ਇਸ ਕਰਕੇ ਆਪ ਹੀ ਕੰਮੀਆਂ ਦੇ ਵਿਹੜੇ ਚਲਾ ਗਿਆ, ਨਹੀਂ ਤਾਂ ਕਿਸੇ ਨੌਕਰ ਨੂੰ ਭੇਜਦਾ ਕਿ ਜਾਉ ਬੁਲਾ ਕੇ ਲਿਆਓ।

ਚਰਨਾ ਤੇ ਰਾਖੀ ਹੁਣ ਬਚਿੱਤਰ ਸਿੰਘ ਦੇ ਘਰ ਪੱਕੇ ਨੌਕਰ ਲੱਗ ਗਏ। ਚਰਨਾ ਖੇਤੀ ਦਾ ਅਤੇ ਰਾਖੀ ਘਰ ਦਾ ਗੂਹਾ-ਕੂੜਾ ਤੇ ਹੋਰ ਸਾਫ ਸਫਾਈ ਦਾ ਕੰਮ ਕਰ ਦਿੰਦੀ। ਹੌਲੀ-ਹੌਲੀ ਉਸ ਤੋਂ ਰੋਟੀ ਟੁੱਕ ਦਾ ਕੰਮ ਵੀ ਲੈਣ ਲੱਗੇ। ਬਚਿੱਤਰ ਸਿਉਂ ਉਨ੍ਹਾਂ 'ਤੇ ਇੰਨਾ ਮਿਹਰਬਾਨ ਹੋ ਗਿਆ ਕਿ ਮਸ਼ੀਨਰੀ ਰੱਖਣ ਲਈ ਪਾਏ ਬਰਾਂਡੇ 'ਚ ਇਕ ਕਮਰਾ ਚਰਨੇ ਤੇ ਰਾਖੀ ਨੂੰ ਦੇ ਦਿੱਤਾ।

ਦਿਨਾਂ ਵਿਚ ਹੀ ਬਚਿੱਤਰ ਸਿੰਘ ਨੇ ਰਾਖੀ ਨਾਲ ਨੇੜਤਾ ਵਧਾ ਲਈ। ਉਹ ਉਸ ਦਾ ਮਾਨਸਿਕ ਤੇ ਜਿਸਮਾਨੀ ਸ਼ੋਸ਼ਣ ਕਰਨ ਲੱਗਾ। ਜਦੋਂ ਵੀ ਮੌਕਾ ਮਿਲਦਾ, ਰਾਖੀ ਨੂੰ ਇਕੱਲੀ ਦੇਖ ਆਪਣੀ ਹਵਸ ਪੂਰੀ ਕਰ ਲੈਂਦਾ ਅਤੇ ਚਰਨੇ ਨੂੰ ਖੇਤ ਵਿਚ ਹੀ ਉਲਝਾਈ ਰੱਖਦਾ।

ਰਾਖੀ ਨੂੰ ਬਚਿੱਤਰ ਸਿੰਘ ਨੇ ਏਥੋਂ ਤੱਕ ਕਹਿ ਦਿੱਤਾ ਕਿ ਉਹ ਉਸ ਬਿਨਾਂ ਰਹਿ ਨਹੀਂ ਸਕਦਾ। ਕੈਨੇਡਾ ਜਾ ਕੇ ਉਹ ਉਸ ਦਾ ਅਪਲਾਈ ਕਰ ਦੇਵੇਗਾ। ਨਵਾਂ ਕਾਨੂੰਨ ਬਣਨ ਹੀ ਵਾਲਾ ਹੈ। ਫਿਰ ਉਹ ਵੀ ਓਥੇ ਜਾ ਕੇ ਐਸ਼ ਕਰੇਗੀ ਐਸ਼।

ਇਕ ਦਿਨ ਰਾਖੀ ਨੇ ਪੁੱਛ ਹੀ ਲਿਆ, 'ਸਰਦਾਰਾ! ਓਥੇ ਜਾ ਕੇ ਮੈਂ ਕੀ ਕਰਾਂਗੀ?'



ਬਚਿੱਤਰ ਸਿਉਂ ਸ਼ਰਾਰਤੀ ਹਾਸਾ ਹੱਸਦਿਆਂ ਕਹਿਣ ਲੱਗਾ, 'ਓਥੇ ਬਹੁਤ ਕੁਝ ਹੈ ਕਰਨ ਨੂੰ। ਓਥੇ ਪੜ੍ਹਾਈ-ਪੜੂਈ ਨੂੰ ਕੋਈ ਨੀ ਪੁੱਛਦਾ। ਓਥੇ ਸਾਰੇ ਬਰਾਬਰ ਹੀ ਹਨ। ਜੋ ਕੰਮ ਮੈਂ ਕਰਾਂਗਾ, ਉਹ ਹੀ ਤੂੰ ਕਰਨਾ ਹੈ। ਮੈਂ ਜਿਵੇਂ ਕਹਾਂ, ਕਰੀ ਜਾ। ਜ਼ਿੰਦਗੀ ਬਣ ਜੂ ਥੋਡੀ ਤੇ ਫਿਰ ਕਾਰ ਲੈ ਕੇ ਪਿੰਡ ਆਵੀਂ ਟੌਹਰ ਨਾਲ।'

ਰਾਖੀ ਤਾਂ ਕੈਨੇਡਾ ਦੇ ਸੁਪਨੇ ਲੈਣ ਲੱਗੀ ਤੇ ਕਦੇ ਕਦੇ ਚਰਨੇ ਨੂੰ ਆਖ ਦਿੰਦੀ ਕਿ ਧਿਆਨ ਨਾਲ ਕੰਮ ਕਰਿਆ ਕਰ। ਸਰਦਾਰ ਆਪਣੇ 'ਤੇ ਬਹੁਤ ਮੇਹਰਬਾਨ ਹੈ। ਆਪਾਂ ਨੂੰ ਕੈਨੇਡਾ ਮੰਗਵਾ ਲਊਗਾ। ਕਿਸੇ ਗੱਲੋਂ ਸਰਦਾਰ ਨੂੰ ਨਾਰਾਜ਼ ਨਾ ਕਰ ਬੈਠੀਂ।

ਡੇਢ ਸਾਲ ਰਾਖੀ ਲਗਾਤਾਰ ਬਚਿੱਤਰ ਸਿੰਘ ਦੀ ਹਵਸ ਦਾ ਸ਼ਿਕਾਰ ਹੁੰਦੀ ਰਹੀ। ਜੇ ਮਨ ਵਿਚ ਸ਼ੱਕ ਪੈਦਾ ਹੁੰਦਾ ਤਾਂ ਝੱਟ ਹੀ ਦੂਸਰੇ ਪਾਸੇ ਸੋਚਣ ਲੱਗ ਪੈਂਦੀ। ਹੁਣ ਤੱਕ ਉਸ ਨੇ ਦੇਖਿਆ ਵੀ ਕੀ ਹੈ, ਸਿਵਾਇ ਗਰੀਬੀ ਤੇ ਸੁੱਕੇ ਟੁੱਕਰਾਂ ਦੇ। ਕੈਨੇਡਾ ਜਾ ਕੇ ਉਹ ਆਪਣੇ ਭੈਣ ਭਰਾਵਾਂ ਨੂੰ ਮੰਗਵਾ ਲਵੇਗੀ ਤੇ ਉਹ ਵੀ ਪਿੰਡ 'ਚ ਕੋਠੀ ਪਾ ਕੇ ਸਰਦਾਰ ਅਖਵਾਇਆ ਕਰਨਗੇ। ਆਪਣੇ ਨਾਲੋਂ ਜ਼ਿਆਦਾ ਆਪਣੇ ਰਿਸ਼ਤੇਦਾਰਾਂ ਤੇ ਭੈਣ ਭਰਾਵਾਂ ਲਈ ਜੀਅ ਰਹੀ ਸੀ।

ਬਚਿੱਤਰ ਸਿੰਘ ਦੇ ਟੱਬਰ ਦਾ ਵੀਜ਼ਾ ਆ ਗਿਆ। ਨਵੇਂ ਲੀੜੇ-ਲੱਤੇ ਤੇ ਨਵੇਂ ਸੂਟ ਕੇਸ ਖਰੀਦੇ ਗਏ। ਬਚਿੱਤਰ ਸਿੰਘ ਦੀ ਘਰਵਾਲੀ ਰੋਜ਼ ਹੀ ਸ਼ਹਿਰ ਜਾਂਦੀ ਤੇ ਨਿੱਕ-ਸੁੱਕ ਨਾਲ ਲੱਦੀ ਆਉਂਦੀ। ਰਾਖੀ ਸੋਚਦੀ ਕਿ ਉਹ ਵੀ ਇਉਂ ਹੀ ਸਮਾਨ ਖਰੀਦੇਗੀ। ਅੱਜ ਤੱਕ ਤਾਂ ਉਸ ਨੇ ਲੋਕਾਂ ਦੇ ਲਾਹੇ ਹੀ ਪਾਏ ਸਨ।

ਸੀਟਾਂ ਬੁੱਕ ਹੋ ਗਈਆਂ। ਬਚਿੱਤਰ ਸਿੰਘ ਨੇ ਰਾਖੀ ਨੂੰ ਹੋਰ ਵੀ ਪੱਕਾ ਕਰ ਦਿੱਤਾ ਕਿ ਉਹ ਬੇਬੇ ਅਤੇ ਘਰ ਦੀ ਚੰਗੀ ਤਰ੍ਹਾਂ ਸਾਂਭ-ਸੰਭਾਲ ਕਰੇ। ਵਕੀਲ ਨੇ ਦੱਸਿਆ ਹੈ ਕਿ ਛੇਤੀ ਹੀ ਨਵਾਂ ਕਾਨੂੰਨ ਬਣ ਜਾਣੈ ਤੇ ਫਿਰ ਥੋਡਾ ਦੋਨਾਂ ਜੀਆਂ ਤੇ ਬੇਬੇ ਦਾ ਅਪਲਾਈ ਕਰ ਦੂੰਗਾ।

ਰਾਖੀ ਹੱਸ ਪਈ, 'ਬੇਬੇ ਕਿਵੇਂ ਜਾਊ। ਉਹ ਤਾਂ ਜਹਾਜ਼ ਵਿਚ ਬੈਠ ਨੀ ਸਕਦੀ।'

'ਉਹ ਤੂੰ ਫਿਕਰ ਨਾ ਕਰ। ਬੇਬੇ ਨੂੰ ਪੈਣ ਵਾਲੀ ਸੀਟ ਲੈ ਦੇਵਾਂਗੇ।'

ਬਚਿੱਤਰ ਸਿੰਘ, ਉਸ ਦੇ ਘਰ ਵਾਲੀ ਤੇ ਮੁੰਡਾ ਕੈਨੇਡਾ ਚਲੇ ਗਏ। ਹੁਣ ਚਰਨਾ, ਰਾਖੀ ਤੇ ਬਚਿੱਤਰ ਸਿਉਂ ਦੀ ਬੇਬੇ ਰਹਿ ਗਏ ਘਰ ਵਿਚ। ਰਾਖੀ ਬੇਬੇ ਦੀ ਪੂਰੀ ਸਾਂਭ-ਸੰਭਾਲ ਕਰਦੀ। ਸਮੇਂ ਸਿਰ ਦਵਾ-ਦਾਰੂ ਤੇ ਘਰ ਨੂੰ ਸਾਫ ਸੁਥਰਾ ਰੱਖਦੀ। ਉਹ ਬਚਿੱਤਰ ਸਿੰਘ ਤੋਂ ਕਿਸੇ ਵੀ ਕਿਸਮ ਦਾ ਉਲਾਂਭਾ ਨਹੀਂ ਸੀ ਲੈਣਾ ਚਾਹੁੰਦੀ।

ਆਂਢ-ਗੁਆਂਢ ਦੀਆਂ ਬੁੜੀਆਂ ਨੂੰ ਰਾਖੀ ਤੇ ਬਚਿੱਤਰ ਸਿਉਂ ਦੇ ਸੰਬੰਧਾਂ ਦੀ ਭਿਣਕ ਪੈ ਗਈ। ਜਦੋਂ ਬਚਿੱਤਰ ਸਿਉਂ ਏਥੇ ਸੀ ਤਾਂ ਆਪਸ ਵਿਚ ਘੁਸਰ-ਮੁਸਰ ਕਰਦੀਆਂ ਰਹਿੰਦੀਆਂ ਪਰ ਉਸ ਦੇ ਕੈਨੇਡਾ ਜਾਣ ਤੋਂ ਬਾਅਦ ਇਕ ਦੂਸਰੀ ਨਾਲ ਖੁੱਲ੍ਹ ਕੇ ਗੱਲਾਂ ਕਰਨ ਲੱਗ ਪਈਆਂ। ਕਦੇ-ਕਦੇ ਕੋਈ ਔਰਤ ਰਾਖੀ ਨੂੰ ਮਸ਼ਕਰੀ ਜਿਹੀ 'ਚ ਪੁੱਛ ਲੈਂਦੀ ਕਿ ਉਸ ਨੇ ਕਦੋਂ ਜਾਣਾ ਹੈ ਕੈਨੇਡਾ।

ਰਾਖੀ ਬੜੇ ਚਾਅ ਨਾਲ ਦੱਸਦੀ ਕਿ ਨਵਾਂ ਕਾਨੂੰਨ ਬਣਨ ਹੀ ਵਾਲਾ ਹੈ।

ਏਸੇ ਤਰ੍ਹਾਂ ਚਰਨੇ ਨੂੰ ਲੋਕ ਟਿੱਚਰਾਂ ਕਰਦੇ। ਇਕ ਦਿਨ ਅਮਲੀ ਭਜਨਾ ਕਹਿਣ ਲੱਗਾ, 'ਚਰਨਿਆ! ਕੈਨੇਡਾ ਜਾ ਕੇ ਮੈਨੂੰ ਅੰਗਰੇਜ਼ੀ ਸ਼ਰਾਬ ਦੀ ਬੋਤਲ ਜ਼ਰੂਰ ਭੇਜੀਂ!' ਤੇ ਦੂਸਰਾ ਵਿਚੋਂ ਹੀ ਬੋਲ ਪਿਆ, 'ਓਏ! ਇਹ ਨੀ ਆਪਣੇ ਨਾਲ ਰਲਦਾ। ਇਹ ਤਾਂ ਹੁਣ ਉਡੂੰ-ਉਡੂੰ ਕਰਦੈ।'

ਸਾਲ ਬਾਅਦ ਬਚਿੱਤਰ ਸਿਉਂ ਪਿੰਡ ਵਾਪਿਸ ਆ ਗਿਆ। ਉਸ ਦੀ ਘਰਵਾਲੀ ਓਥੇ ਹੀ ਰਹੀ। ਪੋਤਾ ਤੇ ਪੋਤੀ ਸਕੂਲ ਜਾਂਦੇ ਸਨ। ਉਨ੍ਹਾਂ ਨੂੰ ਵੀ ਤਾਂ ਕਿਸੇ ਨੇ ਸਾਂਭਣਾ ਸੀ। ਬਚਿੱਤਰ ਸਿਉਂ ਨੇ ਜ਼ਮੀਨ ਦਾ ਠੇਕਾ ਇਕੱਠਾ ਕਰਨਾ ਸੀ। ਇਸ ਲਈ ਆਉਣਾ ਪਿਆ। ਰਾਖੀ ਵਾਸਤੇ ਉਹ ਚੰਗੇ ਲੀੜੇ-ਕੱਪੜੇ ਲੈ ਆਇਆ। ਕੈਨੇਡਾ ਦੇ ਹਿਸਾਬ ਨਾਲ ਭਾਵੇਂ ਉਹ ਸਟੋਰਾਂ 'ਤੇ ਪਈ ਰਹਿੰਦ-ਖੂੰਹਦ ਹੀ ਸੀ ਪਰ ਰਾਖੀ ਤੇ ਚਰਨੇ ਵਾਸਤੇ ਬਹੁਤ ਕੀਮਤੀ ਸਨ। ਇਹੋ ਜਿਹੇ ਲੀੜੇ ਤਾਂ ਰਾਖੀ ਨੇ ਦੂਰੋਂ ਹੀ ਦੇਖੇ ਸਨ ਤੇ ਅੱਜ ਉਹ ਖੁਦ ਪਾਈ ਫਿਰਦੀ ਸੀ। ਬਚਿੱਤਰ ਸਿਉਂ ਰਾਖੀ ਨੂੰ ਖੁਸ਼ ਕਰਨ ਲਈ ਰਾਖੀ ਦੀ ਮੁੱਠੀ ਵਿਚ ਦੂਜੇ-ਤੀਜੇ ਦਿਨ ਹਜ਼ਾਰ ਦੋ ਹਜ਼ਾਰ ਰੁਪਏ ਦੇ ਦਿੰਦਾ। ਰਾਖੀ ਸਾਂਭ ਕੇ ਰੱਖ ਲੈਂਦੀ ਕਿ ਕੈਨੇਡਾ ਦੀ ਟਿਕਟ ਅਤੇ ਹੋਰ ਨਿੱਕ-ਸੁੱਕ ਖਰੀਦਣ ਵਾਸਤੇ ਪੈਸਿਆਂ ਦੀ ਲੋੜ ਪੈਣੀ ਹੈ। ਉਸ ਨੂੰ ਭਾਵੇਂ ਯਕੀਨ ਸੀ ਕਿ ਬਚਿੱਤਰ ਸਿਉਂ ਨੇ ਕਿਸੇ ਗੱਲ ਦੀ ਕਮੀ ਨਹੀਂ ਆਉਣ ਦੇਣੀ, ਫਿਰ ਵੀ ਆਪਣੇ ਕੋਲ ਕੁਝ ਹੋਣਾ ਚਾਹੀਦਾ ਹੈ।

'ਬਚਿੱਤਰ ਸਿਆਂ ਘਰੇ ਈ ਹੈਂ?' ਖੁੱਲ੍ਹੇ ਪਏ ਗੇਟ ਅੰਦਰ ਆਉਂਦੇ ਨਿਰਮਲ ਸਿਉਂ ਨੇ ਆਵਾਜ਼ ਮਾਰੀ।

'ਹਾਂ ਆ ਜਾ ਨਿਰਮਲ ਸਿਆਂ।' ਦੋਨੋਂ ਬਚਿੱਤਰ ਦੇ ਕਮਰੇ ਨਾਲ ਲੱਗਦੇ ਬਰਾਂਡੇ 'ਚ ਪਈਆਂ ਕੁਰਸੀਆਂ 'ਤੇ ਬੈਠ ਗਏ।

ਰਾਖੀ ਬਚਿੱਤਰ ਸਿੰਘ ਦੇ ਕਮਰੇ ਵਿਚ ਉਸ ਦੇ ਲੀੜੇ-ਕੱਪੜੇ ਸੰਭਾਲ ਰਹੀ ਸੀ। ਨਿਰਮਲ ਨੂੰ ਦੇਖ ਕੇ ਉਸ ਨੇ ਪੈਰ ਮਲ ਲਏ ਤੇ ਉਨ੍ਹਾਂ ਦੀਆਂ ਗੱਲਾਂ ਸੁਣਨ ਲੱਗ ਪਈ। ਬਚਿੱਤਰ ਸਿੰਘ ਸਮਝ ਰਿਹਾ ਸੀ ਕਿ ਰਾਖੀ ਉਸ ਦੀ ਮਾਂ ਦੀ ਸੇਵਾ ਸੰਭਾਲ 'ਚ ਲੱਗੀ ਹੋਈ ਹੈ। ਉਸ ਨੂੰ ਭੋਰਾ ਵੀ ਕਿਆਸ ਨਹੀਂ ਸੀ ਕਿ ਰਾਖੀ ਸਾਰਾ ਵਾਰਤਾਲਾਪ ਸੁਣ ਰਹੀ ਹੈ।

ਨਿਰਮਲ ਸਿੰਘ, ਬਚਿੱਤਰ ਸਿੰਘ ਦਾ ਲੰਗੋਟੀਆ ਯਾਰ ਸੀ। ਇਕ ਦੂਸਰੇ ਦੇ ਭੇਤੀ ਸਨ। ਕਿਸੇ ਵੇਲੇ ਇਕੱਠੇ ਸਕੂਲ ਪੜ੍ਹਦੇ ਰਹੇ ਸਨ। ਓਦੋਂ ਵੀ ਉਨ੍ਹਾਂ ਦੀ ਚੰਗੀ ਬਣਦੀ ਸੀ ਅਤੇ ਅੱਜ ਵੀ ਇਕ-ਦੂਸਰੇ ਦੇ ਵਫਾਦਾਰ ਸਨ।

ਰਸਮੀ ਜਿਹੀ ਗੱਲਬਾਤ ਤੋਂ ਬਾਅਦ ਨਿਰਮਲ ਸਿਉਂ ਨੇ ਕਹਿਣਾ ਸ਼ੁਰੂ ਕੀਤਾ, 'ਮੈਂ ਸੁਣਿਆ ਤੂੰ ਆਪਣੇ ਨੌਕਰਾਂ ਤੇ ਬੇਬੇ ਦਾ ਅਪਲਾਈ ਕਰਨਾ ਆ। ਬੇਬੇ ਦੀ ਗੱਲ ਤਾਂ ਮੈਂ ਸਮਝਦਾਂ ਪਰ ਨੌਕਰਾਂ ਨੂੰ ਕਿਹੜੇ ਕਾਨੂੰਨ 'ਚ ਲੈ ਕੇ ਜਾਵੇਂਗਾ। ਸੋਚਿਆ, ਪੁੱਛ ਕੇ ਆਉਨਾ। ਮੈਂ ਵੀ ਸੋਚਦਾਂ, ਕੋਈ ਬੰਦਾ ਰਿਸ਼ਤੇਦਾਰੀ 'ਚੋਂ ਏਸ ਤਰ੍ਹਾਂ ਲੰਘਾ ਲਈਏ। ਰਿਸ਼ਤੇਦਾਰਾਂ ਨੂੰ ਝਾਕ ਰਹਿੰਦੀ ਆ ਬਈ ਸਾਡਾ ਵੀ ਕੋਈ ਧੀ ਪੁੱਤ ਬਾਹਰ ਕੱਢਣਗੇ।'

ਹੁਣ ਰਾਖੀ ਨੇ ਸਾਹ ਲੈਣਾ ਵੀ ਬੰਦ ਕਰ ਦਿੱਤਾ। ਵਰ੍ਹਿਆਂ ਦੀ ਉਡੀਕ ਬਾਅਦ ਅਸਲੀ ਗੱਲ ਉਸ ਦੇ ਕੰਨੀਂ ਪੈਣੀ ਸੀ ਕਿ ਕਦੋਂ ਕਾਨੂੰਨ ਬਣਨਾ ਹੈ।

ਬਚਿੱਤਰ ਸਿਉਂ ਹੱਸਿਆ ਤੇ ਕਹਿਣ ਲੱਗਾ, 'ਯਾਰ! ਤੂੰ ਵੀ ਭੋਲਾ ਹੀ ਰਿਹਾ। ਕਿਹੜਾ ਕਾਨੂੰਨ ਤੇ ਕੀਹਨੇ ਕਿਸ ਨੂੰ ਮੰਗਵਾਉਣਾ ਹੈ। ਸਾਲੀ ਦਿਲ ਨੂੰ ਚੰਗੀ ਲੱਗ ਗਈ। ਟਾਈਮ ਪਾਸ ਕਰਨਾ ਸ਼ੁਰੂ ਕਰ ਦਿੱਤਾ। ਜੇ ਤੂੰ ਦੇਖੇਂ, ਤੂੰ ਵੀ ਲੱਟੂ ਹੋ ਜਾਵੇਂ। ਜਿੰਨਾ ਚਿਰ ਚੱਲੀ ਜਾਂਦੀ ਆ, ਚੱਲੀ ਜਾਣ ਦਿਉ। ਇਕ ਦਿਨ ਆਪੇ ਏਹਨੂੰ ਪਤਾ ਲੱਗ ਜੂ। ਨਾਲੇ ਯਾਰ, ਬੇਬੇ ਦਾ ਬਹੁਤ ਔਖਾ ਸੀ। ਏਸ ਕਰਕੇ ਮੈਨੂੰ ਇਹ ਲਾਰਾ ਲਾਉਣਾ ਪਿਆ। ਇਨ੍ਹਾਂ 'ਤੇ ਤਸੱਲੀ ਹੈ, ਹੋਰ ਕਿਸੇ 'ਤੇ ਯਕੀਨ ਕਰਨਾ ਔਖਾ ਹੈ, ਇਨ੍ਹਾਂ ਦੇ ਸਿਰ 'ਤੇ ਬੇਬੇ ਦਾ ਫਿਕਰ ਨੀ ਰਹਿੰਦਾ।

'ਅੱਛਾ! ਮੈਂ ਵੀ ਆਖਿਆ ਮੈਨੂੰ ਤਾਂ ਜਵਾਕਾਂ ਨੇ ਨਵੇਂ ਕਾਨੂੰਨ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਰੋਜ਼ ਫੋਨ ਕਰ ਕੇ ਪੁੱਛਦਾਂ ਬਈ ਜੇ ਕਿਤੇ ਕਿਸੇ ਰਿਸ਼ਤੇਦਾਰ ਦਾ ਕੰਮ ਬਣ ਜੇ।'

ਦੋਨੋਂ ਜਣੇ ਹੱਸਣ ਲੱਗੇ। ਰਾਖੀ ਹੌਲੀ ਜਿਹੀ ਪਰਲੇ ਦਰਵਾਜ਼ੇ ਰਾਹੀਂ ਕਮਰੇ 'ਚੋਂ ਬਾਹਰ ਨਿਕਲ ਗਈ। ਬਚਿੱਤਰ ਸਿਉਂ ਨੂੰ ਸ਼ੱਕ ਤਾਂ ਪਈ ਬਈ ਰਾਖੀ ਕਮਰੇ 'ਚੋਂ ਬਾਹਰ ਗਈ ਹੈ ਹੁਣੇ-ਹੁਣੇ।

ਨਿਰਮਲ ਉਠ ਖੜ੍ਹਾ ਹੋਇਆ। ਬਚਿੱਤਰ ਸਿਉਂ ਨੇ ਮਲ੍ਹਵੀ ਜਿਹੀ ਆਵਾਜ਼ 'ਚ ਕਿਹਾ ਕਿ ਚਾਹ ਪੀ ਕੇ ਜਾਵੇ। ਦਰਅਸਲ, ਉਸ ਨੂੰ ਡਰ ਹੋ ਗਿਆ ਸੀ ਕਿ ਕਿਤੇ ਅੱਜ ਹੀ ਨਾ ਪਟਾਕਾ ਪੈ ਜਾਵੇ। ਜਿਉਂ ਹੀ ਨਿਰਮਲ ਸਿੰਘ ਘਰੋਂ ਨਿਕਲਿਆ, ਰਾਖੀ ਆ ਗਰਜੀ।

'ਕਿਉਂ ਸਰਦਾਰਾ ਅੱਜ ਮੈਨੂੰ ਦੱਸ ਹੀ ਦੇ ਕਿ ਤੇਰਾ ਨਵਾਂ ਕਾਨੂੰਨ ਕਦੋਂ ਬਣਨਾ ਹੈ ਤੇ ਤੂੰ ਸਾਡੀ ਚਿੱਠੀ ਕਦੋਂ ਭਰਨੀ ਹੈ?'

ਬਚਿੱਤਰ ਸਿੰਘ ਸਹਿਮ ਗਿਆ ਸੀ ਕਿ ਕੀ ਜਵਾਬ ਦੇਵੇ।

'ਨਾ ਬੋਲ ਹੁਣ! ਅੱਜ ਕਰ ਹੀ ਲੈ ਪੱਕੀ ਗੱਲ।'

ਬਚਿੱਤਰ ਸਿਉਂ ਤਾੜ ਗਿਆ ਕਿ ਰਾਖੀ ਨੇ ਸਾਰੀ ਗੱਲ ਸੁਣ ਲਈ ਹੈ। ਉਹ ਫੋਕਾ ਰੋਅਬ ਪਾਉਣ ਦੇ ਲਹਿਜ਼ੇ ਵਿਚ ਬੋਲਿਆ, 'ਜੇ ਏਸ ਤਰ੍ਹਾਂ ਲੋਕ ਜਾਤਾਂ-ਕੁਜਾਤਾਂ ਨੂੰ ਕੈਨੇਡਾ ਮੰਗਵਾਉਣ ਲੱਗੇ ਤਾਂ ਸਰ ਗਿਆ। ਪਾਸਪੋਰਟ ਬਣਵਾ ਕੇ ਰੱਖੀਂ। ਜਹਾਜ਼ ਵੀ ਨਵਾਂ ਬਣਨਾ ਤੇਰੇ ਲਈ। ਝੜੰਮ ਕਿਸੇ ਥਾਂ ਦੀ। ਜਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨੂੰ ਜੱਫੇ।'

ਰਾਖੀ ਨੇ ਬਚਿੱਤਰ ਸਿਉਂ ਦੇ ਗਲਮੇ ਨੂੰ ਹੱਥ ਪਾ ਲਿਆ ਤੇ ਪਤਾ ਹੀ ਨਾ ਲੱਗਿਆ ਜਦੋਂ ਉਸ ਨੇ ਤਾੜ-ਤਾੜ ਕਰਦੀਆਂ ਅਣਗਿਣਤ ਚਪੇੜਾਂ ਉਸ ਦੇ ਮੂੰਹ 'ਤੇ ਜੜ ਦਿੱਤੀਆਂ।

ਬਚਿੱਤਰ ਸਿੰਘ ਨੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ, 'ਕੁੱਤੀ... ਹਰਾਮਜ਼ਾਦੀ... ਝੜੰਮ...ਤੇਰੀ ਮਾਂ ਨੂੰ...ਤੇਰੀ ਭੈਣ ਨੂੰ...। ਸਾਲੀ ਖਾਂਦੀ ਪੀਂਦੀ ਮੱਛਰ ਗਈ। ਖਾਣ ਦੀ ਕੁੱਤੀ...ਖਾ-ਪੀ ਕੇ ਕਿਵੇਂ ਭੌਂਕਦੀ ਆ?'

ਚਰਨਾ ਵੀ ਮੱਝ ਨੂੰ ਪੱਠੇ ਪਾਉਂਦਾ-ਪਾਉਂਦਾ ਆ ਗਿਆ। ਰਾਖੀ ਨੇ ਰੋਂਦੀ-ਰੋਂਦੀ ਨੇ ਚਰਨੇ ਦੀ ਬਾਂਹ ਫੜ ਕੇ ਕਹਿਣਾ ਸ਼ੁਰੂ ਕੀਤਾ, 'ਏਸ ਦਰਿੰਦੇ ਨੇ ਏਨੇ ਵਰ੍ਹੇ ਮੇਰੇ ਨਾਲ ਖੇਹ ਖਾਧੀ। ਮੇਰੀ ਗਰੀਬੀ ਦਾ ਫਾਇਦਾ ਉਠਾਇਆ। ਮੈਨੂੰ ਲਾਰਾ ਲਾਉਂਦਾ ਰਿਹਾ ਕੈਨੇਡਾ ਦਾ।'

ਤੇ ਫਿਰ ਬਚਿੱਤਰ ਸਿਉਂ ਵੱਲ ਹੱਥ ਕਰ ਕੇ ਬੋਲੀ, 'ਹਰਾਮਜ਼ਾਦਿਆ। ਤੈਨੂੰ ਕਿਤੇ ਢੋਈ ਨੀ ਮਿਲਣੀ। ਦੇਖੀਂ ਕੀੜੇ ਪੈ ਕੇ ਮਰੇਂਗਾ। ਕੁੱਤਾ ਬਦਮਾਸ਼। ਭੈਣ ਦਾ...। ਸਾਡੀ ਗਰੀਬਾਂ ਦੀ ਆਹ ਤੈਨੂੰ ਲੱਗ ਕੇ ਰਹੂਗੀ।'

ਰੌਲਾ ਸੁਣ ਕੇ ਆਂਢ-ਗਆਂਢ ਇਕੱਠਾ ਹੋ ਗਿਆ। ਬੇਇਜ਼ਤੀ ਹੁੰਦੀ ਦੇਖ ਬਚਿੱਤਰ ਸਿੰਘ ਨੇ ਪੂਰੇ ਜ਼ੋਰ ਨਾਲ ਰਾਖੀ ਨੂੰ ਧੱਕਾ ਦਿੱਤਾ ਤੇ ਰਾਖੀ ਦਾ ਸਿਰ ਨੇੜੇ ਪਏ ਪੱਥਰ ਦੇ ਗਮਲੇ 'ਚ ਜਾ ਵੱਜਿਆ। ਚਰਨੇ ਨੇ ਭੱਜ ਕੇ ਰਾਖੀ ਨੂੰ ਚੁੱਕਿਆ। ਉਹ ਬੇਹੋਸ਼ ਹੋ ਗਈ ਸੀ। ਕਿਸੇ ਨੇ ਉਸ ਦੇ ਪੈਰ ਮਲੇ, ਕਿਸੇ ਨੇ ਤਲੀਆਂ, ਕਿਸੇ ਨੇ ਸਿਰ ਟੋਹਿਆ। ਕੋਈ ਦੁੱਧ 'ਚ ਘਿਉ ਪਾ ਕੇ ਲੈ ਆਇਆ ਤੇ ਕੋਈ ਡਾਕਟਰ ਵੱਲ ਭੱਜਿਆ। ਗੱਲ ਕੀ, ਸਾਰਾ ਆਂਢ-ਗੁਆਂਢ ਭੱਜਿਆ ਫਿਰਦਾ ਸੀ।

ਰਾਖੀ ਨੂੰ ਹੋਸ਼ ਤਾਂ ਆ ਗਈ ਪਰ ਉਸ ਦਿਨ ਤੋਂ ਉਹ ਪਿੰਡ ਦੀ ਪਾਗਲ ਔਰਤ ਬਣ ਗਈ। ਉਸ ਦੇ ਵਾਲ ਸਦਾ ਖਿਲਰੇ ਰਹਿੰਦੇ ਤੇ ਲੀੜੇ ਥਾਂ-ਥਾਂ 'ਤੋਂ ਪਾਟੇ। ਜੋ ਮਿਲਦਾ, ਖਾ ਲੈਂਦੀ। ਜਿੱਥੇ ਨੀਂਦ ਆ ਜਾਂਦੀ, ਸੌਂ ਜਾਂਦੀ।

ਮੋਢੇ 'ਤੇ ਪੁਰਾਣਾ ਬੈਗ ਲਟਕਾਈ ਗਲੀਆਂ 'ਚ ਫਿਰਦੀ ਰਹਿੰਦੀ ਤੇ ਹਰ ਕਿਸੇ ਨੂੰ ਆਖਦੀ ਕਿ ਉਹ ਕੈਨੇਡਾ ਚਲੀ ਹੈ। ਕੈਨੇਡਾ... ਕੈਨੇਡਾ... ਕੈਨੇਡਾ ਕਰਦੀ ਆਉਂਦੀਆਂ-ਜਾਂਦੀਆਂ ਕਾਰਾਂ ਪਿੱਛੇ ਭੱਜਦੀ ਰਹਿੰਦੀ। ਪਿੰਡ ਦੇ ਜਵਾਕ ਉਸ ਨੂੰ ਕੈਨੇਡਾ... ਕੈਨੇਡਾ ਕਰ ਛੇੜਦੇ ਰਹਿੰਦੇ। ਉਹ ਜਵਾਕਾਂ ਨੂੰ ਗਾਲ੍ਹਾਂ ਕੱਢਦੀ ਤੇ ਜਵਾਕ ਉਸ ਦੇ ਰੋੜੇ ਮਾਰਦੇ। ਕਦੇ-ਕਦੇ ਪਿੰਡ ਦਾ ਵੱਡੀ ਉਮਰ ਦਾ ਬੰਦਾ ਕਹਿ ਦਿੰਦਾ... ਨਾ ਤੰਗ ਕਰੋ ਵਿਚਾਰੀ ਨੂੰ... ਕਰਮਾਂ ਮਾਰੀ ਨੂੰ।

ਤੇ ਇਕ ਦਿਨ ਫਿਰਨੀ 'ਤੇ ਕਾਰ ਆਉਂਦੀ ਦੇਖ ਕੈਨੇਡਾ-ਕੈਨੇਡਾ ਕਰਦੀ ਉਹ ਕਾਰ ਵੱਲ ਭੱਜ ਤੁਰੀ ਤੇ ਕਾਰ ਦੇ ਮੂਹਰੇ ਆ ਗਈ। ਡਰਾਈਵਰ ਨੇ ਬਥੇਰੇ ਬਰੇਕ ਮਾਰੇ ਪਰ ਰਾਖੀ ਕਾਰ ਥੱਲੇ ਆ ਗਈ ਤੇ ਪਤਾ ਨੀ ਕਿਹੜੇ ਦੇਸ਼ ਨੂੰ ਤੁਰ ਗਈ। ਸ਼ਾਇਦ ਕੈਨੇਡਾ ਜਾਣ ਲਈ ਉਸ ਦੀ ਟਿਕਟ ਆ ਗਈ ਸੀ।

# ਪੰਜਾਬ ਦੀ ਵੰਡ ਦਾ ਮਾਰਮਿਕ ਚਿੱਤਰ: 1947

ਅਰਪਨਾ ਕੌਰ ਦਾ ਬਣਾਇਆ ਚਿੱਤਰ '1947' ਵਿਲੱਖਣ ਹੋਣ ਦੇ ਨਾਲ-ਨਾਲ ਮਹੱਤਵਪੂਰਨ ਵੀ ਹੈ। ਚਿੱਤਰ ਦਾ ਸਿਰਲੇਖ ਤੈਅ ਕਰ ਦਿੰਦਾ ਹੈ ਕਿ ਇਸ ਦਾ ਸਬੰਧ ਪੰਜਾਬ ਦੀ ਵੰਡ ਨਾਲ ਹੈ।

ਭੂਗੋਲਿਕ ਵੰਡਾਂ ਕਦੇ ਆਰਜ਼ੀ ਹੁੰਦੀਆਂ ਹਨ ਅਤੇ ਕਦੇ ਸਦੀਵੀ। ਵਿਸ਼ਵ ਇਤਿਹਾਸ ਇਸ ਦਾ ਗਵਾਹ ਹੈ। ਪੰਜਾਬ ਦੀ ਵੰਡ ਸਦੀਵੀ ਵਰਗ ਵਿਚ ਆਉਂਦੀ ਹੈ। ਚੜ੍ਹਦੇ ਪਾਸੇ ਵਾਲੇ ਪੰਜਾਬ ਅਤੇ ਲਹਿੰਦੇ ਪਾਸੇ ਵਾਲੇ ਪੰਜਾਬ ਵਿਚਾਲੇ ਕਈ ਭਾਵਨਾਤਮਕ ਇਕਾਈਆਂ ਸਾਂਝੀਆਂ ਹੋਣ ਦੇ ਬਾਵਜੂਦ ਬਹੁਤ ਕੁਝ ਵਖਰੇਵੇਂ ਵਾਲਾ ਵੀ ਹੈ।

ਚਿੱਤਰ ਵਿਚ ਇਕੋ ਕਿਰਦਾਰ ਹੈ ਅਤੇ ਉਹ ਵੀ ਬਿਰਧ ਸਿੱਖ। ਜੋ ਇਸ ਕਿਰਦਾਰ ਰਾਹੀਂ ਦਿਖਾਇਆ/ਕੀਤਾ ਜਾ ਰਿਹਾ ਹੈ, ਉਹ ਵਿਲੱਖਣ ਹੈ। ਨਿਰੋਲ ਤਸਵੀਰ ਦਰਸ਼ਕ ਨੂੰ ਦੂਰ ਤਕ ਲਿਜਾਣ ਤੋਂ ਅਸਮਰੱਥ ਹੈ, ਕਿਉਂਕਿ ਇਹ ਬਣੀ ਹੀ ਇਸ ਤਰ੍ਹਾਂ ਹੈ। ਇਸ



**ਜਗਤਾਰਜੀਤ ਸਿੰਘ**
ਫੋਨ: +91-98990-91186

ਰਚਨਾ ਦੇ ਪਿਛੋਕੜ ਵਿਚ ਕਹਾਣੀ ਹੈ, ਕਹਾਣੀ ਦੀ ਜਾਣਕਾਰੀ ਦਰਸ਼ਕ ਨੂੰ ਚਿੱਤਰ ਦੇ ਕਰੀਬ ਲੈ ਆਉਂਦੀ ਹੈ।

'1947' ਸਿਰਲੇਖ ਵਾਲਾ ਇਹ ਚਿੱਤਰ 1997 ਵਿਚ ਬਣਾਇਆ ਗਿਆ ਜਦ ਦੇਸ਼ ਸੁਤੰਤਰਤਾ ਦੀ ਪੰਜਾਹਵੀਂ ਵਰ੍ਹੇਗੰਢ ਮਨਾ ਰਿਹਾ ਸੀ। ਇਸ ਪੇਂਟਿੰਗ ਦਾ ਆਕਾਰ ਸੱਠ ਸੈਂਟੀਮੀਟਰ ਗੁਣਾ ਛਿਆਹਟ ਸੈਂਟੀਮੀਟਰ ਹੈ।

ਘਟਨਾ ਅਨੁਸਾਰ (ਅਰਪਨਾ ਕੌਰ ਦੀ ਮਾਂ) ਅਜੀਤ ਕੌਰ (ਉਸ ਵੇਲੇ ਬਾਲੜੀ ਉਮਰ) ਦੇ ਮਾਪੇ ਗੜਬੜ ਸਮੇਂ ਸਰਹੱਦ ਪਾਰ ਕਰ ਭਾਰਤ ਆ ਗਏ ਹਨ। ਇਨ੍ਹਾਂ ਨਾਲ ਅਜੀਤ ਕੌਰ ਦਾ ਭਰਾ ਵੀ ਸੀ। ਪਰਿਵਾਰ ਦੇ ਬਜ਼ੁਰਗ ਜ਼ਿੱਦ ਕਰ ਕੇ ਲਾਹੌਰ ਹੀ ਟਿਕੇ ਰਹੇ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ 'ਇਹ ਕੱਟ-ਵੱਢ ਅਤੇ ਅੱਗ ਦਾ ਰਕਸ (ਨਾਚ) ਕੁਝ ਦਿਨਾਂ ਲਈ ਹੈ; ਠੰਢ-ਠੰਢਾਰਾ ਵਰਤ ਜਾਵੇਗਾ ਤਾਂ ਤੁਸੀਂ ਵੀ ਵਾਪਸ ਆ ਜਾਇਓ।'

ਦਿਨਾਂ ਬਾਅਦ ਦਿਨ ਲੰਘਣ ਲੱਗੇ। ਧਰਤੀ ਅੰਦਰ ਰਿਸਣ ਵਾਲੇ ਲਹੂ ਦੀ ਮਿਕਦਾਰ ਵਧਦੀ ਗਈ। ਏਧਰ ਆ ਗਿਆਂ ਦਾ ਆਪਣੇ ਬਜ਼ੁਰਗਾਂ ਪ੍ਰਤੀ ਫਿਕਰ ਉਸੇ ਅਨੁਪਾਤ ਨਾਲ ਵਧਣ ਲੱਗਾ। ਚੰਗਾ-ਬੁਰਾ ਵਿਚਾਰਨ ਬਾਅਦ ਅਜੀਤ ਕੌਰ ਦੇ ਪਿਤਾ ਸ਼ਿਮਲੇ ਤੋਂ ਲਾਹੌਰ ਵੱਲ ਤੁਰ ਪਏ। ਲਾਹੌਰ ਪਹੁੰਚਣ ਉਪਰੰਤ ਸਭ ਕੁਝ ਬਦਲਿਆ-ਬਦਲਿਆ ਲੱਗ ਰਿਹਾ ਸੀ। ਬਜ਼ੁਰਗ ਇਕ ਰਿਫਿਊਜੀ ਕੈਂਪ ਵਿਚ ਮਿਲ ਗਏ ਪਰ ਬਹੁਤ ਬੁਰੀ ਹਾਲਤ ਵਿਚ।

ਇਸ ਤੋਂ ਬਾਅਦ ਮਨ ਅੰਦਰ ਵਿਚਾਰ ਬਣਿਆ ਕਿ ਕਿਉਂ ਨਾ ਆਪਣੇ ਛੱਡੇ ਘਰ ਦਾ ਇਕ ਵਾਰੀ ਦੀਦਾਰ ਕਰ ਲਿਆ ਜਾਵੇ। ਮਦਦ ਵਾਸਤੇ ਆਪਣੇ ਦੋਸਤ ਡਾਕਟਰ ਮੁਹੰਮਦ ਯੂਨਸ ਨੂੰ ਫੋਨ ਕਰ ਆਪਣੀ ਇੱਛਾ ਪ੍ਰਗਟਾਈ ਗਈ। ਜੁਆਬ ਵਿਚ ਪਤਾ ਲੱਗਿਆ, "ਉਹ ਥਾਂ ਹੁਣ ਧਾੜਵੀਆਂ ਦੇ ਕਬਜ਼ੇ ਹੇਠ ਹੈ। ਇਸ ਕਾਰਨ ਉਥੇ ਜਾਣਾ ਅਤੇ ਘਰ ਦੇਖਣਾ ਅਸੰਭਵ ਹੈ। ਹਾਂ, ਜੇ ਕੋਈ ਕੀਮਤੀ ਵਸਤੂ ਲੁਕਾ ਕੇ ਰੱਖੀ ਹੈ, ਉਹ ਲਿਆ ਕੇ ਦਿੱਤੀ ਜਾ ਸਕਦੀ ਹੈ।" ਅਜੀਤ ਕੌਰ ਦੇ ਪਿਤਾ ਨੇ ਆਪਣੇ ਦੋਸਤ ਨੂੰ ਕਿਹਾ, "ਮੈਨੂੰ ਹੋਰ ਕਿਸੇ ਵਸਤੂ ਦੀ ਕੋਈ ਲੋੜ ਨਹੀਂ, ਸਾਡੀ ਸਭ ਤੋਂ ਕੀਮਤੀ ਸ਼ੈਅ ਉਸ ਘਰ ਵਿਚ ਹੈ, ਤੂੰ ਉਹ ਲਿਆ ਦੇ, ਤੇਰੀ ਮਿਹਰਬਾਨੀ ਹੋਵੇਗੀ। ਉਹ ਸਾਡਾ ਪਵਿੱਤਰ ਗ੍ਰੰਥ ਗੁਰੂ ਗ੍ਰੰਥ ਸਾਹਿਬ।"

ਕੁਝ ਸਮੇਂ ਬਾਅਦ ਡਾ. ਮੁਹੰਮਦ ਯੂਨਸ ਗੁਰੂ ਗ੍ਰੰਥ ਸਾਹਿਬ ਲੈ ਕੇ ਹਾਜ਼ਰ ਹੋ ਗਿਆ। ਉਹ ਹਰੇ ਕੱਪੜੇ ਵਿਚ ਲਿਪਟਿਆ ਸੀ। ਉਸ ਦੱਸਿਆ ਕਿ ਇਹ ਉਹ ਕੱਪੜਾ ਹੈ ਜਿਸ ਨਾਲ ਉਹ ਕੁਰਾਨ ਵਲ੍ਹੇਟ ਕੇ ਰੱਖਦਾ ਆ ਰਿਹਾ ਹੈ।

ਡਾ. ਮੁਹੰਮਦ ਯੂਨਸ ਤੋਂ ਗੁਰੂ ਗ੍ਰੰਥ ਸਾਹਿਬ ਲੈ ਆਪਣੇ ਸਿਰ ਉਪਰ ਰੱਖ ਇਕ ਵਾਰ ਮੁੜ ਸਰਹੱਦ ਪਾਰ ਕੀਤੀ। ਅਰਪਨਾ ਕੌਰ ਦੀ ਪੇਂਟਿੰਗ ਉਸੇ ਘਟਨਾ ਨੂੰ ਦ੍ਰਿਸ਼ ਵਿਚ ਰੂਪਾਂਤਰਿਤ ਕਰ ਰਹੀ ਹੈ। ਬਿਰਧ ਬੰਦਾ, ਚਿੱਤਰਕਾਰ ਦਾ ਨਾਨਾ ਹੈ ਜਿਸ ਦੇ ਸਿਰ ਉਪਰ ਹਰੇ ਕੱਪੜੇ ਵਿਚ ਲਿਪਟਿਆ ਹੋਇਆ ਗੁਰੂ ਗ੍ਰੰਥ ਸਾਹਿਬ ਹੈ। ਉਹ ਬੀੜ ਹਾਲੇ ਵੀ ਪਰਿਵਾਰ ਕੋਲ ਹੈ ਅਤੇ ਉਹਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਸਾਰੇ ਕੈਨਵਸ ਦੀ ਪਿੱਠਭੂਮੀ ਇਕੋ ਰੰਗ, ਭਾਵ ਲਾਲ ਰੰਗ ਨਾਲ ਪੋਤੀ ਹੋਈ ਹੈ। ਇਹ ਇਕਸਾਰ ਹੈ। ਓਦਾਂ ਵੀ ਇੱਥੇ ਰੰਗਾਂ ਦੀ ਗਿਣਤੀ ਘੱਟ ਹੈ। ਤਿੰਨ-ਚਾਰ ਰੰਗਾਂ ਤੋਂ ਵੱਧ ਦੀ ਵਰਤੋਂ ਨਹੀਂ ਕੀਤੀ ਹੋਈ ਤਾਂ ਵੀ ਇਸ ਕਿਰਤ ਵਿਚ ਬਹੁਤ ਕੁਝ ਦਰਜ ਹੈ।

ਸੰਨ ਸੰਤਾਲੀ ਕਿਸੇ ਲਈ ਸੁਤੰਤਰਤਾ ਦਾ ਦਿਨ ਹੈ ਤੇ ਕਿਸੇ ਲਈ ਉਜਾੜੇ ਦਾ। ਪੰਜਾਬ ਨੇ ਇਸ ਤੋਂ ਵੱਧ ਹੌਲਨਾਕ ਸਮਾਂ ਪਹਿਲਾਂ ਕਦੇ ਨਹੀਂ ਦੇਖਿਆ ਸੀ। ਅਨੇਕਾਂ ਹਮਲਾਵਰ ਆਏ। ਕਈ ਵਾਰ ਕਤਲੇਆਮ ਹੋਏ। ਅਜਿਹੇ ਵੇਲੇ ਇਹ ਤਾਂ ਪੱਕਾ ਸੀ ਕਿ ਦੁਸ਼ਮਣ ਕੌਣ ਸੀ ਪਰ ਸੰਤਾਲੀ ਵੇਲੇ ਆਲੇ-ਦੁਆਲਿਓਂ ਹੀ ਉਠ ਖੜ੍ਹੇ ਹੋਏ। ਇਸ ਵੱਢ-ਟੁੱਕ ਲਈ ਬਾਹਰੀ ਅਤੇ ਅੰਦਰਲੀ ਹਾਕਮ ਜਮਾਤ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਕੈਨਵਸ ਅਜਿਹੀ ਕੋਈ ਗੱਲ ਨਹੀਂ ਕਰ ਰਿਹਾ। ਹਾਂ, ਉਹ ਦੱਸ ਰਿਹਾ ਹੈ ਕਿ ਜਿਸ ਸਮੇਂ ਦੀ ਗੱਲ ਕੀਤੀ ਜਾ ਰਹੀ ਹੈ, ਉਸ ਵੇਲੇ ਸਾਰੀ ਧਰਤ ਲਾਲੋ-ਲਾਲ ਸੀ। ਇੱਥੇ ਅਤਿਕਥਨੀ ਨਹੀਂ। ਦਿਖਾਈ ਦੇ ਰਿਹਾ ਸਿੱਖ ਪਾਤਰ ਉਸੇ ਧਰਤੀ ਉਪਰ ਪੈਰ ਟਿਕਾਅ ਅੱਗੇ ਵਧ ਰਿਹਾ ਹੈ।

ਲਾਲ ਧਰਾਤਲ ਉਪਰ ਇਕ ਤੋਂ ਦੂਸਰੇ ਪਾਸੇ ਤੱਕ ਕਾਲੇ ਰੰਗ ਨਾਲ ਕਿਸੇ ਜਾਨਵਰ ਦੇ ਛੋਟੇ-ਛੋਟੇ ਲਕੀਰੀ ਆਕਾਰ ਬਣੇ ਹੋਏ ਹਨ। ਆਕਾਰਾਂ ਵਿਚ ਭਿੰਨਤਾ ਨਹੀਂ। ਲਾਲ ਧਰਤ ਉਪਰ ਘੁੰਮਦਾ ਇਹ ਝੁੰਡ ਸਮੇਂ ਦੇ ਆਦਮੀ ਦੀ ਦਰਿੰਦਗੀ ਨੂੰ ਦਰਸਾ ਰਿਹਾ ਹੈ। ਝੁੰਡ ਨੁਮਾਇਆ ਨਹੀਂ, ਪਰ ਗੈਰ-ਹਾਜ਼ਰ ਵੀ ਨਹੀਂ। ਇਨ੍ਹਾਂ ਦੀ ਪ੍ਰਮੁੱਖਤਾ ਪੇਂਟਰ ਦੇ ਰਚੇ ਪਾਤਰ ਦੇ ਗੁਣਾਂ ਨੂੰ ਦਬਾਅ ਸਕਦੀ ਸੀ। ਜਾਨਵਰ ਸਮੂਹ ਵਿਚ ਘਿਰੇ ਹੋਣ ਦੇ ਬਾਵਜੂਦ ਉਹ ਆਪਣੇ ਰਾਹ ਉਪਰ ਤੁਰਿਆ ਜਾ ਰਿਹਾ, ਬਿਨਾਂ ਡਰੇ, ਬਿਨਾਂ ਜਾਨਵਰ ਨੂੰ ਛਿਛਕੇਰਿਆਂ। ਖੂਨੀ ਮਾਹੌਲ ਵਿਚਾਲੇ ਅਡੋਲ ਤੁਰਦੇ ਰਹਿਣਾ ਅਲੋਕਾਰੀ ਕਾਰਜ ਹੈ। ਇਕ ਕਿਰਿਆ ਅਨੇਕਾਂ ਕਿਰਿਆਵਾਂ ਲਈ ਮਿਸਾਲ ਬਣ ਜਾਂਦੀ ਹੈ।



ਸੰਤਾਲੀ ਬਾਰੇ ਕਲਾ-ਕਿਰਤ '1947'।

***ਚਿੱਤਰ ਵਿਚ ਬਜ਼ੁਰਗ ਉਮਰ ਦੇ ਭਾਰ ਨਾਲ ਕੁੱਬਾ ਹੋ ਚੁੱਕਾ ਹੈ। ਏਨੀ ਉਮਰ ਅਤੇ ਇਸ ਅੰਦਾਜ਼ ਵਿਚ ਪੇਸ਼ ਕਰਨ ਪਿੱਛੇ ਚਿੱਤਰਕਾਰ ਦੀ ਕਲਪਨਾ ਵੀ ਹੋ ਸਕਦੀ ਹੈ। ਹਰੇ ਕੱਪੜੇ ਨਾਲ ਕੱਜੀ ਬੀੜ ਬਜ਼ੁਰਗ ਸਿਰ ਰੱਖੀ ਪੀੜ੍ਹੀ ਉਪਰ ਸੁਸ਼ੋਭਿਤ ਹੈ। ਉਸ ਨੂੰ ਸੱਜੇ ਹੱਥ ਦਾ ਸਹਾਰਾ ਮਿਲਿਆ ਹੋਇਆ ਹੈ। ਦੂਜੇ ਪਾਸੇ ਮੋਢੇ ਲੱਗੀ ਵੱਡੀ ਸਫੈਦ ਪੰਡ ਨੂੰ ਖੱਬੇ ਹੱਥ ਨੇ ਘੁੱਟ ਕੇ ਨੱਪਿਆ ਹੋਇਆ ਹੈ। ਇਹ ਸ਼ਖਸ ਦੋ ਬੇਸ਼ਕੀਮਤੀ ਵਸਤਾਂ ਸਾਂਭੀ ਚਲਿਆ ਜਾ ਰਿਹਾ ਹੈ।***



ਚਿੱਤਰਕਾਰ ਅਰਪਨਾ ਕੌਰ

ਚਿੱਤਰ ਵਿਚ ਦਾਖਲ ਹੋਇਆ ਬਜ਼ੁਰਗ ਉਮਰ ਦੇ ਭਾਰ ਨਾਲ ਕੁੱਬਾ ਹੋ ਚੁੱਕਾ ਹੈ। ਏਨੀ ਉਮਰ ਅਤੇ ਇਸ ਅੰਦਾਜ਼ ਵਿਚ ਪੇਸ਼ ਕਰਨ ਪਿੱਛੇ ਚਿੱਤਰਕਾਰ ਦੀ ਕਲਪਨਾ ਵੀ ਹੋ ਸਕਦੀ ਹੈ। ਹਰੇ ਕੱਪੜੇ ਨਾਲ ਕੱਜੀ ਬੀੜ ਬਜ਼ੁਰਗ ਸਿਰ ਰੱਖੀ ਪੀੜ੍ਹੀ ਉਪਰ ਸੁਸ਼ੋਭਿਤ ਹੈ। ਉਸ ਨੂੰ ਸੱਜੇ ਹੱਥ ਦਾ ਸਹਾਰਾ ਮਿਲਿਆ ਹੋਇਆ ਹੈ। ਦੂਜੇ ਪਾਸੇ ਮੋਢੇ ਲੱਗੀ ਵੱਡੀ ਸਫੈਦ ਪੰਡ ਨੂੰ ਖੱਬੇ ਹੱਥ ਨੇ ਘੁੱਟ ਕੇ ਨੱਪਿਆ ਹੋਇਆ ਹੈ। ਅਸਲ ਵਿਚ ਇਹ ਸ਼ਖਸ ਦੋ ਬੇਸ਼ਕੀਮਤੀ ਵਸਤਾਂ ਸਾਂਭੀ ਚਲਿਆ ਜਾ ਰਿਹਾ ਹੈ। ਇਕ ਦਾ ਸਬੰਧ ਨਿੱਜ ਨਾਲ ਹੁੰਦਾ ਹੋਇਆ ਵੀ ਵਰਗ ਚੇਤਨਾ ਨਾਲ ਹੈ ਜਦੋਂਕਿ ਦੂਜੀ ਦਾ ਨਿਰੋਲ ਨਿੱਜ ਨਾਲ ਹੈ।

ਅਰਪਨਾ ਕੌਰ ਅਜਿਹੀ ਪਹਿਲੀ ਚਿੱਤਰਕਾਰ ਹੈ ਜਿਸ ਨੇ 1947 ਦੀ ਵੰਡ ਤੋਂ ਇਲਾਵਾ 1984 ਵਿਚ ਵਾਪਰੇ ਸਿੱਖ ਕਤਲੇਆਮ ਦੀਆਂ ਘਟਨਾਵਾਂ ਪ੍ਰਤੀ ਆਪਣਾ ਪ੍ਰਤੀਕਰਮ ਕੈਨਵਸ ਉਪਰ ਚਿੱਤਰ ਪੇਂਟ ਕਰ ਕੇ ਪ੍ਰਗਟ ਕੀਤਾ। ਉਸ ਦਾ ਜਨਮ 1947 ਤੋਂ ਬਾਅਦ ਦਾ ਹੈ। ਇਉਂ ਉਹ 1947 ਦੀ ਤ੍ਰਾਸਦੀ ਦੀ ਚਸ਼ਮਦੀਦ ਨਹੀਂ ਸੀ। ਉਸ ਤੱਕ ਪਹੁੰਚਣ ਵਾਲੀ ਸਾਰੀ ਜਾਣਕਾਰੀ ਦਾ ਸਰੋਤ ਉਸ ਦੀ ਮਾਂ ਜਾਂ ਲਾਗਲੇ ਸਬੰਧੀ ਰਹੇ ਹੋਣਗੇ। ਪੁਸਤਕਾਂ ਰਾਹੀਂ ਵੀ ਕਾਫੀ ਕੁਝ ਪਤਾ ਲੱਗਿਆ ਹੋਵੇਗਾ।

1984 ਵੇਲੇ ਜੋ ਕੁਝ ਦਿੱਲੀ ਵਿਚ ਵਾਪਰਿਆ, ਉਸ ਦੀ ਉਹ ਚਸ਼ਮਦੀਦ ਸੀ। ਆਮ ਤੌਰ 'ਤੇ ਸੰਨ ਸੰਤਾਲੀ ਨਾਲ ਸਬੰਧਤ ਮਿਲਣ ਵਾਲੇ ਕੰਮ ਦੇ ਕਰਤੇ ਸਰਹੱਦ ਪਾਰ ਦੇ ਹਨ। ਇਕ ਹੋਰ ਖਾਸੀਅਤ ਇਹ ਰਹੀ ਕਿ ਸਾਰੇ ਦੇ ਸਾਰੇ ਪੇਂਟਰ/ਬੁੱਤ-ਤਰਾਸ਼ ਪੁਰਖ ਹਨ। ਇਨ੍ਹਾਂ ਵਿਚੋਂ ਇਸਤਰੀ ਕੋਈ ਨਹੀਂ। ਜੋ ਕੰਮ ਉਸ ਸਮੇਂ ਦੇ ਲਾਗੇ-ਚਾਗੇ ਹੋ ਗਿਆ, ਬਸ ਹੋ ਗਿਆ। ਮੁੜ ਕੇ ਕਿਸੇ ਨੇ ਦੇਖਿਆ ਨਹੀਂ ਫੇਰ। ਇਸ ਪ੍ਰਸੰਗ ਵਿਚ ਅਰਪਨਾ ਕੌਰ ਥੋੜ੍ਹਾ ਹਟਵੀਂ ਹੈ। ਉਹ ਆਪਣੇ ਜਨਮ ਤੋਂ ਪਹਿਲਾਂ ਦੇ ਸਮੇਂ ਵਿਚ ਝਾਕਣ ਦੀ ਹਿੰਮਤ ਕਰਦੀ ਹੈ।

ਪੇਂਟਿੰਗ '1947' ਚਿੱਤਰਕਾਰ ਅਤੇ ਦਰਸ਼ਕ ਨੂੰ ਵਿਛੜ ਚੁੱਕੀ ਭੋਇੰ, ਵਿਅਕਤੀਆਂ ਅਤੇ ਸਮਾਜ ਦੀ ਸਮੂਹਿਕ ਆਸ਼ਾ ਨਾਲ ਜੋੜਦੀ ਹੈ। ਪੂਰਾ ਬਿਆਨ ਉਪਭਾਵੁਕਤਾ ਤੋਂ ਮੁਕਤ ਹੈ। ਨਾ ਕੁਝ ਜਮ੍ਹਾਂ ਹੋਇਆ ਹੈ ਤੇ ਨਾ ਹੀ ਘਟਾਅ। ਜਿੰਨਾ ਕੁ ਹੋਇਆ, ਓਨਾ ਕੁ ਚਿੱਤਰ ਦਾ ਅੰਗ ਬਣਾ ਦਿੱਤਾ। ਹਾਂ, ਇਕ ਵੇਰਵਾ ਵਾਧੂ ਲੱਗ ਸਕਦਾ ਹੈ ਪਰ ਅਰਥਪੂਰਨ ਹੋਣ ਸਦਕਾ ਲਾਜ਼ਮੀ ਹੈ।

ਬਜ਼ੁਰਗ ਸਤਿਕਾਰਤ ਬੀੜ ਦੇ ਨਾਲ ਪੰਡ ਵੀ ਚੁੱਕੀ ਤੁਰ ਰਿਹਾ ਹੈ। ਇਹ ਇੱਥੇ ਪ੍ਰਤੀਕ ਰੂਪ ਵਿਚ ਹੈ। ਇਹਦੇ ਅੰਦਰ ਬੀਤੇ ਦੀਆਂ ਯਾਦਾਂ ਅਤੇ ਭਵਿੱਖ ਦੇ ਸੁਪਨੇ ਹਨ। ਕਿਸੇ ਵੇਲੇ ਲੱਗਦਾ ਹੈ ਬੀਤਿਆ ਅਤੇ ਭਵਿੱਖ ਅਪਹੁੰਚ ਹੈ, ਤੁਰਿਆ ਜਾਣਾ ਵਰਤਮਾਨ ਹੈ। ਇਹ ਵਰਤਮਾਨ ਹੀ ਹੁੰਦਾ ਹੈ ਜਿਹੜਾ ਭੂਤ ਅਤੇ ਭਵਿੱਖ ਨੂੰ ਚੁੱਕੀ ਫਿਰਦਾ ਹੈ।

ਵੰਡ ਤੋਂ ਪਹਿਲਾਂ ਕਿਸੇ ਦੇ ਖਿਆਲ/ਸੁਪਨੇ ਵਿਚ ਵੀ ਨਹੀਂ ਆਇਆ ਹੋਵੇਗਾ ਕਿ ਆਪਣੇ ਘਰਾਂ ਦਾ ਤਿਆਗ ਕਰ ਰਿਫਿਊਜੀ ਬਣਨਾ ਪਵੇਗਾ। ਹੋਣ ਵਾਲੀ ਅਦਲਾ-ਬਦਲੀ ਦੌਰਾਨ ਦੌਲਤ, ਸਾਮਾਨ, ਘਰ ਹੀ ਨਹੀਂ ਛੁੱਟਣੇ ਸਗੋਂ ਆਪਣਿਆਂ ਨੂੰ ਅੱਖਾਂ ਸਾਹਮਣੇ ਮਰਦਿਆਂ ਦੇਖਣਾ ਪਏਗਾ; ਉਸ ਨੂੰ ਨਾਲ ਲਿਜਾਣਾ ਤਾਂ ਦੂਰ ਦੀ ਗੱਲ ਸੀ, ਉਸ ਵੇਲੇ ਦੇਖਣ ਦਾ ਮੌਕਾ ਵੀ ਨਹੀਂ ਮਿਲੇਗਾ। ਇਹੋ ਜਿਹੇ ਹਕੀਕੀ ਸਮੇਂ ਸੁਪਨਿਆਂ ਨੂੰ ਸਾਂਭ ਕੇ ਤੁਰਨਾ ਅਲੋਕਾਰੀ ਗੱਲ ਹੈ। ਪੰਡ ਵਿਚ ਬੀਤੇ ਦੀਆਂ ਯਾਦਾਂ ਹਨ। ਹਰ ਤਰ੍ਹਾਂ ਦੀ ਮੁਫਲਿਸੀ ਵਿਚ ਯਾਦਾਂ ਦਾ ਲੈਣ-ਦੇਣ ਬੇਪਰਵਾਹੀ ਨਾਲ ਕੀਤਾ ਜਾ ਸਕਦਾ ਹੈ। ਯਾਦਾਂ ਆਸਰੇ ਜੀਵਨ ਨਹੀਂ ਤੁਰਦਾ, ਫਿਰ ਵੀ ਇਹ ਬੰਦੇ ਦੁਆਲੇ ਤਲਿਸਮੀ ਸੰਸਾਰ ਬੁਣ ਦਿੰਦੀਆਂ ਹਨ।

ਬਜ਼ੁਰਗ ਨੇ ਕੀ ਪਾਇਆ ਹੋਇਆ ਹੈ, ਵਧੇਰੇ ਸਪਸ਼ਟ ਨਹੀਂ। ਉਸ ਦੇ ਸਿਰ 'ਤੇ ਸਫੈਦ ਪੱਗ ਹੈ ਅਤੇ ਤਨ ਉਪਰ ਲੰਮਾ ਕੁੜਤਾ। ਕੁੜਤਾ ਵੱਖਰੇ ਰੰਗ ਦਾ ਨਹੀਂ ਸਗੋਂ ਉਸ ਦੀ ਬਾਹਰੀ ਹੱਦ ਨੂੰ ਨਿਸ਼ਚਿਤ ਕਰਨ ਲਈ ਸਫੈਦ ਰੰਗਤ ਦੀਆਂ ਛੋਹਾਂ ਹਨ। ਇਹੋ ਢੰਗ ਸਰੀਰਕ ਅੰਗਾਂ ਹਿੱਤ ਵਰਤਿਆ ਗਿਆ ਹੈ। ਇਹ ਪੇਂਟਰ ਦੇ ਕੰਮ ਕਰਨ ਦੀ ਵਿਧੀ ਹੈ।

ਚਿੱਤਰ ਨੂੰ ਮਰਯਾਦਾ ਅਨੁਸਾਰ ਉਲੀਕਿਆ ਗਿਆ ਹੈ ਜਿਸ ਦਾ ਸਬੰਧ ਸਿੱਖ ਭਾਈਚਾਰੇ ਨਾਲ ਹੈ। ਗੁਰੂ ਗ੍ਰੰਥ ਸਾਹਿਬ ਨੂੰ ਸਭ ਤੋਂ ਉਪਰ ਰੱਖਿਆ ਜਾਂਦਾ ਹੈ। ਜਿਸ ਸਿਰ ਇਹ ਪਾਵਨ ਬੀੜ ਹੁੰਦੀ ਹੈ, ਸਤਿਕਾਰ ਵਜੋਂ ਉਹ ਸ਼ਖਸ ਪੈਰੋਂ ਨੰਗਾ ਹੁੰਦਾ ਹੈ। ਇਹ ਬੰਦਾ ਪੂਰੀ ਇਕਾਗਰਤਾ ਨਾਲ ਆਪਣੇ ਰਾਹ ਤੁਰ ਰਿਹਾ ਹੈ। ਆਲੇ-ਦੁਆਲੇ ਦਾ ਮਾਹੌਲ ਸਾਜ਼ਗਾਰ ਨਾ ਹੋਣ ਦੇ ਬਾਵਜੂਦ।

ਇਹ ਦ੍ਰਿਸ਼ ਸਾਡਾ ਧਿਆਨ ਕਿਰਪਾਲ ਸਿੰਘ ਦੇ ਚਿੱਤਰ ਵੱਲ ਲੈ ਜਾਂਦਾ ਹੈ ਜਿੱਥੇ ਖੁੱਲ੍ਹੇ ਅਸਮਾਨ ਹੇਠ ਗੁਰੂ ਗ੍ਰੰਥ ਸਾਹਿਬ ਦਾ ਉਚੇਰੀ ਥਾਂ ਉਪਰ ਪ੍ਰਕਾਸ਼ ਹੈ ਅਤੇ ਉਸ ਦੇ ਆਲੇ-ਦੁਆਲੇ ਸੰਗਤ ਹੈ। ਇਸ ਟੋਲੇ ਦੇ ਮੁਖੀ ਬਾਬਾ ਬੁੱਢਾ ਸਿੰਘ ਹਨ। ਮੱਸਾ ਰੰਗੜ ਦਾ ਸਿਰ ਲੈ ਕੇ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਜਦ ਸੰਗਤ ਨੂੰ ਦਿਖਾਈ ਦਿੰਦੇ ਹਨ ਤਾਂ ਉਹ ਇਕਾਗਰਚਿਤ ਬਣੀ ਰਹਿੰਦੀ ਹੈ।

ਆਪਣੀ ਇੱਛਾ ਬੀੜ ਤਕ ਸੀਮਤ ਰੱਖਣ ਵਾਲਾ ਸਿੱਖ ਆਪਣੇ ਮਿੱਤਰ ਕੋਲੋਂ ਕਿਸੇ ਹੋਰ ਕੀਮਤੀ ਦੁਨਿਆਵੀ ਵਸਤ ਦੀ ਮੰਗ ਰੱਖ ਸਕਦਾ ਸੀ। ਮੁਫਲਿਸੀ ਦੌਰਾਨ ਖੁਦ ਨੂੰ ਗੁਰੂ ਤਕ ਸੀਮਤ ਕਰ ਉਸ ਦੀ ਮੰਗ ਕਰਨਾ ਸਮਰਪਣ ਅਤੇ ਕੁਰਬਾਨੀ ਦੀ ਰਲੀ-ਮਿਲੀ ਤਸਵੀਰ ਹੈ। ਇਹ ਮੋਟਿਫ ਦ੍ਰਿੜ੍ਹ ਕਰਦਾ ਹੈ ਕਿ ਗੁਰੂ ਅਤੇ ਸਿੱਖ ਦਾ ਰਿਸ਼ਤਾ ਅਟੁੱਟ ਹੈ, ਥਾਂ ਜੰਗਲ ਬੀਆਬਾਨ ਹੋਵੇ ਜਾਂ ਸੰਸਾਰ ਜੰਗਾਂ ਦੀ ਰਣਭੂਮੀ।

ਤਰਕ ਦਿੱਤਾ ਜਾ ਸਕਦਾ ਹੈ ਕਿ ਉਹ ਦੁਨਿਆਵੀ ਵਸਤਾਂ ਦੀ ਵੱਡੀ ਪੰਡ ਚੁੱਕੀ ਜਾ ਰਿਹਾ ਹੈ। ਕਹਿ ਸਕਦੇ ਹਾਂ ਕਿ ਇਹ ਪੰਡ ਵਿਚਲੀਆਂ ਵਸਤਾਂ/ਵਿਚਾਰ ਉਸ ਦੀ ਪਹੁੰਚ ਤੋਂ ਬਾਹਰੀ ਹਨ। ਅਪਹੁੰਚ ਦਾ ਕੇਹਾ ਮਾਣ?

ਪੇਂਟਿੰਗ ਦਾ ਸੰਯੋਜਨ ਸਾਧਾਰਨ ਹੈ। ਸਿੱਧੀ ਗੱਲ ਸਿੱਧੇ ਢੰਗ ਨਾਲ ਕਹਿ ਦਿੱਤੀ ਹੈ। ਚਿੱਤਰ ਵਿਆਖਿਆ ਲਈ ਮੂਲ ਘਟਨਾ ਦੀ ਜਾਣਕਾਰੀ ਜ਼ਰੂਰੀ ਹੈ। ਇਸ ਘਟਨਾ ਦੀ ਪ੍ਰੇਰਨਾ ਸਰੋਤ ਅਤੇ ਨਿਰਬਾਹ ਸਿੱਖ ਇਤਿਹਾਸ ਅੰਦਰ ਮੌਜੂਦ ਹੈ। ਇਸ ਮੁਜਬ ਰਚਨਾ ਜਿਸ ਨੂੰ ਗ੍ਰਹਿਣ ਕਰਦੀ, ਉਸ ਨੂੰ ਅੱਗੇ ਵੀ ਤੋਰ ਰਹੀ ਹੈ।

## ਦਿਲਬਾਗ ਸਿੰਘ ਘਰਿਆਲਾ ਦੀਆਂ ਖੇਡ ਪੁਸਤਕਾਂ

*(ਸਫਾ 23 ਦਾ ਬਾਕੀ)*

ਉਸ ਦੀਆਂ ਕੰਵਲਜੀਤ ਡੂਮਛੇੜੀ ਨਾਲ ਦਸ ਕੁਸ਼ਤੀਆਂ ਬਰਾਬਰ ਰਹੀਆਂ ਹਨ ਤੇ ਇਕ ਚਿੱਤ ਕੀਤੀ ਹੈ। ਲੱਡੂ ਡੂਮਛੇੜੀ ਨਾਲ ਪੰਜ ਬਰਾਬਰ ਤੇ ਸਾਬਾ ਕੋਹਾਲੀ ਦੋ ਕੁਸ਼ਤੀਆਂ ਚਿੱਤ ਤੇ ਅੱਠ ਬਰਾਬਰ ਰਹੀਆਂ। ਰੂਬਲ ਖੰਨਾ ਨਾਲ ਤਿੰਨ ਕੁਸ਼ਤੀਆਂ 'ਚੋਂ ਦੋ ਵਿਚ ਜਿੱਤ ਤੇ ਇਕ ਵਿਚ ਹਾਰ ਖਾਧੀ। ਮੌਸਮ ਖੱਤਰੀ ਨਾਲ ਦੋ ਕੁਸ਼ਤੀਆਂ ਦੋਵੇਂ ਬਰਾਬਰ। ਕਿਸ਼ਨ ਸੋਨੀਪਤ ਨਾਲ ਤਿੰਨ ਕੁਸ਼ਤੀਆਂ ਬਰਾਬਰ ਤੇ ਇਕ ਵਿਚ ਜਿੱਤ ਹਾਸਲ ਕੀਤੀ। ਹਤੇਸ਼ ਬਹਾਦਰਗੜ੍ਹ ਹਰਿਆਣੇ ਨਾਲ ਇੱਕ ਕੁਸ਼ਤੀ ਹੋਈ, ਜੋ ਚਿੱਤ ਕਰ ਕੇ ਜਿੱਤੀ। ਪਰਵੇਸ਼ ਬਹਾਦਰਗੜ੍ਹ ਨਾਲ ਮੈਂ ਅੱਠ ਕੁਸ਼ਤੀਆਂ ਲੜੀਆਂ ਅੱਠੇ ਹੀ ਚਿੱਤ ਕੀਤੀਆਂ। ਛਿੰਦਾ ਨਾਰੰਗਵਾਲ ਨਾਲ ਪੰਦਰਾਂ ਕੁਸ਼ਤੀਆਂ ਹੋਈਆਂ ਸਾਰੀਆਂ ਵਿਚ ਉਹਦੀ ਹਾਰ ਬੁਲਾਈ। ਪੰਮਾ ਡੇਰਾ ਬਾਬਾ ਨਾਨਕ ਨਾਲ ਤਿੰਨ ਕੁਸ਼ਤੀਆਂ ਬਰਾਬਰ ਹੋਈਆਂ। ਗੌਰਵ ਮਾਛੀਵਾੜਾ ਨਾਲ ਅੱਠ ਬਰਾਬਰ ਹੋਈਆਂ ਤੇ ਦੋ 'ਚ ਹਾਰ ਖਾਧੀ। ਅਨੇਕਾਂ ਹੋਰ ਭਲਵਾਨ ਹਨ, ਜਿਨ੍ਹਾਂ ਨੂੰ ਹਰਾਇਆ ਵੀ ਤੇ ਕਈਆਂ ਨਾਲ ਬਰਾਬਰ ਹੋਇਆ।

ਵਿਦੇਸ਼ੀ ਮੂਲ ਦੇ ਪਹਿਲਵਾਨਾਂ 'ਚ ਜੋਰਜੀਆ ਦੇਸ਼ ਦਾ ਨਾਂ ਪਹਿਲਵਾਨੀ ਖੇਤਰ 'ਚ ਬਹੁਤ ਵੱਡਾ ਹੈ। ਉਥੋਂ ਦੇ ਸੁਪਰ ਹੈਵੀਵੇਟ ਵਜ਼ਨ ਦੇ ਪਹਿਲਵਾਨ ਗੋਰਕੀ ਨੂੰ ਮੈਂ ਦਿਲਾਵਰਪੁਰ ਹਰਾ ਕੇ ਮੈਸੀ ਟਰੈਕਟਰ ਜਿੱਤਿਆ। ਇਕ ਹੋਰ ਜੋਰਜੀਆ ਦੇ ਸੁਪਰ ਹੈਵੀਵੇਟ ਪਹਿਲਵਾਨ ਨੂੰ ਪੰਜੈਲਾ ਨੂੰ ਰੋਪੜ ਵਿਚ ਚਿੱਤ ਕਰਕੇ ਬੁਲਟ ਮੋਟਰਸਾਈਕਲ ਜਿੱਤਿਆ। ਉਹ 2015 ਵਿਚ ਚੰਡੀਗੜ੍ਹ ਕੇਸਰੀ ਦਾ ਖ਼ਿਤਾਬ ਵੀ ਜਿੱਤ ਚੁੱਕਾ ਹੈ। ਉਸਦੀ ਵਰਲਡ ਯੂਨੀਵਰਸਿਟੀ ਕੁਸ਼ਤੀ ਚੈਂਪੀਅਨਸ਼ਿਪ ਲਈ ਭਾਰਤੀ ਟੀਮ ਵਿਚ ਚੋਣ ਹੋ ਗਈ ਸੀ ਪਰ ਐਨ ਵਕਤ 'ਤੇ ਟੀਮ ਦਾ ਤੁਰਕੀ ਜਾਣਾ ਕੈਂਸਲ ਹੋ ਗਿਆ, ਨਹੀਂ ਤਾਂ ਉਹ ਜ਼ਰੂਰ ਮੈਡਲ ਜਿੱਤ ਕੇ ਦੇਸ਼ ਦਾ ਨਾਮ ਰੌਸ਼ਨ ਕਰਦਾ।

ਉਹ ਮਿੱਟੀ ਦੇ ਅਖਾੜੇ ਤੇ ਗੱਦੇ ਦੀ ਫ੍ਰੀ ਕੁਸ਼ਤੀ ਸਟਾਈਲ ਵਿਚ ਜਿੱਥੇ ਪੂਰਾ ਮਾਹਰ ਹੋ ਚੁੱਕਾ ਹੈ ਉੱਥੇ ਉਹ ਸੂਮੋ ਕੁਸ਼ਤੀ ਜੋ ਜਾਪਾਨ ਵਿਚ ਬਹੁਤ ਮਕਬੂਲ ਹੈ, ਵਿਚੋਂ ਏਸ਼ੀਆ 'ਚੋਂ ਸੈਕਿੰਡ ਤੇ ਵਿਸ਼ਵ ਸੂਮੋ ਕੁਸ਼ਤੀ 'ਚੋਂ ਚੌਥੇ ਸਥਾਨ 'ਤੇ ਰਿਹਾ। ਉਹ ਯੂਐਸਏ ਵਿਚ ਭਾਰਤੀ ਸੂਮੋ ਕੁਸ਼ਤੀ ਟੀਮ ਨਾਲ ਅਭਿਆਸ ਕਰਨ ਗਿਆ ਜਿੱਥੇ 15 ਜੂਨ ਤੋਂ 25 ਜੂਨ 2017 ਤਕ ਕੈਂਪ ਵਿਚ ਸਖ਼ਤ ਮਿਹਨਤ ਕਰ ਕੇ ਦੇਸ਼ ਦਾ ਨਾਮ ਰੋਸ਼ਨ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ।

ਜੱਸੇ ਨੇ ਕੁਸ਼ਤੀਆਂ 'ਚੋਂ ਹੁਣ ਤਕ ਦੋ ਟਰੈਕਟਰ, ਚਾਰ ਆਲਟੋ ਕਾਰਾਂ, ਤੇਈ ਬੁਲਟ ਮੋਟਰਸਾਈਕਲ, ਪੈਂਤੀ ਹੀਰੋ ਹਾਂਡਾ ਤੇ ਹੋਰ ਮੋਟਰ ਸਾਈਕਲ, ਪੰਜੀ ਸੱਜਰ ਸੂਈਆਂ ਝੋਟੀਆਂ ਦੇ ਇਨਾਮ ਜਿੱਤੇ ਹਨ। ਇਕ ਵਾਰ ਮਹਾਰਾਸ਼ਟਰ ਵਿਚ ਸਾਢੇ ਤਿੰਨ ਲੱਖ ਦੀ ਕੁਸ਼ਤੀ ਲੜ ਚੁੱਕਾ ਹੈ। ਇਸ ਤੋਂ ਇਲਾਵਾ ਅਨੇਕਾਂ ਥਾਵਾਂ 'ਤੇ ਲੱਖ-ਲੱਖ ਰੁਪਏ ਦੀਆਂ ਝੰਡੀ ਵਾਲੀਆਂ ਕੁਸ਼ਤੀਆਂ ਵੀ ਲੜ ਚੁੱਕਾ ਹੈ। ਸੋਨੇ ਦੇ ਕਈ ਕੜੇ ਤੇ ਕਈ ਮੁੰਦਰੀਆਂ ਦਾ ਜੇਤੂ ਹੈ। ਗੱਲ ਕੀ ਉਸਨੇ ਕੁਸ਼ਤੀ ਅਖਾੜੇ 'ਚੋਂ ਕੀਤੀ ਹੋਈ ਮਿਹਨਤ ਨਾਲ ਸੋਨਾ ਕੱਢਣਾ ਸ਼ੁਰੂ ਕਰ ਦਿੱਤਾ ਹੈ ਤੇ ਆਪਣੀ ਮਹੱਲ ਵਰਗੀ ਕੋਠੀ ਕੱਪਾਂ ਤੇ ਗੁਰਜਾਂ ਨਾਲ ਭਰ ਦਿੱਤੀ ਹੈ।

ਉਹ ਅੱਜ ਦੇ ਸਮੇਂ ਵਿਚ ਸਾਬਾ ਕੋਹਾਲੀ, ਰੂਬਲ ਖੰਨਾ, ਗੌਰਵ ਮਾਛੀਵਾੜਾ, ਕੰਵਲਜੀਤ ਡੂਮਛੇੜੀ, ਕਿਸ਼ਨ ਸੋਨੀਪਤ, ਜੋਗਿੰਦਰ ਦਿੱਲੀ, ਲੱਡੂ ਡੂਮਛੇੜੀ, ਮੌਸਮ ਖੱਤਰੀ, ਭੁਪਿੰਦਰ ਦਿੱਲੀ ਤੇ ਪੰਮਾ ਡੇਰਾ ਬਾਬਾ ਨਾਨਕ ਨੂੰ ਦੇਸ਼ ਦੇ ਤਕੜੇ ਪਹਿਲਵਾਨ ਦੱਸਦਾ ਹੈ। ਰਾਮਗੜ੍ਹੀਆ ਕਾਲਜ ਫਗਵਾੜਾ ਤੋਂ ਗਰੈਜੂਏਸ਼ਨ ਪਾਸ ਜੱਸਾ 2016 ਦੇ ਦਸੰਬਰ ਮਹੀਨੇ ਵਿਚ ਸਪੋਰਟਸ ਕੋਟੇ ਰਾਹੀਂ ਪੰਜਾਬ ਪੁਲਿਸ ਵਿਚ ਭਰਤੀ ਹੋਇਆ ਹੈ। ਉਹ ਵਿਹਲੇ ਸਮੇਂ ਡਬਲਿਊ.ਡਬਲਿਊ.ਈ. ਦੀਆਂ ਕੁਸ਼ਤੀਆਂ ਵੇਖਣ ਤੇ ਵਾਲੀਬਾਲ ਦਾ ਸ਼ੌਕੀਨ ਹੈ। ਉਹ ਕੁਸ਼ਤੀ ਦਾ ਡੂੰਘਾ ਅਧਿਐਨ ਕਰਦਾ ਹੈ। ਇਹਦੇ ਨਾਲ ਦੇਸ਼ ਦੀ ਰਾਜਨੀਤੀ ਬਾਰੇ ਵੀ ਪਲ-ਪਲ ਦੀ ਜਾਣਕਾਰੀ ਰੱਖਦਾ ਹੈ।

**ਉਸ ਦਾ ਨਿਸ਼ਾਨਾ ਹੈ ਪੌੜੀ ਦਰ ਪੌੜੀ ਚੜ੍ਹ ਕੇ ਸੀਨੀਅਰ ਨੈਸ਼ਨਲ 'ਚ ਚੰਗਾ ਪ੍ਰਦਰਸ਼ਨ ਕਰਨਾ। ਭਾਰਤੀ ਕੈਂਪ ਵਿਚ ਆ ਕੇ ਏਸ਼ੀਆ ਜਿੱਤਣਾ ਤੇ ਅਗਲਾ ਨਿਸ਼ਾਨਾ ਓਲੰਪਿਕ ਦਾ ਕਿਲ੍ਹਾ ਫਤਹਿ ਕਰਨ ਦਾ ਹੈ।** ਜੱਸੇ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਖੇਡਾਂ ਪ੍ਰਤੀ ਬਹੁਤੀ ਗੰਭੀਰ ਨਹੀਂ ਜਦਕਿ ਸਾਡੇ ਗੁਆਂਢੀ ਸੂਬੇ ਹਰਿਆਣੇ ਵਿਚ ਸਰਕਾਰ ਖਿਡਾਰੀਆਂ ਨੂੰ ਪਹਿਲ ਦੇ ਆਧਾਰ 'ਤੇ ਨੌਕਰੀਆਂ ਦੇਂਦੀ ਹੈ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਖਿਡਾਰੀਆਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਨੌਕਰੀ ਦੇਵੇ। ਪ੍ਰੈਕਟਿਸ ਲਈ ਅਖਾੜੇ ਤਿਆਰ ਕੀਤੇ ਜਾਣ ਤੇ ਬਾਕਾਇਦਾ ਵਧੀਆ ਕੋਚ ਲਾਏ ਜਾਣ। ਵਧੀਆ ਨਤੀਜੇ ਦੇਣ ਵਾਲੇ ਕੋਚਾਂ ਦੀ ਹੌਸਲਾ ਅਫਜ਼ਾਈ ਕੀਤੀ ਜਾਵੇ। ਜਿਨ੍ਹਾਂ ਦਾ ਪ੍ਰਦਰਸ਼ਨ ਔਸਤ ਦਰਜੇ ਤੋਂ ਘੱਟ ਹੋਵੇ ਉਨ੍ਹਾਂ 'ਤੇ ਸਖ਼ਤੀ ਕੀਤੀ ਜਾਵੇ। ਭਾਰਤੀ ਪਹਿਲਵਾਨੀ ਦੇ ਮੁਕਾਬਲੇ ਵਿਦੇਸ਼ੀ ਪਹਿਲਵਾਨਾਂ ਨਾਲ ਕਰਵਾਏ ਜਾਣ। ਆਸ ਹੈ 'ਕੁਸ਼ਤੀ ਦਾ ਸਰਦਾਰ' ਜੱਸਾ ਪੱਟੀ ਵਾਲਾ ਆਪਣੇ ਬਾਪ ਦੇ ਸੁਪਨੇ ਜ਼ਰੂਰ ਸਾਕਾਰ ਕਰੇਗਾ।

# ਪੰਜਾਬ ਦੀ ਇਹ ਖਾਮੋਸ਼ੀ ਹੋ ਨਾ ਜਾਵੇ ਸੰਘਣੀ...

***ਅੱਜ ਹਰ ਪੰਜਾਬੀ ਵਿਚੋਂ ਬੰਦਾ ਘੱਟ, ਹੈਂਕੜਬਾਜ਼ ਵਧੇਰੇ ਬੋਲਦਾ ਹੈ। ਸਾਨੂੰ ਇਹ ਸਮਝਣਾ ਪਵੇਗਾ ਕਿ ਤਾਕਤ ਨਾਲ ਕਿਸੇ ਨੂੰ ਚੁੱਪ ਕਰਵਾਉਣਾ ਤੇ ਤਾਕਤ ਦੇ ਸਾਹਮਣੇ ਚੁੱਪ ਹੋਣਾ; ਦੋਵੇਂ ਹੀ ਸਾਡੇ ਲਈ ਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਲਈ ਕਬਰ ਦਾ ਕੰਮ ਕਰਨਗੇ। ਇਤਿਹਾਸ ਵਿਚ ਪੰਜਾਬੀ, ਸੱਤਾ ਦੇ ਲੋਕ-ਵਿਰੋਧੀ ਹੋਣ ਉੱਪਰ ਕਦੇ ਚੁੱਪ ਨਹੀਂ ਰਹੇ ਪਰ ਵਰਤਮਾਨ ਸਮੇਂ ਪੰਜਾਬ ਦੀ ਸੱਤਾ 'ਚੁੱਪ' ਉਪਰ ਉੱਸਰੀ ਸੱਤਾ ਹੈ। ਇਸ ਚੁੱਪ ਵਿਚ ਬਹੁਤ ਸਾਰੇ ਅਬੋਲ ਹੋ ਚੁੱਕੇ ਵਰਗਾਂ ਦੀ ਕਥਾ ਮੌਨ ਹੈ। ਇਸ ਬਾਰੇ ਚਰਚਾ ਸਰਬਜੀਤ ਬਾਵਾ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਮਨੁੱਖ ਨੇ ਆਪਣੇ ਸਮੁੱਚੇ ਵਿਕਾਸ ਕਾਲ ਦੌਰਾਨ ਬਹੁਤ ਸਾਰੀਆਂ ਮਹੱਤਵਪੂਰਨ ਖੋਜਾਂ ਕੀਤੀਆਂ। ਮਨੁੱਖੀ ਸਭਿਅਤਾ ਦਾ ਇਤਿਹਾਸ ਲਿਖਣ ਵਾਲੇ ਇਤਿਹਾਸਕਾਰ ਵੱਖ-ਵੱਖ ਯੁੱਗਾਂ ਦੀ ਵੰਡ ਇਨ੍ਹਾਂ ਖੋਜਾਂ ਦੇ ਆਧਾਰ 'ਤੇ ਹੀ ਕਰਦੇ ਹਨ ਜਿਵੇਂ ਪੱਥਰ ਯੁੱਗ, ਤਾਂਬਾ ਯੁੱਗ ਆਦਿ। ਇਸ ਦਾ ਕਾਰਨ ਇਹ ਹੈ ਕਿ ਅਜਿਹੀਆਂ ਖੋਜਾਂ ਨੇ ਮਨੁੱਖੀ ਤਰੱਕੀ ਦੀ ਪ੍ਰਕਿਰਤੀ ਅਤੇ ਰਫਤਾਰ ਵਿਚ ਬੁਨਿਆਦੀ ਸਿਫਤੀ ਅਸਰ ਪਾਇਆ ਲੇਕਿਨ ਕਿਸੇ ਇਤਿਹਾਸਕਾਰ ਨੇ ਕਿਸੇ ਵੀ ਯੁੱਗ ਨੂੰ ਭਾਸ਼ਾ ਦਾ ਯੁੱਗ ਨਹੀਂ ਕਿਹਾ ਜਦੋਂਕਿ ਬੋਲੀ ਜਾਂ ਭਾਸ਼ਾ ਦੀ ਖੋਜ ਮਨੁੱਖ ਦੁਆਰਾ ਕੀਤੀ ਸਭ ਤੋਂ ਵੱਡੀ ਖੋਜ ਹੈ। ਬੋਲੀ ਕਰਕੇ ਹੀ ਮਨੁੱਖ ਆਪਣੇ ਅਨੁਭਵ ਅਤੇ ਗਿਆਨ ਨੂੰ ਦੂਜਿਆਂ ਨਾਲ ਸਾਂਝਾ ਕਰ ਸਕਿਆ। ਉਹ ਆਪਣੇ ਗਿਆਨ ਨੂੰ ਸਾਂਭ-ਸੰਭਾਲ ਕੇ ਅਗਲੀਆਂ ਪੀੜ੍ਹੀਆਂ ਤੱਕ



ਪਹੁੰਚਾ ਸਕਿਆ। ਹਾਸਲ ਕੀਤੇ ਅਤੇ ਸੰਭਾਲੇ ਗਏ ਇਸ ਗਿਆਨ ਕਰਕੇ ਹੀ ਮਨੁੱਖ ਦੂਜੇ ਸਭ ਜੀਵਾਂ ਤੋਂ ਉਲਟ ਆਪਣੀ ਦੁਨੀਆ ਸਿਰਜਣ ਵਿਚ ਕਾਮਯਾਬ ਹੋ

**ਸਰਬਜੀਤ ਬਾਵਾ**
ਫੋਨ: +91-94787-42476

ਸਕਿਆ। ਇਹੀ ਨਹੀਂ, ਮਨੁੱਖ ਨੇ ਗਿਆਨ ਦੀ ਵਰਤੋਂ ਨਾਲ ਧਰਤੀ ਉੱਪਰ ਰਹਿਣ ਵਾਲੇ ਹੋਰ ਬਹੁਤ ਸਾਰੇ ਜੀਵਾਂ ਦੀ ਦੁਨੀਆ ਨੂੰ ਵੀ ਕੰਟਰੋਲ ਕਰਨਾ ਸ਼ੁਰੂ ਕੀਤਾ। ਇਸੇ ਗਿਆਨ ਕਰਕੇ ਮਨੁੱਖ ਨੇ ਮਨੁੱਖ ਸਮੇਤ ਬਹੁਤ ਸਾਰੇ ਤਾਕਤਵਰ ਜੀਵਾਂ ਨੂੰ ਆਪਣਾ ਗੁਲਾਮ ਬਣਾਇਆ ਤੇ ਜੋ ਗੁਲਾਮ ਨਾ ਬਣੇ, ਉਨ੍ਹਾਂ ਨੂੰ ਖਤਮ ਕਰ ਦਿੱਤਾ ਜਾਂ ਖਾਤਮੇ ਦੀ ਕਗਾਰ ਉੱਪਰ ਪਹੁੰਚਾ ਦਿੱਤਾ।

ਇਤਿਹਾਸਕ ਤੌਰ 'ਤੇ ਦੇਖੀਏ ਤਾਂ ਮੁੱਢਲੇ ਰੂਪ ਵਿਚ ਦੂਜਿਆਂ ਨੂੰ ਅਧੀਨ ਕਰਨ ਲਈ ਸਰੀਰਕ ਤਾਕਤ ਹੀ ਸਭ ਤੋਂ ਮਹੱਤਵਪੂਰਨ ਸੀ ਲੇਕਿਨ ਹੌਲੀ-ਹੌਲੀ ਇਸ ਵਿਚ ਸਰੀਰਕ ਤਾਕਤ ਦੇ ਨਾਲ-ਨਾਲ ਹਥਿਆਰ ਅਤੇ ਫਿਰ ਹਥਿਆਰ ਵਰਤਣ ਦੀ ਤਕਨੀਕ ਵੀ ਸ਼ਾਮਿਲ ਹੋ ਗਏ। ਇਸ ਤਰੀਕੇ ਨਾਲ ਸਰੀਰਕ ਤੌਰ 'ਤੇ ਕਮਜ਼ੋਰ ਵਿਅਕਤੀਆਂ ਨੂੰ ਪਹਿਲੀ ਵਾਰ ਹਥਿਆਰ, ਤਕਨੀਕ ਅਤੇ ਚਤੁਰਾਈ ਦੀ ਮਦਦ ਨਾਲ ਆਪਣੇ ਤੋਂ ਸਰੀਰਕ ਤੌਰ 'ਤੇ ਤਕੜੇ ਨੂੰ ਹਰਾਉਣ ਦਾ ਰਸਤਾ ਮਿਲਿਆ। ਇਸ ਵਿਚ ਸਭ ਤੋਂ ਅਹਿਮ ਭੂਮਿਕਾ ਬੋਲੀ ਨੇ ਨਿਭਾਈ ਜਿਸ ਰਾਹੀਂ ਰਵਾਇਤੀ ਰੂਪ ਵਿਚ ਮਿਲੇ ਪੂਰਬਲੇ ਗਿਆਨ ਅਤੇ ਅਨੁਭਵ ਤੋਂ ਮਨੁੱਖ ਸੇਧ ਲੈ ਸਕਿਆ। ਸੰਖੇਪ ਵਿਚ ਭਾਸ਼ਾ ਮਨੁੱਖ ਦੁਆਰਾ ਕੀਤੀਆਂ ਚੰਗੀਆਂ-ਬੁਰੀਆਂ, ਸਾਰੀਆਂ ਪ੍ਰਾਪਤੀਆਂ ਦਾ ਮੂਲ ਆਧਾਰ ਹੈ। ਇਸੇ ਲਈ ਭਾਸ਼ਾ ਅਤੇ ਭਾਸ਼ਾ ਦਾ ਸੰਸਾਰ ਮਾਸੂਮ ਤੇ ਨਿਰਪੱਖ ਤਾਂ ਬਿਲਕੁਲ ਵੀ ਨਹੀਂ ਹੈ।

ਆਧੁਨਿਕ ਤੇ ਉੱਤਰ-ਆਧੁਨਿਕ ਸਿਧਾਂਤ ਵੀ ਦੱਸਦੇ ਹਨ ਕਿ ਗੁਲਾਮ ਅਤੇ ਆਜ਼ਾਦ ਸ਼ਖਸ ਦਾ ਆਪਣੀ ਅਤੇ ਦੂਜਿਆਂ ਦੀ ਭਾਸ਼ਾ ਨਾਲ ਰਿਸ਼ਤਾ ਬਿਲਕੁਲ ਵੱਖਰੀ ਤਰ੍ਹਾਂ ਦਾ ਹੁੰਦਾ ਹੈ। ਮਨੁੱਖ ਦੀ ਸੋਚਣੀ ਭਾਸ਼ਾ ਰਾਹੀਂ ਸਿਰਜੀ ਜਾਂਦੀ ਹੈ। ਅਜਿਹੇ ਸ਼ਖਸ ਬਹੁਤ ਘੱਟ ਹੁੰਦੇ ਹਨ ਜੋ ਭਾਸ਼ਾ ਦੀਆਂ ਸੀਮਾਵਾਂ ਤੋਂ ਪਾਰ ਜਾ ਸਕਦੇ ਹਨ। ਇਸ ਲਈ ਮਨੁੱਖ ਦੀ ਹੋਂਦ ਇੱਕ ਤਰ੍ਹਾਂ ਨਾਲ ਭਾਸ਼ਾ ਰਾਹੀਂ ਘੜੀ ਗਈ ਹੋਂਦ ਹੁੰਦੀ ਹੈ। ਸਾਡੀਆਂ ਰਵਾਇਤੀ ਗਿਆਨ ਪ੍ਰਣਾਲੀਆਂ ਵਿਚ ਸ਼ਾਇਦ ਇਸੇ ਕਾਰਨ ਸ਼ਬਦ ਨੂੰ ਬ੍ਰਹਮ ਕਿਹਾ ਗਿਆ ਹੈ। ਗੁਰਬਾਣੀ ਵਿਚ ਵੀ ਸ਼ਬਦ ਨੂੰ ਗੁਰੂ ਕਿਹਾ ਗਿਆ ਹੈ। ਇਸ ਦਾ ਇੱਕ ਅਰਥ ਹੈ ਕਿ ਬੋਲ/ਸ਼ਬਦ ਹੀ ਅਸਲ ਮੁਕਤੀ ਦਾਤਾ ਹਨ। ਸਾਡੀ ਰਵਾਇਤੀ ਸਮਝ ਤਾਂ ਇੱਥੋਂ ਤੱਕ ਸੰਕੇਤ ਕਰਦੀ ਹੈ ਕਿ ਸ਼ਬਦ/ਬੋਲ ਤੋਂ ਅਗਾਂਹ ਨਾਦ/ਧੁਨੀ ਤੱਕ ਪਹੁੰਚ ਕੇ ਹੀ ਗਿਆਨ ਪ੍ਰਾਪਤ ਹੋ ਸਕਦਾ ਹੈ। ਇਸ ਦਾ ਭਾਵ ਹੈ ਕਿ ਕੱਥ ਤੋਂ ਅਕੱਥ (ਕਹਿ ਤੋਂ ਅਕਹਿ) ਤੱਕ ਦਾ ਸਫਰ ਅਤੇ ਸਮਝ ਹੀ ਮਨੁੱਖ ਨੂੰ ਜੀਵਨ ਦੇ ਸੱਚੇ ਅਰਥਾਂ ਤੇ ਮਕਸਦ ਤੋਂ ਜਾਣੂ ਕਰਵਾ ਸਕਦਾ ਹੈ। ਸੰਖੇਪ ਵਿਚ ਭਾਸ਼ਾ/ਬੋਲੀ ਪ੍ਰਤੀ ਇਹ ਸਮਝ ਸਾਡੀ ਸਮੂਹਿਕ ਸੋਚਣੀ ਦਾ ਹਿੱਸਾ ਹੈ, ਚਾਹੇ ਹੁਣ ਇਹ ਸਾਡੀ ਰੋਜ਼ਾਨਾ ਜ਼ਿੰਦਗੀ ਦੇ ਅਭਿਆਸ ਦਾ ਹਿੱਸਾ ਨਹੀਂ।

ਇੱਕ ਸਮੇਂ ਤੱਕ ਪੰਜਾਬੀ ਸਮਾਜ ਵਿਚ ਬੰਦੇ ਨੂੰ ਇਹ ਵਾਰ-ਵਾਰ ਚਿਤਾਰਿਆ ਜਾਂਦਾ ਸੀ ਕਿ ਜੀਭ ਉੱਪਰ ਸਰਸਵਤੀ ਬੈਠੀ ਹੁੰਦੀ ਹੈ, ਜਾਂ ਸਾਰੇ ਦਿਨ ਦੌਰਾਨ ਬੋਲੇ ਸ਼ਬਦਾਂ ਵਿਚੋਂ ਕੋਈ ਗੱਲ ਸੱਚ ਹੁੰਦੀ ਹੈ, ਜਾਂ ਸਾਡੇ ਮੋਢਿਆਂ ਉੱਪਰ ਚਿੱਤਰਗੁਪਤ ਬੈਠੇ ਹੁੰਦੇ ਹਨ ਜੋ ਸਾਡਾ ਸਭ ਚੰਗਾ-ਬੁਰਾ ਲਿਖਦੇ ਹਨ। ਅਸੀਂ ਆਪਣੇ ਬਜ਼ੁਰਗਾਂ ਨੂੰ ਨਵੀਂ ਪੀੜ੍ਹੀ ਨੂੰ ਇਹ ਸਭ ਸਿਖਾਉਂਦੇ ਦੇਖਿਆ ਹੈ। ਲੋਕਧਾਰਾ ਵਿਚ ਰੁਚੀ ਹੋਣ ਕਰਕੇ ਮੈਨੂੰ ਹੁਣ ਸਮਝ ਆਉਂਦਾ ਹੈ ਕਿ ਇਨ੍ਹਾਂ ਸਭ ਗੱਲਾਂ ਦਾ ਅਰਥ ਅਤੇ ਕਾਰਜ ਕੀ ਹੈ। ਇਹ ਸਭ ਗੱਲਾਂ ਦੱਸਦੀਆਂ ਹਨ ਕਿ ਸਾਡੇ ਸਭਿਆਚਾਰ ਵਿਚ ਬੋਲ/ਸ਼ਬਦ ਦਾ ਕਿੰਨਾ ਮਹੱਤਵ ਰਿਹਾ ਹੈ। ਪੰਜਾਬੀ ਲੋਕਧਾਰਾ ਦਾ ਅਧਿਐਨ ਦੱਸਦਾ ਹੈ ਕਿ ਪੰਜਾਬੀ ਸਮਾਜ ਵਿਚ ਕੌਣ ਬੋਲੇਗਾ, ਕਿੱਥੇ ਬੋਲੇਗਾ, ਕਿੰਨਾ ਬੋਲੇਗਾ ਤੇ ਕਦ ਬੋਲੇਗਾ; ਇਸ ਸਭ ਬਾਰੇ ਸਭਿਆਚਾਰਕ ਨਿਯਮ ਤੇ ਮਾਨਤਾਵਾਂ ਹਨ। ਇਨ੍ਹਾਂ ਨਿਯਮਾਂ ਦਾ ਪਾਲਣ ਭਾਵੇਂ ਜ਼ਰੂਰੀ ਸ਼ਰਤ ਨਹੀਂ ਲੇਕਿਨ ਇਨ੍ਹਾਂ ਨੂੰ ਨਜ਼ਰਅੰਦਾਜ਼ ਕਰ ਕੇ ਬੰਦੇ ਦਾ ਪ੍ਰਭਾਵ ਅਸਰਅੰਦਾਜ਼ ਹੁੰਦਾ ਹੈ। ਇਹੀ ਨਿਯਮ ਬਹੁਤ ਵਾਰ ਬੁਲਾਰੇ ਲਈ ਪਾਬੰਦੀ ਵੀ ਬਣ ਜਾਂਦੇ ਹਨ। ਉਦਾਹਰਨ ਲਈ ਪੰਜਾਬੀ ਸਮਾਜ ਵਿਚ ਘੱਟ ਅਤੇ ਸਮਝਦਾਰੀ ਨਾਲ ਬੋਲਣ ਵਾਲੇ ਨੂੰ ਸਨਮਾਨ ਦਿੱਤਾ ਗਿਆ ਹੈ। ਇਹ ਨਿਯਮ ਸਭ ਉਪਰ ਬਰਾਬਰ ਲਾਗੂ ਹੁੰਦਾ ਹੈ। ਪੰਜਾਬ ਵਿਚ ਬਿਨਾਂ ਸੋਚੇ-ਵਿਚਾਰੇ ਗੱਲ ਕਰਨ ਵਾਲੇ ਨੂੰ ਕਿਹਾ ਜਾਂਦਾ ਹੈ ਕਿ ਇਸ ਦਾ ਮੂੰਹ ਕੁਹਾੜੇ ਨਾਲ ਪਾੜਿਆ ਹੋਇਆ ਹੈ। ਔਰਤਾਂ ਵਿਚ ਵਿਸ਼ੇਸ਼ ਕਰਕੇ ਛੋਟੇ ਮੂੰਹ ਵਾਲੀ ਔਰਤ ਨੂੰ 'ਡੱਬੀ ਵਰਗਾ ਮੂੰਹ' ਕਹਿ ਕੇ ਵਡਿਆਇਆ ਜਾਂਦਾ ਹੈ। ਇਸੇ ਕਦਰ ਵਿਚੋਂ ਵੱਧ ਬੋਲਣ ਵਾਲੇ ਲਈ 'ਮੂੰਹਫਟ ਹੋਣ', 'ਭਕਾਈ ਮਾਰਨ', 'ਭੌਂਕਣ', 'ਯੱਭਲੀਆਂ ਮਾਰਨ', 'ਝੱਗ ਡੇਗਣ', 'ਕੈਂਚੀ ਵਾਂਗ ਜ਼ਬਾਨ ਚੱਲਣ' ਵਰਗੇ ਮੁਹਾਵਰੇ ਵੀ ਨਿਕਲਦੇ ਹਨ। ਇਹ ਸਭ ਦੱਸਦਾ ਹੈ ਕਿ ਪੰਜਾਬੀ ਸਮਾਜ ਵਿਚ ਕਿਸੇ ਗੱਲ ਨੂੰ ਪ੍ਰਗਟਾਵਾ ਬਣਨ ਲਈ ਕਿੰਨੇ ਛਾਣਨਿਆਂ ਵਿਚੋਂ ਲੰਘਣਾ ਪੈਂਦਾ ਹੈ। ਸਾਡੇ ਬੋਲਾਂ ਉਪਰ ਆਇਦ ਅਜਿਹੀਆਂ ਵਰਜਣਾਵਾਂ ਸਾਡੇ ਅਚੇਤ ਦਾ ਹਿੱਸਾ ਬਣ ਕੇ ਸਾਡੀ ਭਾਸ਼ਾ ਅਤੇ ਸਾਡੇ ਦਰਮਿਆਨ ਦੂਰੀ ਬਣਾ ਦਿੰਦੀਆਂ ਹਨ। ਇਸ ਤੋਂ ਬਾਅਦ ਸਾਡੇ ਲਈ ਗੱਲ ਨਾਲੋਂ ਵਧੇਰੇ ਮਹੱਤਵਪੂਰਨ 'ਗੱਲ ਨੂੰ ਕਹੇ ਜਾਣ ਦਾ ਸਹੀ ਤਰੀਕਾ' ਬਣ ਜਾਂਦਾ ਹੈ। ਗੱਲ ਕਰਨ ਦੇ ਇਸ 'ਸਹੀ ਤਰੀਕੇ' ਵਿਚ ਅਕਸਰ ਸਾਡੇ ਭਾਵ ਅਸਪਸ਼ਟ ਰਹਿ ਜਾਂਦੇ ਹਨ। ਭਾਸ਼ਾ ਦੀ ਨਫਾਸਤ ਬਾਰੇ ਅਜਿਹੀ ਸਮਝ ਹੀ ਸਾਡੀ ਅਤੇ ਦੂਜਿਆਂ ਦੀ ਹੋਂਦ ਨੂੰ ਪਰਿਭਾਸ਼ਿਤ ਕਰਦੀ ਹੈ।

ਇਸ ਵਰਤਾਰੇ ਦਾ ਦੂਜਾ ਪਾਸਾ ਵੀ ਹੈ। ਇਸੇ ਪਾਸੇ ਬੰਦਾ ਜਿਊਂਦਾ ਅਤੇ ਸਾਹ ਲੈਂਦਾ ਹੈ। ਇਸ ਪਾਸੇ ਵਿਚ ਬੰਦਾ ਆਪਣੀ ਗੱਲ ਕਹਿਣ ਲਈ ਚੋਰ-ਮੋਰੀਆਂ ਵਿਚੋਂ ਹੀ ਸਹੀ ਲੇਕਿਨ ਰਾਹ ਰੱਖ ਲੈਂਦਾ ਹੈ। ਪੰਜਾਬ ਦੀ ਲੋਕਧਾਰਾ ਵਿਚ ਦੁੱਲੇ ਭੱਟੀ ਅਤੇ ਛੋਟੇ ਸਾਹਿਬਜ਼ਾਦਿਆਂ ਨਾਲ ਇਹ ਬਿਰਤਾਂਤ ਜੁੜਦਾ ਹੈ ਕਿ ਉਨ੍ਹਾਂ ਦੇ ਕਚਹਿਰੀ ਵਿਚ ਦਾਖਲ ਹੋਣ ਸਮੇਂ ਵੱਡੇ-ਚੌੜੇ ਦਰਵਾਜ਼ੇ ਬੰਦ ਕਰ ਕੇ ਛੋਟਾ ਦਰਵਾਜ਼ਾ ਖੋਲ੍ਹਿਆ। ਇਸ ਦਾ ਸਿੱਧਾ ਅਰਥ ਸੀ ਕਿ ਹਾਕਮ ਉਨ੍ਹਾਂ ਨੂੰ ਝੁਕਾਉਣਾ ਚਾਹੁੰਦੇ ਸਨ ਲੇਕਿਨ ਦੋਵਾਂ ਹੀ ਬਿਰਤਾਂਤਾਂ ਵਿਚ ਪੰਜਾਬ ਦੇ ਇਹ ਯੋਧੇ ਪਹਿਲਾਂ ਪੈਰ ਅੰਦਰ ਰੱਖਦੇ ਹਨ ਤੇ ਹਾਕਮ ਨੂੰ ਜੁੱਤੀ ਦਿਖਾਉਂਦੇ ਹਨ: ਭਾਵ ਉਹ ਚਿੰਨ੍ਹਾਂ ਰਾਹੀਂ ਪਰਿਭਾਸ਼ਿਤ ਧੌਂਸ ਦਾ ਜਵਾਬ ਉਨ੍ਹਾਂ ਹੀ ਚਿੰਨ੍ਹਾਂ ਦੀ ਲਿਆਕਤ ਨਾਲ ਵਰਤੋਂ ਕਰ ਕੇ ਦਿੰਦੇ ਹਨ। ਇਹ ਬਿਰਤਾਂਤ ਦੱਸਦਾ ਹੈ ਕਿ ਪੰਜਾਬ ਦੀ ਲੋਕਾਈ ਨੇ ਪੀੜ੍ਹੀਆਂ ਦੀ ਸਮਝ ਅਤੇ ਅਨੁਭਵ ਦੇ ਆਧਾਰ ਉਪਰ ਆਪਣਾ ਚਿੰਨ੍ਹਾਤਮਕ ਸੰਸਾਰ ਸਿਰਜਿਆ ਹੈ। ਇਹ ਚਿੰਨ੍ਹਾਤਮਕ ਸੰਸਾਰ ਪੰਜਾਬ ਦੀ ਲੋਕਾਈ ਨੂੰ ਕੇਵਲ ਔਖੇ ਸਮਿਆਂ ਵਿਚ ਮਾਨਸਿਕ ਤੇ ਆਤਮਿਕ ਬਲ ਹੀ ਨਹੀਂ ਦਿੰਦਾ ਸਗੋਂ ਨਿੱਜਤਾ ਤੋਂ ਉਪਰ ਉਠ ਕੇ ਸਹੀ ਅਤੇ ਗਲਤ ਵਿਚ ਫਰਕ ਕਰਨ ਦੀ ਸੇਧ ਵੀ ਦਿੰਦਾ ਹੈ।



***ਪੁਸਤਕਾਂ ਵਿਚ ਪੰਜਾਬ ਨੂੰ ਭਾਰਤ ਦੀ ਖੜਗ ਭੁਜਾ ਕਿਹਾ ਗਿਆ ਹੈ। ਇਸ ਵਾਕ ਨੇ ਪੰਜਾਬ ਨੂੰ ਕੇਵਲ ਸੂਰਬੀਰਾਂ ਤੇ ਲੜਾਕਿਆਂ ਦੀ ਧਰਤੀ ਬਣਾ ਦਿੱਤਾ। ਅੱਜ ਇਹ ਗੱਲ ਕਿਸੇ ਨੂੰ ਓਪਰੀ ਲੱਗ ਸਕਦੀ ਹੈ ਕਿ ਪੰਜਾਬ ਗਿਆਨੀਆਂ ਦੀ ਧਰਤੀ ਵੀ ਹੈ। ਭੂਤਕਾਲ ਵਿਚ ਪੰਜਾਬ ਜਿੰਨੀਆਂ ਚੁਣੌਤੀਆਂ ਦੇ ਦਰਪੇਸ਼ ਹੋਇਆ, ਇੱਥੇ ਓਨਾ ਹੀ ਵੱਡਾ ਫਲਸਫਾ ਅਤੇ ਚਿੰਤਨ ਪੈਦਾ ਹੋਇਆ।***

ਸਾਡੀਆਂ ਪੁਸਤਕਾਂ ਵਿਚ ਪੰਜਾਬ ਨੂੰ ਭਾਰਤ ਦੀ ਖੜਗ ਭੁਜਾ ਕਿਹਾ ਗਿਆ ਹੈ। ਇਸ ਇੱਕ ਵਾਕ ਨੇ ਪੰਜਾਬ ਨੂੰ ਕੇਵਲ ਸੂਰਬੀਰਾਂ ਅਤੇ ਲੜਾਕਿਆਂ ਦੀ ਧਰਤੀ ਬਣਾ ਦਿੱਤਾ ਹੈ। ਅੱਜ ਇਹ ਗੱਲ ਕਿਸੇ ਨੂੰ ਓਪਰੀ ਲੱਗ ਸਕਦੀ ਹੈ ਕਿ ਪੰਜਾਬ ਗਿਆਨੀਆਂ ਦੀ ਧਰਤੀ ਵੀ ਹੈ। ਇਤਿਹਾਸ ਗਵਾਹ ਹੈ ਕਿ ਭੂਤਕਾਲ ਵਿਚ ਪੰਜਾਬ ਜਿੰਨੀਆਂ ਵੱਡੀਆਂ ਚੁਣੌਤੀਆਂ ਦੇ ਦਰਪੇਸ਼ ਹੋਇਆ, ਇੱਥੇ ਓਨਾ ਹੀ ਵੱਡਾ ਫਲਸਫਾ ਅਤੇ ਚਿੰਤਨ ਪੈਦਾ ਹੋਇਆ। ਪੰਜਾਬ ਦੇ ਸਾਰੇ ਮਹਾਨ ਲੜਾਕਿਆਂ ਦਾ ਤਲਵਾਰ ਅਤੇ ਕਲਮ, ਦੋਵਾਂ ਨਾਲ ਬਹੁਤ ਨੇੜੇ ਦਾ ਰਿਸ਼ਤਾ ਰਿਹਾ ਹੈ। ਇਸ ਲਈ ਪੰਜਾਬ ਨੂੰ ਜੇ ਕੇਵਲ ਕਲਮ/ਸ਼ਬਦ ਪਰਿਭਾਸ਼ਿਤ ਨਹੀਂ ਕਰਦਾ ਤਾਂ ਇਸ ਨੂੰ ਕੇਵਲ ਤਲਵਾਰ/ਹਥਿਆਰ ਵੀ ਪਰਿਭਾਸ਼ਿਤ ਨਹੀਂ ਕਰਦੇ ਪਰ ਅੱਜ ਇਹ ਗੱਲ ਸ਼ਾਇਦ ਹੀ ਕਿਸੇ ਨੂੰ ਪਸੰਦ ਆਵੇ ਕਿ ਪੰਜਾਬ ਦੇ ਨਾਇਕਾਂ ਲਈ ਸਰੀਰਕ ਤੌਰ 'ਤੇ ਤਾਕਤਵਰ ਹੋਣਾ ਜ਼ਰੂਰੀ ਸ਼ਰਤ ਨਹੀਂ ਹੈ। ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ, ਪੂਰਨ ਭਗਤ, ਧੰਨਾ ਭਗਤ, ਫਰੀਦ, ਬੁੱਲ੍ਹਾ, ਸ਼ਾਹ ਹੁਸੈਨ ਆਤਮਿਕ ਪੱਖ ਤੋਂ ਬਲਵਾਨ ਹੋਣ ਕਰਕੇ ਲੋਕਾਂ ਦੇ ਨਾਇਕ ਹਨ। ਉਹ ਤਲਵਾਰ ਨਹੀਂ ਚੁੱਕਦੇ ਲੇਕਿਨ ਇਨ੍ਹਾਂ ਦੇ ਅਲਫਾਜ਼ ਅਤੇ ਕਲਮਾਂ ਤਲਵਾਰਾਂ ਦਾ ਮੂੰਹ ਮੋੜਨ ਦੀ ਤਾਕਤ ਰੱਖਦੀਆਂ ਸਨ। ਗੁਰੂ ਗੋਬਿੰਦ ਸਿੰਘ ਜੀ ਤਾਂ ਸਪਸ਼ਟ ਹੀ ਹਥਿਆਰ ਦੀ ਵਰਤੋਂ ਜ਼ਿੰਮੇਵਾਰੀ ਨਾਲ ਕਰਨ ਦੀ ਸ਼ਰਤ ਆਇਦ ਕਰਦੇ ਹਨ। ਇਸੇ ਕਾਰਨ ਉਨ੍ਹਾਂ ਦੁਆਰਾ ਰਚਿਤ 'ਜ਼ਫਰਨਾਮਾ' ਤੇ 'ਮਿਤ੍ਰ ਪਿਆਰੇ ਨੂੰ' ਸ਼ਬਦ ਪੰਜਾਬੀਆਂ ਲਈ ਮਾਨਸਿਕ ਅਤੇ ਆਤਮਿਕ ਬਲ ਦੇ ਸਿਖਰ ਦਾ ਪ੍ਰਤੀਕ ਬਣਦੇ ਹਨ। ਮਾਛੀਵਾੜੇ ਦਾ ਸਾਰਾ ਬਿਰਤਾਂਤ ਪੰਜਾਬੀਆਂ ਨੂੰ ਹਾਰ ਅਤੇ ਜਿੱਤ ਦੇ ਨਵੇਂ ਅਰਥ ਦਿੰਦਾ ਹੈ। ਇਸੇ ਲਈ ਅੱਜ ਵੀ ਪੰਜਾਬੀਆਂ ਲਈ ਜਿੱਤ ਅਤੇ ਹਾਰ ਨਾਲੋਂ ਵਧੇਰੇ 'ਲੜਨਾ' ਮਹੱਤਵਪੂਰਨ ਹੈ ਲੇਕਿਨ 'ਲੜਾਈ' ਦੇ ਅਰਥਾਂ ਨੂੰ ਜਾਬਰ ਸੱਤਾ ਵਿਰੁੱਧ ਲਗਾਤਾਰ 'ਸੰਘਰਸ਼' ਨਾਲੋਂ ਤੋੜ ਕੇ 'ਲੜਾਕੇ ਹੋਣ' ਤੱਕ ਕਦ ਸੀਮਤ ਕਰ ਦਿੱਤਾ ਗਿਆ, ਇਹ ਸੋਚਣ ਵਾਲਾ ਮਸਲਾ ਹੈ।

ਇਸ ਬਾਰੇ ਸੋਚਣ ਦਾ ਕਾਰਨ ਇਹ ਵੀ ਹੈ ਕਿ ਪੰਜਾਬ ਵਿਚ ਇਸੇ ਤਰੀਕੇ ਨਾਲ 'ਤਾਕਤ' ਨੂੰ ਕੇਵਲ ਸਰੀਰਕ ਅਤੇ ਬਲ ਦੇ ਅਰਥਾਂ ਤੱਕ ਘਟਾ ਦਿੱਤਾ ਗਿਆ। ਪੰਜਾਬੀ ਸਮਾਜ ਸਾਮੰਤੀ ਤੇ ਪਿੱਤਰਸੱਤਾ ਦੀ ਚੌਧਰ ਵਾਲਾ ਹੈ। ਇਸ ਲਈ ਇਸ ਅੰਦਰ ਅਜਿਹੀਆਂ ਸਾਰੀਆਂ ਬੁਰਾਈਆਂ ਹਨ ਜੋ ਅਜਿਹੇ ਸ਼ੋਸ਼ਣ ਆਧਾਰਿਤ ਸਮਾਜਾਂ ਦੇ ਇਤਿਹਾਸਕ ਖਾਸੇ ਵਿਚ ਹੁੰਦੀਆਂ ਹਨ ਲੇਕਿਨ ਅੱਜ ਪੰਜਾਬੀ ਸਮਾਜ ਦਾ ਢਾਂਚਾ ਜਿਸ ਤਰ੍ਹਾਂ ਕੇਵਲ ਸਰੀਰਕ ਅਤੇ ਪਦਾਰਥਕ ਤਾਕਤ ਨੂੰ ਜੀਵਨ ਦਾ ਧੁਰਾ ਬਣਾ ਚੁੱਕਾ ਹੈ, ਇਹ ਬਿਲਕੁਲ ਨਵਾਂ ਹੈ। ਅੱਜ ਹਾਲਤ ਇਹ ਹੈ ਕਿ ਪੰਜਾਬੀ ਬੰਦਾ ਸੱਤਾ ਦੀ ਪਦਾਰਥਕ ਤਾਕਤ ਨਾਲ ਰਿਸ਼ਤਾ ਗੰਢਣ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਅਜਿਹਾ ਪਹਿਲੀ ਵਾਰ ਹੋ ਰਿਹਾ ਹੈ ਕਿ ਪੰਜਾਬ ਦੇ ਭਵਿੱਖ ਦੀ ਯੋਜਨਾ ਵਿਚੋਂ ਸੋਚ-ਵਿਚਾਰ ਪੂਰੀ ਤਰ੍ਹਾਂ ਮਨਫੀ ਹਨ। ਇਹੀ ਕਾਰਨ ਹੈ ਕਿ ਸਾਡੇ ਲੋਕ, ਨੇਤਾ, ਅਫਸਰਸ਼ਾਹੀ, ਇੱਥੋਂ ਤੱਕ ਕਿ ਵਿਦਵਾਨ ਵੀ ਸ਼ਬਦਾਂ ਦੀ ਸੁਚੇਤ ਨਹੀਂ ਸਗੋਂ ਅਚੇਤ ਵਿਚ ਵਸੇ ਪੈਮਾਨਿਆਂ ਅਨੁਸਾਰ ਵਰਤੋਂ ਕਰ ਰਹੇ ਹਨ।

ਅੱਜ ਹਰ ਪੰਜਾਬੀ ਵਿਚੋਂ ਬੰਦਾ ਘੱਟ, ਹੈਂਕੜਬਾਜ਼ ਵਧੇਰੇ ਬੋਲਦਾ ਹੈ। ਸਾਨੂੰ ਇਹ ਸਮਝਣਾ ਪਵੇਗਾ ਕਿ ਤਾਕਤ ਨਾਲ ਕਿਸੇ ਨੂੰ ਚੁੱਪ ਕਰਵਾਉਣਾ ਤੇ ਤਾਕਤ ਦੇ ਸਾਹਮਣੇ ਚੁੱਪ ਹੋਣਾ; ਦੋਵੇਂ ਹੀ ਸਾਡੇ ਲਈ ਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਲਈ ਕਬਰ ਦਾ ਕੰਮ ਕਰਨਗੇ। ਇਤਿਹਾਸ ਵਿਚ ਪੰਜਾਬੀ, ਸੱਤਾ ਦੇ ਲੋਕ-ਵਿਰੋਧੀ ਹੋਣ ਉੱਪਰ ਕਦੇ ਚੁੱਪ ਨਹੀਂ ਰਹੇ ਪਰ ਵਰਤਮਾਨ ਸਮੇਂ ਪੰਜਾਬ ਦੀ ਸੱਤਾ 'ਚੁੱਪ' ਉਪਰ ਉੱਸਰੀ ਸੱਤਾ ਹੈ। ਇਸ ਚੁੱਪ ਵਿਚ ਬਹੁਤ ਸਾਰੇ ਅਬੋਲ ਹੋ ਚੁੱਕੇ ਵਰਗਾਂ ਦੀ ਕਥਾ ਮੌਨ ਹੈ। ਇਸ 'ਚੁੱਪ' ਦੀਆਂ ਜੜ੍ਹਾਂ ਡਰ ਵਿਚ ਹਨ। ਇਸ 'ਚੁੱਪ' ਦੇ ਖਿਲਾਫ ਸਾਨੂੰ ਜੋ ਸੁਣਾਈ ਦਿੰਦਾ ਹੈ, ਉਹ ਕੇਵਲ ਸ਼ੋਰ ਹੈ, ਅਗਾਂਹ ਇਹ ਸ਼ੋਰ ਵੀ ਬਹੁਤ ਸਾਰੀਆਂ ਆਵਾਜ਼ਾਂ ਨੂੰ ਮੌਨ ਕਰ ਦਿੰਦਾ ਹੈ। ਉਸ ਵਿਚ ਕਿੰਨੀਆਂ ਹੀ ਆਵਾਜ਼ਾਂ ਹਨ ਜਿਨ੍ਹਾਂ ਦਾ ਆਪਣਾ ਕੋਈ ਅਰਥ ਨਹੀ ਹੈ। ਇਨ੍ਹਾਂ ਆਵਾਜ਼ਾਂ ਦੇ ਸਪਸ਼ਟ ਵਾਕ ਵਿਚ ਬਦਲਣ ਦੀ ਬਜਾਇ ਸ਼ੋਰ ਵਿਚ ਬਦਲਣ ਕਾਰਨ ਹੀ ਨਿਰਾਸ਼ਾ ਪੈਦਾ ਹੁੰਦੀ ਹੈ।

ਸਾਡੇ ਆਲੇ-ਦੁਆਲੇ, ਗਲੀਆਂ, ਸੜਕਾਂ, ਜਨਤਕ ਥਾਵਾਂ ਉੱਪਰ ਲੋਕਾਂ ਨੂੰ ਗੱਲਾਂ ਕਰਦੇ ਸੁਣੋ; ਲੋਕ ਖਿਝੇ ਪਏ ਹਨ। ਪੰਜਾਬੀਆਂ ਦੀ ਨਰਮਾਈ, ਕੋਮਲਤਾ, ਵੈਰਾਗ ਤੇ ਅਪਣੱਤ ਗਵਾਚ ਗਈ ਹੈ। ਪੰਜਾਬੀ ਦਿਨ-ਬ-ਦਿਨ ਵਧੇਰੇ ਝਗੜਾਲੂ, ਅਸਹਿਣਸ਼ੀਲ ਤੇ 'ਲੜਾਕੇ' ਹੋ ਰਹੇ ਹਨ। ਸਾਡੇ ਲੋਕਾਂ ਦੀ ਆਮ ਬੋਲਚਾਲ ਵਿਚ ਗਾਲ੍ਹਾਂ ਦੀ ਇੰਨੀ ਭਰਮਾਰ ਹੁੰਦੀ ਹੈ ਕਿ ਸੰਵੇਦਨਸ਼ੀਲ ਬੰਦੇ ਦਾ ਜੀਅ ਕਚਿਆਣ ਨਾਲ ਭਰ ਜਾਂਦਾ ਹੈ। ਇਹ ਭਾਸ਼ਾ ਦੀ ਹਿੰਸਾ ਹੈ ਜੋ ਸੱਤਾ ਨੇ ਸਾਡੇ ਅਚੇਤ ਦਾ ਹਿੱਸਾ ਬਣਾ ਦਿੱਤੀ ਹੈ। ਅੱਜ ਪੰਜਾਬੀ ਬੰਦਾ ਇਸ ਹਿੰਸਾ ਦੁਆਰਾ ਪਰਿਭਾਸ਼ਿਤ ਅਰਥਾਂ ਅਤੇ ਨਿਯਮਾਂ ਨੂੰ ਧਿਆਨ ਵਿਚ ਰੱਖ ਕੇ ਬੋਲਦਾ ਹੈ। ਅੱਜ ਪੰਜਾਬੀ ਬੰਦੇ ਨੂੰ ਅਚੇਤ ਹੀ ਪਤਾ ਹੈ ਕਿ ਕਿੱਥੇ, ਕੀ, ਕਿਵੇਂ, ਕਿਸ ਤਰ੍ਹਾਂ ਤੇ ਕਿਉਂ ਬੋਲਣਾ ਹੈ ਅਤੇ ਚੁੱਪ ਰਹਿਣਾ ਹੈ।

ਪੰਜਾਬੀਆਂ ਨੂੰ ਇਨ੍ਹਾਂ ਨਿਯਮਾਂ ਨੂੰ ਤੋੜ ਕੇ ਜਾਂ ਨਜ਼ਰ-ਅੰਦਾਜ਼ ਕਰ ਕੇ ਬੋਲਣ ਨਾਲ ਜੁੜੇ ਸੰਭਾਵੀ ਖਤਰਿਆਂ ਦਾ ਸੁਤੇ-ਸਿਧ ਪਤਾ ਹੈ। ਪੰਜਾਬੀ ਬੰਦੇ ਨੂੰ ਇਹ ਲੋਕਧਾਰਾ ਅਤੇ ਸਭਿਆਚਾਰ ਰਾਹੀਂ ਬਹੁਤ ਹੀ ਸੂਖਮ ਪਰ ਸਪਸ਼ਟ ਰੂਪ ਵਿਚ ਸਮਝਾ ਦਿੱਤਾ ਜਾਂਦਾ ਹੈ। ਇਹ ਹਿੰਸਾ ਸਾਡੇ ਘਰਾਂ ਤੋਂ ਲੈ ਕੇ ਸਰਕਾਰੀ ਦਫਤਰਾਂ ਤੱਕ 'ਚੁੱਪ' ਦਾ ਅਜਿਹਾ ਜਾਲ ਬੁਣਦੀ ਹੈ ਜਿਸ ਦਾ ਕੋਈ ਸਿਰਾ ਹੱਥ ਨਹੀਂ ਆਉਂਦਾ। ਇਹ ਚੁੱਪ ਬਹੁਤ ਸੰਘਣੀ ਅਤੇ ਗਹਿਰੀ ਹੈ। ਇਸ ਦਾ ਬਦਲ ਸਾਡੇ ਸਾਰਿਆਂ ਦੇ 'ਬੋਲ' ਹਨ ਜਾਂ ਫਿਰ ਸ਼ਬਦਾਂ ਦਾ ਕੋਈ ਅਜਿਹਾ ਜਾਦੂਗਰ ਜੋ ਸਾਰਿਆਂ ਦੇ ਹਿੱਸੇ ਦਾ ਬੋਲ ਸਕੇ। ਕੋਈ ਅਜਿਹਾ ਪੈਗੰਬਰ, ਨੇਤਾ, ਲੇਖਕ, ਦਾਰਸ਼ਨਿਕ, ਬੁੱਧਜੀਵੀ ਜੋ ਸਾਧਾਰਨ ਬੰਦੇ ਨੂੰ ਆਵਾਜ਼ ਦੇ ਸਕੇ ਜਾਂ ਉਸ ਦੀ ਆਵਾਜ਼ ਬਣ ਸਕੇ। ਅਜਿਹਾ ਕਰਨ ਲਈ ਮਸੀਹਾ ਹੋਣ ਦੀ ਨਹੀਂ, ਬਸ ਜ਼ਿੰਮੇਵਾਰ ਇਨਸਾਨ ਹੋਣ ਦੀ ਲੋੜ ਹੈ।



***ਇੱਕ ਸਮੇਂ ਤੱਕ ਪੰਜਾਬੀ ਸਮਾਜ ਵਿਚ ਬੰਦੇ ਨੂੰ ਇਹ ਵਾਰ-ਵਾਰ ਚਿਤਾਰਿਆ ਜਾਂਦਾ ਸੀ ਕਿ ਜੀਭ ਉਪਰ ਸਰਸਵਤੀ ਬੈਠੀ ਹੁੰਦੀ ਹੈ, ਜਾਂ ਸਾਰੇ ਦਿਨ ਦੌਰਾਨ ਬੋਲੇ ਸ਼ਬਦਾਂ ਵਿਚੋਂ ਕੋਈ ਗੱਲ ਸੱਚ ਹੁੰਦੀ ਹੈ, ਜਾਂ ਸਾਡੇ ਮੋਢਿਆਂ ਉਪਰ ਚਿੱਤਰਗੁਪਤ ਬੈਠੇ ਹੁੰਦੇ ਹਨ ਜੋ ਸਾਡਾ ਸਭ ਚੰਗਾ-ਬੁਰਾ ਲਿਖਦੇ ਹਨ। ਅਸੀਂ ਆਪਣੇ ਬਜ਼ੁਰਗਾਂ ਨੂੰ ਨਵੀਂ ਪੀੜ੍ਹੀ ਨੂੰ ਇਹ ਸਭ ਸਿਖਾਉਂਦੇ ਦੇਖਿਆ ਹੈ।***

# ਸਮਕਾਲੀ ਸਮਾਜਿਕ ਸਥਿਤੀ ਅਤੇ ਔਰਤ ਦੀ ਸਵੈ-ਪਛਾਣ ਦਾ ਮਸਲਾ

ਇਤਿਹਾਸ ਵਿਚ ਅਜਿਹੇ ਪਲ ਨਾ ਮਾਤਰ ਹੀ ਮਿਲਦੇ ਹਨ, ਜਦੋਂ 'ਔਰਤ ਦੇ ਵਜੂਦ' ਦੀ ਲੜਾਈ ਕਿਸੇ ਨੇਸ਼ਨ ਦਾ ਏਜੰਡਾ ਰਿਹਾ ਹੋਵੇ ਪਰ ਇਤਿਹਾਸ ਅਜਿਹੀਆਂ ਔਰਤਾਂ ਦੀ ਗਵਾਹੀ ਭਰਦਾ ਹੈ, ਜਿਨ੍ਹਾਂ ਦੇ ਰੂਹ ਦੀ ਭਟਕਣ ਅਤੇ ਜ਼ਿੰਦਗੀ ਜਿਉਣ ਦੀ ਸ਼ਿੱਦਤ ਲਈ ਕੀਤੀ 'ਚੋਣ' ਨੇ ਨਾਂ ਸਿਰਫ ਔਰਤ ਬਲਕਿ ਮਨੁੱਖੀ ਹੋਂਦ ਦੀ ਵੀ ਨਵੀਂ ਕਹਾਣੀ ਲਿਖੀ। ਇਨ੍ਹਾਂ ਔਰਤਾਂ ਦੀ ਖੂਬਸੂਰਤੀ ਦੇ ਹਰ ਪੱਖ ਨੂੰ ਸਮਝਣ ਲਈ ਸਾਡੇ ਸਮਾਜ ਨੂੰ ਲੰਬਾ ਪੈਂਡਾ ਤੈਅ ਕਰਨਾ ਪੈਣਾ ਹੈ। ਯਾਂ ਪਾਲਸਾਰਤਰ ਅਨੁਸਾਰ ਮਨੁੱਖ ਆਪਣੀਆਂ ਚੋਣਾਂ ਦਾ ਮਜਮੂਆ ਹੁੰਦਾ ਹੈ। ਪ੍ਰਸਿੱਧ ਨਾਰੀਵਾਦੀ ਚਿੰਤਕ ਸਿਮੋਂ ਦੀ ਬੂਆ ਨੇ ਵੀ ਆਖਿਆ ਹੈ ਕਿ "ਔਰਤ ਲਈ ਸਵਾਲ ਮਹਿਜ਼ ਔਰਤ ਹੋਣ ਦਾ ਦਾਅਵਾ ਕਰਨਾ ਨਹੀਂ ਬਲਕਿ ਸੰਪੂਰਨ ਮਨੁੱਖ

ਮਾਨਵੀ ਸ਼ਰਮਾ

ਹੋਣ ਦਾ ਹੈ।" ਪਰ ਕੋਈ ਵੀ ਚੋਣ ਆਪਣੇ ਆਪ ਵਿਚ ਸੰਪੂਰਨ ਨਹੀਂ ਹੁੰਦੀ, ਬਲਕਿ ਸਮਾਜਿਕ, ਆਰਥਿਕ, ਰਾਜਨੀਤਿਕ, ਸਭਿਆਚਾਰਕ ਅਤੇ ਧਾਰਮਿਕ ਸੰਦਰਭ ਹੀ 'ਚੋਣ' ਅਤੇ ਹਾਲਤਾਂ ਨੂੰ ਪ੍ਰਭਾਵਿਤ/ਨਿਰਧਾਰਿਤ ਕਰਦੇ ਹਨ। ਇਨ੍ਹਾਂ ਪੱਖਾਂ ਦੀਆਂ ਸੀਮਤਾਈਆਂ ਦੇ ਬਾਵਜੂਦ ਚੋਣ ਦਾ ਸੁਆਲ ਬਹੁਤ ਅਹਿਮ ਹੈ, ਜਿਸ ਵਿਚ ਕੋਈ ਵੀ ਕੀਤੀ 'ਚੋਣ', 'ਚੋਣ' ਵਜੋਂ ਉਭਰਦੀ ਹੈ।

ਸਿਮਰਨ ਕੌਰ ਢਾਡਲੀ ਦੇ ਗੀਤ 'ਲਹੂ ਦੀ ਆਵਾਜ਼' ਵਿਚ ਔਰਤ ਦੀ ਪੇਸ਼ਕਾਰੀ ਬਹੁਤ ਗੈਰ-ਮਨੁੱਖੀ ਅਤੇ ਸੀਮਿਤ ਢੰਗ ਨਾਲ ਦਿਖਾਈ ਗਈ ਹੈ। ਇਸ ਗੀਤ ਵਿਚ ਔਰਤਾਂ ਨੂੰ ਸਿੱਧੇ ਰੂਪ ਵਿਚ ਦੋ ਸ਼੍ਰੇਣੀਆਂ ਵਿਚ ਵੰਡਿਆ ਦਿਖਾਇਆ ਗਿਆ ਹੈ। ਇਸ ਅਨੁਸਾਰ ਆਦਰਸ਼ ਅਤੇ ਸੁਪਨਿਆਂ ਦੀ ਔਰਤ ਉਹ ਹੈ, ਜੋ ਪਿਓ ਅਤੇ ਭਰਾ ਸਾਹਮਣੇ ਨੀਵੀਂ ਪਾਈ ਚੁੱਪ ਵੱਟੀ ਖੜ੍ਹੀ ਹੈ। ਕੁੱਖੋਂ ਯੋਧੇ ਜੰਮਣਾ, ਮਰਦਾਂ ਦੀ ਸੇਵਾ ਜਿਸਦਾ ਮੁੱਢਲਾ ਧਰਮ ਹੈ। ਦੂਜੀ ਧਿਰ ਵਿਚ ਉਹ ਔਰਤਾਂ ਸ਼ਾਮਲ ਹਨ, ਜਿਨ੍ਹਾਂ ਨੂੰ ਸੋਸ਼ਲ ਮੀਡੀਆ ਉਤੇ ਦੇਹ ਦੀ ਨੁਮਾਇਸ਼ ਤੋਂ ਇਤਰਾਜ਼ ਨਹੀਂ। ਗੀਤ ਦੇ ਬੋਲਾਂ ਅਨੁਸਾਰ ਅਜਿਹੀਆਂ ਔਰਤਾਂ ਪ੍ਰੰਪਰਾਗਤ 'ਅਣਖ' ਅਤੇ 'ਇੱਜ਼ਤ' ਨੂੰ ਰੋਲਦੀਆਂ ਹਨ। ਇਹ ਔਰਤਾਂ 'ਫੈਮੀਨਿਸਟ' ਕਹਾਉਂਦੀਆਂ ਹਨ, ਜਿਨ੍ਹਾਂ ਨੂੰ ਦੇਹ ਦੀ ਪੇਸ਼ਕਾਰੀ ਤੋਂ ਗੁਰੇਜ਼ ਨਹੀਂ। ਔਰਤਾਂ ਦੀ ਕੱਪੜਿਆਂ, ਸ਼ਰਾਬ ਦੇ ਸੇਵਨ, ਆਪਣੀ ਦੇਹ ਆਦਿ ਲਈ ਕੀਤੀਆਂ ਨਿੱਜੀ ਚੋਣਾਂ ਨੂੰ 'ਚੁਆਇਸ ਫੈਮੀਨਿਜ਼ਮ' ਦਾ ਲੇਬਲ ਲਗਾ ਕੇ ਲਿਬਰਲ ਖੇਮੇ ਦੁਆਰਾ ਵੀ ਨਕਾਰ ਦਿੱਤਾ ਜਾਂਦਾ ਹੈ।

ਵਿਚਾਰਨਯੋਗ ਗੱਲ ਇਹ ਹੈ ਕਿ ਅਜੋਕੇ ਸਮੇਂ ਵਿਚ ਔਰਤ ਦੇ ਸਰੋਕਾਰਾਂ ਨੂੰ ਜਾਂ ਨਾਰੀਵਾਦ ਦੇ ਸੰਕਲਪ ਨੂੰ ਉਪਰੋਕਤ ਦਰਸਾਈਆਂ 'ਦੋਹਾਂ ਕਿਸਮਾਂ ਦੀਆਂ ਚੋਣਾਂ' (ਮੱਧਯੁਗੀ ਆਦਰਸ਼ ਔਰਤ ਅਤੇ ਔਰਤਾਂ ਦੀ ਉਹ ਸ਼੍ਰੇਣੀ ਜੋ ਮਹਿਜ਼ ਜੀਵਨ-ਸ਼ੈਲੀ ਦੇ ਬਦਲਾਅ ਚਾਹੁੰਦੀ ਹੈ) ਤਕ ਸੀਮਿਤ ਕਰ ਕੇ ਨਹੀਂ ਦੇਖਿਆ ਜਾ ਸਕਦਾ। ਇਹ ਸਿਰਫ ਨਵ-ਉਦਾਰਵਾਦੀ ਨੀਤੀਆਂ ਤਹਿਤ 'ਚੋਣ' ਸ਼ਬਦ ਦੀ ਸਿਆਸਤ ਹੇਠ ਔਰਤਾਂ ਦੀ ਕਿਰਤ ਅਤੇ ਕਿਰਦਾਰ ਨੂੰ ਵਰਤਣ ਦਾ ਸਾਧਨ ਮਾਤਰ ਹਨ, ਜੋ ਸਿੱਧੇ ਜਾਂ ਅਸਿੱਧੇ ਰੂਪ ਵਿਚ ਸਿਸਟਮ ਵਿਚ ਪਈਆਂ ਊਣਤਾਈਆਂ ਦੀ ਹਮਾਇਤ ਕਰਦੀਆਂ ਹਨ।

ਪਰ ਇਸ ਦੇ ਨਾਲ ਹੀ ਇਹ ਵੀ ਦੇਖਿਆ ਜਾਣਾ ਲਾਜ਼ਮੀ ਹੈ ਕਿ ਕੀ ਸਾਡੇ ਸਮਾਜ ਵਿਚ ਵਾਕਈ ਕਿਸੇ ਵੀ ਵਰਗ ਦੀ ਔਰਤ ਕੋਈ 'ਚੋਣ' ਕਰਨ ਲਈ ਸੁਤੰਤਰ ਹੈ? ਜੇਕਰ ਔਰਤ ਕੁਝ ਕੁ ਨਿੱਜੀ ਚੋਣਾਂ ਨੂੰ ਹੀ ਆਜ਼ਾਦੀ ਦਾ ਭਰਮ ਸਮਝਦੀ ਹੋਵੇ, ਕੀ 'ਚੋਣ' ਅਤੇ 'ਆਜ਼ਾਦੀ' ਵਰਗੇ ਸ਼ਬਦ ਇਸ ਸੰਦਰਭ ਵਿਚ ਵਰਤੇ ਜਾ ਸਕਦੇ ਹਨ? 'ਚੁਆਇਸ (ਚੋਣ) ਫੈਮੀਨਿਜ਼ਮ' ਅਤੇ 'ਮੱਧਯੁਗੀ ਔਰਤ ਦੀ ਛਵੀ' ਵਿਚਕਾਰ 21ਵੀਂ ਸਦੀ ਦੀ ਔਰਤ ਖੜ੍ਹੀ ਹੈ ਜੋ ਹਰੇਕ ਪੱਧਰ 'ਤੇ ਆਪਣੇ ਕਿਰਦਾਰ ਦੀ ਹੋਂਦ ਅਤੇ ਕੀਤੇ ਫੈਸਲਿਆਂ ਲਈ ਲੜ ਰਹੀ ਹੈ। ਔਰਤ ਦੀ ਜ਼ਿੰਦਗੀ ਨੂੰ ਮਰਦ ਦੀ ਹੋਂਦ ਤੋਂ ਬਿਨਾ ਸਮਾਜਿਕ ਪ੍ਰਵਾਨਗੀ ਨਹੀਂ ਹੈ। ਔਰਤ ਭਾਵੇਂ ਯੂਨੀਵਰਸਿਟੀ ਤਕ ਪਹੁੰਚ ਗਈ ਹੈ, ਪਰ ਉਸਦੀ ਡਿਗਰੀ/ਪੜ੍ਹਾਈ ਮੈਟਰੀਮੋਨੀਅਲ ਪ੍ਰੋਫਾਈਲ ਪੁਖਤਾ ਕਰਨ ਤਕ ਸੀਮਿਤ ਹੈ। ਕੁੜੀਆਂ ਦੀ ਪੜ੍ਹਾਈ-ਲਿਖਾਈ ਤਾਂ ਹੀ ਸਫਲ ਮੰਨੀ ਜਾਂਦੀ ਹੈ ਜੇ ਉਸਨੂੰ ਵਿਆਹ ਲਈ ਚੰਗਾ ਘਰ, ਪਰਿਵਾਰ (ਜ਼ਮੀਨ-ਜਾਇਦਾਦ ਆਦਿ) ਨਿਰਧਾਰਤ ਸਮੇਂ 'ਚ ਮਿਲ ਜਾਵੇ। ਕੁਝ ਸਾਲ ਪਹਿਲਾਂ ਆਈ 'ਕੁਈਨ' ਫਿਲਮ ਕਾਫੀ ਚਰਚਿਤ ਰਹੀ। ਇਹ ਫਿਲਮ ਇਸ ਲਈ ਵੀ ਅਗਾਂਹਵਧੂ ਮੰਨੀ ਗਈ ਕਿਉਂਕਿ ਇਹ ਫਿਲਮ ਉਨ੍ਹਾਂ 5% ਫਿਲਮਾਂ ਵਿਚੋਂ ਹੈ ਜੋ 'ਔਰਤ' ਕਿਰਦਾਰ 'ਤੇ ਕੇਂਦਰਿਤ ਹਨ ਜਦਕਿ 95% ਸਿਨੇਮਾ ਜਾਂ ਤਾਂ ਮਰਦ ਕੇਂਦਰਿਤ ਹੈ ਜਾਂ ਮਰਦਾਵੇਂ ਨਜ਼ਰੀਏ ਤੋਂ ਦੇਖਿਆ ਜਾਂ ਬਣਾਇਆ ਜਾਂਦਾ ਹੈ। ਇਹ ਫਿਲਮ ਔਰਤਾਂ ਦੇ ਕਿਸੇ ਖਾਸ ਜਾਂ ਮੁੱਢਲੇ ਮੁੱਦਿਆਂ ਨੂੰ ਮੁਖਾਤਿਬ ਨਹੀਂ ਹੁੰਦੀ ਬਲਕਿ ਮੱਧਵਰਗੀ ਪਰਿਵਾਰ ਦੀ 'ਭੋਲੀ' ਜਿਹੀ ਕੁੜੀ ਦੇ ਉਸ ਸਫਰ ਦੁਆਲੇ ਘੁੰਮਦੀ ਹੈ ਜਦੋਂ ਵਿਆਹ ਟੁੱਟਣ ਤੋਂ ਬਾਅਦ ਉਹ ਆਪਣੇ ਪਤੀ ਤੋਂ ਬਗੈਰ ਇਕੱਲਿਆਂ ਹੀ ਹਨੀਮੂਨ 'ਤੇ ਜਾਣ ਦਾ ਫੈਸਲਾ ਕਰ ਲੈਂਦੀ ਹੈ। ਭਾਵੇਂ ਇਸ ਕਿਰਦਾਰ ਦੀ ਚੋਣ ਕੋਈ ਅਸਾਧਾਰਨ ਨਹੀਂ, ਪ੍ਰੰਤੂ ਉਹ ਇਸ ਅਧੂਰੇ ਸਫਰ ਵਿਚ ਵੀ ਆਪਣੇ ਸਵੈ, ਵਜੂਦ ਅਤੇ ਸ਼ਖਸੀਅਤ (ਪਛਾਣ) ਨਾਲ ਦੋ-ਚਾਰ ਹੁੰਦਿਆਂ ਦੁਨੀਆ 'ਚ ਵਿਚਰਦੀ ਹੈ। ਉਸਦੇ ਨਿੱਕੇ-ਨਿੱਕੇ ਫੈਸਲੇ ਉਸਦੇ ਜ਼ਿਹਨ ਵਿਚ ਸਥਾਪਿਤ ਸਮਾਜਿਕ-ਮਨੋਵਿਗਿਆਨਕ ਰੁਕਾਵਟਾਂ ਨੂੰ ਤੋੜਦੇ ਹਨ, ਫਿਰ ਭਾਵੇਂ ਆਪਣੇ ਲਈ ਕੱਪੜਿਆਂ ਦੀ ਚੋਣ ਹੋਵੇ, ਤਿੰਨ ਮੁੰਡਿਆਂ ਨਾਲ ਹੋਸਟਲ 'ਚ ਰਹਿਣਾ ਹੋਵੇ, ਇਕੱਲੇ ਇੱਕ ਦੇਸ਼ ਜਾਂ ਸ਼ਹਿਰ ਤੋਂ ਸਫਰ ਕਰਨਾ ਹੋਵੇ ਆਦਿ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਿਸੇ ਵੀ ਸਮੇਂ ਜਾਂ ਹਾਲਾਤ ਵਿਚ ਕੀਤੀ ਚੋਣ ਨੂੰ ਨਤੀਜਿਆਂ ਤੋਂ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ। ਔਰਤਾਂ ਨਾਲ ਘਰਾਂ ਵਿਚ ਨਿੱਤ ਹੁੰਦੀ ਹਿੰਸਾ ਦੇ ਬਾਵਜੂਦ, ਕੁਝ ਗਿਣਤੀ ਦੀਆਂ ਔਰਤਾਂ ਹੀ ਤਲਾਕ ਦੀ ਚੋਣ ਕਰ ਸਕਦੀਆਂ ਹਨ। 'ਥੱਪੜ'



ਨਾਰੀਵਾਦੀ ਚਿੰਤਕ ਸਿਮੋਂ ਦੀ ਬੂਆ

ਫਿਲਮ ਦੀ ਮੁੱਖ ਕਿਰਦਾਰ ਇੱਕ ਆਦਰਸ਼ ਪਤਨੀ ਅਤੇ ਨੂੰਹ ਹੈ। ਸਿਰਫ ਇੱਕ ਥੱਪੜ ਉਸਦੇ ਸਾਰੇ ਵਜੂਦ ਨੂੰ ਝੰਜੋੜ ਕੇ ਰੱਖ ਦਿੰਦਾ ਹੈ ਅਤੇ ਸਮਾਜ ਵਿਚ ਸਥਾਪਤ ਰੂੜ੍ਹੀਬੱਧ ਪਤੀ ਦੀ ਭੂਮਿਕਾ ਦੇ ਹਰੇਕ ਪੱਖ ਨੂੰ ਨੰਗਾ ਕਰ ਦਿੰਦਾ ਹੈ, ਜਿਸ ਤਹਿਤ ਪਤੀ ਨੂੰ ਪਤਨੀ 'ਤੇ ਹੱਥ ਚੁੱਕਣ ਦਾ ਹੱਕ ਸਹਿਜੇ ਹੀ ਪ੍ਰਾਪਤ ਹੈ ਫਿਰ ਭਾਵੇਂ ਸ਼ੁਰੂਆਤ ਵਿਚ ਇਕ 'ਥੱਪੜ' ਹੀ ਕਿਉਂ ਨਾ ਹੋਵੇ। ਜਿੱਥੇ ਔਰਤ ਦਾ ਤਲਾਕ ਲੈਣਾ ਵਿਸਫੋਟਕ ਚੋਣ ਬਣ ਜਾਂਦਾ ਹੈ, ਉਥੇ ਮਰਦ ਦੇ ਔਰਤ ਉਤੇ ਹੱਥ ਚੁੱਕਣ ਦੇ ਰੁਝਾਨ 'ਤੇ ਸਾਡਾ ਸਮਾਜ ਚੁੱਪੀ 'ਕਿਉਂ' ਧਾਰ ਲੈਂਦਾ ਹੈ?

ਪਿੱਤਰ ਸੱਤਾਤਮਕ ਢਾਂਚੇ ਵਿਚ ਪਰਿਵਾਰ ਨੂੰ ਜੋੜ ਕੇ ਰੱਖਣਾ (ਭਾਵਨਾਤਮਕ ਲੇਬਰ) ਹੀ ਨਹੀਂ, ਸਗੋਂ ਰਸੋਈ ਅਤੇ ਪਾਲਣ-ਪੋਸ਼ਣ ਦੀ ਮੁੱਢਲੀ ਜ਼ਿੰਮੇਵਾਰੀ ਵੀ ਔਰਤ ਦੇ ਹਿੱਸੇ ਆਉਂਦੀ ਹੈ, ਜੋ ਕਿ ਉਸ ਤੋਂ ਅਸਾਧਾਰਨ ਸਹਿਣਸ਼ੀਲਤਾ ਦੀ ਮੰਗ ਕਰਦੀ ਹੈ। ਮਲਿਆਲਮ ਫਿਲਮ 'ਦਿ ਗਰੇਟ ਇੰਡੀਅਨ ਕਿਚਨ' ਵਿਚ 'ਰਸੋਈ, ਔਰਤ ਅਤੇ ਘਰਾਂ ਵਿਚ ਰੋਜ਼ਮਰ੍ਹਾ' ਦੇ ਜੀਵਨ ਵਿਚ ਘੁਟਣ ਦੇ ਅੰਸ਼ਾਂ ਨੂੰ ਖੂਬਸੂਰਤ ਢੰਗ ਨਾਲ ਬਿਆਨ ਕੀਤਾ ਗਿਆ ਹੈ। ਇਸ ਫਿਲਮ ਦੇ ਪਹਿਲੇ ਦ੍ਰਿਸ਼ ਵਿਚ ਮੁੱਖ ਕਿਰਦਾਰ ਦੇ 'ਡਾਂਸ' ਕਰਨ ਦੀ ਝਲਕ ਦੇ ਨਾਲ ਨਾਲ ਉਸਦੇ ਵਿਆਹ ਦੇ ਰਿਸ਼ਤੇ ਦੀ ਹੁੰਦੀ ਗੱਲ-ਬਾਤ ਦੀ ਝਾਤ ਦਿਖਾਈ ਦਿੰਦੀ ਹੈ। ਵਿਆਹ ਤੋਂ ਬਾਅਦ ਮਹਿਜ਼ ਪਤਨੀ ਦੀ ਭੂਮਿਕਾ ਵਿਚ ਉਸਦੀ ਜ਼ਿੰਦਗੀ ਰਸੋਈ ਤਕ ਸਿਮਟੀ ਨਜ਼ਰ ਆਉਂਦੀ ਹੈ। ਪਤੀ ਅਤੇ ਸਹੁਰੇ ਦਾ ਪ੍ਰੰਪਰਾਗਤ ਵਿਹਾਰ ਸਮਾਜ ਵਿਚ ਪ੍ਰਚਲਿਤ ਢੁੰਘੀਆਂ ਸੱਚਾਈਆਂ ਨੂੰ ਬਿਆਨ ਕਰਦਾ ਹੈ। ਇਸ ਸਭ ਦੌਰਾਨ ਮੁੱਖ ਕਿਰਦਾਰ ਦੀ ਵਿਆਹ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਅਤੇ ਬਚਾਉਣ ਲਈ ਕੀਤੀ ਭਾਵਨਾਤਮਕ ਅਤੇ ਸਰੀਰਕ ਜੱਦੋ-ਜਹਿਦ ਬਾਖੂਬੀ ਨਜ਼ਰ ਆਉਂਦੀ ਹੈ। ਸਹੁਰੇ ਪਰਿਵਾਰ ਵੱਲੋਂ ਡਾਂਸ ਜਾਂ ਨੌਕਰੀ ਕਰਨ ਦੀ ਇੱਛਾ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਵਿਆਹ ਦੀ ਸੰਸਥਾ ਵਿਚ ਹਾਲਾਤ ਨਾਲ ਸਮਝੌਤਾ ਕਰਨ ਦੀ ਬਜਾਇ ਉਹ ਆਪਣੇ 'ਪੈਸ਼ਨ' ਦੀ ਚੋਣ ਕਰਦੀ ਹੈ, ਜੋ ਸਵੈ ਦੀ ਤਲਾਸ਼ ਵੱਲ ਸੁਖਾਲਾ ਕਦਮ ਨਹੀਂ ਹੈ। ਔਕਸਫੈਮ (ਇੰਡੀਆ) ਦੀ ਇੱਕ ਰਿਪੋਰਟ ਵਿਚ ਸਾਫ ਦੱਸਿਆ ਗਿਆ ਹੈ ਕਿ ਔਰਤਾਂ ਘਰਾਂ ਵਿਚ ਮਰਦਾਂ ਦੇ ਮੁਕਾਬਲਤਨ 238 ਮਿੰਟ ਜ਼ਿਆਦਾ ਕੰਮ ਕਰਦੀਆਂ ਹਨ, ਜਿਸਦੀ ਕੋਈ ਤੈਅਸ਼ੁਦਾ ਅਦਾਇਗੀ ਨਹੀਂ ਮਿਲਦੀ। ਇਹ ਪਰਿਵਾਰ ਵਿਚ ਸਥਾਪਿਤ ਭੈਣ, ਪਤਨੀ, ਮਾਂ ਆਦਿ ਦੀਆਂ ਰੂੜ੍ਹੀਬੱਧ ਭੂਮਿਕਾਵਾਂ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਦਾ ਹੈ। ਕੋਵਿਡ-19 ਮਹਾਮਾਰੀ ਦੌਰਾਨ ਔਕਸਫੈਮ ਇੰਟਰਨੈਸ਼ਨਲ ਦੀ ਰਿਪੋਰਟ ਅਨੁਸਾਰ 64 ਮਿਲੀਅਨ ਔਰਤਾਂ ਨੂੰ ਨੌਕਰੀਆਂ ਗੁਆਉਣੀਆ ਪਈਆਂ, ਜੋ ਮਰਦਾਂ ਦੇ ਮੁਕਾਬਲੇ 39% ਵੱਧ ਸਨ।

ਕਿਸੇ ਵੀ ਸਮਾਜ ਵਿਚ 'ਔਰਤ' ਜਾਂ 'ਲਿੰਗ' ਕੋਈ ਸਥਾਪਿਤ ਇਕਾਈ ਨਹੀਂ ਹੈ। ਔਰਤਾਂ ਦੀ ਪਛਾਣ ਜਾਤ, ਜਮਾਤ, ਨਸਲ, ਕਿੱਤੇ, ਖਿੱਤੇ ਆਦਿ ਵਿਚ ਵੰਡੀ ਹੋਈ ਹੈ। ਸੁਭਾਵਿਕ ਹੈ ਕਿ ਔਰਤ ਦੁਆਰਾ ਕੀਤੀ ਕੋਈ ਵੀ ਚੋਣ ਇਨ੍ਹਾਂ ਦਾਇਰਿਆਂ ਤੋਂ ਬਾਹਰ ਨਹੀਂ ਹੋ ਸਕਦੀ। ਅਮਰਤਿਆ ਸੇਨ ਅਨੁਸਾਰ 'ਇਸ ਤੱਥ ਤੋਂ ਮੁੱਢਲਾ ਅਤੇ ਸਰਵ-ਵਿਆਪੀ ਹੋਰ ਕੁਝ ਨਹੀਂ ਹੋ ਸਕਦਾ ਕਿ ਹਰ ਖੇਤਰ ਵਿਚ ਹਰ ਕਿਸਮ ਦੀਆਂ ਕੀਤੀਆਂ ਚੋਣਾਂ ਇੱਕ ਵਿਸ਼ੇਸ਼ ਸੀਮਾ ਦੇ ਅੰਦਰ ਹੀ ਕੀਤੀਆਂ ਜਾਂਦੀਆਂ ਹਨ।' ਇਹ ਦਾਇਰੇ ਆਰਥਿਕਤਾ, ਜਾਤ, ਜਮਾਤ ਅਤੇ ਮੰਡੀ ਵੀ ਨਿਰਧਾਰਿਤ ਕਰਦੀ ਹੈ। ਇੱਕ ਮਜ਼ਦੂਰ ਦਾ ਬੱਚਾ ਸਿੱਧ-ਪੱਧਰੀ ਡਾਕਟਰ ਜਾਂ ਇੰਜੀਨੀਅਰ ਬਣਨ ਦੀ ਚੋਣ ਨਹੀਂ ਕਰ ਸਕਦਾ। ਔਰਤਾਂ ਲਈ ਇਹ ਚੋਣ ਕਰਨੀ ਹੋਰ ਵੀ ਮੁਸ਼ਕਿਲ ਹੈ ਕਿਉਂਕਿ ਉਸ ਤੋਂ ਪ੍ਰੰਪਰਾਗਤ ਸਥਾਪਿਤ ਭੂਮਿਕਾਵਾਂ ਦੀ ਪੂਰਤੀ ਦੀ ਵੀ ਤਵੱਕੋ ਕੀਤੀ ਜਾਂਦੀ ਹੈ ਜੋ ਕਿ ਬਹੁਤੀ ਵਾਰ ਗੈਰ-ਮਨੁੱਖੀ ਹੋ ਨਿੱਬੜਦੀਆਂ ਹਨ। ਇਸ ਤੋਂ ਇਲਾਵਾ ਨਿਮਨ ਵਰਗ ਦੀ ਔਰਤ ਹਾਲੇ ਵੀ ਆਪਣੀਆਂ ਮੁਢਲੀਆਂ ਲੋੜਾਂ, ਸਮੇਂ ਸਿਰ ਮਿਹਨਤਾਨਾ ਨਾ ਮਿਲਣ, ਕਿਰਤ ਦੀ ਬਰਾਬਰੀ ਆਦਿ ਲਈ ਸੰਘਰਸ਼ ਕਰ ਰਹੀ ਹੈ। ਹਾਲ ਹੀ ਵਿਚ ਹੋਏ ਕਿਸਾਨ ਅੰਦੋਲਨ ਵਿਚ ਔਰਤਾਂ ਨੂੰ ਸ਼ੁਰੂਆਤੀ ਦੌਰ ਤੋਂ ਲੈ ਕੇ ਅੰਤ ਤਕ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪਿਆ। ਇੱਥੋਂ ਤੱਕ ਕਿ ਔਰਤਾਂ ਨੂੰ ਘਰ ਵਾਪਸੀ ਲਈ ਕਹਿ ਦਿੱਤਾ ਗਿਆ ਸੀ ਪਰ ਵਾਪਸ ਮੁੜਨ ਦੀ ਬਜਾਇ ਉਨ੍ਹਾਂ ਨੇ ਆਪਣੀ ਭਾਗੀਦਾਰੀ ਦੀ ਚੋਣ ਨੂੰ ਤਰਜੀਹ ਦਿੱਤੀ। ਅੰਦੋਲਨ ਵਿਚ ਸ਼ਮੂਲੀਅਤ ਦੀ ਚੋਣ ਨਾਲ ਇੱਕ ਪਲੇਟਫਾਰਮ ਹਾਸਲ ਕੀਤਾ, ਜਿਸ ਤਹਿਤ 'ਔਰਤਾਂ' ਨੇ ਆਪਣੇ ਸਵੈ ਨੂੰ ਮੁੜ ਪਰਿਭਾਸ਼ਿਤ ਕਰਨ ਦਾ ਹੌਸਲਾ ਜਤਾਇਆ, ਪਰ ਇਹ ਤਾਂ ਹੀ ਹੋ ਸਕਿਆ ਜੇ ਉਨ੍ਹਾਂ ਨੇ ਆਪਣੇ ਆਲੇ-ਦੁਆਲੇ ਅਤੇ ਸਮਾਜਿਕ ਥਾਵਾਂ ਉਪਰ ਆਪਣੀ ਬਣਦੀ ਜ਼ਿੰਮੇਵਾਰੀ ਨੂੰ ਵੀ ਮੁੜ ਪਛਾਣਿਆ।

**ਉਨ੍ਹਾਂ ਦੇਸ਼ਾਂ ਜਿੱਥੇ ਕੱਪੜੇ, ਨੰਗੇਜ਼, ਸਿਗਰਟ, ਸ਼ਰਾਬ ਆਦਿ ਵਸਤਾਂ ਦੀ ਚੋਣ ਨਾਲ ਔਰਤਾਂ 'ਤੇ ਨੈਤਿਕ ਅਤੇ ਮੌਲਿਕ ਫੁਰਮਾਨ ਜਾਰੀ ਨਹੀਂ ਹੁੰਦਾ, ਉਥੇ ਵੀ ਔਰਤਾਂ ਸੰਘਰਸ਼ ਕਰ ਰਹੀਆਂ ਹਨ। 2018 ਵਿਚ ਸਪੇਨ ਵਿਚ 5 ਮਿਲੀਅਨ ਔਰਤਾਂ ਲਿੰਗਕ ਉਤਪੀੜਨ, ਸ਼ੋਸ਼ਣ ਅਤੇ ਹਿੰਸਾ ਖਿਲਾਫ ਸੜਕਾਂ 'ਤੇ ਉਤਰੀਆਂ। ਸਾਊਥ ਅਰੇਬਿਕ ਦੇਸ਼ਾਂ ਵਿਚ ਔਰਤਾਂ ਨੇ ਡਰਾਈਵਿੰਗ ਦਾ ਅਧਿਕਾਰ ਲੜ ਕੇ ਲਿਆ। ਵਿਅਕਤੀਗਤ ਤੌਰ 'ਤੇ ਪਾਸਪੋਰਟ ਅਪਲਾਈ ਕਰਨਾ ਵੀ ਇਕੱਲੀ ਔਰਤ ਲਈ ਸੰਭਵ ਨਹੀਂ ਸੀ। ਅਜਿਹੇ ਸਮਿਆਂ ਵਿਚ ਔਰਤ ਵੱਲੋਂ ਕੀਤੀ ਚੋਣ ਛੋਟੀ ਹੈ ਜਾਂ ਵੱਡੀ, ਸੱਚੀ ਹੈ ਜਾਂ ਝੂਠੀ ਇਸਦਾ ਫੈਸਲਾ ਕੌਣ ਕਰੇਗਾ? ਕੀ ਆਪਣੇ ਆਪੇ, ਸਵੈ, ਵਜੂਦ ਨਾਲ ਰੂਬਰੂ ਹੋਏ ਬਿਨਾਂ ਕਿਸੇ ਵੀ ਵੱਡੇ ਜਾਂ ਛੋਟੇ ਸੰਘਰਸ਼ ਲਈ 'ਪੇਨ ਜਾਂ ਪੈਸ਼ਨ' ਉਧਾਰੇ ਲਏ ਜਾ ਸਕਦੇ ਹਨ? ਔਰਤ ਦੀ ਕੀਤੀ ਸਾਧਾਰਨ ਤੋਂ ਸਾਧਾਰਨ ਚੋਣ ਉਸਦਾ ਢਰ ਨਾਲ ਰਿਸ਼ਤਾ ਨਿਰਧਾਰਿਤ ਕਰਦੀ ਹੈ ਜੋ ਕਿ ਉਹ ਸਦੀਆਂ ਤੋਂ ਦੂਜਿਆਂ ਵਿਚ ਤਲਾਸ਼ਦੀ ਨਜ਼ਰ ਆਉਂਦੀ ਹੈ। ਅਜਿਹੇ ਸਮੇਂ ਘਰ ਤੋਂ ਬਾਹਰ ਪੜ੍ਹਾਈ, ਨੌਕਰੀ ਕਰਨ, ਜਨਤਕ ਥਾਂਵਾਂ 'ਤੇ ਭਾਗੀਦਾਰੀ, ਵਿਆਹ ਕਰਵਾਉਣ ਜਾਂ ਨਾਂ ਕਰਵਾਉਣ, ਮਾਂ ਬਣਨ ਜਾਂ ਨਾ ਬਣਨ, ਤਲਾਕ ਲੈਣ ਦੀਆਂ ਚੋਣਾਂ ਆਦਿ ਦੇ ਪੈਮਾਨੇ ਸਹੀ ਜਾਂ ਗਲਤ ਹੋਣ ਦਾ ਨਿਬੇੜਾ ਕੌਣ ਕਰੇਗਾ? ਸਾਡੇ ਸਮਾਜ ਵਿਚ ਹਰੇਕ ਵਰਗ, ਜਾਤ, ਜਮਾਤ ਅਤੇ ਖਿੱਤੇ ਦੀ ਔਰਤ ਆਪਣੇ ਆਪਣੇ ਪੱਧਰ 'ਤੇ ਸੰਘਰਸ਼ ਕਰ ਰਹੀ ਹੈ। ਕੀ ਉਚ ਵਰਗ, ਮੱਧ ਵਰਗ ਅਤੇ ਨਿਮਨ ਵਰਗ ਦੀ ਔਰਤ ਦੇ ਸੰਘਰਸ਼ 'ਚ ਸਾਂਝ ਸੰਭਵ ਹੈ? ਇਨ੍ਹਾਂ ਸੰਘਰਸ਼ਾਂ ਨੂੰ ਕਿਵੇਂ ਲੜਿਆ ਜਾ ਸਕਦਾ ਹੈ? ਅੱਜ ਦੀ ਔਰਤ ਅਤੀਤ ਅਤੇ ਸੰਭਾਵਿਤ ਪਰ ਮੁਸ਼ਕਿਲ ਅਤੇ ਅਜੇ ਵੀ ਅਣਜਾਣ ਭਵਿੱਖ ਵਿਚਕਾਰ ਖੜ੍ਹੀ ਹੈ। 'ਚੋਣ ਦਾ ਪ੍ਰਸ਼ਨ' ਕਿਸੇ ਖਲਾਅ ਵਿਚੋਂ ਪੈਦਾ ਨਹੀਂ ਹੁੰਦਾ, ਸਮਾਜਿਕ ਵਰਤਾਰਿਆਂ ਦੇ ਸੰਦਰਭ ਵਿਚ ਹੀ 'ਚੋਣ' ਦੇ ਪ੍ਰਸ਼ਨ' ਨੂੰ ਮੁਖਾਤਿਬ ਹੋਇਆ ਜਾ ਸਕਦਾ ਹੈ।**

# ਮੂਲ

ਹਰ ਸਾਲ ਦੀ ਤਰ੍ਹਾਂ ਐਤਕੀਂ ਵੀ ਪਾਕਿਸਤਾਨ ਦਾ ਵਪਾਰ ਮੇਲਾ ਸਾਡੇ ਸ਼ਹਿਰ ਵਿਚ ਲੱਗਾ ਹੋਇਆ ਸੀ। ਸੁਣਿਆ ਸੀ, ਪਾਕਿਸਤਾਨੀ ਮਾਸਾਹਾਰੀ ਖਾਣਾ ਬਣਾਉਣ ਵਾਲਿਆਂ ਦਾ ਕੋਈ ਮੁਕਾਬਲਾ ਨਹੀਂ। ਮਾਸਾਹਾਰੀ ਭੋਜਨ ਦੇ ਸ਼ੌਕੀਨ ਮੈਂ ਆਪਣੇ ਪਿਤਾ ਜੀ ਨੂੰ ਵੀ ਨਾਲ ਲੈ ਕੇ ਆਇਆ। ਮੇਲਾ ਵੇਖਦੇ ਅਸੀਂ ਇੱਕ ਕਬਾਬ ਵਾਲੇ ਦੇ ਸਟਾਲ

ਡਾ. ਅਨੁਰਾਗ
ਫੋਨ: 98552-63576

ਮੂਹਰੇ ਜਾ ਖਲੋਤੇ। ਮੇਰੇ ਪਿਤਾ ਜੀ ਵੱਲ ਵੇਖ ਕੇ ਸਟਾਲ ਵਾਲਾ ਇਕਦਮ ਤ੍ਰਬਕ ਪਿਆ ਤੇ ਕੁਝ ਮਿੰਟ ਪਿਤਾ ਜੀ ਦੇ ਚਿਹਰੇ ਨੂੰ ਗਹੁ ਨਾਲ ਵੇਖਿਆ। ਉਸ ਨੇ ਫੇਰ ਆਵਾਜ਼ ਮਾਰੀ ਤੇ ਕਹਿਣ ਲੱਗਾ, 'ਉਏ ਸ਼ੌਕੀ ਜ਼ਰਾ ਏਧਰ ਆਈਂ' ਛੇਤੀ ਨਾਲ ਇਕ ਜੁਆਨ ਮੁੰਡਾ ਉਹਦੇ ਲਾਗੇ ਆ ਖਲੋਤਾ। 'ਵੇਖੀਂ ਯਾਰ, ਆਹ ਅੰਕਲ ਦੀ ਸ਼ਕਲ ਆਪਣੇ ਭਣੋਈਏ ਨਾਲ ਕਿੰਨੀ ਮਿਲਦੀ ਆ'। ਸ਼ੌਕੀ ਇਕਦਮ ਲਾਗੇ ਆ ਕੇ ਕਹਿਣ ਲੱਗਾ, 'ਆਹੋ ਉਏ ਇਹ ਤਾਂ ਵਾਕਈ ਸਾਡਾ ਚਕਵਾਲ ਆਲਾ ਭਾਈਆ (ਜੀਜਾ) ਲਗਦਾ'। ਫੇਰ ਉਹ ਸਟਾਲ ਵਾਲਾ ਮੈਨੂੰ ਕਹਿਣ ਲੱਗਾ, 'ਕਮਾਲ ਹੀ ਹੋ ਗਿਆ, ਐਨੀ ਸ਼ਕਲ ਮਿਲਦੀ ਆ। 'ਮੁਆਫ ਕਰਨਾ ਇਹ ਤੁਹਾਡੇ ਕੀ ਲੱਗਦੇ ਆ?' ਮੈਂ ਕਿਹਾ, 'ਮੇਰੇ ਅੱਬਾ ਜੀ ਨੇ'। ਅੱਬਾ ਸ਼ਬਦ ਮੈਂ ਜਾਣਬੁੱਝ ਕੇ ਕਿਹਾ। ਫੇਰ ਕਹਿਣ ਲੱਗਾ ਕਿ, 'ਕੀ ਨੋਸ਼ ਫਰਮਾਉਗੇ'? ਮੈਂ ਕਿਹਾ, 'ਇਕ ਪਲੇਟ ਕਬਾਬ ਦੀ ਦਈਂ' ਉਏ ਸ਼ੌਕੀ! ਇਕ ਪਲੇਟ ਕਬਾਬ ਦੀ ਲਾ ਤੇ ਪੀਸ ਦੋ ਦੀ ਜਗ੍ਹਾ ਅੱਠ ਪਾਈਂ। ਮੈਂ ਆਪਣੀ ਹੱਤਕ ਮਹਿਸੂਸ ਕੀਤੀ ਤੇ ਕਿਹਾ 'ਆ ਦੋ ਕਿਉਂ ਵਾਧੂ ਵਈ, ਅਸੀਂ ਮੰਗਤੇ ਆਂ'। ਮੈਨੂੰ ਤਲਖੀ ਵਿੱਚ ਆਉਂਦਿਆਂ ਵੇਖ ਬਾਪੂ ਨੇ ਮੇਰਾ ਹੱਥ ਦੱਬਿਆ! ਮੈਂ ਚੁੱਪ ਕਰ ਗਿਆ! ਕਬਾਬ ਖਾ ਕੇ ਪੈਸੇ ਦੇਣ ਤੋਂ ਬਾਅਦ ਕਾਰ ਵੱਲ ਆਉਂਦੇ ਮੈਂ ਬਾਪੂ ਜੀ ਨੂੰ ਕਿਹਾ, 'ਸਾਲਾ ਦੋ ਪੀਸਾਂ ਦਾ ਅਹਿਸਾਨ ਕਰ ਗਿਆ। ਬਾਪੂ ਮੇਰਾ ਹੱਸ ਪਿਆ ਤੇ ਕਹਿਣ ਲੱਗਾ, 'ਗੁੱਸਾ ਨਹੀਂ ਕਰੀ ਦਾ ਪੁੱਤਰਾ; ਜਿਸ ਕੋਲ ਜੋ ਦੇਣ ਦੀ ਕੁਵਤ ਹੁੰਦੀ ਹੈ, ਉਹੋ ਹੀ ਦੇ ਸਕਦਾ। ਤੂੰ ਉਸ ਦੀ ਭਾਵਨਾ ਤੇ ਰਿਸ਼ਤਿਆਂ ਪ੍ਰਤੀ ਪਿਆਰ ਨੂੰ ਵੇਖ। ਐਡੀ ਦੂਰ ਆ ਕੇ ਵੀ ਉਸ ਨੂੰ ਆਪਣਾ ਭਣੋਈਆ ਨਹੀਂ ਭੁੱਲਿਆ'। ਅਚਾਨਕ ਮੈਨੂੰ ਆਪਣਾ ਸਾਲਾ ਚੇਤੇ ਆ ਗਿਆ। ਇਹ ਉਦੋਂ ਦੀ ਗੱਲ ਹੈ ਜਦੋਂ ਮੇਰੀ ਬਦਲੀ ਮੇਰੇ ਆਪਣੇ ਸਾਲੇ ਦੇ ਸ਼ਹਿਰ ਹੋ ਗਈ। ਰਿਹਾਇਸ਼ ਦਾ ਕੋਈ ਪ੍ਰਬੰਧ ਨਾ ਹੋਣ ਕਰਕੇ ਦੋ ਚਾਰ ਦਿਨਾਂ ਲਈ ਆਪਣੇ ਸਾਲੇ ਦੇ ਘਰ ਰਹਿਣ ਲਈ ਸੋਚਿਆ। ਆਏ ਨੂੰ ਕੋਈ ਦੋ ਕੁ ਦਿਨ ਹੀ ਹੋਏ ਸਨ ਕਿ ਸ਼ਾਮ ਨੂੰ ਘਰ ਵੜਦਿਆਂ ਵਿਹੜੇ ਵਿਚ ਖੇਡਦੀ ਸਾਲੇ ਦੀ ਚਾਰ ਕੁ ਸਾਲਾਂ ਦੀ ਕੁੜੀ ਮੈਨੂੰ ਵੇਖਦਿਆਂ ਕਹਿਣ ਲੱਗੀ 'ਆ ਗਿਆ ਖਸਮਾਂ ਖਾਣਾ'। ਮੈਨੂੰ ਝਟਕਾ ਜਿਹਾ ਲੱਗਾ। ਮੈਂ ਕਿਹਾ, 'ਬੇਟਾ ਕਿਸ ਨੂੰ ਕਿਹਾ ਤੁਸੀਂ?' ਕੁੜੀ ਘਬਰਾ ਕੇ ਕਹਿਣ ਲੱਗੀ, 'ਅੰਕਲ ਮੰਮੀ ਰਾਤੀਂ ਡੈਡੀ ਨੂੰ ਕਹਿੰਦੀ ਸੀ, 'ਆ ਗਿਆ ਖਸਮਾਂ ਖਾਣਾ। ਛੇਤੀ ਨਹੀਂ ਜਾਂਦਾ ਹੁਣ'। ਮੇਰੇ ਖਾਣਿਓਂ ਗਈ ਤੇ ਮੈਂ ਉਸ ਰਾਤ ਹੀ ਸਾਮਾਨ ਚੁੱਕ ਕੇ ਹੋਟਲ ਜਾ ਵੜਿਆ।

# ਵਿਅੰਗ

ਵੋਟਾਂ ਦੇ ਦਿਨ ਚੱਲ ਰਹੇ ਨੇ। ਜ਼ਿਆਦਾਤਰ ਜਿੰਨੇ ਵਿਹਲੜ, ਘਰੋਂ ਨਕਾਰਾ ਤੇ ਰੱਜ ਕੇ ਨਿਕੰਮੇ ਬੰਦੇ ਹੁੰਦੇ ਨੇ, ਉਹ ਸਭ ਇਲੈਕਸ਼ਨ ਵਾਲੀਆਂ ਗੱਡੀਆਂ 'ਚੋਂ ਏਦਾਂ ਮੂੰਹ ਬਾਹਰ ਨੂੰ ਕੱਢ ਕੇ ਘੁੰਮ ਰਹੇ ਹੁੰਦੇ ਨੇ, ਜਿਵੇਂ ਕੁਪੱਤੀ ਜਨਾਨੀ ਪੁਲਿਸ ਦੀ ਗੱਡੀ ਲੈ ਕੇ ਕੁੜਮਾਂ 'ਤੇ ਚੜ੍ਹਾਈ ਕਰਨ ਚੱਲੀ ਹੁੰਦੀ ਏ।

ਇਹ ਘੜੰਮ ਚੌਧਰੀ ਇਕ ਬਹੁਤ ਖਾਸ ਕਿਸਮ ਦੇ ਜੀਵ ਹੁੰਦੇ ਹਨ। ਇਨ੍ਹਾਂ ਨੂੰ ਬਾਕੀ ਸਾਰਾ ਸਾਲ ਕੋਈ ਕੁੱਤੇ ਭਾਅ ਨਹੀਂ ਪੁੱਛਦਾ। ਇਹ ਵੀ

ਸੰਜੀਵ ਸਿੰਘ ਝੱਜ
ਫੋਨ: 98151-50542

ਸਿਰੇ ਦੇ ਢੀਠ ਤੇ ਬਦ-ਦਿਮਾਗ ਹੁੰਦੇ ਨੇ ਤੇ ਆਪਣੀ ਅਗਲੀ ਪਿਛਲੀ ਸਾਰੀ ਕੀਮਤ ਵਸੂਲ ਕੇ ਈ ਹਟਦੇ ਨੇ।

ਸਾਰਾ ਦਿਨ ਗੱਡੀ ਵਿਚ ਜ਼ੈਲਦਾਰ ਬਣ ਕੇ ਰਿਸ਼ਤੇਦਾਰਾਂ ਦੇ ਘਰੇ ਰੋਅਬ ਮਾਰਦੇ ਫਿਰਦੇ ਨੇ। ਕਹਿਰ ਦੀ ਘੜੀ ਉਦੋਂ ਦੇਖਣ ਵਾਲੀ ਹੁੰਦੀ ਏ, ਜਦੋਂ ਕਿਸੇ ਗਰੀਬੜੇ ਜਿਹੇ ਰਿਸ਼ਤੇਦਾਰ ਦੇ ਘਰ ਜਾ ਕੇ ਅਚਾਰ-ਗੰਢੇ ਨਾਲ ਰੋਟੀ ਖਾ ਕੇ ਪ੍ਰਧਾਨ ਮੰਤਰੀ ਵਾਲੀ ਫੀਲਿੰਗ ਭਾਲਦੇ ਹਨ।

ਸਾਰਾ ਦਿਨ ਕੁੱਤੇ ਵਾਂਗੂ ਫਿਰਨ ਤੋਂ ਬਾਅਦ ਅਸਲੀ ਕਰਤੂਤ ਇਨ੍ਹਾਂ ਦੀ ਉਦੋਂ ਉਜਾਗਰ ਹੁੰਦੀ ਏ ਜਦੋਂ ਸ਼ਾਮ ਪੈ ਜਾਂਦੀ ਹੈ। ਜੰਗ ਜਿੱਤ ਕੇ ਆਏ ਜਰਨੈਲ ਵਾਂਗ ਪਾਰਟੀ ਦਫਤਰ ਅੱਗੇ ਠਾਹ ਬ੍ਰੇਕ ਵੱਜਦੀ ਏ ਤੇ ਫਿਰ ਸ਼ੁਰੂ ਹੁੰਦਾ ਹੈ, ਫੁਕਰਗਰਦੀ ਤੇ ਚੱਪਲ-ਚੱਟ ਝੂਠੇ ਧਰਵਾਸ ਦਾ ਧੂੰਆਂਧਾਰ ਸਿਲਸਿਲਾ। ਇੱਕ ਇੱਕ ਵੋਟ ਗਿਣਾ ਕੇ ਪੂਰੀ ਹਾਰ ਜਿੱਤ ਦਾ ਨਿਰਣਾ ਕਰਦਿਆਂ ਦੀ ਲਲਚਾਈ ਨਜ਼ਰ ਪਿਛਲੇ ਕਮਰੇ ਵੱਲ ਈ ਹੁੰਦੀ ਏ, ਜਿੱਥੇ ਕੋਟਾ ਪਿਆ ਹੁੰਦਾ ਹੈ।

ਹੌਲੀ-ਹੌਲੀ ਸਾਰੇ ਜਣੇ ਆਪਣਾ-ਆਪਣਾ ਹਿਸਾਬ-ਕਿਤਾਬ ਦੱਸ ਕੇ ਉਠਣੇ ਸ਼ੁਰੂ ਹੋ ਜਾਂਦੇ ਨੇ ਪਰ ਧੋਨੀ ਵਾਂਗੂ ਮੈਦਾਨ 'ਚ ਟਿਕੇ ਰਹਿੰਦੇ ਹਨ। ਜਦੋਂ ਕੋਈ ਫਲ ਝੋਲੀ ਡਿੱਗਦਾ ਨਜ਼ਰ ਨਹੀਂ ਆਉਂਦਾ ਫਿਰ ਹੌਲੀ ਜਿਹੇ ਆਪਣੀ ਜ਼ੈਲਦਾਰੀ ਖੂੰਜੇ ਰੱਖ ਕੇ ਪ੍ਰਧਾਨ ਦੇ ਕੰਨ 'ਚ ਫੂਕ ਜਿਹੀ ਮਾਰ ਕੇ ਲਾਲ ਪਰੀ ਬਾਰੇ ਪੁੱਛਦਿਆਂ ਦੀ ਸ਼ਕਲ ਵੀ ਵੇਖਣ ਵਾਲੀ ਹੁੰਦੀ ਹੈ।

ਉਧਰ ਪ੍ਰਧਾਨ ਵੀ ਕੰਜਰਾਂ ਦਾ ਸਰਦਾਰ ਹੁੰਦਾ ਏ। ਉਸਨੂੰ ਇਨ੍ਹਾਂ ਫਸਲੀ ਬਟੇਰਿਆਂ ਦੀ ਨਸਲ ਦਾ ਬਾਖੂਬੀ ਪਤਾ ਹੁੰਦਾ ਹੈ। ਉਹ ਵੀ ਮੂੰਹ ਜਿਹਾ ਬਣਾ ਕੇ ਪਾਰਟੀ ਦੇ ਕਿਸੇ ਅਗਲੇ-ਪਿਛਲੇ ਪਿੰਡ ਦੇ ਸਰਪੰਚ ਗਲ ਪੰਜ-ਸੱਤ ਪੇਟੀਆਂ ਪਾ ਦਿੰਦਾ ਏ। ਇਹ ਜਮਾਤ ਫਿਰ ਆਪਣੀ ਅਸਲੀ ਔਕਾਤ 'ਤੇ ਆ ਕੇ ਮਿਹਣਾ ਜਿਹਾ ਮਾਰ ਈ ਦਿੰਦੀ ਏ, "ਅਸੀਂ ਪਾਰਟੀ ਲਈ ਭੁੱਖੇ ਭਾਣੇ ਮਰ ਰਹੇ ਹਾਂ, ਸਾਡੀ ਕੋਈ ਕਦਰ ਹੀ ਨਹੀਂ?" ਵੱਡੀਆਂ ਵੱਡੀਆਂ ਦੂਣਾਂ ਵਾਲਿਆਂ ਨੂੰ ਤੁਸੀ ਪੇਟੀਆਂ ਚੁਕਾਈ ਜਾਂਦੇ ਆ" ਅਸੀਂ ਆਪਣੀਆਂ ਦਿਹਾੜੀਆਂ ਭੰਨ ਕੇ ਸੇਵਾ ਕਰ ਰਹੇ ਹਾਂ ਤੇ ਤੁਸੀਂ ਸਾਨੂੰ ਬੰਦੇ ਹੀ ਨਹੀਂ ਗਿਣਦੇ!

ਖੱਲ ਖੂੰਜੇ ਝਾਤ ਕੇ ਜਦੋਂ ਅੱਧੀਆਂ-ਅੱਧੀਆਂ ਦੋ ਕੁ ਬੋਤਲਾਂ ਇਨ੍ਹਾਂ ਦੇ ਸਾਹਮਣੇ ਪੇਸ਼ ਕੀਤੀਆਂ ਜਾਂਦੀਆਂ ਨੇ, ਉਦੋਂ ਇਨ੍ਹਾਂ ਖੋਤਰੀ ਲੀਡਰਾਂ ਦੀ ਜੀਭ ਗਿੱਟਿਆਂ ਤੱਕ ਲਟਕਦੀ ਮਾਪੀ ਜਾ ਸਕਦੀ ਹੈ।

ਚਾਰ ਮੋਟੇ-ਮੋਟੇ ਟਿਕਾ ਕੇ ਇਨ੍ਹਾਂ ਦੀ ਚਾਲ ਵੀ ਵੇਖਣ ਵਾਲੀ ਹੁੰਦੀ ਏ ਜਿਵੇਂ ਤੂਤੀ ਵਾਲਾ ਟਰਾਲਾ ਟਾਹਲੀਆਂ ਦੇ ਪੱਤੇ ਝਾੜਦਾ ਤੁਰਿਆ ਜਾਂਦਾ ਹੋਵੇ। ਰਸਤੇ 'ਚ ਪਿੰਡ ਵੜਦਿਆਂ ਹੀ ਸਭ ਤੋਂ ਪਹਿਲਾਂ ਇਹ ਵਿਰੋਧੀ ਧਿਰ ਨੂੰ ਗਾਲੀ-ਗਲੋਚ ਕਰਦੇ ਹੋਏ ਖਤਰੋਂ ਕੇ ਖਿਲਾੜੀ ਬਣ ਜਾਂਦੇ ਹਨ। ਹਲਕੀ-ਫੁਲਕੀ ਧੱਕਾ-ਮੁੱਕੀ ਛਕ ਕੇ ਦੋ ਚਾਰ ਲੁੱਟਰ ਵਿਚੋਲੇ ਨੇਤਾ ਜੀ ਨੂੰ ਸਕੂਟਰ ਵਿਚਾਲੇ ਬਿਠਾ ਕੇ ਘਰ ਛੱਡ ਜਾਂਦੇ ਹਨ।

ਘਰ ਪਹੁੰਚ ਕੇ ਸਭ ਤੋਂ ਪਹਿਲਾਂ ਘਰਵਾਲੀ ਨੇਤਾ ਜੀ ਦੇ ਸਵਾਗਤ ਵਿਚ ਖਾਲੀ ਭਾਂਡਿਆਂ ਦਾ ਡਰੱਮ ਸੈਟ ਬਣਾ ਕੇ ਧਾਰਮਿਕ ਰਿਕਾਰਡ ਵਜਾਉਂਦੀ ਹੈ। ਘਰਵਾਲੀ ਤੋਂ ਮੈਡਲ ਲਗਵਾ ਕੇ ਫਿਰ ਕਿੱਧਰੇ ਜਾ ਕੇ ਅਚਾਰ-ਗੰਢੇ ਨਾਲ ਰੋਟੀ ਲੀਡਰ ਸਾਹਿਬਾਨ ਵੱਲ ਵਗਾਹ ਕੇ ਸੁੱਟੀ ਜਾਂਦੀ ਏ। ਅਚਾਰ ਤੇ ਗੰਢਾ ਦੇਖ ਕੇ ਲੀਡਰ ਸਾਹਿਬ ਫਿਰ ਜਲੌਅ 'ਚ ਆ ਜਾਂਦੇ ਨੇ ਤੇ ਉਚੀ ਉਚੀ ਗਵਾਂਢੀਆਂ ਨੂੰ ਸੁਣਾ ਕੇ ਸ਼ੁਰੂ ਹੋ ਜਾਂਦੇ ਨੇ, "ਐਮ ਐਲ ਏ ਨਾਲ ਖਾਣੀ ਪੀਣੀ ਏ ਆਪਣੀ, ਐਮ ਐਲ ਏ ਨਾਲ, ਕੁੱਕੜ ਬਿਨਾਂ ਫੁਲਕੇ ਨੂੰ ਹੱਥ ਨਹੀਂ ਲਾਈਦਾ ਤੇ ਤੂੰ ਮੈਨੂੰ ਭਈਆਂ ਵਾਂਗੂ ਅਚਾਰ ਨਾਲ ਸੁੱਕੀਆਂ ਰੋਟੀਆਂ ਚਾਰ ਰਹੀ ਏਂ? ਜਾਹ ਮੈਂ ਨਹੀਂ ਖਾਂਦਾ।"

ਇੰਨਾ ਆਖ ਕੇ ਭਾਂਡੇ ਭੰਨਦੇ ਲੀਡਰ ਸਾਹਿਬ ਟੁੱਟੀ ਮੰਜੀ 'ਤੇ ਢੇਰੀ ਹੋ ਜਾਂਦੇ ਨੇ।

# ਸੋਲਾਂ ਆਨੇ ਦੋਸਤ

ਅਵਤਾਰ ਸਿੰਘ
ਫ਼ੋਨ: 94175-18384

ਬਾਹਰੋਂ ਆਈ ਇਕ ਔਰਤ ਮੇਰੀ ਪਤਨੀ ਨੂੰ ਮਿਲਣ ਆਈ। ਮੇਰੀ ਪਤਨੀ ਰਸੋਈ 'ਚ ਚਲੀ ਗਈ ਤੇ ਮੈਂ ਉਹਦੇ ਕੋਲ ਚੁੱਪ-ਗੜੁੱਪ ਬੈਠ ਪਿਆ। ਕੁਝ ਚਿਰ ਬਾਅਦ ਉਹਨੇ ਚੁੱਪ ਤੋੜੀ, 'ਭਾਅ ਜੀ ਕਦੇ ਬਾਹਰ ਨਹੀਂ ਗਏ?' ਮੈਂ ਕਿਹਾ, 'ਨਹੀਂ ਭੈਣ ਜੀ'। ਉਹ ਫਿਰ ਬੋਲੀ, 'ਬਾਹਰ ਜਾਵੋਂਗੇ ਤਾਂ ਪੰਜਾਬ ਭੁੱਲ ਜਾਵੋਂਗੇ'। ਮੈਂ ਕਿਹਾ, 'ਭੈਣ ਜੀ, ਮੈਂ ਤਾਂ ਹੀ ਨਹੀਂ ਜਾਂਦਾ'। ਉਹ ਸੋਚਣ ਲੱਗ ਪਈ ਤੇ ਕੁਝ ਚਿਰ ਬਾਅਦ ਫਿਰ ਬੋਲੀ, 'ਇੱਥੇ ਧੂੜ ਬਹੁਤ ਹੈ'। ਮੇਰੇ ਤੋਂ ਰਿਹਾ ਨਾ ਗਿਆ। ਮੈਂ ਕਿਹਾ, 'ਭੈਣ ਜੀ, ਇੱਥੇ ਚੱਪੇ-ਚੱਪੇ 'ਤੇ ਸਾਡੇ ਗੁਰੂਆਂ ਦੇ ਪੈਰ ਲੱਗੇ ਹਨ। ਇਹ ਧੂੜ ਨਹੀਂ, ਚਰਨ ਧੂੜ ਹੈ, ਜਿਹਨੂੰ ਲੋਕ ਲੱਭਦੇ ਫਿਰਦੇ ਹਨ'। ਇਸ ਤੋਂ ਬਾਅਦ ਉਹਨੇ ਬਾਹਰ ਦੀ ਕੋਈ ਗੱਲ ਨਾ ਕੀਤੀ। ਮੈਂ ਉਹਦੀ ਬਾਹਰ ਦੀ ਬੁਛਾੜ ਤੋਂ ਬਚਣ ਲਈ ਸ਼ਰਧਾ ਦਾ ਤੰਬੂ ਤਾਣ ਲਿਆ ਸੀ।

ਟੈਗੋਰ ਦਾ ਕਥਨ ਹੈ ਕਿ ਧਰਤੀ ਦਾ ਤਿਆਗ ਰੁੱਖ ਦੀ ਮੁਕਤੀ ਨਹੀਂ, ਮੌਤ ਹੁੰਦੀ ਹੈ। ਨਰਸਰੀ ਵਿਚ ਲੱਗੇ ਬੂਟੇ ਧਰਤੀ 'ਤੇ ਪਏ ਹੁੰਦੇ ਹਨ, ਪਰ ਉਨ੍ਹਾਂ ਦੀਆਂ ਜੜ੍ਹਾਂ ਜ਼ਮੀਨ ਵਿਚ ਨਹੀਂ ਲੱਗੀਆਂ ਹੁੰਦੀਆਂ। ਉਨ੍ਹਾਂ ਨੂੰ ਚੁੱਕ ਕੇ ਕਿਤੇ ਵੀ ਲਗਾ ਦਿ", ਬੜੇ ਆਰਾਮ ਨਾਲ਼ ਲੱਗ ਜਾਂਦੇ ਹਨ ਪਰ ਧਰਤੀ 'ਤੇ ਉਗੇ ਜਾਂ ਉਗਾਏ ਹੋਏ ਬੂਟੇ ਪੁੱਟਣ ਲੱਗਿਆਂ ਪਾਈਆ ਕੁ ਮਿੱਟੀ ਨਾਲ ਪੁੱਟਣੀ ਪੈਂਦੀ ਹੈ ਤੇ ਹੋਰ ਥਾਂ ਲਗਾਉਣ 'ਤੇ ਅਜਿਹੇ ਬੂਟੇ ਅਕਸਰ ਕੁਮਲਾ ਜਾਂਦੇ ਹਨ ਤੇ ਕਈ ਵਾਰੀ ਸੁੱਕ ਜਾਂਦੇ ਹਨ, ਜੋ ਮੁੜ ਕੇ ਕਦੇ ਹਰੇ ਨਹੀਂ ਹੁੰਦੇ। ਇਸੇ ਤਰ੍ਹਾਂ ਬਾਹਰ ਗਏ ਲੋਕ ਸਰੀਰਕ ਤੌਰ 'ਤੇ ਜਿੰਨੇ ਮਰਜ਼ੀ ਪੁਸ਼ਟ ਹੋ ਗਏ ਹੋਣ, ਪਰ ਉਹ ਕਦੀ ਵੀ ਰਿਸ਼ਟ ਨਹੀਂ ਹੁੰਦੇ। ਇਸ ਗੱਲ ਦਾ ਅੰਦਾਜ਼ਾ ਉਨ੍ਹਾਂ ਦੀਆਂ ਗੱਲਾਂ ਤੋਂ ਲੱਗਦਾ ਹੈ। ਇਹ ਗੱਲ ਵੱਖਰੀ ਹੈ ਕਿ ਗੱਲਾਂ ਤੋਂ ਅੰਦਾਜ਼ਾ ਲਾਉਣਾ ਓਨਾ ਹੀ ਮੁਸ਼ਕਲ ਹੈ, ਜਿੰਨਾ ਨਬਜ਼ ਤੋਂ ਬਿਮਾਰੀ ਦਾ ਅਨੁਮਾਨ ਲਾਉਣਾ।

ਟੌਲਸਟਾਏ ਨੇ ਲਿਖਿਆ ਹੈ ਕਿ ਕੋਈ ਨੇਲਾ ਹਨੇਰੇ ਵਿਚ ਕੁਝ ਖਾਣ ਨੂੰ ਲੱਭਦਾ ਲੱਭਦਾ ਰੇਤੀ ਚੱਟਣ ਲੱਗ ਪਿਆ। ਉਹਨੂੰ ਸੁਆਦ ਆਉਣ ਲੱਗਾ, ਜਿਵੇਂ ਰੇਤੀ ਵਿਚੋਂ ਰਸ ਨਿਕਲਦਾ ਹੋਵੇ। ਉਹ ਸਾਰੀ ਰਾਤ ਰੇਤੀ ਚੱਟੀ ਗਿਆ ਤੇ ਸਵੇਰ ਤੱਕ ਉਹਦੀ ਸਾਰੀ ਜੀਭ ਘਸ ਚੁੱਕੀ ਸੀ। ਦਰਅਸਲ ਉਹ ਰਸ ਉਹਦੀ ਜੀਭ ਵਿਚੋਂ ਰਿਸਦਾ ਉਹਦਾ ਆਪਣਾ ਖ਼ੂਨ ਹੀ ਸੀ। ਇਸੇ ਤਰ੍ਹਾਂ ਸਾਡੇ ਐਨ ਆਰ ਆਈ ਭਰਾ ਸਮਝਦੇ ਹਨ ਕਿ ਉਹ ਡਾਲਰ ਕਮਾਉਂਦੇ ਹਨ, ਉਹ ਨਹੀਂ ਜਾਣਦੇ ਕਿ ਡਾਲਰ ਉਨ੍ਹਾਂ ਦਾ ਸਣੇ ਦੇਹੀ ਸਭ ਕੁਝ ਚਟਮ ਕਰ ਜਾਂਦੇ ਹਨ।

ਬਾਹਰ ਗਏ ਲੋਕਾਂ ਨੂੰ ਲੱਗਦਾ ਹੈ ਕਿ ਉਹ ਸਾਬਤ-ਸਬੂਤੇ ਬਾਹਰ ਚਲੇ ਗਏ ਹਨ ਪਰ ਉਹ ਸਿਰਫ਼ ਚਾਰ ਕੁ ਆਨੇ ਬਾਹਰ ਜਾਂਦੇ ਹਨ ਤੇ ਬਾਰਾਂ ਆਨੇ ਇੱਧਰ ਹੀ ਰਹਿੰਦੇ ਹਨ। ਫਿਰ ਉਹ ਆਪਣੀ ਚੁਆਨੀ ਨੂੰ ਡਾਲਰ ਨਾਲ ਜ਼ਰਬਾਂ ਦੇ ਦੇ ਕੇ ਸੋਲਾਂ ਆਨੇ ਹੋਣ ਦੀ ਏਨੀ ਮੁਸ਼ੱਕਤ ਕਰਦੇ ਹਨ ਕਿ ਡਾਲਰ ਉਨ੍ਹਾਂ ਨੂੰ ਘਸਾ-ਘਸਾ ਕੇ ਚਾਰ ਆਨੇ ਤੋਂ ਵੀ ਦੋ ਆਨੇ ਦੇ ਕਰ ਦਿੰਦਾ ਹੈ।

ਜਦ ਉਹ ਕਈ ਸਾਲਾਂ ਬਾਅਦ ਇੱਧਰ ਮਿਲਣ-ਗਿਲਣ ਆਉਂਦੇ ਹਨ ਤਾਂ ਉਹ ਆਪਣੀ 'ਉਥੇ ਇੱਦਾਂ' ਜਾਂ 'ਉਥੇ ਨੀ ਇੱਦਾਂ' ਦੀ ਮੋਹ਼ਲੇਧਾਰ ਬੁਛਾੜ ਨਾਲ ਇਧਰਲੇ ਸੋਲਾਂ ਆਨੇ ਦੋਸਤਾਂ ਨੂੰ ਚਾਰ-ਚਾਰ ਆਨੇ ਦੇ ਕਰ ਜਾਂਦੇ ਹਨ ਤੇ ਇਧਰਲੇ ਦੋਸਤ ਆਪਣੀ 'ਇੱਥੇ ਤਾਂ ਇੱਦਾਂ' ਜਾਂ 'ਇੱਥੇ ਨੀ ਇੱਦਾਂ' ਦੇ ਰੋਣੇ ਰੋ ਰੋ ਕੇ ਚਾਰ ਆਨੇ ਤੋਂ ਵੀ ਘਟ ਕੇ ਦੋ ਆਨੇ ਰਹਿ ਜਾਂਦੇ ਹਨ।

ਕੋਈ ਵਿਰਲਾ ਹੀ ਹੁੰਦਾ ਹੈ, ਜਿਹੜਾ ਡਾਲਰਾਂ ਨਾਲ ਨਹੀਂ ਘਸਦਾ ਤੇ ਆਪਣੀ ਸਾਲਮੀ ਕਾਇਮ ਰੱਖਦਾ ਹੈ। ਅਜਿਹੇ ਲੋਕ ਉਹ ਹੁੰਦੇ ਹਨ, ਜਿਹੜੇ ਕਿਤਾਬਾਂ ਨਾਲ ਜੁੜੇ ਹੁੰਦੇ ਹਨ ਤੇ ਜਿਨ੍ਹਾਂ ਅੰਦਰ ਸੰਵੇਦਨਸ਼ੀਲਤਾ ਦੇ ਅੰਸ਼ ਬਚੇ ਹੁੰਦੇ ਹਨ। ਅਜਿਹੇ ਸੱਜਣ ਨਾ ਆਪਣੇ ਆਨੇ ਘਟਣ ਦਿੰਦੇ ਹਨ ਨਾ ਕਿਸੇ ਹੋਰ ਦੇ ਘਟਾਉਣ ਦੀ ਕੋਸ਼ਿਸ਼ ਕਰਦੇ ਹਨ-ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ॥

ਪਿਛਲੇ ਦਿਨੀਂ ਅਮਰੀਕਾ ਰਹਿੰਦੇ ਮੇਰੇ ਪੁਰਾਣੇ ਦੋਸਤ ਦਾ ਫ਼ੋਨ ਆਇਆ ਕਿ ਉਹਨੇ ਆਉਣਾ ਹੈ ਤੇ ਮੇਰੇ ਕੋ਼ਲ ਕੁਝ ਦਿਨ ਰਹਿਣਾ ਹੈ। ਮੈਂ ਸੋਚਣ ਲੱਗ ਪਿਆ ਕਿ ਉਹਦੀ 'ਉਥੇ ਇੱਦਾਂ' ਜਾਂ 'ਉਥੇ ਨੀ ਇੱਦਾਂ' ਦੀ ਬਰਸਾਤ ਤੋਂ ਬਚਾਅ ਕਿਹੜੀ ਛਤਰੀ ਨਾਲ ਕਰਨਾ ਹੈ।

ਮੈਨੂੰ ਪਤਾ ਹੈ ਕਿ ਉਹ ਇੱਥੋਂ ਚੁਆਨੀ ਨਹੀਂ ਸੀ ਗਿਆ, ਬਲਕਿ ਸਾਬਤ-ਸਬੂਤਾ ਸੋਲਾਂ ਆਨੇ ਹੀ ਚਲਾ ਗਿਆ ਸੀ। ਉਹਨੇ ਇੱਥੇ ਆਪਣਾ ਕੱਖ ਨਹੀਂ ਸੀ ਰਹਿਣ ਦਿੱਤਾ। ਉਹ ਕਦੇ ਕਦਾਈਂ ਫ਼ੋਨ ਕਰਦਾ ਸੀ ਤੇ ਕਦੀ ਵੀ ਦਿਲ ਭਿੱਜੀਆਂ ਗੱਲਾਂ ਵਿਚ ਨਹੀਂ ਸੀ ਆਉਂਦਾ। ਉਹ ਮੇਰੇ ਦੋਸਤਾਂ ਦੀ ਸੂਚੀ ਵਿਚੋਂ ਡਿਲੀਟ ਨਹੀਂ ਸੀ ਹੋਇਆ, ਪਰ ਆਰਕਾਈਵ ਵਿਚ ਚਲਾ ਗਿਆ ਸੀ। ਹੁਣ ਉਹ ਅਚਾਨਕ ਆਇਆ ਤਾਂ ਮੈਂ ਸੋਚ ਰਿਹਾ ਸੀ ਕਿ ਯਾਦਾਂ ਦੀ ਪਟਾਰੀ ਵਿਚੋਂ ਗੁਆਚੀ ਫਾਈਲ ਹੁਣ ਪਤਾ ਨਹੀਂ ਖੁੱਲ੍ਹੇਗੀ ਵੀ ਕਿ ਨਹੀਂ। ਜੇ ਖੁੱਲ੍ਹ ਵੀ ਗਈ ਤਾਂ ਮੈਂ ਉਹਦੀ 'ਉਥੇ ਨੀ ਇੱਦਾਂ' ਤੋਂ ਆਪਣੇ ਬਚੇ-ਖੁਚੇ ਆਨੇ ਕਿਹੜੀ ਛਤਰੀ ਨਾਲ ਬਚਾਉਣੇ ਹਨ।

ਉਹ ਇਵੇਂ ਆਇਆ ਜਿਵੇਂ ਸਾਡੇ ਵਿਹੜੇ ਵਿਚ ਦੁਪਹਿਰ ਖਿੜੀ ਦਾ ਫੁੱਲ ਖਿੜਿਆ ਹੋਵੇ ਤੇ ਮੈਨੂੰ ਪਤਾ ਹੀ ਨਾ ਰਿਹਾ ਕਿ ਉਹ ਪੁਰਾਣੀ ਫ਼ਾਈਲ ਕਿਹੜੇ ਵੇਲੇ ਚੁਪੱਟ ਖੁੱਲ੍ਹ ਗਈ। ਉਹਦੇ ਨਾ਼ਲ ਗੱਲਬਾਤ ਦਾ ਸਿਲਸਿਲਾ ਅਜਿਹਾ ਸ਼ੁਰੂ ਹੋਇਆ ਕਿ ਪਤਾ ਹੀ ਨਾ ਰਿਹਾ ਕਿ ਉਹ ਬੜੇ ਸਾਲਾਂ ਬਾਅਦ ਅਮਰੀਕਾ ਤੋਂ ਆਇਆ ਹੈ। ਉਹਨੇ ਅਮਰੀਕਾ ਦੀਆਂ ਗੱਲਾਂ ਸੁਣਾਉਣ ਦੀ ਬਿਲਕੁਲ ਕੋਸ਼ਿਸ਼ ਨਾ ਕੀਤੀ ਤੇ ਨਾ ਹੀ ਪੰਜਾਬ ਦੀ ਬਦਖੋਈ ਕੀਤੀ। ਉਹ ਮਹਿਕ ਵਾਂਗ ਮੇਰੇ ਦਿਲੋ ਦਿਮਾ਼ਗ ਵਿਚ ਪਸਰ ਗਿਆ।

ਆਮ ਐਨ ਆਰ ਆਈਆਂ ਦੇ ਵਿਪਰੀਤ, ਉਹਨੇ ਮੈਨੂੰ ਮੱਤਾਂ ਨਹੀਂ ਦਿੱਤੀਆਂ ਤੇ ਨਾ ਹੀ ਸਲਾਹਾਂ ਦਾ ਸਿਲਸਿਲਾ ਸ਼ੁਰੂ ਕੀਤਾ। ਉਹ ਰੰਚਕ ਮਾਤਰ ਵੀ ਉਪਦੇਸ਼ਾਤਮਿਕ ਨਹੀਂ ਹੋਇਆ। ਹਾਂ, ਉਹਨੇ ਆਪਣੀਆਂ ਕੁਝ ਗੱਲਾਂ ਐਸੀਆਂ ਜ਼ਰੂਰ ਸੁਣਾਈਆਂ, ਜਿਨ੍ਹਾਂ ਵਿੱਚ ਮੇਰੀ ਦਿਲਚਸਪੀ ਨਹੀਂ ਸੀ। ਪਰ ਉਹਨੇ ਮੇਰੀਆਂ ਵੀ ਓਨੀਆਂ ਕੁ ਗੱਲਾਂ ਸੁਣ ਲਈਆਂ, ਜਿਨ੍ਹਾਂ ਵਿੱਚ ਸ਼ਾਇਦ ਉਹਦੀ ਦਿਲਚਸਪੀ ਨਹੀਂ ਸੀ। ਮੈਨੂੰ ਲੱਗਿਆ, ਜਿਵੇਂ



ਉਹਨੂੰ ਪਤਾ ਹੋਵੇ ਕਿ ਅੱਜਕਲ ਕਿਸੇ ਦੀ ਗੱਲ ਸੁਣਨੀ ਕੋਈ ਨਹੀਂ ਚਾਹੁੰਦਾ ਤੇ ਸੁਣਾਉਣ ਦਾ ਚਾਹਵਾਨ ਹਰ ਕੋਈ ਹੈ। ਮੈਂ ਵੀ ਪੂਰੀ ਕੋਸ਼ਿਸ਼ ਕੀਤੀ ਕਿ ਉਹਦੇ 'ਤੇ ਕਿਸੇ ਕਿਸਮ ਦਾ ਪ੍ਰਭਾਵ ਪਾਉਣ ਦੀ ਕੋਸ਼ਿਸ਼ ਨਾ ਕਰਾਂ ਤੇ ਇਸ ਗੱਲ ਦਾ ਵੀ ਪੂਰਾ ਬਚਾਅ ਕੀਤਾ ਕਿ ਉਹਦਾ ਕੋਈ ਵੀ ਪ੍ਰਭਾਵ ਮੇਰੇ 'ਤੇ ਨਾ ਪਵੇ।

ਪਿੱਛੇ ਜਹੇ ਮੈਂ ਆਪਣੀ ਕਿਤਾਬ ਛਪਵਾਈ ਤੇ ਕਈ ਦੋਸਤਾਂ ਨੂੰ ਭੇਟ ਕੀਤੀ। ਕਈਆਂ ਨੇ ਪੜ੍ਹੀ ਤੇ ਕਾਫੀ ਤਾਰੀਫ਼ ਕੀਤੀ। ਤਾਰੀਫ਼ ਕਿਹਨੂੰ ਚੰਗੀ ਨਹੀਂ ਲੱਗਦੀ। ਪਰ ਤਾਰੀਫ ਧੱਕੇ ਨਾਲ ਨਹੀਂ ਕਰਵਾਈ ਜਾ ਸਕਦੀ। ਮੈਂ ਕਿਸੇ ਨੂੰ ਵੀ ਆਪਣੀ ਕਿਤਾਬ ਪੜ੍ਹਨ ਲਈ ਨਹੀਂ ਕਿਹਾ। ਇੱਥੋਂ ਤੱਕ ਕਿ ਆਪਣੇ ਇਸ ਦੋਸਤ ਨੂੰ ਵੀ ਮੈਂ ਆਪਣੀ ਕਿਤਾਬ ਪੜ੍ਹਨ ਲਈ ਨਾ ਕਿਹਾ। ਇਹ ਕਹਿਣਾ ਮੈਨੂੰ ਸ਼ਿਸ਼ਟਾਚਾਰ ਦੇ ਖ਼ਿਲਾਫ਼ ਅਤੇ ਮਹਿਮਾਨਨਿਵਾਜ਼ੀ ਦੀ ਤੌਹੀਨ ਲੱਗਦਾ ਹੈ।

ਪਰ ਅੱਜ ਸਵੇਰੇ ਜਦ ਉਹ ਜਾਣ ਲੱਗਾ ਤਾਂ ਉਹਨੇ ਬੜੀ ਆਜਿਜ਼ੀ ਵਿੱਚ ਮੇਰੀ ਕਿਤਾਬ ਮੰਗੀ। ਮੈਂ ਅੰਦਰ ਗਿਆ, ਆਪਣੀ ਕਿਤਾਬ ਚੱਕੀ ਤੇ ਉਹਦੇ ਉਤੇ ਦੋ ਸ਼ਬਦ ਲਿਖੇ ਕਿ ਉਹ ਯੂਨੀਵਰਸਿਟੀ ਵਿੱਚ ਮੈਨੂੰ ਮਿਲਣ ਵਾਲੇ ਵਿਅਕਤੀਆਂ ਤੇ ਵਾਕਿਆਤ ਦਾ ਹਮਚਸ਼ਮ ਹੈ। ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੋਈ ਕਿ ਪਹਿਲੀ ਵਾਰ ਪੰਜਾਬੀ ਵਿੱਚ ਕਿਸੇ ਨੇ ਹਮਚਸ਼ਮ ਸ਼ਬਦ ਦਾ ਪ੍ਰਯੋਗ ਕੀਤਾ। ਮੈਨੂੰ ਇਸ ਸ਼ਬਦ ਦੀ ਵਰਤੋਂ 'ਤੇ ਮਾਣ ਮਹਿਸੂਸ ਹੋਇਆ ਕਿ ਮੈਂ ਇਹ ਸ਼ਬਦ ਆਪਣੇ ਇਸ ਦੋਸਤ ਲਈ ਇਸਤੇਮਾਲ ਕੀਤਾ।

ਉਹ ਮੇਰਾ ਸੋ਼ਲਾਂ ਆਨੇ ਦੋਸਤ ਹੈ। ਉਹ ਸੋ਼ਲਾਂ ਆਨੇ ਹੀ ਅਮਰੀਕਾ ਚਲਿਆ ਗਿਆ ਸੀ ਤੇ ਸੋ਼ਲਾਂ ਆਨੇ ਹੀ ਵਾਪਸ ਆਇਆ ਹੈ। ਉਹਨੇ ਮੇਰੇ ਆਨੇ ਵੀ ਘਟਾਉਣ-ਵਧਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਮੈਂ ਉਮੀਦ ਕਰਦਾ ਹਾਂ ਕਿ ਉਹ ਮੇਰੇ ਕੋਲ ਜਿੰਨੀ ਦੇਰ ਵੀ ਰਹੇ, ਫੁੱਲ ਬਣ ਕੇ ਰਹੇ। ਆਪਣੀ ਤੇ ਮੇਰੀ ਸੁਵਿਧਾ ਅਤੇ ਅਜ਼ਾਦੀ ਦਾ ਖਿਆਲ ਰੱਖੇ। ਸੁਵਿਧਾ ਦਾ ਨਾ ਸਹੀ, ਅਜ਼ਾਦੀ ਦਾ ਖਿਆਲ ਜ਼ਰੂਰ ਰੱਖੇ।

ਮੈਂ ਘਰ ਦੇ ਬਾਹਰ ਖੜ੍ਹਾ ਸੀ ਤੇ ਇਕ ਸੱਜਣ ਮੈਨੂੰ ਦੇਖਦਾ-ਦੇਖਦਾ ਅੱਗੇ ਲੰਘ ਗਿਆ। ਕੁਝ ਦੇਰ ਬਾਅਦ ਉਹ ਵਾਪਸ ਆ ਗਿਆ ਤੇ ਕਹਿਣ ਲੱਗਾ ਕਿ ਉਹਨੇ ਮੈਨੂੰ ਕਿਤੇ ਦੇਖਿਆ ਹੈ। ਮੈਨੂੰ ਵੀ ਇਹੀ ਲੱਗਦਾ ਸੀ ਤੇ ਮੈਂ ਉਹਨੂੰ ਆਪਣੇ ਘਰ ਅੰਦਰ ਲੈ ਆਇਆ। ਮੈਂ ਚਾਹ ਬਣਾਈ ਤੇ ਅਸੀਂ ਗੱਲਾਂ ਕਰਨ ਲੱਗ ਪਏ। ਪਤਾ ਲੱਗਿਆ ਕਿ ਉਹ ਮੇਰਾ ਹਮਪੇਸ਼ਾ ਸੀ ਤੇ ਉਹਨੇ ਗੱਲਾਂ-ਗੱਲਾਂ ਵਿਚ ਮੈਨੂੰ ਦੋਸਤੀ ਦੀ ਪਰਿਭਾਸ਼ਾ ਪੁੱਛੀ। ਮੈਂ ਕਿਹਾ ਕਿ ਅਗਰ ਉਹ ਮੇਰੇ ਘਰ ਅੱਗਿਓਂ ਲੰਘੇ ਤੇ ਉਹਦਾ ਮੇਰੇ ਕੋਲ ਚਾਹ ਪੀਣ ਨੂੰ ਜੀ ਕਰੇ। ਅਗਰ ਉਹ ਸੋਚਣ ਲੱਗ ਜਾਵੇ ਕਿ ਮੈਂ ਕਿਤੇ ਬੁਰਾ ਨਾ ਮਨਾਵਾਂ ਤਾਂ ਇਹ ਦੋਸਤੀ ਦੀ ਤੌਹੀਨ ਹੈ। ਉਹਦੇ ਚਿਹਰੇ 'ਤੇ ਖੇੜਾ ਆ ਗਿਆ। ਮੈਂ ਕਿਹਾ ਕਿ ਇਸ ਗੱਲ ਦਾ ਦੂਜਾ ਪਾਸਾ ਵੀ ਹੈ ਕਿ ਅਗਰ ਮੈਂ ਕਿਤੇ ਜਾਣਾ ਹੋਵੇ ਤੇ ਮੈਨੂੰ ਇਸ ਕਰਕੇ ਚਾਹ ਬਣਾਉਣੀ ਪਵੇ ਕਿ ਜੇ ਨਾ ਬਣਾਈ ਤਾਂ ਇਹ ਬੁਰਾ ਮਨਾਵੇਗਾ ਤਾਂ ਇਹ ਦੋਸਤੀ ਦੀ ਉਸਤੋਂ ਵੀ ਵੱਡੀ ਤੌਹੀਨ ਹੈ। ਮੈਂ ਦੱਸਿਆ ਕਿ ਦੋਸਤੀ ਵਿੱਚ ਅਸਲ ਅਧਿਕਾਰ ਤਾਂ ਹੈ ਹੀ 'ਨਾਂਹ' ਕਰਨ ਦਾ ਅਧਿਕਾਰ। 'ਹਾਂਅ' ਤਾਂ ਦੋਸਤੀ ਦੀ ਵੱਡੀ ਮਜਬੂਰੀ ਹੁੰਦੀ ਹੈ। ਦੋਸਤੀ ਤਾਂ ਹੁੰਦੀ ਹੀ ਇਨਕਾਰ ਵਿੱਚ ਹੈ ਤੇ ਦੋਸਤੀ ਦੀ ਪਰਖ ਵੀ ਇਨਕਾਰ ਹੈ। ਉਹ ਕਾਹਦਾ ਦੋਸਤ ਹੈ, ਜਿਹਦੇ ਕੋਲ ਇਨਕਾਰ ਦਾ ਅਧਿਕਾਰ ਨਾ ਹੋਵੇ। ਅਸਲ ਵਿੱਚ ਉਹ ਲੋਕ ਦੋਸਤ ਨਹੀਂ, ਦੁਖੀ ਹੁੰਦੇ ਹਨ, ਜਿਹੜੇ ਇਨਕਾਰ ਨਹੀਂ ਕਰ ਸਕਦੇ। ਮੇਰੀਆਂ ਗੱਲਾਂ ਸੁਣ ਕੇ ਉਹ ਸੋਚਣ ਲੱਗ ਪਿਆ ਕਿ ਇਹ ਕਿੱਦਾਂ ਦੀ ਦੋਸਤੀ ਦੀ ਪਰਿਭਾਸ਼ਾ ਹੋਈ ਕਿ ਮੈਨੂੰ ਚਾਹ ਮੰਗਣ ਦਾ ਹੱਕ ਹੈ ਤੇ ਇਹਨੂੰ ਇਨਕਾਰ ਕਰਨ ਦਾ। ਉਹ ਖੁਸ਼ ਵੀ ਸੀ ਤੇ ਨਿਰਾਸ਼ ਵੀ।

ਪਰ ਮੇਰਾ ਇਹ ਸੋਲਾਂ ਆਨੇ ਦੋਸਤ ਬਿਨ ਦੱਸੇ ਹੀ ਦੋਸਤੀ ਦੀ ਅਜੋਕੀ ਪਰਿਭਾਸ਼ਾ ਤੋਂ ਵਾਕਿਫ ਹੈ। ਇਹ ਗੱਲ ਵੱਖਰੀ ਹੈ ਕਿ ਉਹਦੇ ਨਾਲ ਖੁੱਲਣ ਵਾਲੀ ਫਾਈਲ ਮੈਨੂੰ ਆਰਕਾਈਵ 'ਚੋਂ ਕੱਢਣੀ ਤੇ ਲੱਭਣੀ ਪਈ। ਜਿਹਦੇ ਲਈ ਕੁਝ ਸਮਾਂ ਲੱਗਿਆ ਤੇ ਜਿਹਦੇ ਲਈ ਮੈਨੂੰ ਹਲਕਾ ਜਿਹਾ ਅਫ਼ਸੋਸ ਵੀ ਹੋਇਆ। ਮੈਂ ਉਹਦੇ ਨਾਲ ਬੜਾ ਖੁਸ਼ ਹਾਂ, ਕਿਉਂਕਿ ਉਹਦੀ ਫਾਈਲ ਖੁੱਲ੍ਹਦੇ ਹੀ ਪੰਜਾਬ ਯੂਨੀਵਰਸਿਟੀ ਦੀ ਪੂਰੀ ਵੈਬਸਾਈਟ ਖੁੱਲ ਜਾਂਦੀ ਹੈ, ਜਿਹੜੀ ਮੇਰੀ ਜ਼ਿੰਦਗੀ ਦਾ ਉਦਾਸ ਹਾਸਲ ਹੈ ਤੇ ਜਿਸਦੇ ਕਣ-ਕਣ ਤੋਂ ਉਹ ਮੇਰੇ ਜਿੰਨਾ ਹੀ ਵਾਕਿਫ ਹੈ।

ਇਸ ਤੋਂ ਵੀ ਵੱਧ, ਉਹ ਜਾਣਦਾ ਹੈ ਕਿ ਦੋਸਤੀ ਬੋਝ ਹੇਠ ਦਬਣ ਜਾਂ ਦਬਾਉਣ ਦਾ ਨਾਂ ਨਹੀਂ, ਬਲਕਿ ਬੋਝ ਤੋਂ ਮੁਕਤ ਹੋਣ ਦਾ ਨਾਂ ਹੈ। ਅਸੀਂ ਆਪਣੇ ਰਿਸ਼ਤਿਆਂ ਨੂੰ ਬੋਝਲ ਬਣਾ ਲੈਂਦੇ ਹਾਂ ਤੇ ਫਿਰ ਤਰ੍ਹਾਂ-ਤਰ੍ਹਾਂ ਦੇ ਬੋਝ ਨੂੰ ਢੋਂਦੇ ਹੋਏ ਜੂਨ ਪੂਰੀ ਕਰਦੇ ਹਾਂ। ਪਰ ਮੇਰਾ ਦੋਸਤ ਜ਼ਿੰਦਗੀ ਜਿਊਂਦਾ ਹੈ, ਜੂਨ ਪੂਰੀ ਨਹੀਂ ਕਰਦਾ। ਉਹ ਇੱਥੋਂ ਸਾਬਤ-ਸਬੂਤਾ ਗਿਆ ਸੀ ਤੇ ਸਾਬਤ-ਸਬੂਤਾ ਆਇਆ ਹੈ-ਸੋ਼ਲਾਂ ਆਨੇ।

ਕੌਣ ਹੈ ਜਿਹਦੇ ਵਿਚ ਕਸਰ ਨਹੀਂ ਹੁੰਦੀ। ਦਾਗ਼ ਤਾਂ ਚੰਦ ਵਿਚ ਵੀ ਹੈ। ਇਸ ਲਈ ਏਨਾ ਕੁ ਇਤਰਾਜ਼ ਜ਼ਰੂਰ ਕਰਾਂਗਾ ਕਿ ਏਡੀ ਦੂਰੋਂ ਮੇਰਾ ਮਿੱਤਰ ਮੈਨੂੰ ਮਿਲਣ ਨਹੀ ਆਇਆ, ਬਲਕਿ ਅਜਿਹੇ ਸ਼ਖਸ ਦੇ ਵਿਆਹ 'ਤੇ ਆਇਆ ਹੈ, ਜਿਹਨੇ ਆਪਣੀ ਸਜ-ਵਿਆਹੀ ਵਹੁਟੀ ਨਾਲ ਇਸਤਰ੍ਹਾਂ ਫੋਟੋ ਖਿਚਵਾਈ ਹੈ, ਜਿਵੇਂ ਉਹਨੇ ਅਨੰਦ ਕਾਰਜ ਦੀ ਬਜਾਏ ਕੁੜੀ ਦਾ ਕਬਜ਼ਾ ਲਿਆ ਹੋਵੇ।

# ਕੱਟੇ ਦੀ ਗਲਤ ਫਹਿਮੀ ਤੇ ਵੋਟਰ

ਦਰਸ਼ਨ ਸਿੰਘ ਦਰਸ਼ਕ
98555-08918

ਮੈਂ ਘਰ ਬੈਠਿਆ ਸੀ। ਦਰਵਾਜ਼ਾ ਖੜਕਿਆ। ਮੈਂ ਹਾਲੇ ਉਠ ਹੀ ਰਿਹਾ ਸੀ ਤਾਂ ਦਰਵਾਜ਼ਾ ਫਿਰ ਜ਼ੋਰ ਨਾਲ ਖੜਕਿਆ। ਦਰਵਾਜ਼ਾ ਖੋਲ੍ਹਿਆ ਤਾਂ ਅੱਗੇ ਕੱਟਾ ਖੜ੍ਹਾ ਸੀ। ਮੈਂ ਦੇਖ ਕੇ ਹੈਰਾਨ ਹੋਇਆ। ਉਹ ਕੱਟਾ ਤਾਂ ਬੋਲਣ ਲੱਗ ਪਿਆ। ਕਹਿੰਦਾ-'ਮੈਨੂੰ ਕੈਪਟਨ ਸਾਹਿਬ ਨੇ ਭੇਜਿਆ। ਪੱਤਰਕਾਰ ਸਾਹਿਬ ਮੇਰੀ ਇੰਟਰਵਿਊ ਲਵੋ।'

ਮੈਂ ਕੱਟੇ ਨੂੰ ਅੰਦਰ ਆਉਣ ਲਈ ਵੀ ਕਹਿ ਨਹੀਂ ਸਕਿਆ, ਅੰਦਰ ਲਿਜਾ ਕੇ ਕਿਥੇ ਬਿਠਾਵਾਂ ਕਿ ਕਿਧਰੇ ਸੋਫੇ ਉਤੇ ਗੋਹਾ ਈ ਨਾ ਕਰ ਦੇਵੇ। ਫਿਰ ਚਾਹ-ਪਾਣੀ ਤਾਂ ਇਸ ਨੇ ਪੀਣਾ ਨਹੀਂ, ਪੱਠੇ ਕਿਥੋਂ ਖਲਾਵਾਂਗਾ। ਇਸ ਲਈ ਬਾਹਰ ਹੀ ਖੜ੍ਹਾ ਰਹਿਣ ਦਿੱਤਾ। ਪਰ ਕੱਟਾ ਸੋਚੇ ਮਹਾਰਾਜੇ ਕੋਲੋਂ ਆਇਆਂ, ਇਸ ਲਈ ਵੀ ਆਈ ਪੀ ਟਰੀਟਮੈਂਟ ਦਿੱਤਾ ਜਾਵੇ। ਖੈਰ, ਮੈਂ ਉਸ ਨੂੰ ਕਿਹਾ-ਤੇਰੀ ਕਾਹਦੀ ਇੰਟਰਵਿਊ, ਤੂੰ ਕਿਹੜਾ ਸਿਆਸੀ ਲੀਡਰ ਐਂ ਵੀ ਤੈਨੂੰ ਪੁੱਛਾਂ ਕਿ ਤੇਰਾ ਰੋਡ ਮੈਪ ਕੀ ਹੈ? ਰੋਡ ਮੈਪ ਤਾਂ ਸਿਰਫ ਸਿੱਧੂ ਸਾਹਿਬ ਕੋਲ ਹੈ। ਕੱਟਾ ਬੋਲਣ ਲੱਗਾ-'ਗੱਲ ਰੋਡ ਮੈਪ ਦੀ ਨਹੀਂ ਐ, ਗੱਲ ਇਹ ਐ ਕਿ ਅੱਜ ਇੱਕ ਮਹਾਰਾਜੇ ਨੂੰ ਵੀ ਮੇਰੀ ਲੋੜ ਪੈ ਗਈ ਏ। ਜਿਸ ਦੇ ਕਹੇ ਉਤੇ ਇੱਕ ਸਮੇਂ ਪੱਤਾ ਨਹੀਂ ਹਿੱਲਦਾ ਸੀ, ਮੰਤਰੀ ਤੇ ਵਿਧਾਇਕ ਲਾਈਨਾਂ ਵਿੱਚ ਲੱਗ ਕੇ ਮਹਾਰਾਜਾ ਸਾਹਿਬ ਨੂੰ ਮਿਲਣ ਦਾ ਸਮਾਂ ਮੰਗਦੇ ਸੀ, ਅੱਜ ਉਨ੍ਹਾਂ ਨੂੰ ਮੇਰਾ ਸਹਾਰਾ ਲੈਣਾ ਪੈ ਰਿਹਾ ਹੈ।' ਕੱਟੇ ਦਾ ਕੌਨਫੀਡੈਂਸ ਦੇਖੋ। ਅੱਜ ਉਹ ਪਟਿਆਲਾ ਦੇ ਮਹਾਰਾਜਾ ਨਾਲੋਂ ਵੀ ਵੱਡਾ ਹੋਇਆ ਪਿਐ। ਮੈਂ ਉਸ ਨੂੰ ਪੁੱਛਿਆ, 'ਬਈ ਤੇਰੀ ਪੂਜਾ ਕਰਵਾਈ ਗਈ ਐ, ਕੀ ਹੁਣ ਕੈਪਟਨ ਸਾਹਿਬ ਜਿੱਤ ਜਾਣਗੇ।'

ਕੱਟਾ ਕਹਿੰਦਾ-'ਕੈਪਟਨ ਸਾਹਿਬ ਜਿੱਤਣ ਜਾਂ ਹਾਰਨ ਪਰ ਮੇਰੀ ਅੱਜ ਦੀ ਦਿਹਾੜੀ ਵਿੱਚ ਵੁੱਕਤ ਵੱਧ ਗਈ ਹੈ। 10 ਮਾਰਚ ਨੂੰ ਜੇਕਰ ਕੈਪਟਨ ਸਾਹਿਬ ਜਿੱਤ ਗਏ ਤਾਂ ਕਲ੍ਹ ਨੂੰ ਚੰਨੀ ਸਾਹਿਬ ਵੀ ਤਾਂ ਗਾਵਾਂ ਨੂੰ ਪੇੜੇ ਦੇਣ ਦੀ ਥਾਂ ਉਤੇ ਮੇਰੇ ਪੈਰਾਂ ਨੂੰ ਮੱਥਾ ਟੇਕਣ ਲੱਗ ਪੈਣਗੇ।'

ਮੈਂ ਕੱਟੇ ਨੂੰ ਗੱਲ ਸਮਝਾਈ-'ਤੂੰ ਜ਼ਿਆਦਾ ਹਵਾ ਵਿੱਚ ਨਾ ਰਹਿ, ਚੰਨੀ ਸਾਹਿਬ ਦਾ ਪ੍ਰੇਮ ਬੱਕਰਿਆਂ ਨਾਲ ਐ। ਉਹ ਤੇਰੇ ਮੁਰੀਦ ਨਹੀਂ ਬਣ ਸਕਦੇ।' ਕੱਟਾ ਕਹਿਣ ਲੱਗਾ, 'ਕਹਿੰਦੇ ਐ ਕਿ ਚੋਣਾਂ ਮੌਕੇ ਤਾਂ ਲੀਡਰ ਗਧਿਆਂ ਨੂੰ ਵੀ ਬਾਪ ਬਣਾ ਲੈਂਦੇ ਐ, ਮੈਂ ਤਾਂ ਫਿਰ ਕੱਟਾ ਹਾਂ।'

ਮੈਂ ਉਸ ਨੂੰ ਦੱਸਿਆ, 'ਐਵੇਂ ਪੱਤਰਕਾਰਾਂ ਵਾਂਗ ਗਲਤ ਫਹਿਮੀ ਵਿੱਚ ਨਾ ਰਹਿ। ਜਦੋਂ ਤੱਕ ਲੀਡਰਾਂ ਨੂੰ ਪੱਤਰਕਾਰਾਂ ਤੱਕ ਕੰਮ ਹੁੰਦੈ, ਉਦੋਂ ਤੱਕ ਪੱਤਰਕਾਰ ਹੀ ਸਭ ਤੋਂ ਸਿਆਣੇ ਜੀਵ ਲੱਗਦੇ ਨੇ, ਪਰ ਜਦੋਂ ਮਤਲਬ ਨਿਕਲ ਜਾਂਦਾ ਹੈ ਤਾਂ 'ਮਤਲਬ ਨਿਕਲ ਗਿਆ ਹੈ ਤੋ ਪਹਿਚਾਨਤੇ ਨਹੀਂ' ਗਾਣੇ ਗਾਉਣ ਲੱਗ ਪੈਂਦੇ ਨੇ ਜ਼ਿਆਦਾਤਰ ਪੱਤਰਕਾਰ। ਇਸੇ ਤਰ੍ਹਾਂ ਤੇਰੇ ਨਾਲ ਵੀ ਹੋਣ ਵਾਲਾ। ਅਸੀਂ ਤਾਂ ਫਿਰ ਬਚਣ ਦਾ ਵਸੀਲਾ ਬਣਾ ਲਵਾਂਗੇ, ਤੈਨੂੰ ਤਾਂ ਡੇਰਾਬੱਸੀ ਦੇ ਰਾਹ ਪਾ ਦਿੱਤਾ ਜਾਵੇਗਾ, ਉਥੋਂ ਦੁਬਈ ਦੀ ਟਿੱਕਟ ਕੱਟ ਦਿੱਤੀ ਜਾਵੇਗੀ, ਪਤਾ ਨਹੀਂ ਕਿਹਦੀ-ਕਿਹਦੀ ਰਸੋਈ ਦਾ ਸ਼ਿੰਗਾਰ ਬਣੇਂਗਾ।'

ਇਹ ਗੱਲ ਸੁਣ ਕੇ ਕੱਟਾ ਮਾਯੂਸ ਹੋ ਗਿਆ। ਉਸ ਨੂੰ ਉਸ ਦੀ ਹੋਣੀ ਦਾ ਅਹਿਸਾਸ ਹੋ ਗਿਆ। ਕੱਟਾ ਵੀ ਵੋਟਰ ਹੀ ਹੈ। ਉਸ ਨੂੰ ਅਖੀਰਲੇ ਸਾਲ ਪੂਜਿਆ ਜਾਂਦੈ, ਫਿਰ ਬੁੱਚੜਖਾਨੇ ਲਈ ਛੱਡ ਦਿੱਤੇ ਜਾਂਦੈ। ਮੈਂ ਇਸ ਗੱਲ ਨੂੰ ਲੈ ਕੇ ਦੁਖੀ ਹਾਂ ਕਿ ਜੇਕਰ ਲੋਕ ਲੀਡਰਾਂ ਉਤੇ ਵਿਸ਼ਵਾਸ ਕਰਦੇ ਹਨ ਅਤੇ ਉਨ੍ਹਾਂ ਨੂੰ ਆਪਣਾ ਮਾਈ-ਬਾਪ ਸਮਝ ਕੇ ਵੋਟਾਂ ਪਾਉਂਦੇ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਵਿਸ਼ਵਾਸ ਉਤੇ ਪੂਰਾ ਉਤਰਨਾ ਚਾਹੀਦਾ ਹੈ। ਜੇਕਰ ਤੁਸੀਂ ਲੋਕਾਂ ਨਾਲ ਖੜ੍ਹੋ ਤਾਂ ਤੁਹਾਨੂੰ ਕੱਟਿਆਂ ਦੀ ਬਲੀ ਤਾਂ ਨਾ ਦੇਣੀ ਪਵੇ। ਇਹ ਗੱਲ ਸਿਰਫ ਕੈਪਟਨ ਸਾਹਿਬ ਦੀ ਨਹੀਂ ਹੈ, ਇਹ ਸਾਰੇ ਲੀਡਰਾਂ ਲਈ ਸਬਕ ਹੈ।

# ਭਲੇ ਵੇਲਿਆਂ ਦੀਆਂ ਗੱਲਾਂ

ਕੋਈ ਪਚਵੰਜਾ-ਸੱਠ ਵਰ੍ਹੇ ਪਹਿਲਾਂ ਦਾ ਵੇਲਾ। ਉੱਤਰ ਪ੍ਰਦੇਸ਼ ਦਾ ਸਭ ਤੋਂ ਵੱਧ ਮੁਸਲਿਮ ਆਬਾਦੀ ਵਾਲਾ ਸ਼ਹਿਰ ਰਾਮਪੁਰ। ਰਜਾ ਇੰਟਰ ਕਾਲਜ ਵਿਚ ਇੰਟਰਮੀਡੀਏਟ ਪੜ੍ਹਦਿਆਂ ਬਹੁਤੇ ਮੁਸਲਿਮ ਦੋਸਤ ਸਨ, ਕੋ ਐਜੂਕੇਸ਼ਨ ਸੀ। ਕਈ ਵਾਰ ਦੋਸਤਾਂ ਨਾਲ ਖੜ੍ਹੇ ਹੋਏ ਮੁਸਲਿਮ ਕੁੜੀਆਂ ਨੂੰ ਬੁਰਕੇ ਵਿਚ ਦੇਖ ਬੰਦ ਗੋਭੀ ਕਹਿ ਦੇਣਾ ਤਾਂ ਬਗੈਰ ਬੁਰਕੇ ਵਾਲੀਆਂ ਨੂੰ ਫੁਲ ਗੋਭੀ ਪਰ ਨਾ ਕੋਈ ਭੜਕਦਾ ਸੀ ਨਾ ਗੁੱਸਾ ਕਰਦਾ ਸੀ। ਮੁਸਲਮਾਨ ਦੋਸਤ ਰੋਸ਼ਨ ਖਿਆਲ ਹੋਣ ਵਿਚ ਫਖ਼ਰ ਮਹਿਸੂਸ ਕਰਦੇ ਅਤੇ ਬੁਰਕੇ ਨੂੰ ਦਕਿਆਨੂਸੀ ਕਰਾਰ ਦਿੰਦੇ। ਸੱਚਾਈ ਵੀ ਇਹੀ ਸੀ ਕਿ ਬਹੁਤੇ ਗਰੀਬ ਘੱਟ-ਪੜ੍ਹੇ ਲਿਖੇ ਮੁਸਲਮਾਨਾਂ ਵਿਚ ਹੀ ਬੁਰਕਾ ਵਰਤਿਆ ਜਾਂਦਾ ਸੀ ਅਮੀਰਾਂ ਵਿਚ ਨਹੀਂ।

ਇੱਕ ਹੋਰ ਦਿਲਚਸਪ ਵਤੀਰਾ ਦੇਖਣ ਨੂੰ ਆਉਂਦਾ। ਨਿਮਨ ਵਰਗ ਦੀਆਂ ਮੁਸਲਿਮ ਔਰਤਾਂ ਬਾਜ਼ਾਰ ਵਿਚ ਮੂੰਹ ਤੋਂ ਪਰਦਾ ਲਾਹ ਫਿਰਦੀਆਂ ਰਹਿੰਦੀਆਂ ਪਰ ਘਰ ਦੇ ਨੇੜੇ ਆਉਂਦਿਆਂ ਹੀ ਮੂੰਹ 'ਤੇ ਪਰਦਾ ਕਰ ਲੈਂਦੀਆਂ। ਇਹ ਸ਼ਾਇਦ ਘੁੰਡ ਕੱਢਣ ਵਰਗਾ ਸਮਾਜਿਕ ਚਲਨ ਹੋਵੇਗਾ ਪਰ ਧਾਰਮਿਕ ਕੱਟੜਤਾ ਦਾ ਪ੍ਰਤੀਕ ਬਿਲਕੁਲ ਨਹੀਂ ਸਮਿਝਆ ਜਾਂਦਾ ਸੀ। ਸੋ ਇਸ ਨੂੰ ਬਹੁਤ ਹੀ ਪਛੜਿਆ ਹੋਇਆ ਅਮਲ ਕਿਹਾ ਜਾਂਦਾ। ਜਿਵੇਂ ਅੱਜ ਘੁੰਡ ਕੱਢਣ ਨੂੰ ਵੀ ਅਨਪੜ੍ਹਤਾ ਅਤੇ ਪਿਛੜੇਪਨ ਦੀ ਨਿਸ਼ਾਨੀ ਸਮਿਝਆ ਜਾਂਦਾ ਹੈ। ਹਿੰਦੂ ਦੋਸਤ ਵੀ ਜਨੇਊ ਜਾਂ ਬੋਦੀ ਰੱਖਣ ਨੂੰ ਧਾਰਮਿਕ ਨਹੀਂ ਪਿਛੜੇਪਨ ਦੀ ਨਿਸ਼ਾਨੀ ਸਮਝਦੇ। ਸਾਡੀ ਜੁੰਡਲੀ ਵਿਚ ਮੈਂ ਹੀ ਇਕੱਲਾ ਸਿੱਖ ਸਾਂ ਬਾਕੀ ਮੁਸਲਮਾਨ ਅਤੇ ਹਿੰਦੂ। "ਸਿੱਖ ਧਰਮ ਨੂੰ ਖਤਰਾ" ਇਸ ਦੀ ਚਿੰਤਾ ਕਰਨ ਵਾਲੀ ਸਿੱਖੀ ਦੀ ਪਹਿਰੇਦਾਰ ਫੌਜ ਹਾਲੇ ਹੋਂਦ ਵਿਚ ਨਹੀਂ ਆਈ ਸੀ। ਇਸ ਸਹਿਣਸ਼ੀਲ ਭਾਈਚਾਰਕ ਸਾਂਝ ਦਾ ਕਾਰਨ ਇਹ ਸੀ ਕਿ ਅਸੀਂ ਦੂਜੇ ਧਰਮ ਨੂੰ ਭੰਡਣ ਦੀ ਥਾਂ ਪਹਿਲਾਂ ਆਪਣੇ ਧਰਮ ਨੂੰ ਨਿਸ਼ਾਨਾ ਬਣਾਉਂਦੇ ਸਾਂ। ਅੱਜ ਵਾਂਗ ਨਹੀਂ ਜਦ ਸਾਰੇ ਦੂਜੇ ਧਰਮ ਦੀ ਬਦਖੋਈ ਕਰਨ ਦਾ ਬਹਾਨਾ ਲੱਭਦੇ ਰਹਿੰਦੇ ਹਨ ਪਰ ਆਪਣੇ ਧਰਮ ਨੂੰ ਦੁੱਧ ਧੋਤਾ ਗਰਦਾਨਦੇ ਹਨ। ਅਕਸਰ ਦੇਖਿਆ ਜਾਂਦਾ ਕਿ ਜੋ ਮੁਸਲਮਾਨ ਆਪਣੀ ਰਿਸ਼ਤੇਦਾਰੀ ਵਿਚ ਪਾਕਿਸਤਾਨ ਹੋ ਕੇ ਆਉਂਦੇ ਧਾਰਮਿਕ ਕੱਟੜਤਾ ਦੇ ਮਾਮਲੇ ਵਿਚ ਭਾਰਤ ਨੂੰ ਪਾਕਿਸਤਾਨ ਨਾਲੋਂ ਕਿਤੇ ਬੇਹਤਰ ਦੱਸਦੇ, ਜਿਸ ਲਈ ਭਾਰਤ ਵਿਚ ਰਹਿਣ ਦੇ ਆਪਣੇ ਫੈਸਲੇ 'ਤੇ ਖੁਸ਼ੀ ਪ੍ਰਗਟ ਕਰਦੇ। ਭਲੇ ਵੇਲੇ ਸਨ ਉਹ ਜਦ ਅੱਜ ਵਾਂਗ ਧਾਰਮਿਕ ਕੱਟੜਤਾ ਦਾ ਜ਼ਹਿਰ ਲੋਕਾਂ ਦੇ ਸਿਰ ਨੂੰ ਨਹੀਂ ਚੜ੍ਹਿਆ ਸੀ। ਦੁਖ ਹੁੰਦਾ ਹੈ ਜਦ ਦੇਖਦੇ ਹਾਂ ਕਿ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਮੇਰੀ ਸਮਝ ਮੁਤਾਬਕ ਇਸ ਦਾ ਕਾਰਨ ਸਿਰਫ ਇਹੀ ਨਜ਼ਰ ਆਉਂਦਾ ਹੈ ਕਿ ਅਸੀਂ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਬਜਾਏ ਦੂਜਿਆਂ ਵਿਚ ਦੋਸ਼ ਕੱਢਣ ਵਿਚ ਬਹੁਤੀ ਤਤਪਰਤਾ ਵਿਖਾਉਂਦੇ ਹਾਂ। ਬਾਣੀ ਦੀ ਤੋਤਾ ਰਟੰਤ ਦੀ ਬਜਾਏ ਜਦ 'ਹਮ ਨਹੀਂ ਚੰਗੇ ਬੁਰਾ ਨਹੀਂ ਕੋਈ' ਦੀ ਸਮਝ ਆ ਗਈ, ਸ਼ਾਇਦ ਭਲੇ ਵੇਲਿਆਂ ਵੱਲ ਪਰਤਣਾ ਮੁਮਕਿਨ ਹੋ ਜਾਏ।

*-ਹਰਜੀਤ ਦਿਉਲ, ਬਰੈਂਪਟਨ*

# ਫਿਲਮਸਾਜ਼ ਚੇਤਨ ਆਨੰਦ ਦਾ ਸੰਗ-ਸਾਥ

## ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

***ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।***

***ਲੰਡਨ ਵਿਚ ਚਾਰ ਸਾਲ ਬੀ.ਬੀ.ਸੀ. ਦੀ ਨੌਕਰੀ ਕਰਕੇ ਬਲਰਾਜ ਸਾਹਨੀ ਅਤੇ ਉਸ ਦੀ ਪਤਨੀ ਦਮਯੰਤੀ (ਦਮੋ) ਵਾਪਸ ਭਾਰਤ ਪਰਤ ਆਏ। ਉਦੋਂ ਤੱਕ ਬਲਰਾਜ ਸਾਹਨੀ ਦੇ ਦਿਲ ਅੰਦਰ ਅਦਾਕਾਰ ਬਣਨ ਦਾ ਕੋਈ ਖਿਆਲ ਤੱਕ ਨਹੀਂ ਸੀ; ਹਾਂ ਉਹ ਫਿਲਮਾਂ ਦਾ ਸ਼ੌਕੀਨ ਜ਼ਰੂਰ ਸੀ। ਹੁਣ ਪੜ੍ਹੋ ਅੱਗੇ...***

ਗੌਰਮਿੰਟ ਕਾਲਜ, ਲਾਹੌਰ ਵਿਚ ਚੇਤਨ ਆਨੰਦ ਤੇ ਮੈਂ ਇਕੱਠੇ ਪੜ੍ਹੇ ਸਾਂ। ਭਾਵੇਂ ਉਹ ਮੈਥੋਂ ਦੋ ਜਮਾਤਾਂ ਪਿੱਛੇ ਸੀ, ਅਸੀਂ ਚੰਗੇ ਦੋਸਤ ਸਾਂ। ਅੰਗਰੇਜ਼ੀ ਵਿਚ ਕਵਿਤਾ ਲਿਖਣ ਅਤੇ ਨਾਟਕ ਖੇਡਣ ਦਾ ਦੋਵਾਂ ਨੂੰ ਸ਼ੌਕ ਸੀ। ਦੋਵਾਂ ਨੂੰ ਕਾਲਜ ਦੀ ਖੁਸ਼ਵੱਜਾ ਅਤੇ ਖੁਸ਼-ਮਿਜ਼ਾਜ ਸ਼ਖਸੀਅਤ ਗਿਣ ਕੇ ਲਡਿਆਇਆ ਤੇ ਵਿਗਾੜਿਆ ਜਾਂਦਾ ਸੀ। ਜਦੋਂ ਮੈਂ ਵਲੈਤ ਰਵਾਨਾ ਹੋਇਆ ਸਾਂ ਤਾਂ ਚੇਤਨ ਡੇਰਾਦੂਨ ਸਕੂਲ ਵਿਚ ਅਧਿਆਪਕ ਸੀ। ਅਚਾਨਕ ਉਹਨੂੰ ਬੰਬਈ ਵਿਚ ਵੇਖ ਕੇ ਹੈਰਾਨੀ ਵੀ ਹੋਈ, ਤੇ ਰੱਜਵੀਂ ਖੁਸ਼ੀ ਵੀ।

ਚੇਤਨ ਨੇ ਦੱਸਿਆ ਕਿ ਪੜ੍ਹਾਉਣਾ ਛਡ ਕੇ ਉਹ ਫਿਲਮਾਂ ਵਿਚ ਆ ਗਿਆ ਹੈ ਤੇ ਏਸ ਵੇਲੇ ਤਿੰਨ-ਚਾਰ ਫਿਲਮਾਂ ਵਿਚ ਹੀਰੋ ਹੈ (ਜੇ ਮੈਂ ਗਲਤੀ ਨਹੀਂ ਕਰਦਾ ਤਾਂ ਨਰਗਿਸ ਸਭ ਤੋਂ ਪਹਿਲਾਂ ਚੇਤਨ ਨਾਲ ਹੀਰੋਇਨ ਆਈ ਸੀ)। ਬੈਂਕ ਵਿਚ ਖੜ੍ਹੇ-ਖੜ੍ਹੇ ਬਹੁਤੀਆਂ ਗੱਲਾਂ ਨਹੀਂ ਸਨ ਹੋ ਸਕਦੀਆਂ। ਚੇਤਨ ਨੇ ਦੂਜੇ ਦਿਨ ਸਾਨੂੰ ਰੋਟੀ ਉਤੇ ਬੁਲਾ ਲਿਆ। ਓਦੋਂ ਉਸ ਦਾ ਘਰ ਬਾਂਦਰੇ ਵਿਚ ਪਾਲੀ ਹਿੱਲ ਉਤੇ ਸੀ। ਉਸ ਪਹਾੜੀ ਨੂੰ ਵੇਖ ਕੇ ਸਾਡੇ ਦਿਲ ਨੂੰ ਰੌਣਕ ਆ ਗਈ। ਇੰਜ ਲਗਾ, ਜਿਵੇਂ ਕਿਸੇ ਪਹਾੜੀ ਨਗਰ ਵਿਚ ਆ ਗਏ ਹੋਈਏ। ਬੰਬਈ ਸ਼ਹਿਰ ਦੇ ਨੇੜੇ-ਤੇੜੇ ਇਤਨੀਆਂ ਖੂਬਸੂਰਤ ਪਹਾੜੀਆਂ ਹਨ, ਇਹ ਸਾਨੂੰ ਪਹਿਲੀ ਵਾਰੀ ਪਤਾ ਲੱਗਾ, ਤੇ ਮਨ ਵਿਚ ਬੈਠੀ ਬੰਬਈ ਦੀ ਮੁਖਾਲਫਤ ਕੁਝ ਘਟ ਗਈ। ਪਹਾੜ ਦੀ ਢਲਵਾਣ ਉਤੇ ਬਣਿਆ ਚੇਤਨ ਦਾ ਘਰ ਬੇਹੱਦ ਸੁੰਦਰ ਤੇ ਪਹਾੜੀ ਬੰਗਲਿਆਂ ਵਾਂਗ ਹੀ ਸੀ। ਉਪਰ ਵਾਲੀ ਛੱਤ 'ਤੇ ਉਸ ਦਾ ਐਂਗਲੋ-ਇੰਡੀਅਨ ਮਾਲਕ ਆਪ ਰਹਿੰਦਾ ਸੀ। ਚੇਤਨ ਨੇ ਦੱਸਿਆ- ਬੜਾ ਰੰਗੀਨ-ਮਿਜ਼ਾਜ ਤੇ ਅਲਬੇਲਾ ਨੌਜਵਾਨ ਸੀ ਉਹ। ਸਾਰਾ-ਸਾਰਾ ਦਿਨ ਉਹ ਆਪਣੇ ਦੋਸਤਾਂ ਮਿੱਤਰਾਂ ਨਾਲ ਬੀਅਰ ਪੀਂਦਾ, ਬੈਂਡ ਵਜਾਉਂਦਾ, ਤੇ ਨਾਚ ਕਰਦਾ। ਜਿਤਨਾ ਚਿਰ ਅਸੀਂ ਚੇਤਨ ਕੋਲ ਬੈਠੇ ਰਹੇ, ਉਪਰ ਲੱਕੜ ਵਾਲੀ ਛੱਤ ਉਤੇ ਜੋੜਿਆਂ ਦੇ ਨੱਚਣ ਦਾ ਖੜਾਕ ਹੁੰਦਾ ਰਿਹਾ ਜੋ ਪਹਾੜੀ ਨਗਰ ਦੀ ਤਸਵੀਰ ਨੂੰ ਹੋਰ ਮੁਕੰਮਲ ਕਰਦਾ ਸੀ।

ਉਸ ਐਂਗਲੋ-ਇੰਡੀਅਨ ਦਾ ਨਾਂ ਵਰਨਾਨ ਸੀ। ਤਿੰਨ ਵਰ੍ਹੇ ਪਿਛੋਂ ਦੇਸ਼ ਵਿਚ ਆਜ਼ਾਦੀ ਆਈ ਅਤੇ ਬਦਲੇ ਹੋਏ ਹਾਲਾਤ ਅਨੁਸਾਰ ਆਪਣੇ ਆਪ ਨੂੰ ਢਾਲਣ ਵਿਚ ਉਹ ਉੱਕਾ ਹੀ ਅਸਮਰਥ ਰਿਹਾ। ਘਰ ਵਿਕ ਗਿਆ, ਫਾਕਿਆਂ ਦੀ ਨੌਬਤ ਆ ਗਈ। ਕੁਝ ਸਾਲਾਂ ਪਿਛੋਂ ਮੈਂ ਉਹਨੂੰ ਚੇਤਨ ਦੀ ਡਰਾਇਵਰੀ ਕਰਦੇ ਵੇਖਿਆ। ਹੁਣ ਉਹ ਇਸ ਸੰਸਾਰ ਵਿਚ ਨਹੀਂ ਪਰ ਜਦੋਂ ਵੀ ਉਸ ਨੂੰ ਯਾਦ ਕਰਦਾ ਹਾਂ, ਇਕ ਗੈਰ-ਮਾਮੂਲੀ ਅਤੇ ਹੱਦ ਦਰਜੇ ਦੇ ਅਣਖੀਲੇ ਕਿਰਦਾਰ ਦਾ ਚਿਹਰਾ ਸਾਹਮਣੇ ਆਉਂਦਾ ਹੈ। ਹੁਣ ਉਸ ਦਾ ਪੁੱਤਰ, ਨੋਇਲ ਜਵਾਨ ਹੋ ਗਿਆ ਹੈ। ਚੇਤਨ ਦੀ ਫਿਲਮ 'ਹਕੀਕਤ' ਵਿਚ ਉਹ ਅਸਿਸਟੈਂਟ ਕੈਮਰਾਮੈਨ ਸੀ। ਹੋਰ ਇਕ-ਦੋ ਸਾਲਾਂ ਅੰਦਰ ਉਹ ਪੂਰਾ ਕੈਮਰਾਮੈਨ ਬਣ ਜਾਏਗਾ। ਵੇਖਣ ਵਿਚ ਉਹ ਵੀ ਅੰਗਰੇਜ਼ ਹੀ ਲੱਗਦਾ ਹੈ ਪਰ ਪਿਓ ਨੂੰ ਹਿੰਦੁਸਤਾਨੀ ਬਣਨ ਵਿਚ ਜਿਤਨੀ ਤਕਲੀਫ ਹੋਈ, ਉਸ ਨੂੰ ਨਹੀਂ ਹੋਈ। ਮੇਰੇ ਦਿਲ ਵਿਚ ਉਸ ਲਈ ਬੜਾ ਪਿਆਰ ਹੈ।






***ਚੇਤਨ ਆਨੰਦ (ਵਿਚਕਾਰ) ਆਪਣੇ ਭਰਾਵਾਂ ਦੇਵ ਆਨੰਦ (ਖੱਬੇ) ਤੇ ਵਿਜੈ ਆਨੰਦ ਨਾਲ ਅਤੇ 'ਨੀਚਾ ਨਗਰ' ਦਾ ਪੋਸਟਰ।***

ਚੇਤਨ ਨਾਲ ਗੱਪਾਂ ਮਾਰਦਿਆਂ ਪਤਾ ਲੱਗਾ ਕਿ ਲੜਾਈ ਦੌਰਾਨ ਫਿਲਮੀ ਸੰਸਾਰ ਵਿਚ ਬੜੀਆਂ ਜ਼ਬਰਦਸਤ ਤਬਦੀਲੀਆਂ ਆਈਆਂ ਹਨ। ਹੁਣ ਕੇਵਲ ਸਟੂਡੀਓ ਦੇ ਮਾਲਕ ਫਿਲਮਾਂ ਨਹੀਂ ਬਣਾਉਂਦੇ, ਤੇ ਨਾ ਹੀ ਐਕਟਰ ਜਾਂ ਡਾਇਰੈਕਟਰ ਤਨਖਾਹ ਲੈ ਕੇ ਕੰਮ ਕਰਦੇ ਹਨ। ਫਿਲਮਾਂ ਦੀ ਮੰਗ ਬਹੁਤ ਵਧ ਗਈ ਹੈ, ਇਸ ਲਈ ਆਪ ਫਿਲਮ ਬਣਾਉਣ ਦੀ ਥਾਂ ਮਾਲਕ ਸਟੂਡੀਓ ਨੂੰ ਕਿਰਾਏ ਉਤੇ ਦੇ ਕੇ ਜ਼ਿਆਦਾ ਪੈਸੇ ਖੱਟ ਸਕਦਾ ਹੈ। ਇਕ-ਇਕ ਸਟੂਡੀਓ ਵਿਚ ਦਿਨੇ-ਰਾਤੀਂ ਲਗਾਤਾਰ ਅੱਠ-ਅੱਠ, ਦਸ-ਦਸ ਫਿਲਮਾਂ ਦੀ ਸ਼ੂਟਿੰਗ ਹੁੰਦੀ ਹੈ। ਪ੍ਰੋਡਿਊਸਰ ਧਨੀਆਂ ਕੋਲੋਂ ਸਰਮਾਇਆ ਲੈਂਦਾ ਹੈ, ਤੇ ਅੱਗੋਂ ਡਾਇਰੈਕਟਰ, ਕਹਾਣੀਕਾਰ, ਕਲਾਕਾਰਾਂ ਤੇ ਟੈਕਨੀਸ਼ਨਾਂ ਆਦਿ ਨਾਲ ਠੇਕਾ ਕਰਦਾ ਹੈ। ਸਭ ਨੂੰ ਖੁੱਲ੍ਹ ਹੈ ਕਿ ਇਕੋ ਵਾਰ ਭਾਵੇਂ ਜਿਤਨੇ ਪ੍ਰੋਡਿਊਸਰਾਂ ਦੀਆਂ ਫਿਲਮਾਂ ਵਿਚ ਕੰਮ ਕਰਨ। ਠੇਕੇ ਉਤੇ ਕੰਮ ਕਰਕੇ ਇਕ ਲੋਕ-ਪ੍ਰਿਯਾ ਕਲਾਕਾਰ ਮਹੀਨੇ ਵਿਚ ਤੀਹ-ਚਾਲੀ ਹਜ਼ਾਰ ਤੱਕ ਕਮਾ ਸਕਦਾ ਹੈ। ਸਹਿਗਲ ਦੀ ਆਮਦਨੀ ਏਸ ਵੇਲੇ ਇਸ ਤੋਂ ਵੀ ਜ਼ਿਆਦਾ ਹੈ, ਹਾਲਾਂਕਿ ਨਿਊ-ਥੀਏਟਰਜ਼ ਵਿਚ ਉਸ ਨੂੰ ਮਸਾਂ ਚਾਰ-ਪੰਜ ਹਜ਼ਾਰ ਮਿਲਦੇ ਸਨ। ਕਲਾਕਾਰਾਂ ਦੀ ਗੁੱਡੀ ਅਸਮਾਨ ਉਤੇ ਚੜ੍ਹ ਗਈ ਹੈ, ਕਿਉਂਕਿ ਉਹਨਾਂ ਦੇ ਨਾਵਾਂ ਨੂੰ ਵੇਖ ਕੇ ਹੀ ਧਨੀ ਪ੍ਰੋਡਿਊਸਰ ਨੂੰ ਸਰਮਾਇਆ ਦੇਂਦੇ ਹਨ, ਤੇ ਅੱਗੋਂ ਫਿਲਮ ਵਿਕਦੀ ਵੀ 'ਸਟਾਰਾਂ' ਦੇ ਸਿਰ 'ਤੇ ਹੀ ਹੈ। ਇਸ ਨੂੰ 'ਸਟਾਰ ਸਿਸਟਮ' ਆਖਦੇ ਹਨ।

ਇਹਨਾਂ ਵੇਰਵਿਆਂ ਦਾ ਸਾਡੇ ਪੱਲੇ ਖਾਸ ਕੁਝ ਵੀ ਨਹੀਂ ਸੀ ਪੈ ਰਿਹਾ, ਤੇ ਨਾ ਹੀ ਹੁਣ ਤੀਕਰ ਕਦੇ ਪਿਆ ਹੈ। ਆਪਣੇ ਪਿਤਾ ਜੀ ਦਾ ਵਪਾਰ ਮੈਂ ਇਤਨਾ ਉਕਤਾ ਕੇ ਛੱਡਿਆ ਸੀ ਕਿ ਉਮਰ ਭਰ ਕਦੇ ਉਸ ਦੇ ਨੇੜੇ ਨਾ ਜਾਣ ਦਾ ਪੱਕਾ ਨਿਸਚਾ ਕਰ ਚੁੱਕਾ ਸਾਂ ਪਰ ਇਹ ਸੁਣ ਕੇ ਜ਼ਰੂਰ ਖੁਸ਼ੀ ਹੋਈ ਕਿ ਸ਼ਰੀਫ ਸਮਾਜ ਵਿਚ ਹੁਣ ਫਿਲਮੀ ਧੰਦੇ ਨੂੰ ਉਤਨੀ ਬੁਰੀ ਨਜ਼ਰ ਨਾਲ ਨਹੀਂ ਵੇਖਿਆ ਜਾਂਦਾ, ਜਿਤਨਾ ਲੜਾਈ ਤੋਂ ਪਹਿਲਾਂ ਦੇ ਜ਼ਮਾਨੇ ਵਿਚ ਵੇਖਿਆ ਜਾਂਦਾ ਸੀ। ਚੰਗੇ-ਚੰਗੇ ਘਰਾਂ ਦੇ ਕੁੜੀਆਂ-ਮੁੰਡੇ ਇਸ ਵਿਚ ਆ ਰਹੇ ਸਨ। ਕ੍ਰਿਸ਼ਨ ਚੰਦਰ, ਉਪੇਂਦਰ ਨਾਥ ਅਸ਼ਕ, ਸਆਦਤ ਹਸਨ ਮੰਟੋ, ਭਗਵਤੀ ਚਰਨ ਵਰਮਾ, ਜੋਸ਼ ਮਲੀਹਾਬਾਦੀ, ਸਾਗਰ ਨਿਜ਼ਾਮੀ ਤੇ ਹੋਰ ਕਿਤਨੇ ਹੀ ਚੋਟੀ ਦੇ ਲੇਖਕ ਜੋ ਪਹਿਲਾਂ ਕਦੇ ਲਿਖਣ ਵਿਚੋਂ ਕਮਾਈ ਦੀ ਉਮੀਦ ਨਹੀਂ ਸਨ ਕਰ ਸਕਦੇ, ਹੁਣ ਬੰਬਈ ਵਿਚ ਵੱਸ ਗਏ ਸਨ, ਤੇ ਫਿਲਮਾਂ ਲਈ ਕਹਾਣੀਆਂ, ਗਾਣੇ ਆਦਿ ਲਿਖ ਕੇ ਹਜ਼ਾਰਾਂ ਰੁਪਏ ਕਮਾ ਰਹੇ ਸਨ।

***ਪਹਾੜ ਦੀ ਢਲਵਾਣ ਉਤੇ ਬਣਿਆ ਚੇਤਨ ਦਾ ਘਰ ਬੇਹੱਦ ਸੁੰਦਰ ਤੇ ਪਹਾੜੀ ਬੰਗਲਿਆਂ ਵਾਂਗ ਹੀ ਸੀ। ਉਪਰ ਵਾਲੀ ਛੱਤ 'ਤੇ ਉਸ ਦਾ ਐਂਗਲੋ-ਇੰਡੀਅਨ ਮਾਲਕ ਆਪ ਰਹਿੰਦਾ ਸੀ। ਉਸ ਦਾ ਨਾਂ ਵਰਨਾਨ ਸੀ। ਤਿੰਨ ਵਰ੍ਹੇ ਪਿਛੋਂ ਦੇਸ਼ ਵਿਚ ਆਜ਼ਾਦੀ ਆਈ ਅਤੇ ਬਦਲੇ ਹੋਏ ਹਾਲਾਤ ਅਨੁਸਾਰ ਆਪਣੇ ਆਪ ਨੂੰ ਢਾਲਣ ਵਿਚ ਉਹ ਉੱਕਾ ਹੀ ਅਸਮਰਥ ਰਿਹਾ। ਘਰ ਵਿਕ ਗਿਆ, ਫਾਕਿਆਂ ਦੀ ਨੌਬਤ ਆ ਗਈ। ਕੁਝ ਸਾਲਾਂ ਪਿਛੋਂ ਮੈਂ ਉਹਨੂੰ ਚੇਤਨ ਦੀ ਡਰਾਇਵਰੀ ਕਰਦੇ ਵੇਖਿਆ। ਜਦੋਂ ਵੀ ਉਸ ਨੂੰ ਯਾਦ ਕਰਦਾ ਹਾਂ, ਇਕ ਗੈਰ-ਮਾਮੂਲੀ ਅਤੇ ਹੱਦ ਦਰਜੇ ਦੇ ਅਣਖੀਲੇ ਕਿਰਦਾਰ ਦਾ ਚਿਹਰਾ ਸਾਹਮਣੇ ਆਉਂਦਾ ਹੈ। ਹੁਣ ਉਸ ਦਾ ਪੁੱਤਰ, ਨੋਇਲ ਜਵਾਨ ਹੋ ਗਿਆ ਹੈ। ਚੇਤਨ ਦੀ ਫਿਲਮ 'ਹਕੀਕਤ' ਵਿਚ ਉਹ ਅਸਿਸਟੈਂਟ ਕੈਮਰਾਮੈਨ ਸੀ।***




***ਫਿਲਮਸਾਜ਼ ਚੇਤਨ ਆਨੰਦ ਦੀ ਫਿਲਮ 'ਹਕੀਕਤ' ਦਾ ਪੋਸਟਰ ਜਿਸ ਵਿਚ ਅਦਾਕਾਰ ਬਲਰਾਜ ਸਾਹਨੀ ਦਾ ਬੜਾ ਅਹਿਮ ਰੋਲ ਸੀ।***

ਕ੍ਰਿਸ਼ਨ ਚੰਦਰ ਵੀ ਸਾਡਾ ਕਾਲਜ ਦੇ ਜ਼ਮਾਨੇ ਦਾ ਹਾਣੀ ਸੀ, ਭਾਵੇਂ ਅਸੀਂ ਗੌਰਮਿੰਟ ਕਾਲਜ ਵਿਚ ਪੜ੍ਹੇ ਸਾਂ, ਤੇ ਉਹ ਐਫ.ਸੀ. ਕਾਲਜ ਵਿਚ। ਇਕ ਵਾਰੀ ਉਹਨੇ ਮੈਨੂੰ ਆਪ ਦੱਸਿਆ ਸੀ ਕਿ ਮੇਰੀਆਂ ਕਹਾਣੀਆਂ ਪੜ੍ਹ ਕੇ ਹੀ ਉਹਨੂੰ ਕਹਾਣੀਕਾਰ ਬਣਨ ਦਾ ਖਿਆਲ ਆਇਆ ਸੀ ਪਰ ਇਸ ਵਿਚ ਸ਼ੱਕ ਨਹੀਂ ਕਿ ਮੇਰੇ ਵਲੈਤ ਤੁਰਨ ਤੀਕਰ ਉਹਨੇ ਅਜੇ ਉਰਦੂ ਵਿਚ ਉਤਨਾ ਨਾਮਣਾ ਨਹੀਂ ਸੀ ਖੱਟਿਆ, ਜਿਤਨਾ ਮੈਂ ਹਿੰਦੀ ਵਿਚ ਖੱਟ ਚੁੱਕਾ ਸਾਂ। 'ਦੋ ਫਰਲਾਂਗ ਲੰਬੀ ਸੜਕ' ਉਹਦੀ ਪਹਿਲੀ ਕਹਾਣੀ ਸੀ ਜਿਸ ਲਈ ਉਹਨੂੰ ਭਰਪੂਰ ਸ਼ਲਾਘਾ ਮਿਲੀ ਪਰ ਚੇਤਨ ਨੇ ਦੱਸਿਆ, ਲੜਾਈ ਦੇ ਦਿਨਾਂ ਵਿਚ ਉਹਨੇ ਬੇ-ਹਿਸਾਬ ਲਿਖਿਆ ਹੈ, ਤੇ ਉਰਦੂ ਸਾਹਿਤ ਵਿਚ ਪ੍ਰਮੁਖ ਸਥਾਨ ਹਾਸਲ ਕਰ ਲਿਆ ਹੈ। ਉਸ ਦੀ ਬੰਗਾਲ ਦੇ ਕਾਲ ਬਾਰੇ ਲਿਖੀ ਲੰਮੀ ਕਹਾਣੀ 'ਅੰਨ ਦਾਤਾ' ਨੇ ਤਹਿਲਕਾ ਮਚਾ ਦਿੱਤਾ ਹੈ।

ਇੰਗਲੈਂਡ ਵਿਚ ਮੈਂ ਪੂਰੇ ਚਾਰ ਸਾਲ ਕੁਝ ਵੀ ਨਹੀਂ ਸੀ ਲਿਖਿਆ ਪਰ ਆਪਣੇ ਆਪ ਨੂੰ ਸਾਹਿਤਕਾਰਾਂ ਵਿਚ ਗਿਣਨ ਦਾ ਮੈਨੂੰ ਅਜੇ ਵੀ ਚਾਅ ਸੀ। ਇਹ ਸੋਚ ਕੇ ਮਨ ਨੂੰ ਹੌਸਲਾ ਹੋਇਆ ਕਿ ਜੇ ਹੋਰ ਕੋਈ ਕੰਮ ਨਾ ਬਣਿਆ ਤਾਂ ਫਿਲਮਾਂ ਲਈ ਕਹਾਣੀਆਂ ਲਿਖ ਕੇ ਸ਼ੈਦ ਮੈਂ ਵੀ ਰੋਜ਼ੀ ਕਮਾਣ ਯੋਗ ਹੋ ਸਕਾਂ। ਐਕਟਰ ਬਣਨ ਦਾ ਮੈਨੂੰ ਉਸ ਵੇਲੇ ਵੀ ਖਿਆਲ ਨਹੀਂ ਆਇਆ। ਮੈਂ ਹਾਲਾਂ ਵੀ ਫਿਲਮਾਂ ਨੂੰ ਦੂਰੋਂ-ਦੂਰੋਂ ਹੀ ਵੇਖ ਰਿਹਾ ਸਾਂ, ਜਿਵੇਂ ਮੇਰੇ ਨਾਲ ਉਹਨਾਂ ਦਾ ਕੋਈ ਸਰੋਕਾਰ ਨਹੀਂ ਸੀ।

"ਚੇਤਨ ਯਾਰ, ਤੂੰ ਕਹਿੰਦਾ ਏਂ ਫਿਲਮਾਂ ਨੇ ਤਰੱਕੀ ਕੀਤੀ ਏ ਪਰ ਸ਼ਾਂਤਾਰਾਮ ਦੀ ਫਿਲਮ ਵੇਖ ਕੇ ਤਾਂ ਮੈਨੂੰ ਤਰੱਟੀ ਚੌੜ ਦਾ ਅਹਿਸਾਸ ਹੋਇਆ ਸੀ।"

ਚੇਤਨ ਆਨੰਦ ਹੱਸ ਪਿਆ ਤੇ ਬੜੀ ਸਿਆਣਿਆਂ ਵਾਲੀ ਮੁਦਰਾ ਬਣਾ ਕੇ ਕਹਿਣ ਲੱਗਾ, "ਇਹ ਸ਼ਾਂਤਾਰਾਮ ਨੇ 'ਬਾਕਸ ਆਫਿਸ' ਫਿਲਮ ਬਣਾਈ ਏ।"

ਦਮੋ ਤੇ ਮੈਂ ਹੈਰਾਨ ਹੋ ਕੇ ਉਸ ਦੇ ਵਲ ਵੇਖਦੇ ਰਹਿ ਗਏ। ਇਹ ਲਫਜ਼ ਫਿਲਮਾਂ ਦੇ ਸਿਲਸਿਲੇ ਵਿਚ ਅਸਾਂ ਪਹਿਲੀ ਵਾਰੀ ਸੁਣਿਆ ਸੀ। ਇਹ ਨਹੀਂ ਸੀ ਪਤਾ ਕਿ ਅੱਗੋਂ ਜਾ ਕੇ ਇਸ ਮਨਹੂਸ ਸ਼ਬਦ ਨਾਲ ਰੋਜ਼ ਦਾ ਵਾਹ ਪਏਗਾ।

"ਕੀ ਮਤਲਬ?" ਮੈਂ ਪੁੱਛਿਆ।

"ਮਤਲਬ ਇਹ ਕਿ ਹੁਣ ਫਿਲਮਾਂ ਦੀ ਕਾਮਯਾਬੀ ਦੀ ਸ਼ਰਤ ਉਹਨਾਂ ਦੀ ਕਲਾਤਮਿਕ ਪੱਧਰ ਨਹੀਂ ਸਗੋਂ ਇਹ ਹੈ ਕਿ ਉਹ ਪੈਸਾ ਕਿਤਨਾ ਖੱਟਦੀਆਂ ਨੇ। 'ਸ਼ਕੁੰਤਲਾ' ਕਲਾ ਦੇ ਪੱਖ ਤੋਂ ਭਾਵੇਂ ਘਟੀਆ ਰਹੀ ਹੋਵੇ ਪਰ ਵਪਾਰਕ ਪੱਖ ਤੋਂ ਖੂਬ ਕਾਮਯਾਬ ਏ। ਬਾਕਸ ਆਫਿਸ ਦੇ ਸਾਰੇ ਰਿਕਾਰਡ ਤੋੜ ਰਹੀ ਏ।"

"ਪਰ ਪਹਿਲਾਂ ਵੀ ਤਾਂ ਸ਼ਾਂਤਾਰਾਮ ਦੀਆਂ ਫਿਲਮਾਂ ਚਲਦੀਆਂ ਹੀ ਸਨ।" ਮੈਂ ਕਿਹਾ।

"ਹੁਣ ਉਤਨੀ ਕਾਮਯਾਬੀ ਨਾਲ ਕੁਝ ਨਹੀਂ ਬਣਦਾ। ਫਿਲਮਾਂ ਦੀ ਲਾਗਤ ਜੁ ਬਹੁਤ ਵਧ ਗਈ ਏ। ਨਾਲੇ ਲੋਕਾਂ ਦੀ ਰੁਚੀ ਵੀ ਬਦਲ ਗਈ ਏ। ਉਹ ਸੰਜੀਦਾ, ਦੁਖਾਂਤਕ ਅਤੇ ਆਦਰਸ਼ਵਾਦੀ ਫਿਲਮਾਂ ਨਹੀਂ ਵੇਖਣਾ ਚਾਹੁੰਦੇ। ਉਹ ਚਾਹੁੰਦੇ ਹਨ- ਮਨੋਰੰਜਨ, ਨਾਚ-ਗਾਣੇ, ਹਾਸੇ-ਖੇਡਾਂ, ਤਫਰੀਹ।"

"ਤੇਰਾ ਮਤਲਬ ਏ, ਨਿਊ-ਥੀਏਟਰਜ਼ ਦੀਆਂ ਫਿਲਮਾਂ ਨਾਲ ਮਨੋਰੰਜਨ ਨਹੀਂ ਸੀ ਹੁੰਦਾ?"

"ਮਧਿਅਮ-ਵਰਗੀ ਸਿਖਿਅਤ ਲੋਕਾਂ ਦਾ ਜ਼ਿਆਦਾ ਪਰ ਸਮੂਹ ਜਨਤਾ ਦਾ ਘਟ। ਤੇ ਇਕੋ ਤਰ੍ਹਾਂ ਦੀ ਫਿਲਮ ਵਾਰ-ਵਾਰ ਵੇਖ ਕੇ ਲੋਕੀਂ ਤੰਗ ਵੀ ਆ ਗਏ ਸਨ। ਨਿਊ-ਥੀਏਟਰ ਤੇ ਪ੍ਰਭਾਤ ਨੇ ਕੇਵਲ ਦੁਖਾਂਤ ਦੀ ਲੀਕ ਫੜੀ ਹੋਈ ਸੀ। ਤੇ ਉਹਨਾਂ ਦੀਆਂ ਫਿਲਮਾਂ ਦੀ ਚਾਲ ਵੀ ਸੁਸਤ, ਗਾਣੇ ਵੀ ਸੁਸਤ। ਇਸ ਵਿਚ ਸ਼ੱਕ ਨਹੀਂ ਕਿ ਉਹ ਫਿਲਮਾਂ ਨੂੰ ਪਹਿਲਾਂ ਨਾਲੋਂ ਉਚੇਰੀ ਪੱਧਰ ਤੇ ਲੈ ਆਏ ਸਨ ਪਰ ਇਹ ਵੀ ਮੰਨਣਾ ਪਏਗਾ ਕਿ ਸਮਾਜ ਦੀਆਂ ਬੁਨਿਆਦੀ ਹਕੀਕਤਾਂ ਨੂੰ ਉਹਨਾਂ ਦਲੇਰੀ ਨਾਲ ਕਦੇ ਨਹੀਂ ਸੀ ਛੁਹਿਆ। ਉਹ ਭਾਵਨਾ ਦੀ ਬਹੁਲਤਾ ਲਿਆਉਂਦੇ ਸਨ ਜਿਸ ਤੋਂ ਪਬਲਿਕ ਨੂੰ ਅਕੇਵਾਂ ਹੋਣ ਲਗ ਪਿਆ। ਇਸ ਪਰਿਸਥਿਤੀ ਦਾ ਲਾਹੌਰ ਦੇ ਇਕ ਪ੍ਰੋਡਿਊਸਰ ਨੇ ਲਾਭ ਉਠਾਇਆ। ਲੋਕ-ਗੀਤਾਂ ਦੇ ਆਧਾਰ 'ਤੇ ਗੀਤਾਂ ਦੀਆਂ ਸਰਲ ਤਰਜ਼ਾਂ ਬਣਵਾਈਆਂ ਜੋ ਲੋਕਾਂ ਦੀ ਜ਼ਬਾਨ ਉਤੇ ਝੱਟ ਚੜ੍ਹ ਜਾਂਦੀਆਂ ਸਨ। ਤੇ ਕਹਾਣੀਆਂ ਵੀ ਐਸੀਆਂ ਲੱਭੀਆਂ ਜੋ ਦਰਸ਼ਕਾਂ ਨੂੰ ਖੁਸ਼ੀਆਂ ਭਰੇ ਮਨੋਰੰਜਕ ਸੰਸਾਰ ਵਿਚ ਲੈ ਜਾਣ। ਸੁਹਣੀਆਂ ਕੁੜੀਆਂ, ਚਟਕ-ਮਟਕ ਨਾਚ, ਰੋਮਾਂਸ, ਸ਼ਰਾਰਤ, ਸਹਿੰਦੀ-ਸਹਿੰਦੀ ਅਸ਼ਲੀਲਤਾ ਅਤੇ ਨਗਨਤਾ। ਇਹ ਨਵਾਂ ਫਾਰਮੂਲਾ ਪਹਿਲਾਂ ਪੰਚੋਲੀ ਸਾਹਬ ਦੀ 'ਖਜ਼ਾਨਚੀ' ਨਾਮੀ ਫਿਲਮ ਵਿਚ ਪ੍ਰਗਟ ਹੋਇਆ, ਤੇ ਇਸ ਫਿਲਮ ਨੂੰ ਬੇਪਨਾਹ ਮਕਬੂਲੀਅਤ ਹਾਸਲ ਹੋਈ। ਇਸ ਦੀ ਵੇਖਾ-ਵੇਖੀ, ਏਸੇ ਤਰ੍ਹਾਂ ਦੀਆਂ ਹੋਰ ਫਿਲਮਾਂ ਧੜਾ-ਧੜ ਬਣਨ ਲਗ ਪਈਆਂ, ਨਿਊ-ਥੀਏਟਰਜ਼ ਤੇ ਪ੍ਰਭਾਤ ਦੋਵਾਂ ਕੰਪਨੀਆਂ ਦਾ ਭੱਠਾ ਬਹਿ ਗਿਆ। ਸ਼ਾਂਤਾਰਾਮ ਨੇ ਵਕਤ ਦੀ ਲੋੜ ਨੂੰ ਸਮਝਦਿਆਂ ਪ੍ਰਭਾਤ ਨਾਲੋਂ ਰਿਸ਼ਤਾ ਤੋੜ ਲਿਆ ਤੇ ਬੰਬਈ ਆ ਗਿਆ। ਇਕ ਆਜ਼ਾਦ ਪ੍ਰੋਡਿਊਸਰ ਦੇ ਰੂਪ ਵਿਚ ਉਸ ਲਈ ਕਦਮ ਮਜ਼ਬੂਤ ਕਰਨ ਦਾ ਇਕੋ-ਇਕ ਰਾਹ ਸੀ ਕਿ ਲੋਕਾਂ ਦੀ ਮੰਗ ਨੂੰ ਸਾਹਮਣੇ ਰੱਖ ਕੇ ਫਿਲਮ ਬਣਾਏ। ਏਸੇ ਲਈ ਉਸ ਨੇ 'ਸ਼ਕੁੰਤਲਾ' ਦਾ ਵਿਸ਼ਾ ਚੁਣਿਆ ਕਿਉਂਕਿ ਲੋੜੀਂਦੇ ਮਸਾਲੇ ਉਸ ਵਿਚ ਅਸਾਨੀ ਨਾਲ ਤੇ ਬਿਨਾਂ ਬਦਨਾਮੀ ਸਹੇੜੇ ਭਰੇ ਜਾ ਸਕਦੇ ਸਨ। ਤੇ ਇਹ ਠੀਕ ਹੈ ਕਿ ਕਾਲੀਦਾਸ ਨਾਲ ਅਨਿਆਂ ਹੋਇਆ ਪਰ ਲੋਕਾਂ ਵਿਚੋਂ ਕਿਤਨਿਆਂ ਨੇ ਮੂਲ ਨਾਟਕ ਪੜ੍ਹਿਆ ਹੋਇਐ?"

"ਮੈਨੂੰ ਇਹ ਦਲੀਲ ਵਜ਼ਨੀ ਨਹੀਂ ਜਾਪਦੀ।" ਮੈਂ ਕਿਹਾ।

"ਮੈਂ ਜਾਣਦਾ ਹਾਂ ਤੇ ਬਹੁਤ ਹੱਦ ਤਕ ਤੇਰੇ ਨਾਲ ਸਹਿਮਤ ਵੀ ਹਾਂ", ਚੇਤਨ ਬੋਲਦਾ ਗਿਆ, "ਪਰ ਏਸ ਲਾਈਨ ਵਿਚ ਬੰਦੇ ਨੂੰ ਕਾਰੋਬਾਰੀ ਹੋਣਾ ਪੈਂਦਾ ਏ। ਹੁਣ ਅਗਲੀ ਫਿਲਮ ਲਈ ਸ਼ਾਂਤਾਰਾਮ ਨੇ ਆਪਣੀ ਮਰਜ਼ੀ ਦਾ, ਯਥਾਰਥ ਤੇ ਪ੍ਰਗਤੀਵਾਦੀ ਮਜ਼ਮੂਨ ਚੁਣਿਆ ਏ- 'ਡਾਕਟਰ ਕੋਟਨਿਸ ਕੀ ਅਮਰ ਕਹਾਣੀ'। ਮੇਰੇ ਖਿਆਲ ਵਿਚ ਤਾਂ ਸ਼ਾਂਤਾਰਾਮ ਦੀ ਸੂਝ ਦੀ ਦਾਦ ਦੇਣੀ ਚਾਹੀਦੀ ਏ।"

"ਪਰ ਇਕ ਵਾਰੀ ਜ਼ਮੀਰ ਨਾਲ ਧੋਖਾ ਕੀਤਿਆਂ ਜ਼ਮੀਰ ਕਮਜ਼ੋਰ ਨਹੀਂ ਹੋ ਜਾਂਦੀ?"

"ਇਸ ਲਾਈਨ ਵਿਚ ਆਦਰਸ਼ਵਾਦ ਦੀ ਬਹੁਤੀ ਗੁੰਜਾਇਜ਼ ਨਹੀਂ।" ਚੇਤਨ ਨੇ ਹੱਸ ਕੇ ਜਵਾਬ ਦਿਤਾ। **(ਚੱਲਦਾ)**

XPressCargo

Tel.: 317-426-5410
Ext. 2001 & 2403

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤੱਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com